**Mann Insurance Brokers, Inc.**
Auto Home Business Worker Comp
COVERED CALIFORNIA
Free Enrollment
Easy Appointment
Deadline: Feb 15, 2015
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com
License # 0D74334 Certified Agent

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 05, January 31, 2015 | 20451 N Plum Grove Rd., Palatine, IL 60074 | Ph:847-359-0746, Fax:847-705-9388



## ਓਬਾਮਾ ਨੇ ਪੜ੍ਹਾਇਆ ਧਾਰਮਿਕ ਸਹਿਣਸ਼ੀਲਤਾ ਦਾ ਪਾਠ

### ਭਾਰਤ ਤੋਂ ਰੁਖ਼ਸਤ ਹੋਣ ਵੇਲੇ ਮੋਦੀ ਦੇ ਮਾਰੀ ਹੁੱਜ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਨੂੰ ਸਫਲਤਾ ਦੇ ਰਾਹ ਪੈਣ ਲਈ ਧਾਰਮਿਕ ਕੱਟੜਵਾਦ ਦਾ ਸਾਥ ਛੱਡਣ ਦੀ ਸਲਾਹ ਦਿੱਤੀ ਹੈ। ਤਿੰਨ ਦਿਨਾਂ ਭਾਰਤ ਫੇਰੀ ਦੇ ਆਖਰੀ ਦਿਨ ਉਨ੍ਹਾਂ ਕਿਹਾ ਕਿ ਅਮਰੀਕਾ ਦੇ ਬੁਨਿਆਦੀ ਦਸਤਾਵੇਜ਼ਾਂ ਅਤੇ ਭਾਰਤ ਦੇ ਸੰਵਿਧਾਨ- ਦੋਵਾਂ ਵਿਚ ਧਾਰਮਿਕ ਆਜ਼ਾਦੀ ਦਰਜ ਕੀਤੀ ਗਈ ਹੈ ਤੇ ਸਰਕਾਰ ਤੇ ਹਰ ਨਾਗਰਿਕ ਦਾ ਫਰਜ਼ ਹੈ ਕਿ ਉਹ ਇਸ ਬੁਨਿਆਦੀ ਅਧਿਕਾਰ ਦੀ ਰਾਖੀ ਕਰੇ।

ਸ੍ਰੀ ਓਬਾਮਾ ਦੀ ਇਹ ਟਿੱਪਣੀ ਕੁਝ ਹਿੰਦੂ ਜਥੇਬੰਦੀਆਂ ਦੇ ਵਿਵਾਦਮਈ ਧਰਮ ਤਬਦੀਲੀ ਅਤੇ ਘਰ ਵਾਪਸੀ ਪ੍ਰੋਗਰਾਮ ਚੱਲਣ ਸਮੇਂ ਆਈ ਹੈ। ਕੱਟੜ ਹਿੰਦੂ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀਆਂ ਫਿਰਕੂ ਕਾਰਵਾਈਆਂ ਖਿਲਾਫ ਅਮਰੀਕੀ ਸੰਘੀ ਅਦਾਲਤ ਵਿਚ ਸਿੱਖ ਅਧਿਕਾਰ ਸੰਗਠਨ (ਸਿੱਖਸ ਫਾਰ ਜਸਟਿਸ) ਨੇ ਅਰਜ਼ੀ ਵੀ ਦਾਇਰ ਕੀਤੀ ਹੋਈ ਹੈ ਜਿਸ ਵਿਚ ਇਸ ਜਥੇਬੰਦੀ ਨੂੰ 'ਵਿਦੇਸ਼ੀ ਅਤਿਵਾਦੀ ਸੰਗਠਨ' ਐਲਾਨਣ ਦੀ ਮੰਗ ਕੀਤੀ ਹੈ। ਸੋਸ਼ਲ ਮੀਡੀਆ 'ਤੇ ਬਹਿਸ ਵੀ ਸ਼ੁਰੂ ਹੋ ਗਈ ਹੈ ਜਿਨ੍ਹਾਂ ਵਿਚੋਂ ਕੁਝ ਨੇ ਸ੍ਰੀ ਓਬਾਮਾ ਦੇ 'ਭਾਰਤ ਨੂੰ ਭਾਸ਼ਣੀ ਸਲਾਹਾਂ ਦੇਣ' ਉਤੇ ਇਤਰਾਜ਼ ਪ੍ਰਗਟਾਇਆ ਹੈ ਤੇ ਕੁਝ ਨੇ ਇਸ ਨੂੰ ਸਰਕਾਰ ਨੂੰ ਦਿੱਤੀ ਗਈ

*(ਬਾਕੀ ਸਫਾ 6 'ਤੇ)*



### ਅਮਰੀਕਾ ਵਿਚ ਸਿੱਖਾਂ ਉਤੇ ਹਮਲੇ ਅਫਸੋਸਨਾਕ ਕਰਾਰ

ਅਮਰੀਕਾ ਦੇ ਇਕ ਗੁਰਦੁਆਰੇ 'ਤੇ ਹੋਏ ਹਮਲੇ ਦਾ ਜ਼ਿਕਰ ਕਰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਜਦੋਂ ਉਥੇ ਕੁਝ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ ਤਾਂ ਅਸੀਂ ਸਾਰੇ ਦੁੱਖ ਨਾਲ ਭਰ ਗਏ ਸੀ ਕਿਉਂਕਿ ਹਰ ਵਿਅਕਤੀ ਨੂੰ ਆਪਣਾ ਧਰਮ ਮੰਨਣ ਦੀ ਆਜ਼ਾਦੀ ਹੈ। ਉਨ੍ਹਾਂ ਗੁਰਦੁਆਰੇ 'ਤੇ ਹਮਲੇ ਨੂੰ ਹਿੰਸਾ ਦਾ ਭਿਆਨਕ ਕਾਰਾ ਦੱਸਿਆ। ਉਨ੍ਹਾਂ ਕਿਹਾ ਕਿ 9/11 ਦੇ ਹਮਲਿਆਂ ਪਿੱਛੋਂ ਅਮਰੀਕਾ ਵੱਸੇ ਸਿੱਖਾਂ ਨੂੰ ਕਾਫੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਤੇ ਉਹ ਫਿਰਕੂਵਾਦ ਦਾ ਵਿਰੋਧ ਕਰ ਕੇ ਰਹੇ ਹਨ। ਧਾਰਮਿਕ ਕੱਟੜਤਾ ਕਿਸੇ ਵੀ ਦੇਸ਼ ਦੇ ਹਿੱਤ ਵਿਚ ਨਹੀਂ। ਧਾਰਮਿਕ ਆਜ਼ਾਦੀ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ- "ਭਿੰਨਤਾ ਹੀ ਸਾਡੀ ਤਾਕਤ ਹੈ।" ਉਨ੍ਹਾਂ ਨੇ ਸੁਚੇਤ ਕੀਤਾ ਕਿ ਭਾਰਤ ਅਤੇ ਅਮਰੀਕਾ, ਦੋਵਾਂ ਨੂੰ ਹੀ ਨਸਲੀ ਜਾਂ ਹੋਰ ਕਿਸੇ ਆਧਾਰ 'ਤੇ ਵੰਡ ਪਾਊ ਕੋਸ਼ਿਸ਼ਾਂ ਉਪਰ ਨਜ਼ਰ ਰੱਖਣੀ ਪਵੇਗੀ।

## ਭਾਜਪਾ ਨੇ ਬਾਦਲ ਦੀ ਅੰਨ੍ਹੀ ਵਫਾਦਾਰੀ ਦਾ ਮੁੱਲ ਮੋੜਿਆ

### ਪਦਮ ਵਿਭੂਸ਼ਨ ਨਾਲ ਨਵਾਜਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਰਤ ਦੇ ਪਹਿਲੇ ਅਜਿਹੇ ਮੁੱਖ ਮੰਤਰੀ ਬਣ ਗਏ ਹਨ ਜਿਨ੍ਹਾਂ ਨੂੰ ਪਦਮ ਵਿਭੂਸ਼ਨ ਨਾਲ ਨਵਾਜਿਆ ਗਿਆ ਹੈ। ਉਹ 5ਵੀਂ ਵਾਰ ਮੁੱਖ ਮੰਤਰੀ ਬਣੇ ਹਨ ਅਤੇ ਕੇਂਦਰ ਵਿਚ ਖੇਤੀ ਮੰਤਰੀ ਵੀ ਰਹਿ ਚੁੱਕੇ ਹਨ।

ਉਧਰ ਸਿਆਸੀ ਅਤੇ ਬੌਧਿਕ ਹਲਕਿਆਂ ਵਿਚ ਚਰਚਾ ਛਿੜ ਗਈ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸ. ਬਾਦਲ ਨੂੰ ਇਹ ਸਨਮਾਨ ਉਨ੍ਹਾਂ ਦੀ ਭਾਜਪਾ ਪ੍ਰਤੀ ਵਫਾਦਾਰੀ ਕਰ ਕੇ ਦਿੱਤਾ ਹੈ। ਯਾਦ ਰਹੇ, 6 ਦਸੰਬਰ 1992 ਨੂੰ ਭਾਜਪਾ ਅਤੇ ਇਸ ਦੀਆਂ ਜੋਟੀਦਾਰ ਕੱਟੜ ਹਿੰਦੂ ਜਥੇਬੰਦੀਆਂ ਵਲੋਂ ਇਤਿਹਾਸਕ ਬਾਬਰੀ ਮਸਜਿਦ ਢਾਹੁਣ ਕਰ ਕੇ ਘੱਟ-ਗਿਣਤੀਆਂ ਨਾਲ ਸਬੰਧਤ ਕੋਈ ਵੀ ਆਗੂ, ਸੰਸਥਾ ਜਾਂ ਜਥੇਬੰਦੀ, ਭਾਜਪਾ ਨੂੰ ਮੂੰਹ ਲਾਉਣ ਲਈ ਵੀ ਤਿਆਰ ਨਹੀਂ ਸੀ ਪਰ ਸ. ਬਾਦਲ ਨੇ 1996 ਵਿਚ ਨਾ ਸਿਰਫ ਭਾਜਪਾ ਦਾ ਸਾਥ ਦਿੱਤਾ, ਸਗੋਂ ਹੋਰ ਪਾਰਟੀਆਂ ਨੂੰ ਵੀ ਭਾਜਪਾ ਦੇ ਨੇੜੇ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ। ਉਦੋਂ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਕੇਂਦਰ ਸਰਕਾਰ ਕਾਇਮ ਹੋਈ ਸੀ ਅਤੇ ਸ. ਬਾਦਲ ਨੇ ਭਾਜਪਾ ਦੀ ਅਗਵਾਈ ਵਾਲੇ ਨੈਸ਼ਨਲ ਡੈਮੋਕਰੈਟਿਕ ਅਲਾਇੰਸ (ਐਨ.ਡੀ.ਏ.) ਵਿਚ ਹੋਰ ਪਾਰਟੀਆਂ ਦੀ ਆਮਦ ਲਈ ਜੀਅ-ਤੋੜ ਯਤਨ ਕੀਤਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਸ. ਬਾਦਲ ਭਾਜਪਾ ਦੇ ਹਰ ਫੈਸਲੇ ਉਤੇ ਅੱਖਾਂ ਮੁੰਦ ਕੇ ਸਹਿਮਤੀ ਦਿੰਦੇ ਰਹੇ ਹਨ।



ਐਨ.ਡੀ.ਏ. ਵਿਚ ਸ਼ਾਮਲ ਹੋਰ ਖੇਤਰੀ ਪਾਰਟੀਆਂ ਅਕਸਰ ਆਪਣੇ ਸੂਬੇ ਦੀਆਂ ਮੰਗਾਂ ਦੇ ਹਿਸਾਬ ਨਾਲ ਭਾਜਪਾ ਸਰਕਾਰ ਸ਼ਰਤਾਂ ਰੱਖਦੀਆਂ ਰਹੀਆਂ ਹਨ ਪਰ ਸ. ਬਾਦਲ ਨੇ ਐਨ.ਡੀ.ਏ. ਨੂੰ ਸਦਾ ਹੀ ਬਿਨਾਂ ਸ਼ਰਤ ਹਮਾਇਤ ਦਿੱਤੀ ਅਤੇ ਪੰਜਾਬ ਲਈ ਵੀ ਕੋਈ ਖਾਸ ਇਮਦਾਦ ਕਦੀ ਨਹੀਂ ਮੰਗੀ। ਹਾਂ, ਉਨ੍ਹਾਂ ਪੰਜਾਬ ਦੇ ਕੋਟੇ ਵਿਚੋਂ ਪਹਿਲਾਂ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਅਤੇ ਹੁਣ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਕੇਂਦਰ ਵਿਚ ਮੰਤਰੀ ਜ਼ਰੂਰ ਬਣਵਾ ਲਿਆ ਸੀ।

ਹੁਣ ਕਿਹਾ ਜਾ ਰਿਹਾ ਹੈ ਕਿ ਪਦਮ ਵਿਭੂਸ਼ਨ ਦਾ ਇਹ ਸਨਮਾਨ ਦੋਹਾਂ ਪਾਰਟੀਆਂ ਵਿਚਕਾਰ

*(ਬਾਕੀ ਸਫਾ 6 'ਤੇ)*



**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067
CA DRE Lic.#01180969
Jassi Gill
CA DRE# 00966763

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


Surveillance Camera
Systems
2 Year Warranty
Vista
Full HD 1080P
Now Sell & Install
ONLY
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
UP GRADE YOUR SECURITY SYSTEM
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores,
Hotel/Motel,warehouse & Homes
Call
Sukhpal
1-661-586-5080
Email: commvision@sbcglobal.net


STATEN SOLAR
AFFORDABLE ENERGY FOR EVERYONE
ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ
Commercial, Agricultural and Residential
Choose between $0 Down Lease or Lowest Cash Price
ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਲਗਵਾਓ - ਬਿਜਲੀ ਦੇ ਬਿਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ
ਕੀ ਤੁਸੀਂ ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ
ਫਰੀ, ਮਾਹਿਰਾਨਾ ਅਤੇ ਸਹੀ ਸਲਾਹ
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜਰਬਾ
20 ਸਾਲ ਬਿਲਕੁਲ ਫਰੀ ਮੈਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ-ਭਾਲ ਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।
Simran S. Deol
Solar Engineer
661-412-4728 (Office)
661-427-0843 (Fax)
Receive $500 By Referring Friends
www.Statensolar.com
No One Can Beat Our Price Guaranteed!
$0 Down Worry Free Lease
Fixed Monthly Bill, No Insurance
Guaranteed Lowest Monthly Bill
Or Buy the System for Lowest Price
Top Quality Product
20 Year Performance Guarantee
25 Year Guarantee for Panels
FREE Maintenance for 20 years
No Need to Worry About Increasing Cost of Utility
Professional Installation
24/7 Monitoring

# ਟਰੱਕਿੰਗ ਦੀ ਦੁਨੀਆਂ ਵਿਚ ਨਵੀਂ ਪਹਿਲਕਦਮੀ

## ਟਰੱਕਿੰਗ ਬਿਜਨਸ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ!

ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।
ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।



- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ 'ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ ਫੋਨ: 209-910-9731



# TRAVELOPOD.COM

*Happy New Year '2015'*

## Lowest fares to INDIA 'GUARANTEED'

SUBSCRIBE TO WIN
FREE AIR TICKET

BOOK BY PHONE
& SAVE UPTO
$100

WE BEAT ANY QUOTE (T&C APPLY)

## CALL FOR THE BEST UNPUBLISHED DEALS 1-855-436-0728

Fly to INDIA with fares starting from :

| | | |
|---|---|---|
| FROM NYC | : | $690 |
| FROM LAX | : | $720 |
| FROM SFO | : | $720 |
| FROM CHICAGO | : | $690 |

Domestic & International Special Deals available from ALL CITIES.

WHY BOOK WITH TRAVELOPOD?

- 100% Customer Satisfaction
- BEST PRICE GUARANTEED — Best Fare Guarantee on Dom & Inl Flights
- Excellent Service
- 24/7 — 24x7 Live Support

LUXURY HOLIDAY TOURS

Golden Triangle with Rajasthan : $500
Enchanting Kerala from : $650
African Tours with Safari from : $750
Europe Tours from : $790

Travelopod- Where Service Matters

CST # 2112418-40

# ਕੇਂਦਰ ਨੇ ਪੰਜਾਬ ਸਰਕਾਰ ਨੂੰ ਨਮੋਸ਼ੀ ਤੋਂ ਬਚਾਇਆ


**ਚੰਡੀਗੜ੍ਹ:** ਪਿਛਲੇ ਅੱਠ ਮਹੀਨਿਆਂ ਤੋਂ ਪੰਜਾਬ ਨੂੰ ਅਣਦੇਖਿਆ ਕਰ ਰਹੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸੂਬਾ ਸਰਕਾਰ ਨੂੰ ਕੁਝ ਰਾਹਤ ਦਿੱਤੀ ਹੈ। ਕੇਂਦਰ ਨੇ ਪੰਜਾਬ ਨੂੰ 18,000 ਕਰੋੜ ਦਾ ਸੜਕੀ ਪੈਕੇਜ ਦੇਣ ਦਾ ਐਲਾਨ ਕੀਤਾ ਹੈ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਭਾਈਵਾਲ ਪਾਰਟੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਸੂਬਾ ਸਰਕਾਰ ਨੂੰ ਇਹ ਪਹਿਲਾ ਤੋਹਫਾ ਮਿਲਿਆ ਹੈ। ਕੇਂਦਰ ਨੇ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਪ੍ਰਤੀ ਬੇਰੁਖੀ ਵਾਲਾ ਵਤੀਰਾ ਬਣਾਈ ਰੱਖਿਆ ਹੈ।

ਇਸ ਤੋਂ ਪਹਿਲਾਂ ਝੋਨੇ ਦੀ ਖਰੀਦ ਲਈ ਸਮੇਂ ਸਿਰ ਪੈਸੇ ਜਾਰੀ ਨਾ ਕਰਨ ਤੇ ਫਿਰ ਪੰਜਾਬ ਨੂੰ ਕੋਈ ਆਰਥਿਕ ਪੈਕੇਜ ਦੇਣ ਤੋਂ ਨਾਂਹ ਕਰਨ ਨਾਲ ਬਾਦਲ ਸਰਕਾਰ ਨੂੰ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਇਲਾਵਾ ਪਿਛਲੇ ਸਾਲ ਪਏ ਸੋਕੇ ਨੂੰ ਮੁੱਖ ਰੱਖਦਿਆਂ ਵੀ ਮੁਆਵਜ਼ਾ ਦੇਣ ਤੋਂ ਜਵਾਬ ਦੇ ਦਿੱਤਾ ਗਿਆ। ਫਿਰ ਰਹਿੰਦੀ-ਖੂੰਹਦੀ ਕਸਰ ਯੂਰੀਏ ਦੀ ਕਮੀ ਨੇ ਪੂਰੀ ਕਰ ਦਿੱਤੀ। ਇਸ ਕਾਰਨ ਸੂਬੇ ਵਿਚ ਨਵੀਂ ਸਰਕਾਰ ਬਾਰੇ ਉਦਾਸੀਨਤਾ ਦਾ ਮਾਹੌਲ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ ਪਰ ਹੁਣ ਕੇਂਦਰ ਵਲੋਂ ਬਾਦਲ ਸਰਕਾਰ ਨੂੰ ਕੁਝ ਰਾਹਤ ਦਿੱਤੀ ਗਈ ਹੈ।

ਕੇਂਦਰੀ ਸੜਕ, ਟਰਾਂਸਪੋਰਟ ਤੇ ਸ਼ਿਪਿੰਗ ਮੰਤਰੀ ਨਿਤਿਨ ਗਡਕਰੀ ਵਲੋਂ ਬਠਿੰਡੇ ਆ ਕੇ ਪੰਜਾਬ ਲਈ 18,000 ਕਰੋੜ ਦੇ ਸੜਕੀ ਪੈਕੇਜ ਦਾ ਐਲਾਨ ਕੀਤਾ ਗਿਆ ਹੈ। ਇਸ ਪੈਕੇਜ ਅਧੀਨ ਪੰਜ ਰੇਲਵੇ ਓਵਰ ਬ੍ਰਿਜ ਤੇ ਸੈਂਕੜੇ ਕਿਲੋਮੀਟਰ ਨਵੇਂ ਕੌਮੀ ਸੜਕ ਮਾਰਗ ਬਣਨਗੇ। ਕੇਂਦਰੀ ਮੰਤਰੀ ਨੇ ਭਰੋਸਾ ਦਿਵਾਇਆ ਹੈ ਕਿ ਇਨ੍ਹਾਂ ਪ੍ਰਾਜੈਕਟਾਂ 'ਤੇ ਕੰਮ ਇਸ ਸਾਲ 31 ਦਸੰਬਰ ਤੋਂ ਪਹਿਲਾਂ-ਪਹਿਲਾਂ ਆਰੰਭ ਹੋ ਜਾਏਗਾ। ਬਠਿੰਡਾ ਦੇ ਖੇਡ ਸਟੇਡੀਅਮ ਵਿਚ ਉਨ੍ਹਾਂ ਨੇ 3342 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੱਤ ਸੜਕੀ ਪ੍ਰਾਜੈਕਟਾਂ ਦਾ ਇਲੈਕਟ੍ਰੋਨਿਕ ਵਿਧੀ ਨਾਲ ਬਟਨ ਦਬਾ ਕੇ ਨੀਂਹ-ਪੱਥਰ ਵੀ ਰੱਖਿਆ। ਇਸ ਮੌਕੇ ਸ੍ਰੀ ਗਡਕਰੀ ਨੇ ਇਹ ਵੀ ਐਲਾਨ ਕੀਤਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਕੌਮੀ ਮਾਰਗ ਨਾਲ ਜੋੜਨ ਲਈ ਮੁੱਦਕੀ ਤੋਂ ਤਖ਼ਤ ਸਾਹਿਬ ਤੱਕ 455 ਕਿਲੋਮੀਟਰ ਸੜਕ ਬਣਾਈ ਜਾਏਗੀ।

ਪੰਜਾਬ ਲਈ ਐਲਾਨੇ ਵਿਸ਼ੇਸ਼ ਸੜਕ ਪੈਕੇਜ ਵਿਚ ਚਾਰ ਨਵੇਂ ਕੌਮੀ ਮਾਰਗ ਵੀ ਸ਼ਾਮਲ ਹਨ ਜੋ ਕਿ ਫਗਵਾੜਾ-ਹੁਸ਼ਿਆਰਪੁਰ, ਅੰਮ੍ਰਿਤਸਰ ਤੋਂ ਲੈ ਕੇ ਹਿਮਾਚਲ ਸੀਮਾ ਤੱਕ, ਖਰੜ, ਬਨੂੜ, ਤੇਪਲਾ ਰੋਡ ਤੇ ਮੁੱਦਕੀ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਹਨ। ਇਸੇ ਤਰ੍ਹਾਂ ਚੰਡੀਗੜ੍ਹ-ਲੁਧਿਆਣਾ ਤੇ ਬਠਿੰਡਾ ਤੋਂ ਅੰਮ੍ਰਿਤਸਰ ਮੁੱਖ ਸੜਕ ਨੂੰ ਚਹੁੰਮਾਰਗੀ ਬਣਾਇਆ ਜਾਣਾ ਹੈ। ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਇਨ੍ਹਾਂ ਸੜਕ ਪ੍ਰਾਜੈਕਟਾਂ ਦੇ ਸਿਰੇ ਲੱਗਣ ਨਾਲ ਪੰਜਾਬ ਦੇ ਸਾਰੇ ਮੁੱਖ ਸ਼ਹਿਰ ਚਾਰ ਚਾਰ ਤੇ ਛੇ-ਛੇ ਲੇਨ ਸੜਕੀ ਨੈਟਵਰਕ ਨਾਲ ਜੁੜ ਜਾਣਗੇ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਨੇ 900 ਕਰੋੜ ਰੁਪਏ ਦਾ ਖਾਲ੍ਹੇ ਪੱਕੇ ਕਰਨ ਦਾ ਪ੍ਰਾਜੈਕਟ ਵੀ ਮਨਜ਼ੂਰ ਕਰ ਦਿੱਤਾ ਹੈ। ਸ੍ਰੀ ਗਡਕਰੀ ਵਲੋਂ ਬਹੁ-ਕਰੋੜੀ ਪ੍ਰਾਜੈਕਟ ਦੇ ਰੱਖੇ ਨੀਂਹ ਪੱਥਰ ਵਿਚ ਸੱਤ ਹਾਈਵੇ ਪ੍ਰਾਜੈਕਟ ਸ਼ਾਮਲ ਹਨ, ਜਿਨ੍ਹਾਂ ਵਿਚ ਪਟਿਆਲਾ ਬਾਈਪਾਸ ਚਹੁੰਮਾਰਗੀ (279.68 ਕਰੋੜ), ਸੰਗਰੂਰ ਤੋਂ ਧਨੌਲਾ ਬਾਈਪਾਸ (319.80 ਕਰੋੜ ਰੁਪਏ), ਪਟਿਆਲਾ ਤੋਂ ਸੰਗਰੂਰ ਚਹੁੰਮਾਰਗੀ (486.75 ਕਰੋੜ), ਸੰਗਰੂਰ ਤੋਂ ਤਪਾ ਚਹੁੰਮਾਰਗੀ (483.38 ਕਰੋੜ), ਤਪਾ ਤੋਂ ਬਠਿੰਡਾ ਚਹੁੰਮਾਰਗੀ (620.28 ਕਰੋੜ), ਸੰਗਰੂਰ ਤੋਂ ਦੁਗਾਲ ਕਲਾਂ ਚਹੁੰਮਾਰਗੀ (546.43 ਕਰੋੜ) ਤੇ ਦੁਗਾਲ ਕਲਾਂ ਤੋਂ ਪੰਜਾਬ ਹਰਿਆਣਾ ਬਾਰਡਰ ਤੱਕ ਚਹੁੰਮਾਰਗੀ (605.35 ਕਰੋੜ) ਸ਼ਾਮਲ ਹਨ।

## 18000 ਕਰੋੜ ਰੁਪਏ ਦਾ ਸੜਕੀ ਪੈਕੇਜ ਦਿੱਤਾ



### ਹੋਰ ਗੱਫਿਆਂ ਦਾ ਭਰੋਸਾ

ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਸਰਕਾਰ ਨੂੰ ਭਰੋਸਾ ਦਿੱਤਾ ਹੈ ਕਿ ਸੂਬੇ ਦੇ ਬੁਨਿਆਦੀ ਢਾਂਚੇ ਲਈ ਕੇਂਦਰ ਵਲੋਂ ਖੁੱਲ੍ਹੇ ਮਨ ਨਾਲ ਸਹਾਇਤਾ ਦਿੱਤੀ ਜਾਏਗੀ। ਉਨ੍ਹਾਂ ਵਲੋਂ ਵਿਸਾਖੀ 'ਤੇ ਬਠਿੰਡਾ ਤੋਂ ਅੰਮ੍ਰਿਤਸਰ ਤੱਕ ਚਾਰ-ਮਾਰਗੀ ਸੜਕ ਦਾ ਨੀਂਹ-ਪੱਥਰ ਵੀ ਰੱਖੇ ਜਾਣ ਦੀ ਸੰਭਾਵਨਾ ਹੈ। ਕੇਂਦਰ ਸਰਕਾਰ ਵਲੋਂ 3342 ਕਰੋੜ ਦੀ ਲਾਗਤ ਨਾਲ ਇਹ ਸੜਕ ਮਾਰਗ ਈ.ਪੀ.ਸੀ ਸਿਸਟਮ ਤਹਿਤ ਬਣਾਏ ਜਾ ਰਹੇ ਹਨ।

## ਧਾਰਾ 25-ਬੀ ਰੱਦ ਕਰਾਉਣ ਲਈ ਸੰਘਰਸ਼ ਦਾ ਐਲਾਨ

**ਅੰਮ੍ਰਿਤਸਰ:** ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਵਲੋਂ ਸੰਵਿਧਾਨ ਵਿਚ ਦਰਜ ਧਾਰਾ 25-ਬੀ ਨੂੰ ਖ਼ਤਮ ਕਰਵਾਉਣ ਲਈ ਪੰਜਾਬ ਅੰਦਰ 11 ਫਰਵਰੀ ਨੂੰ ਜ਼ਿਲ੍ਹਾ ਵਾਰ ਧਰਨੇ ਤੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤੇ ਜਾਣਗੇ।

ਫੈਡਰੇਸ਼ਨ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਫੈਡਰੇਸ਼ਨ ਨੂੰ ਕਾਲਜਾਂ ਤੇ ਸਕੂਲ ਪੱਧਰ ਤੱਕ ਯੂਨੀਵਰਸਿਟੀਆਂ ਵਿਚ ਆਪਣੇ ਯੂਨਿਟ ਸਥਾਪਤ ਕਰਨ ਲਈ ਚਾਰਾਜੋਈ ਕਰਨੀ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਕੰਮ ਵਿਚ ਜਾਣਬੁੱਝ ਕੇ ਦੇਰੀ ਕੀਤੀ ਜਾ ਰਹੀ ਹੈ ਜਦ ਕਿ ਸਿੱਖ ਕੌਮ ਆਪਣੀ ਵੱਖਰੀ ਹੋਂਦ ਦੀ ਹੱਕਦਾਰ ਹੈ ਤੇ ਸਵਿਧਾਨ ਇਸ ਦੀ ਇਜਾਜ਼ਤ ਦਿੰਦਾ ਹੈ।

## ਇਰੋਮ ਸ਼ਰਮੀਲਾ ਗ੍ਰਿਫ਼ਤਾਰ

**ਇੰਫਾਲ:** ਇਰੋਮ ਸ਼ਰਮੀਲਾ ਜਿਸ ਨੂੰ 22 ਜਨਵਰੀ ਨੂੰ ਅਦਾਲਤ ਦੇ ਆਦੇਸ਼ ਤੋਂ ਬਾਅਦ ਰਿਹਾ ਕਰ ਦਿੱਤਾ ਸੀ, ਨੂੰ ਫਿਰ ਆਪਣੀ ਭੁੱਖ ਹੜਤਾਲ ਜਾਰੀ ਰੱਖਣ ਕਾਰਨ ਗ੍ਰਿਫ਼ਤਾਰ ਕਰ ਲਿਆ ਹੈ। ਸ਼ਰਮੀਲਾ ਨੇ ਆਪਣੀ ਰਿਹਾਈ ਤੋਂ ਬਾਅਦ ਉਸ ਨੇ ਕੁਝ ਵੀ ਖਾਧਾ-ਪੀਤਾ ਨਹੀਂ ਤੇ ਉਸ ਦਾ ਬਲੱਡ ਪ੍ਰੈਸ਼ਰ ਵੀ ਘਟ ਗਿਆ ਹੈ। ਜਦੋਂ ਮਨੀਪੁਰ ਪੁਲਿਸ ਸ਼ਰਮੀਲਾ ਨੂੰ ਗ੍ਰਿਫ਼ਤਾਰ ਕਰਨ ਗਈ ਤਾਂ ਉਥੇ ਮੌਜੂਦ ਲੋਕ ਜੋ ਕਿ ਸ਼ਰਮੀਲਾ ਨੂੰ ਮਿਲਣਾ ਚਾਹੁੰਦੇ ਸਨ, ਨੂੰ ਕੰਟਰੋਲ ਕਰਨ ਲਈ ਪੁਲਿਸ ਨੂੰ ਕਾਫੀ ਜਦੋ-ਜਹਿਦ ਕਰਨੀ ਪਈ।

## ਪ੍ਰੋ. ਸੋਲੰਕੀ ਨੇ ਪੰਜਾਬ ਦੇ ਰਾਜਪਾਲ ਵਜੋਂ ਸਹੁੰ ਚੁੱਕੀ



**ਚੰਡੀਗੜ੍ਹ:** ਹਰਿਆਣਾ ਦੇ ਰਾਜਪਾਲ ਪ੍ਰੋ. ਕਪਤਾਨ ਸਿੰਘ ਸੋਲੰਕੀ ਨੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਸਹੁੰ ਚੁੱਕੀ। ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਹਰਿਆਣਾ ਦੇ ਰਾਜਪਾਲ ਤੋਂ ਇਲਾਵਾ ਵਾਧੂ ਚਾਰਜ ਵਜੋਂ ਦਿੱਤੀ ਗਈ ਹੈ। ਰਾਜ ਭਵਨ ਵਿਖੇ ਇਕ ਸਮਾਗਮ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਮੌਜੂਦਗੀ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਐਸ.ਜੇ. ਵਜ਼ੀਫਦਾਰ ਨੇ ਪ੍ਰੋ. ਸੋਲੰਕੀ ਨੂੰ ਅਹੁਦੇ ਦੀ ਸਹੁੰ ਚੁਕਾਈ। ਇਸ ਤੋਂ ਬਾਅਦ ਪ੍ਰੋ. ਸੋਲੰਕੀ ਨੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਦਾ ਅਹੁਦਾ ਸੰਭਾਲਿਆ।

# ਹੁਣ ਭਾੜੇ 'ਤੇ ਚੱਲੇਗੀ ਪੰਜਾਬ ਸਰਕਾਰ ਦੀ ਗੱਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਹੁਣ ਵਿਭਾਗਾਂ ਨੂੰ ਸਰਕਾਰੀ ਵਾਹਨਾਂ ਤੋਂ ਮੁਕਤ ਕਰਕੇ ਆਊਟਸੋਰਸਿੰਗ ਰਾਹੀਂ ਵਾਹਨਾਂ ਦਾ ਪ੍ਰਬੰਧ ਕਰਨ ਦੀ ਤਿਆਰੀ ਕਰ ਲਈ ਹੈ। ਸਰਕਾਰ ਵਲੋਂ ਮੁਲਾਜ਼ਮ ਰੈਗੂਲਰ ਭਰਤੀ ਕਰਨ ਦੀ ਥਾਂ ਠੇਕੇ ਤੇ ਆਊਟਸੋਰਸਿੰਗ ਰਾਹੀਂ ਆਰਜ਼ੀ ਨਿਯੁਕਤੀਆਂ ਦਾ ਸਿਲਸਿਲਾ ਪਹਿਲਾਂ ਹੀ ਸ਼ੁਰੂ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਨੇ ਰੈਗੂਲਰ ਡਰਾਈਵਰਾਂ ਦੀਆਂ ਮੋਟੀਆਂ ਤਨਖਾਹਾਂ ਤੋਂ ਬਚਣ ਲਈ ਨਵੇਂ ਵਾਹਨ ਖਰੀਦਣ ਦੀ ਥਾਂ ਆਊਟਸੋਰਸਿੰਗ ਰਾਹੀਂ ਵਾਹਨ ਹਾਸਲ ਕਰਕੇ ਸਰਕਾਰੀ ਪ੍ਰਕਿਰਿਆ ਚਲਾਉਣ ਦਾ ਫੈਸਲਾ ਲਿਆ ਹੈ। ਨਵੇਂ ਫਾਰਮੂਲੇ ਤਹਿਤ ਡਰਾਈਵਰ ਸਮੇਤ ਹੀ ਪ੍ਰਾਈਵੇਟ ਵਾਹਨ ਕਿਰਾਏ 'ਤੇ ਲਏ ਜਾਣਗੇ।

ਫੈਸਲੇ ਤਹਿਤ ਸਟੇਟ ਟਰਾਂਸਪੋਰਟ ਅਥਾਰਟੀ-ਕਮ-ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਵਲੋਂ 19 ਜਨਵਰੀ 2015 ਨੂੰ ਜਾਰੀ ਕੀਤੀ ਨੋਟੀਫਿਕੇਸ਼ਨ (2/10/91-4ਟੀ 2/06) ਰਾਹੀਂ ਆਮ ਟੈਕਸੀ ਕਾਰਾਂ ਦਾ ਕਿਰਾਇਆ 10 ਰੁਪਏ ਪ੍ਰਤੀ ਕਿਲੋਮੀਟਰ ਮਿਥਿਆ ਹੈ। ਆਮ ਟੈਕਸੀ ਦੇ ਰਾਤ ਠਹਿਰਨ ਦੀ ਰਾਸ਼ੀ 200 ਰੁਪਏ ਮਿਥੀ ਗਈ ਹੈ। ਆਮ ਟੈਕਸੀ ਦਾ ਲੋਕਲ ਵਰਤੋਂ ਲਈ ਕਿਰਾਇਆ ਅੱਠ ਘੰਟੇ ਜਾਂ 80 ਕਿਲੋਮੀਟਰ ਲਈ 1100 ਰੁਪਏ ਮਿਥਿਆ ਗਿਆ ਹੈ। ਅੱਠ ਘੰਟੇ ਤੋਂ ਵੱਧ ਕਾਰ ਚਲਾਉਣ ਦੀ ਸੂਰਤ ਵਿਚ 60 ਰੁਪਏ ਪ੍ਰਤੀ ਘੰਟਾ ਮਿਥਿਆ ਗਿਆ ਹੈ। ਇਸੇ ਤਰ੍ਹਾਂ ਟੋਇਟਾ, ਕੁਆਲਿਸ, ਸਕਾਰਪੀਓ, ਟਵੇਰਾ, ਇੰਡੀਗੋ, ਫੋਰਡ ਆਈਕੋਨ, ਸਵਿਫਟ ਡਿਜ਼ਾਇਰ, ਟੋਇਟਾ ਇਨੋਵਾ (ਮੁੱਢਲਾ ਮਾਡਲ) ਦਾ ਕਿਰਾਇਆ 12 ਰੁਪਏ ਪ੍ਰਤੀ ਘੰਟਾ ਤੇ ਰਾਤ ਦੇ ਚਾਰਜਿਜ਼ 200 ਰੁਪਏ ਮਿਥੇ ਗਏ ਹਨ। ਇਨ੍ਹਾਂ ਸਮੂਹ ਕਾਰਾਂ ਦਾ ਅੱਠ ਘੰਟੇ ਜਾਂ ਅੱਸੀ ਕਿਲੋਮੀਟਰ ਲਈ ਕਿਰਾਇਆ 1500 ਰੁਪਏ ਮਿਥਿਆ ਗਿਆ ਹੈ।

ਇਸ ਤੋਂ ਵਾਧੂ ਘੰਟੇ ਦਾ ਕਿਰਾਇਆ 90 ਰੁਪਏ ਮਿਥਿਆ ਹੈ। ਇਸੇ ਤਰ੍ਹਾਂ ਟੋਇਟਾ ਇਨੋਵਾ (ਟੌਪ ਮਾਡਲ), ਐਸ ਐਕਸ ਫੋਰ, ਮਹਿੰਦਰਾ ਜ਼ਿਆਲੋ, ਮਹਿੰਦਰਾ ਐਕਸਯੂਵੀ, ਟਾਟਾ ਸਫਾਰੀ ਤੇ ਡਸਟਰ ਕਾਰਾਂ ਦਾ ਕਿਰਾਇਆ 14 ਰੁਪਏ ਪ੍ਰਤੀ ਕਿਲੋਮੀਟਰ ਤੇ ਰਾਤ ਦੇ ਚਾਰਜਿਜ਼ 250 ਰੁਪਏ ਮਿਥੇ ਗਏ ਹਨ। ਇਨ੍ਹਾਂ ਸਮੂਹ ਕਾਰਾਂ ਦਾ ਅੱਠ ਘੰਟੇ ਜਾਂ ਅੱਸੀ ਕਿਲੋਮੀਟਰ ਦਾ ਕਿਰਾਇਆ 1700 ਰੁਪਏ ਮਿਥਿਆ ਗਿਆ ਹੈ। ਇਨ੍ਹਾਂ ਕਾਰਾਂ ਦੇ ਵਾਧੂ ਘੰਟੇ ਦਾ ਕਿਰਾਇਆ 110 ਰੁਪਏ ਤੈਅ ਕੀਤਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਵਿੱਤ ਵਿਭਾਗ ਵਲੋਂ ਰੈਗੂਲਰ ਡਰਾਈਵਰਾਂ ਦੀਆਂ ਤਨਖਾਹਾਂ, ਵਾਹਨਾਂ ਦੀ ਮੁਰੰਮਤ ਦੇ ਖਰਚਿਆਂ ਤੇ ਤੇਲ ਦੀ ਖਪਤ ਦਾ ਹਿਸਾਬ-ਕਿਤਾਬ ਲਾਉਣ ਤੋਂ ਬਾਅਦ ਨਵੀਆਂ ਕਾਰਾਂ ਖਰੀਦਣ ਦੀ ਥਾਂ ਆਊਟਸੋਰਸਿੰਗ ਰਾਹੀਂ ਵਾਹਨ ਹਾਸਲ ਕਰਨ ਨੂੰ ਲਾਹੇਵੰਦ ਦੱਸਿਆ ਹੈ। ਉਂਜ ਉਚ ਅਹੁਦਿਆਂ 'ਤੇ ਬਿਰਾਜਮਾਨ ਅਧਿਕਾਰੀਆਂ ਨੂੰ ਸਰਕਾਰੀ ਵਾਹਨ ਹੀ ਮੁਹੱਈਆ ਕਰਨ ਦੀ ਪ੍ਰਕਿਰਿਆ ਜਾਰੀ ਰਹੇਗੀ।




ਸੂਤਰਾਂ ਅਨੁਸਾਰ ਸਰਕਾਰ ਵਲੋਂ ਲਾਏ ਹਿਸਾਬ-ਕਿਤਾਬ ਆਊਟਸੋਰਸਿੰਗ ਰਾਹੀਂ ਕਿਰਾਏ 'ਤੇ ਲਈ ਆਮ ਟੈਕਸੀ ਦਾ ਸਾਲਾਨਾ ਖਰਚਾ 4.25 ਲੱਖ ਦੇ ਨੇੜੇ-ਤੇੜੇ ਪੈਂਦਾ ਹੈ। ਇਸੇ ਤਰ੍ਹਾਂ ਵਿਚਕਾਰਲੇ ਮਾਡਲ ਵਾਲੇ ਵਾਹਨ ਦਾ ਸਾਲਾਨਾ ਖਰਚਾ ਛੇ ਲੱਖ ਰੁਪਏ ਅਤੇ ਟੌਪ ਮਾਡਲ ਵਾਲੇ ਵਾਹਨ ਦਾ ਸਾਲਾਨਾ ਖਰਚਾ 6.50 ਲੱਖ ਦੇ ਕਰੀਬ ਆਉਂਦਾ ਹੈ। ਸਰਕਾਰ ਆਊਟਸੋਰਸਿੰਗ ਰਾਹੀਂ ਵਾਹਨ ਹਾਸਲ ਕਰਕੇ ਆਪਣੀ ਵਰਕਸ਼ਾਪ, ਸਟਾਫ ਤੇ ਡਰਾਈਵਰਾਂ ਤੋਂ ਮੁਕਤ ਹੋਣਾ ਚਾਹੁੰਦੀ ਹੈ। ਸਰਕਾਰ ਨੇ ਪਿਛਲੇ ਵਰ੍ਹੇ ਚਾਰ ਦਸੰਬਰ ਨੂੰ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਪਹਿਲਾਂ ਹੀ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ ਕਿ ਕੰਡਮ ਹੋਈਆਂ ਸਰਕਾਰੀ ਗੱਡੀਆਂ ਦੇ ਇਵਜ਼ ਵਜੋਂ ਨਵੀਆਂ ਗੱਡੀਆਂ ਖਰੀਦਣ ਦੀ ਥਾਂ ਵਾਹਨ ਮਾਰਕਿਟ ਵਿਚੋਂ ਕਿਰਾਏ 'ਤੇ ਲੈ ਕੇ ਕੰਮ ਚਲਾਇਆ ਜਾਵੇ। ਪੰਜਾਬ ਗੌਰਮਿੰਟ ਡਰਾਈਵਰ ਤੇ ਟੈਕਨੀਕਲ ਐਪਲਾਈਜ਼ ਯੂਨੀਅਨ ਦੇ ਪ੍ਰਧਾਨ ਕੁਲਵੰਤ ਸਿੰਘ ਢਿੱਲੋਂ ਨੇ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਡਰਾਈਵਰਾਂ ਨੂੰ ਸਰਕਾਰੀ ਸੇਵਾਵਾਂ ਵਿਚੋਂ ਮੁਕੰਮਲ ਰੂਪ ਵਿਚ ਬਾਹਰ ਕੀਤਾ ਜਾ ਰਿਹਾ ਹੈ। ਜਿਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ ਤੇ ਅਗਲੇ ਮਹੀਨੇ ਜ਼ਿਲ੍ਹਾ ਪੱਧਰ 'ਤੇ ਭੁੱਖ ਹੜਤਾਲਾਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ।

# ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਬਣਨਗੇ ਸੈਰ ਸਪਾਟੇ ਦੇ ਮੁੱਖ ਕੇਂਦਰ

**ਮੁਹਾਲੀ:** ਪਾਕਿਸਤਾਨ ਸਰਕਾਰ ਵਲੋਂ ਆਉਣ ਵਾਲੇ ਸਮੇਂ ਵਿਚ ਸਿੱਖਾਂ ਦੇ ਮੱਕਾ ਕਹੇ ਜਾਂਦੇ ਨਨਕਾਣਾ ਸਾਹਿਬ ਸਮੇਤ ਪੰਜਾ ਸਾਹਿਬ ਤੇ ਐਮਨਾਬਾਦ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਲਾਹੌਰ ਦੀਆਂ ਕੁਝ ਮਹੱਤਵਪੂਰਨ ਥਾਵਾਂ ਨੂੰ ਵੀ ਇਸ ਯੋਜਨਾ ਅਧੀਨ ਲਿਆਂਦਾ ਜਾਵੇਗਾ। ਇਹ ਗੱਲ ਪਾਕਿਸਤਾਨ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ (ਪੀ.ਟੀ.ਡੀ.ਸੀ.) ਦੇ ਮੈਨੇਜਿੰਗ ਡਾਇਰੈਕਟਰ ਚੌਧਰੀ ਕਬੀਰ ਅਹਿਮਦ ਖਾਨ ਨੇ ਆਖੀ। ਭਾਰਤ-ਪਾਕਿਸਤਾਨ ਵਿਚ ਸੈਰ-ਸਪਾਟਾ ਵਧਾਉਣ ਬਾਰੇ ਨਵੀਆਂ ਯੋਜਨਾਵਾਂ ਉਲੀਕਣ ਤੇ ਸੰਭਾਵਨਾਵਾਂ ਦੀ ਤਲਾਸ਼ ਬਾਰੇ ਭਾਰਤ ਆਏ ਚੌਧਰੀ ਕਬੀਰ ਅਹਿਮਦ ਖਾਨ ਨੇ ਦੱਸਿਆ ਕਿ ਉਨ੍ਹਾਂ ਨੇ ਪਾਕਿਸਤਾਨ ਸਰਕਾਰ ਦੇ ਕੁਝ ਨੁਮਾਇੰਦਿਆਂ ਸਮੇਤ ਪੰਜਾਬ ਦੇ ਸੈਰ-ਸਪਾਟਾ ਮੰਤਰੀ ਤੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਹੈ। ਪੰਜਾਬ ਸਰਕਾਰ ਨੂੰ ਸੈਰ-ਸਪਾਟੇ ਬਾਰੇ ਪਾਕਿਸਤਾਨ ਦੀਆਂ ਯੋਜਨਾਵਾਂ ਤੋਂ ਜਾਣੂ ਕਰਵਾਇਆ ਗਿਆ ਹੈ। ਚੌਧਰੀ ਮੁਤਾਬਕ ਪੰਜਾਬ ਨੇ ਪਾਕਿਸਤਾਨ ਦੇ ਪ੍ਰਸਤਾਵ ਨਾਲ ਸਹਿਮਤੀ ਪ੍ਰਗਟਾਈ ਹੈ।



ਭਾਰਤ-ਪਾਕਿਸਤਾਨ ਦੋਸਤੀ ਦੀ ਪ੍ਰਤੀਕ ਦਿੱਲੀ-ਅੰਮ੍ਰਿਤਸਰ-ਲਾਹੌਰ ਬੱਸ ਸੇਵਾ ਬਾਰੇ ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਦੇ ਟਰਾਂਸਪੋਰਟ ਵਿਭਾਗ ਨੇ ਇਸ ਰੂਟ 'ਤੇ ਚੱਲਦੀ ਬੱਸ ਦਾ ਕਿਰਾਇਆ ਵਧਾਉਣ ਲਈ ਆਪਸੀ ਸਹਿਮਤੀ ਨਾਲ ਸਾਂਝਾ ਪ੍ਰਸਤਾਵ ਤਿਆਰ ਕੀਤਾ ਹੈ ਜਿਸ ਨੂੰ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਵਲੋਂ ਹਰੀ ਝੰਡੀ ਦੇਣਾ ਬਾਕੀ ਹੈ। ਨਵੇਂ ਪ੍ਰਸਤਾਵ ਮੁਤਾਬਕ ਹੁਣ ਪਾਕਿਸਤਾਨ ਜਾਣ ਜਾਂ ਪਾਕਿਸਤਾਨ ਤੋਂ ਭਾਰਤ ਆਉਣ ਦੇ ਚਾਹਵਾਨ ਯਾਤਰੀਆਂ ਨੂੰ 800 ਦੀ ਥਾਂ 1200 ਰੁਪਏ ਖ਼ਰਚ ਕਰਨੇ ਪੈਣਗੇ। ਇਸ ਫੈਸਲੇ ਨੂੰ ਪਹਿਲੀ ਮਾਰਚ ਤੋਂ ਅਮਲੀ ਜਾਮਾ ਪਹਿਨਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਾਲ 2008 ਤੋਂ ਲੈ ਕੇ ਹੁਣ ਤੱਕ ਬੱਸਾਂ ਦੇ ਖ਼ਰਚੇ ਦਾ ਹਿਸਾਬ ਨਹੀਂ ਹੋਇਆ ਸੀ ਪਰ ਹੁਣ ਪਾਕਿਸਤਾਨ ਨੇ ਦਿੱਲੀ ਟਰਾਂਸਪੋਰਟ ਵਿਭਾਗ ਨੂੰ 21 ਲੱਖ ਤੇ ਪੰਜਾਬ ਨੂੰ ਕਰੀਬ 19 ਲੱਖ ਰੁਪਏ ਦਾ ਭੁਗਤਾਨ ਕੀਤਾ ਹੈ।

ਮੁਹਾਲੀ ਪ੍ਰੈਸ ਕਲੱਬ ਵਿਚ ਮੀਟ-ਦਾ-ਪ੍ਰੈਸ ਪ੍ਰੋਗਰਾਮ ਦੌਰਾਨ ਚੌਧਰੀ ਅਹਿਮਦ ਖਾਨ ਨੇ ਦੱਸਿਆ ਕਿ ਪਾਕਿਸਤਾਨ ਵਿਚ ਅਕਾਦਾਰ ਦਲੀਪ ਕੁਮਾਰ ਦੀ ਪੁਰਾਣੀ ਹਵੇਲੀ ਤੇ ਮਹਾਰਾਜਾ ਰਣਜੀਤ ਸਿੰਘ ਦੀ ਕਿਸੇ ਵੀ ਯਾਦਗਾਰ ਜਾਂ ਜਾਇਦਾਦ 'ਤੇ ਕੋਈ ਨਾਜਾਇਜ਼ ਕਬਜ਼ਾ ਨਹੀਂ ਹੋਇਆ ਹੈ ਸਗੋਂ ਪਾਕਿਸਤਾਨ ਸਰਕਾਰ ਇਨ੍ਹਾਂ ਇਮਾਰਤਾਂ ਨੂੰ ਨੈਸ਼ਨਲ ਹੈਰੀਟੇਜ ਵਜੋਂ ਵਿਕਸਿਤ ਕਰਨ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਵੀਜ਼ਾ ਪਾਲਿਸੀ ਨੂੰ ਸਰਲ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਵੀਜ਼ਾ ਦੇਣ ਲਈ ਜੋ ਸਖ਼ਤ ਸ਼ਰਤਾਂ ਹਨ, ਉਨ੍ਹਾਂ ਨੂੰ ਨਰਮ ਕੀਤਾ ਜਾਣਾ ਚਾਹੀਦਾ ਹੈ। ਚੌਧਰੀ ਕਬੀਰ ਅਹਿਮਦ ਖਾਨ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਸਰਕਾਰ ਦਹਿਸ਼ਤਗਰਦਾਂ ਦੇ ਸਖ਼ਤ ਖ਼ਿਲਾਫ਼ ਹੈ ਤੇ ਇਸ ਬਾਰੇ ਸਰਕਾਰੀ ਪੱਧਰ 'ਤੇ ਜੰਗ ਜਾਰੀ ਹੈ। ਦਹਿਸ਼ਤਗਰਦ ਕਿਸੇ ਦੇ ਸਕੇ ਨਹੀਂ ਹੁੰਦੇ ਸਗੋਂ ਇਨ੍ਹਾਂ ਦਾ ਕੰਮ ਤਾਂ ਇਨਸਾਨੀਅਤ ਦਾ ਕਤਲ ਕਰਨਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਪਾਕਿਸਤਾਨ ਵਿਚ 50 ਹਜ਼ਾਰ ਫ਼ੌਜੀ ਤੇ ਆਮ ਸ਼ਹਿਰੀ ਦਹਿਸ਼ਤਗਰਦਾਂ ਦੀ ਗੋਲੀ ਦਾ ਸ਼ਿਕਾਰ ਹੋ ਚੁੱਕੇ ਹਨ। ਜੇਕਰ ਪਾਕਿਸਤਾਨ ਦਹਿਸ਼ਤਗਰਦਾਂ ਨੂੰ ਪਨਾਹ ਦਿੰਦਾ ਹੁੰਦਾ ਤਾਂ ਉਹ ਪਾਕਿਸਤਾਨੀਆਂ ਨੂੰ ਕਿਉਂ ਮਾਰਦੇ?

ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਵਿਚ ਦਹਿਸ਼ਤਗਰਦਾਂ ਦਾ ਨੈਟਵਰਕ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ। ਜਿਵੇਂ ਪਾਕਿਸਤਾਨ ਨੇ ਦੋਸਤੀ ਦਾ ਹੱਥ ਵਧਾਇਆ ਹੈ, ਉਸੇ ਤਰ੍ਹਾਂ ਹੁਣ ਭਾਰਤ ਨੂੰ ਪਾਕਿਸਤਾਨ ਨਾਲ ਦੋਸਤੀ ਦਾ ਹੱਥ ਵਧਾਉਣਾ ਚਾਹੀਦਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਚੋਣਾਂ ਤੋਂ ਵਿਹਲੇ ਹੋ ਕੇ ਭਾਰਤ-ਪਾਕਿਸਤਾਨ ਦੀ ਦੋਸਤੀ ਲਈ ਗੱਲਬਾਤ ਦਾ ਮਨ ਬਣਾਉਣ ਤਾਂ ਜੋ ਦੋਵੇਂ ਮੁਲਕਾਂ ਵਿਚ ਕੁੜੱਤਣ ਖ਼ਤਮ ਕੀਤੀ ਜਾ ਸਕੇ। ਉਨ੍ਹਾਂ ਮੁੰਬਈ 26/11 ਦੇ ਅਤਿਵਾਦੀ ਹਮਲੇ ਦੇ ਮੁਲਜ਼ਮ ਦੀ ਮਦਦ ਕਰਨ ਦੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ।

# ਸਿਰਸਾ ਮੁਖੀ ਵਲੋਂ ਦਸਮੇਸ਼ ਪਿਤਾ ਦਾ ਭੇਖ ਧਾਰਨ ਵਾਲਾ ਕੇਸ ਫਿਰ ਖੁੱਲ੍ਹਿਆ

**ਚੰਡੀਗੜ੍ਹ:** ਕਈ ਸੰਗੀਨ ਮਾਮਲਿਆਂ ਵਿਚ ਸੀ.ਬੀ.ਆਈ. ਜਾਂਚ ਦਾ ਸਾਹਮਣਾ ਕਰ ਰਹੇ ਡੇਰਾ ਸਿਰਸਾ ਮੁਖੀ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਹੋਰ ਕੱਸਿਆ ਗਿਆ ਹੈ। ਡੇਰਾ ਮੁਖੀ ਵਲੋਂ 2007 ਦਾ ਦਸਮੇਸ਼ ਪਿਤਾ ਦਾ ਸਵਾਂਗ ਰਚਾਉਣ ਵਾਲਾ ਕੇਸ ਇੱਕ ਵਾਰ ਫਿਰ ਹਾਈਕੋਰਟ ਪੁੱਜ ਗਿਆ। ਮੁੱਢਲੇ ਦਿਨਾਂ ਵਿਚ ਇਸ ਕੇਸ ਨੂੰ ਉਭਾਰਨ ਵਾਲੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਅਤੇ ਹਰਦੀਪ ਸਿੰਘ ਬਠਿੰਡਾ ਵਲੋਂ ਇਸ ਸਬੰਧ ਵਿਚ ਹੇਠਲੀ ਅਦਾਲਤ ਦੁਆਰਾ ਡੇਰਾ ਮੁਖੀ ਨੂੰ ਰਾਹਤ ਦਿੰਦੇ ਫ਼ੈਸਲੇ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਕੇਸ ਦੀ ਅਗਲੀ ਸੁਣਵਾਈ 5 ਫਰਵਰੀ ਨੂੰ ਹੋਣੀ ਹੈ।

ਲਾਇਰਜ ਫ਼ਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੇ ਮੁਖੀ ਅਤੇ ਡੇਰਾ ਮੁਖੀ ਖ਼ਿਲਾਫ਼ ਪਹਿਲਾਂ ਹੀ ਦਾਇਰ ਪਟੀਸ਼ਨਾਂ ਦੀ ਪੈਰਵੀ ਕਰ ਰਹੇ ਐਡਵੋਕੇਟ ਨਵਕਿਰਨ ਸਿੰਘ ਰਾਹੀਂ ਦਾਇਰ ਇਸ ਪਟੀਸ਼ਨ ਤਹਿਤ ਸੈਸ਼ਨ ਜੱਜ ਬਠਿੰਡਾ ਦੇ 7 ਅਗਸਤ 2014 ਵਾਲੇ ਫ਼ੈਸਲੇ ਨੂੰ ਰੱਦ ਕਰਨ ਦੀ ਮੰਗ ਰੱਖੀ ਗਈ ਹੈ।

ਯਾਦ ਰਹੇ ਕਿ ਬਠਿੰਡਾ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਤੇਜਵਿੰਦਰ ਸਿੰਘ ਨੇ ਅਗਸਤ ਵਿਚ ਆਪਣੇ ਫ਼ੈਸਲੇ ਵਿਚ ਡੇਰਾ ਸਿਰਸਾ ਮੁਖੀ ਖ਼ਿਲਾਫ਼ ਇਹ ਕੇਸ ਇਸ ਆਧਾਰ 'ਤੇ ਰੱਦ ਕਰ ਦਿੱਤਾ ਸੀ ਕਿ ਪੁਲਿਸ, ਕਾਨੂੰਨ ਮੁਤਾਬਿਕ ਤਿੰਨ ਸਾਲ ਦੇ ਅੰਦਰ-ਅੰਦਰ ਇਸ ਕੇਸ ਦਾ ਚਲਾਨ ਅਦਾਲਤ ਵਿਚ ਪੇਸ਼ ਨਹੀਂ ਕਰ ਸਕੀ। ਇਸ ਦੇ ਨਾਲ ਹੀ ਹੇਠਲੀ ਅਦਾਲਤ ਵਲੋਂ ਬਠਿੰਡਾ ਪੁਲਿਸ ਵਲੋਂ ਇਸ ਕੇਸ ਨੂੰ ਰੱਦ ਕਰਨ ਦੀ ਰਿਪੋਰਟ ਨੂੰ ਵੀ ਪ੍ਰਵਾਨ ਕਰ ਲਿਆ ਗਿਆ।

ਪੁਲਿਸ ਨੇ 27 ਜਨਵਰੀ 2012 ਨੂੰ ਅਦਾਲਤ ਵਿਚ ਪੇਸ਼ ਕੀਤੀ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਜਾਂਚ ਪੜਤਾਲ ਦੌਰਾਨ ਉਸ ਨੂੰ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਵਿਚ ਜੁਰਮ ਸਾਬਤ ਹੁੰਦਾ ਹੋਵੇ।

## ਕਬੱਡੀ ਖਿਡਾਰੀ ਤੰਨਾ ਲਿੱਧੜ ਸੁਰਗਵਾਸ

**ਸੈਨ ਹੋਜ਼ੇ (ਬਿਊਰੋ):** ਉਘੇ ਕਬੱਡੀ ਖਿਡਾਰੀ ਤਰਨਜੀਤ ਸਿੰਘ (ਤੰਨਾ ਲਿੱਧੜ) 23 ਜਨਵਰੀ ਨੂੰ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਵਾਸਤੇ ਅਲਵਿਦਾ ਕਹਿ ਗਏ। ਕਬੱਡੀ ਦੇ ਬਾਬਾ ਬੋਹੜ ਸਰਬਣ ਸਿੰਘ ਬੱਲ ਤੰਨਾ



ਲਿੱਧੜ ਦੇ ਮਾਸੜ ਜੀ ਹਨ ਅਤੇ ਫਿਲਮ ਪ੍ਰੋਡਿਊਸਰ- ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਉਸ ਦੇ ਮਾਮਾ ਜੀ ਦੇ ਪੁੱਤਰ ਹਨ।

ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਗੁਰਦਾਵਰ ਸਿੰਘ ਮਹੇੜੂ, ਗੁਰਚਰਨ ਸਿੰਘ ਮਾਨ, ਜਗੀਰ ਸਿੰਘ ਨਿਊ ਯਾਰਕ, ਬਾਬਾ ਜੌਹਨ ਸਿੰਘ ਗਿੱਲ, ਤਰਲੋਚਨ ਸਿੰਘ ਲੱਛਰ, ਤੀਰਥ ਸਿੰਘ ਗਾਖਲ ਅਤੇ ਹੋਰਨਾਂ ਖੇਡ ਪ੍ਰੋਮੋਟਰਾਂ ਨੇ ਤੰਨਾ ਲਿੱਧੜ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।

ਤੰਨਾ ਦੇ ਭਰਾ ਉਘੇ ਬਿਜਨਸਮੈਨ ਹਰਜਿੰਦਰ ਸਿੰਘ ਲਿੱਧੜ ਅਤੇ ਤੰਨਾ ਦੇ ਸਪੁੱਤਰ ਹਰਮੀਤ ਲਿੱਧੜ ਤੇ ਅਮਨ ਲਿੱਧੜ ਨੇ ਦੱਸਿਆ ਕਿ ਤੰਨਾ ਲਿੱਧੜ ਦਾ ਸਸਕਾਰ ਟੈਕਸਸ ਸਟੇਟ ਦੇ ਸ਼ਹਿਰ ਕੋਰਪਸ ਕਿਸਟੀ 'ਚ 28 ਜਨਵਰੀ, ਬੁੱਧਵਾਰ ਨੂੰ ਕਰ ਦਿੱਤਾ ਗਿਆ। ਹਰਜਿੰਦਰ ਸਿੰਘ ਲਿੱਧੜ ਨਾਲ ਸੰਪਰਕ ਫੋਨ: 956-451-4286 ਉਤੇ ਕੀਤਾ ਜਾ ਸਕਦਾ ਹੈ।

## ਕੋਲਾ ਘਪਲੇ ਬਾਰੇ ਰਿਪੋਰਟ ਅਦਾਲਤ ਵਿਚ ਪੇਸ਼

**ਨਵੀਂ ਦਿੱਲੀ (ਬਿਊਰੋ):** ਸੀ.ਬੀ.ਆਈ. ਨੇ ਕੋਲਾ ਬਲਾਕ ਅਲਾਟਮੈਂਟ ਘਪਲੇ ਸਬੰਧੀ ਆਪਣੀ ਸੀਲਬੰਦ ਪ੍ਰਗਤੀ ਰਿਪੋਰਟ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕਰ ਦਿੱਤੀ। ਇਸੇ ਅਦਾਲਤ ਨੇ ਇਸ ਘਪਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਪਾਸੋਂ ਪੁੱਛ-ਪੜਤਾਲ ਕਰਨ ਦੇ ਨਿਰਦੇਸ਼ ਦਿੱਤੇ ਸਨ। ਏਜੰਸੀ ਨੇ ਉਨ੍ਹਾਂ ਲੋਕਾਂ ਦੇ ਬਿਆਨ ਵੀ ਪੇਸ਼ ਕੀਤੇ ਜਿਨ੍ਹਾਂ ਤੋਂ ਜਾਂਚ ਦੌਰਾਨ ਪੁੱਛ-ਪੜਤਾਲ ਕੀਤੀ ਗਈ।

ਇਸੇ ਦੌਰਾਨ ਸੀ.ਬੀ.ਆਈ. ਨੇ ਜਾਂਚ ਮੁਕੰਮਲ ਕਰਨ ਲਈ ਅਦਾਲਤ ਤੋਂ ਦੋ ਹਫ਼ਤਿਆਂ ਦਾ ਹੋਰ ਸਮਾਂ ਮੰਗਿਆ ਹੈ। ਇਸ ਘਪਲੇ ਵਿਚ ਸਾਬਕਾ ਕੋਲਾ ਸਕੱਤਰ ਪੀ.ਸੀ. ਪਾਰੇਖ, ਸਨਅਤਕਾਰ ਕੁਮਾਰ ਮੰਗਲਮ ਬਿਰਲਾ ਤੇ ਕਈ ਹੋਰ ਸ਼ਾਮਲ ਹਨ। ਮਾਮਲੇ ਦੀ ਅਗਲੀ ਸੁਣਵਾਈ 19 ਫਰਵਰੀ ਨੂੰ ਹੋਣੀ ਹੈ।

ਵਰਨਣਯੋਗ ਹੈ ਕਿ 16 ਦਸੰਬਰ 2014 ਨੂੰ ਜਦੋਂ ਸੀ.ਬੀ.ਆਈ. ਨੇ ਅਦਾਲਤ ਅੱਗੇ ਆਪਣੀ ਪ੍ਰਗਤੀ ਰਿਪੋਰਟ ਰੱਖੀ ਸੀ ਤਾਂ ਜੱਜ ਨੇ ਏਜੰਸੀ ਨੂੰ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਪ੍ਰਧਾਨ ਮੰਤਰੀ ਸਕੱਤਰੇਤ ਦੇ ਕੁਝ ਅਧਿਕਾਰੀਆਂ ਪਾਸੋਂ ਪੁੱਛ-ਪੜਤਾਲ ਕਰਨ ਲਈ ਕਿਹਾ ਸੀ। ਇਨ੍ਹਾਂ ਵਿਚ ਡਾ. ਮਨਮੋਹਨ ਸਿੰਘ ਦੇ ਤੱਤਕਾਲੀ ਪ੍ਰਿੰਸੀਪਲ ਸਕੱਤਰ ਟੀ.ਕੇ.ਏ. ਨਾਇਰ ਤੇ ਨਿੱਜੀ ਸਕੱਤਰ ਬੀ.ਆਰ. ਸੁਬਰਾਮਨੀਅਮ ਸ਼ਾਮਲ ਹਨ।

# ਪੰਜਾਬ ਸਨਅਤੀ ਨਿਗਮ ਵਿਤੀ ਸੰਕਟ 'ਚ ਘਿਰਿਆ

**ਚੰਡੀਗੜ੍ਹ:** ਪੰਜਾਬ ਰਾਜ ਸਨਅਤੀ ਵਿਕਾਸ ਨਿਗਮ (ਪੀ.ਐਸ.ਆਈ.ਡੀ.ਸੀ.) ਉਤੇ ਰੋਜ਼ਾਨਾ 16 ਲੱਖ ਰੁਪਏ ਦੇ ਵਿਆਜ ਦਾ ਭਾਰ ਪੈਣ ਨਾਲ ਇਹ ਅਦਾਰਾ ਵਿੱਤੀ ਸੰਕਟ ਵਿਚ ਘਿਰ ਗਿਆ ਹੈ। ਸਰਕਾਰ ਵਲੋਂ ਭਾਰਤੀ ਰਿਜ਼ਰਵ ਬੈਂਕ ਦੀਆਂ ਚਿਤਾਵਨੀਆਂ ਨੂੰ ਵੀ ਅੱਖੋਂ-ਪਰੋਖੇ ਕਰ ਦਿੱਤਾ ਗਿਆ ਹੈ। ਯਾਦ ਰਹੇ, ਸਨਅਤੀ ਵਿਭਾਗ ਵਲੋਂ ਨਿਗਮ ਦਾ ਵਿੱਤੀ ਸੰਕਟ ਟਾਲਣ ਅਤੇ ਦੇਣਦਾਰੀਆਂ ਦਾ ਭਾਰ ਘਟਾਉਣ ਲਈ ਯਕਮੁਸ਼ਤ ਸਕੀਮ ਲਿਆਉਣ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਸੀ, ਪਰ ਅਧਿਕਾਰੀਆਂ ਦੇ ਨਾਂਹ ਪੱਖੀ ਰੁਖ਼ ਕਾਰਨ ਇਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਫ਼ਤਰ ਵਿਚ ਪਿਆ ਰਹਿ ਗਿਆ। ਨਿਗਮ ਦੇ ਕਰਜ਼ਦਾਰਾਂ ਅਤੇ ਇਕੁਇਟੀ (ਹਿੱਸਾ ਪੱਤੀ) ਦੇ ਦੇਣਦਾਰਾਂ ਵਿਚ ਬਾਰਸੂਖ ਪੂੰਜੀਪਤੀ ਅਤੇ ਸਨਅਤੀ ਘਰਾਣੇ ਸ਼ਾਮਲ ਹਨ ਜਿਨ੍ਹਾਂ ਤੋਂ ਵਸੂਲੀ ਲਈ ਸਰਕਾਰ ਨੇ ਘੇਸਲ ਵੱਟੀ ਹੋਈ ਹੈ।

ਨਿਗਮ ਦੇ ਅਫਸਰਾਂ ਨੇ 31 ਮਾਰਚ 2014 ਨੂੰ ਜੋ ਲੇਖਾ-ਜੋਖਾ ਕੀਤਾ ਸੀ, ਉਸ ਮੁਤਾਬਕ ਇਹ ਅਦਾਰਾ 623 ਕਰੋੜ ਰੁਪਏ ਦੇ ਘਾਟੇ ਵਿਚ ਸੀ। ਨਿਗਮ ਵੱਲ ਜਨਤਕ ਕਰਜ਼ੇ ਦੀਆਂ ਜੋ ਦੇਣਦਾਰੀਆਂ ਹਨ, ਉਨ੍ਹਾਂ 'ਤੇ ਲਗਦਾ ਵਿਆਜ ਬਹੁਤ ਹੈ। ਕੁੱਲ 16 ਲੱਖ ਰੁਪਏ ਦਾ ਵਿਆਜ ਰੋਜ਼ ਲੱਗ ਰਿਹਾ ਹੈ। ਨਿਗਮ ਦੀ ਹਾਲਤ ਇੱਥੋਂ ਤੱਕ ਨਿੱਘਰ ਗਈ ਹੈ ਕਿ ਪ੍ਰਬੰਧਕਾਂ ਨੇ ਸਰਕਾਰ ਤੋਂ ਚੰਡੀਗੜ੍ਹ ਦੇ ਸੈਕਟਰ 17 ਵਿਚਲੀ ਬੇਸ਼ਕੀਮਤੀ ਇਮਾਰਤ (ਉਦਯੋਗ ਭਵਨ) ਨੂੰ ਗਹਿਣੇ ਧਰ ਕੇ ਕਰਜ਼ਾ ਲੈਣ ਦਾ ਪ੍ਰਸਤਾਵ ਤਿਆਰ ਕੀਤਾ ਸੀ ਤਾਂ ਜੋ ਦੇਣਦਾਰੀਆਂ ਤੋਂ ਪਿੱਛਾ ਛੁਡਾਇਆ ਜਾ ਸਕੇ। ਸਰਕਾਰ ਵਲੋਂ ਇਮਾਰਤ ਗਹਿਣੇ ਧਰਨ ਨੂੰ ਪ੍ਰਵਾਨਗੀ ਨਾ ਦਿੱਤੀ ਗਈ ਤਾਂ ਯਕਮੁਸ਼ਤ ਸਕੀਮ ਦਾ ਰਾਹ ਕੱਢਿਆ ਗਿਆ। ਸਰਕਾਰ ਨੇ ਇਸ ਸਕੀਮ ਨੂੰ ਵੀ ਪ੍ਰਵਾਨਗੀ ਨਹੀਂ ਦਿੱਤੀ। ਇਸ ਸਕੀਮ ਨਾਲ 200 ਕਰੋੜ ਰੁਪਏ ਕਿਸ਼ਤਾਂ ਵਿਚ ਆਉਣ ਦੀ ਸੰਭਾਵਨਾ ਸੀ। ਸਨਅਤ ਮੰਤਰੀ ਮਦਨ ਮੋਹਨ ਮਿੱਤਲ ਦਾ ਕਹਿਣਾ ਹੈ ਕਿ ਨਿਗਮ ਨੂੰ ਵਿੱਤੀ ਸੰਕਟ ਵਿਚੋਂ ਕੱਢਣ ਲਈ ਸਰਕਾਰ ਵਲੋਂ ਕਈ ਪਹਿਲੂਆਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

## 'ਆਮ ਆਦਮੀ' ਦੇ ਰਚੇਤਾ ਆਰ.ਕੇ. ਲਕਸ਼ਮਣ ਦਾ ਦੇਹਾਂਤ

**ਪੁਣੇ:** ਉੱਘੇ ਕਾਰਟੂਨਿਸਟ ਆਰ.ਕੇ. ਲਕਸ਼ਮਣ ਦਾ 94 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਇਥੇ ਪੂਰੇ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਆਪਣੇ ਕਾਰਟੂਨਾਂ ਵਿਚ 'ਆਮ ਆਦਮੀ' ਨੂੰ ਅਮਰ ਕਰਨ ਵਾਲੇ ਇਸ ਕਾਰਟੂਨਿਸਟ ਨੂੰ ਦੇਸ਼ ਵਾਸੀਆਂ ਨੇ ਨਮ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ। ਵੈਕੁੰਠ ਸ਼ਮਸ਼ਾਨਘਾਟ ਵਿਖੇ ਉਨ੍ਹਾਂ ਦੇ ਪੁੱਤਰ ਸ੍ਰੀਨਿਵਾਸ ਨੇ ਚਿਤਾ ਨੂੰ ਅਗਨੀ ਦਿਖਾਈ। ਪਦਮ ਵਿਭੂਸ਼ਨ ਸ੍ਰੀ ਲਕਸ਼ਮਣ ਨੂੰ 1984 ਵਿਚ ਮੈਗਸੈਸੇ ਪੁਰਸਕਾਰ ਨਾਲ ਨਵਾਜਿਆ ਗਿਆ ਸੀ।

ਇਸ ਮੌਕੇ 'ਟਾਈਮਜ਼ ਆਫ ਇੰਡੀਆ' ਜਿਸ ਵਿਚ ਉਨ੍ਹਾਂ ਦੇ ਕਾਰਟੂਨ ਛਪਦੇ ਹੁੰਦੇ ਸਨ, ਦੇ ਸਾਬਕਾ ਸੰਪਾਦਕ ਦਿਲੀਪ ਪੜਗਾਓਂਕਰ ਨੇ ਕਿਹਾ, "ਸਾਥੋਂ ਇਕ ਮਹਾਨ ਹਸਤੀ ਵਿਛੜ ਗਈ ਹੈ, ਜਿਹਦੇ ਬੁਰਸ਼ ਦੀਆਂ ਛੋਹਾਂ ਹਰ ਇਕ ਦੇ ਚਿਹਰੇ 'ਤੇ ਮੁਸਕਰਾਹਟ ਬਖੇਰ ਦਿੰਦੀਆਂ ਸਨ ਅਤੇ ਜਿਸ ਨੇ ਆਪਣੇ ਹੀ ਅੰਦਾਜ਼ ਵਿਚ ਜ਼ਿੰਦਗੀ ਅਤੇ ਸਮਾਜ ਦੇ ਲਗਪਗ ਹਰ ਪਹਿਲੂ 'ਤੇ ਟਿੱਪਣੀ ਕੀਤੀ।" ਉਨ੍ਹਾਂ ਕਿਹਾ ਕਿ ਲਕਸ਼ਮਣ ਕਈ ਪੀੜ੍ਹੀਆਂ ਦਰਮਿਆਨ ਪੁਲ ਸਨ।

ਸ੍ਰੀ ਲਕਸ਼ਮਣ ਨੂੰ ਪਿਸ਼ਾਬ ਵਿਚ ਇਨਫੈਕਸ਼ਨ ਦੀ ਸਮੱਸਿਆ ਕਾਰਨ 17 ਜਨਵਰੀ ਨੂੰ ਪੁਣੇ ਦੇ ਦੀਨਾਨਾਥ ਮੰਗੇਸ਼ਕਰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਜ਼ਿਆਦਾਤਰ ਅੰਗਾਂ ਦੇ ਕੰਮ ਛੱਡ ਜਾਣ ਕਰ ਕੇ ਹੁਣ ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਹੋਇਆ ਸੀ।

# ਗੁਰੂ ਰਵਿਦਾਸ ਦੇ ਆਗਮਨ ਪੁਰਬ 'ਤੇ ਗਲੋਬਲ ਪੰਜਾਬ ਟੀ ਵੀ ਵਲੋਂ ਵਿਸ਼ੇਸ਼ ਪ੍ਰੋਗਰਾਮ ਪਹਿਲੀ ਨੂੰ

**ਫਰੀਮਾਂਟ (ਬਿਊਰੋ):** ਸ੍ਰੀ ਗੁਰੂ ਰਵਿਦਾਸ ਸਭਾਵਾਂ ਕੈਲੀਫੋਰਨੀਆ ਅਤੇ ਭਾਈਚਾਰੇ ਦੀਆਂ ਉਘੀਆਂ ਹਸਤੀਆਂ ਸ੍ਰੀ ਰਾਮ ਮੂਰਤੀ ਸਰੋਏ, ਅਮਰੀਕ ਚੰਦ ਲਾਖਾ ਸੀ ਪੀ ਏ, ਨਿਰਮਲ ਸਿੰਘ ਨਿਊ ਯਾਰਕ, ਵਿਨੋਦ ਕੁਮਾਰ ਚੁੰਬਰ, ਜੱਸੀ ਬੰਗਾ ਆਦਿ ਦੇ ਸਹਿਯੋਗ ਨਾਲ ਐਸ. ਅਸ਼ੋਕ ਭੌਰਾ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੇ ਸਬੰਧ 'ਚ ਗਲੋਬਲ ਪੰਜਾਬ ਟੀ ਵੀ ਲਈ ਗੁਰੂ ਜੀ ਦੀ ਜੀਵਨੀ 'ਤੇ ਇਕ ਵਿਸ਼ੇਸ਼ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ। ਇਸ ਦਾ ਪ੍ਰਸਾਰਣ ਗਲੋਬਲ ਪੰਜਾਬ ਟੀ ਵੀ ਵਲੋਂ ਪਹਿਲੀ ਫਰਵਰੀ, ਐਤਵਾਰ ਨੂੰ ਸ਼ਾਮ 8:30 ਵਜੇ ਤੋਂ 9:30 ਵਜੇ ਤੱਕ ਅਤੇ 3 ਫਰਵਰੀ ਨੂੰ ਗੁਰਪੁਰਬ ਵਾਲੇ ਦਿਨ ਦੁਪਹਿਰ ਨੂੰ ਕੀਤਾ ਜਾਵੇਗਾ।

ਸ੍ਰੀ ਭੌਰਾ ਨੇ ਸ੍ਰੀ ਗੁਰੂ ਰਵਿਦਾਸ ਸਭਾ ਨਿਊ ਯਾਰਕ, ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ ਸੈਕਰਾਮੈਂਟੋ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਸ੍ਰੀ ਗੁਰੂ ਰਵਿਦਾਸ ਸਭਾ ਬੇਅ ਏਰੀਆ, ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਫਰਿਜ਼ਨੋ ਅਤੇ ਸੈਲਮਾ ਸਭਾਵਾਂ ਦਾ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਹੈ।

ਇਸ ਪ੍ਰੋਗਰਾਮ ਵਿਚ ਜਿਥੇ ਗੁਰੂ ਜੀ ਦੀ ਜੀਵਨੀ ਬਾਰੇ ਦੱਸਿਆ ਗਿਆ ਹੈ, ਉਥੇ ਵਰਤਮਾਨ ਸਮੇਂ ਵਿਚ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਮਹੱਤਵ ਵਿਸ਼ੇ 'ਤੇ ਵੱਖ ਵੱਖ ਵਿਦਵਾਨਾਂ ਦੇ ਵਿਚਾਰ ਵੀ ਜਾਣਨ ਨੂੰ ਮਿਲਣਗੇ। ਸ਼ਬਦ ਗਾਇਨ ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ ਦੇ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਤੇ ਭਾਈ ਜਸਪਾਲ ਸਿੰਘ ਅਤੇ ਬੀਬਾ ਰਣਜੀਤ ਕੌਰ ਨੇ ਕੀਤਾ ਹੈ ਜਦਕਿ ਗੀਤਾਂ ਦੇ ਰੂਪ ਵਿਚ ਗੁਰੂ ਜੀ ਮਹਿਮਾ ਗਾਇਕਾਂ ਅਨੂਪ ਚੀਮਾ, ਤਰਲੋਕ ਸਿੰਘ, ਮੰਗਜੀਤ ਮੰਗਾ ਅਤੇ ਤਰਸੇਮ ਅਟਵਾਲ ਨੇ ਕੀਤੀ ਹੈ। ਪ੍ਰੋਗਰਾਮ ਦਾ ਨਿਰਦੇਸ਼ਨ ਗਲੋਬਲ ਪੰਜਾਬ ਦੇ ਸੈਕਰਾਮੈਂਟੋ ਸਟੂਡੀਓ ਦੇ ਡਾਇਰੈਕਟਰ ਰਾਹੁਲ ਐਸ. ਕੁਮਾਰ ਦਾ ਹੈ ਅਤੇ ਦੇਖ-ਰੇਖ ਕੈਲੀਫੋਰਨੀਆ ਬਿਊਰੋ ਚੀਫ ਜਗਦੇਵ ਸਿੰਘ ਭੰਡਾਲ ਦੀ ਹੈ। ਸੰਗੀਤ ਵਿਜੇ ਸਿੰਘ ਦਾ ਹੈ।

**Matrimonial**

ਕੰਨਿਆ ਦੀ ਲੋੜ

ਜੱਟ ਸਿੱਖ, ਉਮਰ 25 ਸਾਲ, ਕੱਦ 6 ਫੁੱਟ, ਉਚ ਸਿਖਿਆ ਪ੍ਰਾਪਤ, ਉਚੀ ਬੈਂਕ ਜਾਬ, ਅਮਰੀਕੀ ਸਿਟੀਜ਼ਨ ਲੜਕੇ ਲਈ ਹਾਣ-ਪਰਵਾਣ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-262-7200

5-8

*To Advertise with Punjab Times*
*Call: 847-359-0746*
*punjabtimesusa.com*

ਕਿਚਨ ਹੈਲਪਰ ਤੇ ਤੰਦੂਰੀਏ ਕੁੱਕ ਦੀ
ਲੋੜ ਹੈ
ਫਲੋਰਿਡਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਕੁੱਕ ਅਤੇ ਕਿਚਨ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ



ਸੰਪਰਕ ਕਰੋ
ਫੋਨ: 850-510-3466

5

COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ
ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ
ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (408) 728-0795
Fax: (209) 216-5502
E-mail: Jarnail_lallria@yahoo.com

Upgrade your Security Cameras to High Definition at very reasonable prices




*For more Details, Contact:*
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc.
Fax: 209-665-7067

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਰਾਕ ਓਬਾਮਾ ਦੀ ਫੇਰੀ ਨੇੜਤਾ ਵਧਾਉਣ ਵਾਲੀ ਕਰਾਰ

**ਨਵੀਂ ਦਿੱਲੀ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਤੇ ਅਮਰੀਕਾ ਦੇ ਸਰਬੋਤਮ ਭਾਈਵਾਲ ਬਣਨ ਦਾ ਦਾਅਵਾ ਕੀਤਾ ਹੈ। ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਓਬਾਮਾ ਦੀ ਭਾਰਤ ਫੇਰੀ ਦੋਵਾਂ ਮੁਲਕਾਂ ਵਿਚ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਇਕ ਠੋਸ ਕਦਮ ਚੁੱਕਣ ਵੱਲ ਸੇਧਿਤ ਰਹੀ ਹੈ। ਗ਼ੈਰ-ਫ਼ੌਜੀ ਪਰਮਾਣੂ ਸਮਝੌਤੇ ਨੂੰ ਲਾਗੂ ਕਰਨ ਦੀ ਦਿਸ਼ਾ ਵਿਚ ਪਿਛਲੇ ਸੱਤ ਸਾਲਾਂ ਤੋਂ ਚੱਲੀ ਆ ਰਹੀ ਖੜੋਤ ਤੋੜਨ ਪੱਖੋਂ ਇਸ ਫੇਰੀ ਨੂੰ ਨਵੇਂ ਅਧਿਆਇ ਦੇ ਰੂਪ ਵਿਚ ਵੇਖਿਆ ਜਾ ਰਿਹਾ ਹੈ। ਪਰਮਾਣੂ ਸਮਝੌਤੇ 'ਤੇ ਅਮਲ ਲਈ ਰਾਹ ਪੱਧਰਾ ਹੋਣ ਤੋਂ ਇਲਾਵਾ ਦੁਵੱਲੇ ਰੱਖਿਆ ਸਮਝੌਤੇ ਨੂੰ 10 ਸਾਲਾਂ ਲਈ ਹੋਰ ਨਵਿਆਉਣ, ਭਾਰਤ ਵਿਚ ਆਧੁਨਿਕ ਜੈੱਟ ਜਹਾਜ਼ ਵਿਕਸਿਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ, ਅਤਿਵਾਦ ਦੇ ਮੁੱਦੇ ਉਤੇ ਸਹਿਯੋਗ ਕਰਨ, ਵਾਤਾਵਰਨ ਬਚਾਉਣ, ਦੁਵੱਲਾ ਵਪਾਰ 60 ਅਰਬ ਤੋਂ ਵਧਾ ਕੇ 100 ਅਰਬ ਤੱਕ ਲਿਜਾਣ ਤੇ ਅਮਰੀਕਾ ਵੱਲੋਂ ਸੰਯੁਕਤ ਰਾਸ਼ਟਰ ਸੰਘ ਵਿਚ ਭਾਰਤ ਲਈ ਸਥਾਈ ਸੀਟ ਦੇ ਮਾਮਲੇ 'ਤੇ ਹਮਾਇਤ ਦੇਣ ਦੇ ਮਹੱਤਵਪੂਰਨ ਅਹਿਦ ਵੀ ਇਸ ਮੌਕੇ ਦੋਵਾਂ ਮੁਲਕਾਂ ਦਰਮਿਆਨ ਹੋਏ ਹਨ। ਸ੍ਰੀ ਓਬਾਮਾ ਦੀ ਫੇਰੀ ਦੋਵਾਂ ਦੇਸ਼ਾਂ ਵਿਚ ਨੇੜਤਾ ਵਧਾਉਣ ਦੇ ਪੱਖੋਂ ਵੀ ਸਾਰਥਕ ਰਹੀ ਹੈ ਭਾਵੇਂ ਇਸ ਤੋਂ ਇਹ ਪ੍ਰਭਾਵ ਵੀ ਉਭਰਿਆ ਹੈ ਕਿ ਭਾਰਤ ਦਾ ਝੁਕਾਅ ਆਪਣੀ ਗੁੱਟ ਨਿਰਲੇਪ ਨੀਤੀ ਤੋਂ ਕੁਝ ਕਿਨਾਰਾ ਕਰਦੇ ਹੋਏ ਅਮਰੀਕਾ ਵੱਲ ਵਧ ਰਿਹਾ ਹੈ। ਅਤਿਵਾਦ ਦੇ ਮੁੱਦੇ 'ਤੇ ਅਮਰੀਕੀ ਸਹਿਯੋਗ ਪਾਕਿਸਤਾਨ ਦੀਆਂ ਕਾਰਵਾਈਆਂ ਨੂੰ ਕਿਸੇ ਹੱਦ ਤੇਕ ਠੱਲ੍ਹ ਪਾਉਣ ਦਾ ਸਬੱਬ ਬਣ ਸਕਦਾ ਹੈ।



ਜਲਵਾਯੂ ਤਬਦੀਲੀ ਮੁਤਾਬਕ ਢਲਣ ਲਈ ਮਦਦ ਦੀ ਪੇਸ਼ਕਸ਼ ਕਰਦਿਆਂ ਸ੍ਰੀ ਓਬਾਮਾ ਨੇ ਕਿਹਾ ਕਿ ਜਿੰਨੀ ਦੇਰ ਤੱਕ ਭਾਰਤ ਜਿਹੇ ਮੁਲਕ ਸਵੱਛ ਬਾਲਣ ਨੂੰ ਤਰਜੀਹ ਨਹੀਂ ਦਿੰਦੇ, ਉਨੀ ਦੇਰ ਤੱਕ ਦੁਨੀਆਂ ਨੂੰ ਜਲਵਾਯੂ ਤਬਦੀਲੀ ਦੇ ਮੁੱਦੇ ਨਾਲ ਸਿੱਝਣ ਵਿਚ ਸਫਲਤਾ ਨਹੀਂ ਮਿਲ ਸਕਦੀ। ਉਨ੍ਹਾਂ ਕਿਹਾ ਕਿ ਆਲਮੀ ਖ਼ਿਆਲ ਬਣਨ ਦਾ ਮਤਲਬ ਹੈ, ਆਲਮੀ ਚੁਣੌਤੀਆਂ ਨਾਲ ਸਿੱਝਣਾ; ਇਸ ਦੇ ਨਾਲ ਹੀ ਉਨ੍ਹਾਂ ਖ਼ਬਰਦਾਰ ਕੀਤਾ ਕਿ ਸਮੁੰਦਰ ਦੀ ਸਤਹਿ ਵਿਚ ਵਾਧੇ, ਹਿਮਾਲਿਆ ਦੇ ਗਲੇਸ਼ੀਅਰ ਪਿਘਲਣ, ਮੌਨਸੂਨ ਬਾਰੇ ਬੇਯਕੀਨੀ ਤੇ ਚੱਕਰਵਾਤੀ ਤੂਫਾਨਾਂ ਦੀ ਸਭ ਤੋਂ ਵੱਧ ਮਾਰ ਭਾਰਤ ਨੂੰ ਸਹਿਣ ਕਰਨੀ ਪਵੇਗੀ। ਉਧਰ ਦੁਵੱਲੇ ਵਿੱਤੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਮੰਗ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਤੇ ਅਮਰੀਕਾ ਨੂੰ ਸਮਾਜਕ ਸੁਰੱਖਿਆ ਸਮਝੌਤੇ ਤੇ ਦੁਵੱਲੀ ਨਿਵੇਸ਼ ਸੰਧੀ ਬਾਰੇ ਗੱਲਬਾਤ ਮੁੜ ਸ਼ੁਰੂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਓਬਾਮਾ ਤੇ ਉਹ (ਮੋਦੀ) ਇਸ ਗੱਲ 'ਤੇ ਸਹਿਮਤ ਹਨ ਕਿ ਦੋਵਾਂ ਦੇਸ਼ਾਂ ਵਿਚ ਰਣਨੀਤਕ ਭਾਈਵਾਲੀ ਦੀ ਸਫਲਤਾ ਲਈ ਮਜ਼ਬੂਤ ਤੇ ਵਧਦੇ ਵਿੱਤੀ ਸਬੰਧ ਅਹਿਮ ਹਨ। ਦੋਵੇਂ ਪਾਸੇ ਵਪਾਰ ਦਾ ਵਾਤਾਵਰਨ ਸੁਧਰ ਰਿਹਾ ਹੈ। ਮੌਕਿਆਂ ਦੀ ਨਿਸ਼ਾਨਦੇਹੀ ਲਈ ਦੋਵੇਂ ਧਿਰਾਂ ਨੇ ਕਈ ਪ੍ਰਭਾਵਸ਼ਾਲੀ ਦੁਵੱਲੇ ਢਾਂਚੇ ਵਿਕਸਤ ਕੀਤੇ ਹਨ।

## ਚੀਨ ਤੇ ਪਾਕਿਸਤਾਨ ਫਿਕਰਮੰਦ

**ਪੇਇਚਿੰਗ:** ਅਮਰੀਕਾ ਦੇ ਰਾਸ਼ਟਰਪਤੀ ਦਾ ਭਾਰਤ ਦੌਰਾ ਗੁਆਂਢੀ ਦੇਸ਼ਾਂ ਚੀਨ ਤੇ ਪਾਕਿਸਤਾਨ ਨੂੰ ਕਾਫੀ ਰੜਕਿਆ ਹੈ। ਚੀਨ ਨੇ ਕਿਹਾ ਹੈ ਕਿ ਬਰਾਕ ਓਬਾਮਾ ਦਾ ਅਸਲ ਮਕਸਦ ਭਾਰਤ ਨੂੰ ਚੀਨ ਤੇ ਰੂਸ ਤੋਂ ਤੋੜਨਾ ਹੈ। ਚੀਨ ਦੇ ਸਰਕਾਰੀ ਮੀਡੀਆ ਤੇ ਮਾਹਰਾਂ ਨੇ ਭਾਰਤ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅਮਰੀਕਾ ਦੀ ਸਾਜ਼ਿਸ਼ ਨੂੰ ਸਮਝੇ ਕਿਉਂਕਿ ਭਾਰਤ ਦੀ ਅਮਰੀਕਾ ਨਾਲ ਨੇੜਤਾ ਉਸ ਨੂੰ ਚੀਨ ਤੇ ਰੂਸ ਤੋਂ ਦੂਰ ਕਰ ਦੇਵੇਗੀ। ਉਧਰ ਭਾਰਤ ਤੇ ਅਮਰੀਕਾ ਵਿਚਾਲੇ ਪਰਮਾਣੂ ਸੰਧੀ ਨੂੰ ਅਮਲੀ ਰੂਪ ਦੇਣ ਦੇ ਰਾਹ ਵਿਚ ਅੜਿੱਕੇ ਦੂਰ ਹੋਣ 'ਤੇ ਪਾਕਿਸਤਾਨ ਨੇ ਕਿਹਾ ਹੈ ਕਿ ਇਸ 'ਸਿਆਸੀ ਤੇ ਆਰਥਿਕ ਸਿਆਣਪ' ਕਾਰਨ ਦੱਖਣੀ ਏਸ਼ੀਆ ਦੀ ਸਥਿਰਤਾ 'ਤੇ ਮਾੜਾ ਅਸਰ ਪਵੇਗਾ। ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਕੌਮੀ ਸੁਰੱਖਿਆ ਤੇ ਵਿਦੇਸ਼ੀ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਭਾਰਤ ਦੀ 48 ਮੈਂਬਰੀ ਪਰਮਾਣੂ ਸਪਾਇਰ ਗਰੁੱਪ (ਐਨ.ਐਸ.ਜੀ.) ਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਪੱਕੀ ਮੈਂਬਰਸ਼ਿਪ ਦੀ ਦਾਅਵੇਦਾਰੀ ਦਾ ਵਿਰੋਧ ਕੀਤਾ ਹੈ।

## ਛਾਈ ਰਹੀ ਓਬਾਮਾ ਦੀ ਨਮਸਤੇ

**ਨਵੀਂ ਦਿੱਲੀ:** ਵੱਖ-ਵੱਖ ਥਾਈਂ ਸੰਬੋਧਨ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਭਾਰਤੀ ਰਵਾਇਤ ਮੁਤਾਬਕ ਹੱਥ ਜੋੜ ਕੇ 'ਨਮਸਤੇ' ਕਰਨਾ ਭਾਰਤੀ ਮੀਡੀਆ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ। ਜਦੋਂ ਰਾਸ਼ਟਰਪਤੀ ਭਵਨ ਵਿਚ ਰਸਮੀ ਸਵਾਗਤ ਕੀਤਾ ਗਿਆ ਤਾਂ ਉਨ੍ਹਾਂ ਨੇ ਗ਼ਦਗ਼ਦ ਹੋ ਕੇ ਕਿਹਾ, "ਇਸ ਅਸਾਧਾਰਨ ਮਹਿਮਾਨਨਿਵਾਜ਼ੀ ਲਈ ਮੈਂ ਤੁਹਾਡਾ ਧੰਨਵਾਦੀ ਹਾਂ।" ਭਾਰਤੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਪ੍ਰੋਟੋਕੋਲ ਤਿਆਗਦਿਆਂ ਰਾਸ਼ਟਰਪਤੀ ਭਵਨ ਦੇ ਖੁੱਲ੍ਹੇ ਵਿਹੜੇ ਵਿਚ ਸ੍ਰੀ ਓਬਾਮਾ ਦਾ ਸਵਾਗਤ ਕੀਤਾ। ਇਸ ਮਗਰੋਂ ਉਨ੍ਹਾਂ ਨੂੰ ਤਿੰਨਾਂ ਸੈਨਾਵਾਂ ਦੇ ਦਸਤਿਆਂ 'ਤੇ ਆਧਾਰਤ ਗਾਰਦ ਵੱਲੋਂ ਸਲਾਮੀ ਦਿੱਤੀ ਗਈ। ਇਸ ਰਸਮ ਤੋਂ ਬਾਅਦ ਪਤਵੰਤਿਆਂ ਨੂੰ ਮਿਲਦਿਆਂ ਉਨ੍ਹਾਂ ਨੇ ਹੱਥ ਜੋੜ ਕੇ ਨਮਸਤੇ ਕੀਤੀ। ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਪ੍ਰੋਟੋਕੋਲ ਤਿਆਗਦਿਆਂ ਪਾਲਮ ਹਵਾਈ ਅੱਡੇ 'ਤੇ ਜਾ ਕੇ ਅਮਰੀਕੀ ਰਾਸ਼ਟਰਪਤੀ ਦਾ ਸਵਾਗਤ ਕੀਤਾ। ਉਹ ਦੂਜੇ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਦਾ ਇਸ ਢੰਗ ਨਾਲ ਸੁਆਗਤ ਕੀਤਾ।

## 'ਮਨ ਕੀ ਬਾਤ' ਰਾਹੀਂ ਛੋਹੇ ਸਮਾਜਕ ਮੁੱਦੇ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਲੈ ਕੇ ਵਿਸ਼ੇਸ਼ ਰੇਡੀਓ ਪ੍ਰੋਗਰਾਮ ਪ੍ਰਸਾਰਿਤ ਕੀਤਾ ਗਿਆ ਜਿਸ ਵਿਚ ਸਿਆਸਤ ਤੇ ਵਿਸ਼ੇਸ਼ ਮਾਮਲਿਆਂ ਜਿਹੇ ਮੁੱਦਿਆਂ ਦੀ ਥਾਂ ਸਮਾਜਕ ਤੇ ਦੋਵੇਂ ਆਗੂਆਂ ਨਾਲ ਜੁੜੇ ਨਿੱਜੀ ਪਹਿਲੂ ਛੋਹੇ ਗਏ ਸਨ। 35 ਮਿੰਟ ਦੇ ਇਸ ਵਿਸ਼ੇਸ਼ ਪ੍ਰੋਗਰਾਮ 'ਮਨ ਦੀ ਬਾਤ' ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਦੋਵੇਂ ਆਗੂਆਂ ਨੂੰ ਪੁੱਛੇ ਗਏ ਸੁਆਲ ਉਨ੍ਹਾਂ ਨੇ (ਸ੍ਰੀ ਮੋਦੀ) ਪੜ੍ਹੇ ਤੇ ਫਿਰ ਦੋਵੇਂ ਆਗੂਆਂ ਨੇ ਇਨ੍ਹਾਂ ਦੇ ਜੁਆਬ ਦਿੱਤੇ। ਰੇਡੀਓ ਪ੍ਰੋਗਰਾਮ ਵਿਚ ਦੋਵੇਂ ਆਗੂਆਂ ਨੇ ਬਾਲੜੀਆਂ, ਜਨਤਕ ਸਿਹਤ ਦੇ ਨਾਲ-ਨਾਲ ਨਿੱਜੀ ਤਜਰਬੇ ਸਾਂਝੇ ਕੀਤੇ ਤੇ ਦੋਵੇਂ ਆਗੂਆਂ ਨੇ ਬਿਲਕੁਲ ਹੇਠਲੇ ਪੱਧਰ ਤੋਂ ਦੇਸ਼ ਦੇ ਸਰਵਉੱਚ ਅਹੁਦਿਆਂ ਤੱਕ ਪੁੱਜਣ ਦੀ ਗੱਲ ਸਾਂ।

# ਓਬਾਮਾ ਨੇ ਧਾਰਮਿਕ ਸਹਿਣਸ਼ੀਲਤਾ ਦਾ ਪਾਠ ਪੜ੍ਹਾਇਆ

*(ਸਫਾ ਇਕ ਦੀ ਬਾਕੀ)*

ਚਿਤਾਵਨੀ ਦੱਸਿਆ ਹੈ।

ਸ੍ਰੀ ਓਬਾਮਾ ਦੀ ਇਸ ਸਲਾਹ ਪਿੱਛੋਂ ਕਾਂਗਰਸ ਨੇ ਭਾਜਪਾ ਨੂੰ ਫਿਰਕੂਵਾਦ ਦੇ ਮੁੱਦੇ 'ਤੇ ਘੇਰ ਲਿਆ ਹੈ। ਸੀਨੀਅਰ ਕਾਂਗਰਸ ਆਗੂ ਦਿਗਵਿਜੇ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੁੱਛਿਆ ਹੈ ਕਿ ਉਹ ਹੁਣ 'ਘਰ ਵਾਪਸੀ' ਜਿਹੇ ਸਮਾਗਮਾਂ ਬਾਰੇ ਸਾਥੀਆਂ ਨੂੰ ਕੀ ਸਲਾਹ ਦੇਣਗੇ? ਕਾਂਗਰਸ ਆਗੂ ਨੇ ਆਖਿਆ ਕਿ ਕੀ ਸ੍ਰੀ ਮੋਦੀ ਆਪਣੇ ਮਿੱਤਰ ਓਬਾਮਾ ਦੀ ਸਲਾਹ ਮੰਨ ਕੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਮੂੰਹ ਬੰਦ ਰੱਖਣ ਲਈ ਕਹਿਣਗੇ ਤੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੂੰ 'ਘਰ ਵਾਪਸੀ' ਨੂੰ ਜਾਇਜ਼ ਠਹਿਰਾਉਣਾ ਬੰਦ ਕਰਨ ਦੀ ਬੇਨਤੀ ਕਰਨਗੇ!

ਦਿੱਲੀ ਦੇ ਸਿਰੀ ਫ਼ੋਰਟ ਆਡੀਟੋਰੀਅਮ ਵਿਚ ਆਪਣੇ 35 ਮਿੰਟਾਂ ਦੇ ਭਾਸ਼ਣ ਵਿਚ ਸ੍ਰੀ ਓਬਾਮਾ ਨੇ ਅਮਰੀਕਾ ਵਿਚ ਸਵਾਮੀ ਵਿਵੇਕਾਨੰਦ ਦੇ 'ਅਮਰੀਕਾ ਦੇ ਭੈਣੋਂ ਤੇ ਭਰਾਵੋ' ਤੋਂ ਸ਼ੁਰੂ ਕੀਤੇ ਗਏ ਇਤਿਹਾਸਕ ਸੰਬੋਧਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਵੀ ਸਵਾਮੀ ਵਿਵੇਕਾਨੰਦ ਦੇ ਅੰਦਾਜ਼ ਵਿਚ 'ਭਾਰਤ ਦੇ ਭੈਣੋਂ ਤੇ ਭਰਾਵੋ' ਕਹਿੰਦਿਆਂ ਭਾਰਤ ਦੇ ਲੋਕਾਂ ਨੂੰ ਮੁਖ਼ਾਤਬ ਹੋ ਰਹੇ ਹਨ। ਫ਼ਿਰਕਾਪ੍ਰਸਤੀ ਜਾਂ ਹੋਰ ਕਿਸੇ ਗੱਲ ਦੇ ਆਧਾਰ 'ਤੇ ਵੰਡਣ ਦੀਆਂ ਕੋਸ਼ਿਸ਼ਾਂ ਵਿਰੁਧ ਸਾਨੂੰ ਚੌਕਸ ਹੋਣਾ ਪਵੇਗਾ। ਉਨ੍ਹਾਂ ਕਿਹਾ, "ਤੁਹਾਡੇ ਸੰਵਿਧਾਨ ਦੀ ਧਾਰਾ 25 ਦਾ ਕਹਿਣਾ ਹੈ ਕਿ ਸਾਰੇ ਲੋਕਾਂ ਨੂੰ ਆਪਣੀ ਪਸੰਦ ਦੇ ਧਰਮ ਦਾ ਪਾਲਣ ਤੇ ਪ੍ਰਚਾਰ ਕਰਨ ਦਾ ਹੱਕ ਹੈ। ਦੇਸ਼ ਤਾਂ ਹੀ ਸਫ਼ਲ ਹੁੰਦੇ ਹਨ ਜਦੋਂ ਸਾਰਿਆਂ ਨੂੰ ਬਰਾਬਰ ਦੇ ਮੌਕੇ ਮਿਲਣ। ਕੋਈ ਵੀ ਸਮਾਜ ਇਨਸਾਨ ਦੇ ਬੁਰੇ ਪੱਖ ਤੋਂ ਅਣਛੋਹਿਆ ਨਹੀਂ ਹੈ ਤੇ ਅਕਸਰ ਧਰਮ ਦਾ ਪ੍ਰਯੋਗ ਇਸ ਲਈ ਹੁੰਦਾ ਹੈ।"

ਸ੍ਰੀ ਓਬਾਮਾ ਨੇ ਭਾਰਤ ਦੌਰੇ ਦੇ ਆਖਰੀ ਦਿਨ ਔਰਤਾਂ ਦੀ ਸੁਰੱਖਿਆ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਔਰਤਾਂ ਸੜਕਾਂ ਤੇ ਬੱਸਾਂ 'ਚ ਸਫ਼ਰ ਕਰਦਿਆਂ ਆਪਣੇ ਨੂੰ ਸੁਰੱਖਿਅਤ ਮਹਿਸੂਸ ਕਰਨ। ਉਨ੍ਹਾਂ ਪਰੇਡ ਵਿਚ ਭਾਰਤੀ ਹਥਿਆਰਬੰਦ ਸੈਨਾਵਾਂ ਵਿਚ ਔਰਤਾਂ ਦੇ ਹੁਨਰ 'ਤੇ ਖੁਸ਼ੀ ਪ੍ਰਗਟ ਕੀਤੀ।

## ਭਾਜਪਾ ਨੇ ਬਾਦਲ ਦੀ ਵਫਾਦਾਰੀ ਦਾ ਮੁੱਲ ਮੋੜਿਆ

*(ਸਫਾ ਇਕ ਦੀ ਬਾਕੀ)*

ਪਈਆਂ ਤਰੇੜਾਂ ਪੂਰਨ ਦਾ ਕੰਮ ਵੀ ਕਰੇਗਾ। ਯਾਦ ਰਹੇ, ਜਦੋਂ ਦਾ ਭਾਜਪਾ ਨੇ ਪੰਜਾਬ ਦੇ ਸਿਆਸੀ ਵਿਚ ਵੱਡੀ ਛਾਲ ਮਾਰਨ ਦਾ ਪ੍ਰੋਗਰਾਮ ਉਲੀਕਿਆ ਹੈ, ਸ਼੍ਰੋਮਣੀ ਅਕਾਲੀ ਦਲ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ ਬਾਦਲਾਂ ਵਲੋਂ ਭਾਜਪਾ ਦੀ ਥਾਂ ਇੰਡੀਅਨ ਨੈਸ਼ਨਲ ਲੋਕ ਦਲ ਦੀ ਖੁੱਲ੍ਹੀ ਹਮਾਇਤ ਕਰਨ ਕਰ ਕੇ ਦੋਹਾਂ ਪਾਰਟੀਆਂ ਵਿਚਕਾਰ ਪਾੜਾ ਬਹੁਤ ਵਧ ਗਿਆ ਸੀ। ਦੂਜੇ ਬੰਨ੍ਹੇ ਭਾਜਪਾ ਦੀ ਪੰਜਾਬ ਇਕਾਈ ਦੇ ਆਗੂ ਬਾਦਲਾਂ ਦੀ ਕਥਿਤ ਧੱਕੇਸ਼ਾਹੀ ਤੋਂ ਪਹਿਲਾਂ ਹੀ ਅੱਕੇ ਹੋਏ ਸਨ।

ਇਸੇ ਦੌਰਾਨ ਇਹ ਸੂਹ ਵੀ ਮਿਲੀ ਹੈ ਕਿ ਖੁਫੀਆਂ ਏਜੰਸੀਆਂ ਨੇ ਭਾਜਪਾ ਨੂੰ ਸ਼੍ਰੋਮਣੀ ਅਕਾਲੀ ਦਲ ਨਾਲੋਂ ਸਾਂਝ ਤੋੜਨ ਤੋਂ ਵਰਜਿਆ ਹੈ। ਇਨ੍ਹਾਂ ਏਜੰਸੀਆਂ ਦਾ ਕਹਿਣਾ ਹੈ ਕਿ ਬਾਦਲਾਂ ਦਾ ਸਾਥ ਛੱਡਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਬਿਨਾਂ ਸ਼ੱਕ ਕਮਜ਼ੋਰ ਪਵੇਗਾ ਅਤੇ ਇਸ ਸੂਰਤ ਵਿਚ ਗਰਮਖਿਆਲ ਅਕਾਲੀਆਂ ਨੂੰ ਹੱਲਾਸ਼ੇਰੀ ਮਿਲੇਗੀ। ਇਸੇ ਕਰ ਕੇ ਭਾਜਪਾ ਵੀ ਹੁਣ ਅੰਦਰਖਾਤੇ ਅਕਾਲੀ ਦਲ ਨਾਲ ਦੂਰੀ ਵਧਾਉਣ ਦੇ ਰੌਂਅ ਵਿਚ ਨਹੀਂ ਹੈ। ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਸ. ਬਾਦਲ ਨੂੰ ਇਹੀ ਸੁਨੇਹਾ ਦੇਣ ਲਈ ਹੀ ਪਦਮ ਵਿਭੂਸ਼ਨ ਨਾਲ ਨਿਵਾਜਿਆ ਗਿਆ ਹੈ।

# ਜਗਤਾਰ ਸਿੰਘ ਤਾਰਾ ਹੁਣ ਭੋਗਪੁਰ ਪੁਲਿਸ ਹਵਾਲੇ

**ਜਲੰਧਰ:** ਖਾਲਿਸਤਾਨ ਟਾਈਗਰਜ਼ ਫੋਰਸ ਦੇ ਮੁਖੀ ਜਗਤਾਰ ਸਿੰਘ ਤਾਰਾ ਨੂੰ ਇਥੇ ਜ਼ਿਲ੍ਹੇ ਦੀ ਦਿਹਾਤੀ ਪੁਲਿਸ ਨੇ ਥਾਣਾ ਭੋਗਪੁਰ ਵਿਚ ਸਾਢੇ ਪੰਜ ਸਾਲ ਪੁਰਾਣੇ ਕੇਸ ਸਬੰਧੀ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਉਸ ਨੂੰ ਪੰਜ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ। ਜਲੰਧਰ ਦੀ ਦਿਹਾਤੀ ਪੁਲਿਸ ਨੇ ਪ੍ਰੋਡਕਸ਼ਨ ਵਰੰਟ 'ਤੇ ਲਿਆਂਦੇ ਜਗਤਾਰ ਸਿੰਘ ਤਾਰਾ ਨੂੰ ਸਿਵਲ ਜੱਜ ਜੂਨੀਅਰ ਡਿਵੀਜ਼ਨ ਪ੍ਰਭਜੋਤ ਕੌਰ ਦੀ ਅਦਾਲਤ ਵਿਚ ਪੇਸ਼ ਕੀਤਾ। ਜਗਤਾਰ ਸਿੰਘ ਤਾਰਾ ਸਮੇਤ 14 ਜਣਿਆਂ ਵਿਰੁੱਧ ਭੋਗਪੁਰ ਥਾਣੇ ਵਿਚ 28 ਸਤੰਬਰ 2009 ਨੂੰ ਕੇਸ ਦਰਜ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ ਜਗਤਾਰ ਸਿੰਘ ਤਾਰਾ ਨੂੰ ਰੂਪਨਗਰ ਦੀ ਅਦਾਲਤ ਵਿਚ ਪੇਸ਼ ਕੀਤਾ ਜਿਥੇ ਅਦਾਲਤ ਨੇ ਉਸ ਨੂੰ 9 ਫਰਵਰੀ ਤੱਕ ਜੇਲ੍ਹ ਭੇਜ ਦਿੱਤਾ। ਜ਼ਿਕਰਯੋਗ ਹੈ ਕਿ ਰੂਪਨਗਰ ਸਿਟੀ ਥਾਣੇ ਵਿਚ ਤਾਰੇ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਹੈ ਜਿਸ ਵਿਚ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ।

ਇਸ ਸਬੰਧੀ ਪੁਲਿਸ 25 ਜਨਵਰੀ ਨੂੰ ਤਾਰਾ ਨੂੰ ਪਟਿਆਲਾ ਦੀ ਅਦਾਲਤ ਤੋਂ ਟਰਾਂਜ਼ਿਟ ਰਿਮਾਂਡ 'ਤੇ ਰੂਪਨਗਰ ਲੈ ਕੇ ਆਈ ਸੀ। ਪੁਲਿਸ ਨੇ ਇਸ ਕੇਸ ਵਿਚ ਅਦਾਲਤ ਤੋਂ ਤਾਰੇ ਦਾ 7 ਦਿਨਾਂ ਦਾ ਰਿਮਾਂਡ ਮੰਗਿਆ ਸੀ ਪਰ ਅਦਾਲਤ ਨੇ ਪੁਲਿਸ ਦੀ ਮੰਗ ਠੁਕਰਾਉਂਦਿਆਂ ਉਸ ਨੂੰ 9 ਫਰਵਰੀ ਤੱਕ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ।

ਜ਼ਿਕਰਯੋਗ ਹੈ ਕਿ ਰੂਪਨਗਰ ਥਾਣੇ ਵਿਚ 26 ਮਾਰਚ 1991 ਨੂੰ ਪੰਜ ਵਿਅਕਤੀਆਂ ਵਿਰੁੱਧ ਧਾਰਾ 307 ਅਤੇ ਆਰਮਜ਼ ਐਕਟ ਦੀ ਧਾਰਾ 25, 54, 59 ਅਧੀਨ ਦਰਜ ਕੀਤਾ ਗਿਆ ਸੀ। ਤਾਰੇ ਉਤੇ ਦੋਸ਼ ਹੈ ਕਿ ਉਸ ਨੇ ਆਪਣੇ ਸਾਥੀਆਂ ਪਰਮਜੀਤ ਸਿੰਘ ਭਿਓਰਾ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਜਸਵੀਰ ਸਿੰਘ ਨਾਲ ਮਿਲ ਕੇ ਰੈਲੋਂ ਖੁਰਦ ਰੋਡ ਨੇੜੇ ਤਤਕਾਲੀ ਐਸ.ਐਚ.ਓ. ਲੱਖਾ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ 'ਤੇ ਗੋਲੀਆਂ ਚਲਾਈਆਂ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਮਜੀਠੀਆ ਨੂੰ ਤਲਬ ਕਰਨ ਵਾਲੇ ਈ.ਡੀ. ਅਧਿਕਾਰੀ ਦੇ ਤਬਾਦਲੇ 'ਤੇ ਰੋਕ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿਚ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਪਾਸੋਂ ਪੁੱਛ-ਪੜਤਾਲ ਕਰਨ ਵਾਲੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਇਕ ਅਧਿਕਾਰੀ ਨਿਰੰਜਣ ਸਿੰਘ ਦੇ ਤਬਾਦਲੇ 'ਤੇ ਰੋਕ ਲਗਾ ਦਿੱਤੀ ਹੈ। ਉਚ ਅਦਾਲਤ ਦੇ ਇਕ ਡਿਵੀਜ਼ਨ ਬੈਂਚ ਨੇ ਤਬਾਦਲੇ 'ਤੇ ਰੋਕ ਲਾਉਣ ਦੇ ਨਾਲ-ਨਾਲ ਤਬਾਦਲੇ ਬਾਰੇ ਰਿਕਾਰਡ ਵੀ ਤਲਬ ਕਰ ਲਿਆ ਹੈ। ਜਸਟਿਸ ਸਤੀਸ਼ ਕੁਮਾਰ ਮਿੱਤਲ ਤੇ ਜਸਟਿਸ ਦੀਪਕ ਸਿੱਬਲ ਦੇ ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ ਦੋ ਫਰਵਰੀ ਦਾ ਦਿਨ ਮੁਕੱਰਰ ਕੀਤਾ ਹੈ। ਅਧਿਕਾਰੀ ਦੇ ਤਬਾਦਲੇ ਨੂੰ ਚੁਣੌਤੀ ਦੇਣ ਲਈ ਐਡਵੋਕੇਟ ਨਵਕਿਰਨ ਸਿੰਘ ਨੇ ਪਟੀਸ਼ਨ ਪਾਈ ਹੈ।

ਐਡਵੋਕੇਟ ਨਵਕਿਰਨ ਸਿੰਘ ਨੇ ਗੈਰ ਸਰਕਾਰੀ ਸੰਸਥਾ ਹਿਊਮਨ ਰਾਈਟਸ ਇੰਟਰਨੈਸ਼ਨਲ ਦੇ ਹਵਾਲੇ ਨਾਲ ਪਟੀਸ਼ਨ ਪਾ ਕੇ ਕਿਹਾ ਕਿ ਇਸ ਤਬਾਦਲੇ ਨਾਲ ਈ.ਡੀ. ਵਲੋਂ ਪੰਜਾਬ ਵਿਚ 6000 ਕਰੋੜ ਰੁਪਏ ਦੇ ਨਸ਼ਾ ਕਾਰੋਬਾਰ ਦੀ ਕੀਤੀ ਜਾ ਰਹੀ ਜਾਂਚ ਵਿਚ ਵਿਘਨ ਪੈ ਜਾਵੇਗਾ। ਤਬਾਦਲਾ ਉਸ ਸਮੇਂ ਕੀਤਾ ਗਿਆ ਹੈ, ਜਦੋਂ ਜਾਂਚ ਆਪਣੇ ਆਖਰੀ ਪੜਾਅ 'ਤੇ ਪੁੱਜ ਚੁੱਕੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਸ੍ਰੀ ਨਿਰੰਜਣ ਸਿੰਘ ਦਾ ਤਬਾਦਲਾ ਨਾ ਤਾਂ ਜਨਤਕ ਹਿੱਤ ਵਿਚ ਹੈ ਤੇ ਨਾ ਹੀ ਨਿਆਂ ਦੇ। ਮਾਮਲੇ ਦੀ ਜਾਂਚ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਧਿਕਾਰੀ ਦੀ ਬਦਲੀ ਕਰਨ ਨਾਲ ਕਈ ਸ਼ੰਕੇ ਪੈਦਾ ਹੋ ਰਹੇ ਹਨ। ਸ੍ਰੀ ਨਿਰੰਜਣ ਸਿੰਘ ਦਾ ਜਲੰਧਰ ਤੋਂ ਕੋਲਕਾਤਾ ਤਬਾਦਲਾ ਕਰ ਦਿੱਤਾ ਗਿਆ ਸੀ। ਇਸੇ ਅਧਿਕਾਰੀ ਨੇ ਈ.ਡੀ. ਦੇ ਕੁਝ ਹੋਰ ਅਧਿਕਾਰੀਆਂ ਨਾਲ ਮਿਲ ਕੇ ਸ੍ਰੀ ਮਜੀਠੀਆ ਪਾਸੋਂ ਜਲੰਧਰ ਵਿਚ ਤਕਰੀਬਨ ਚਾਰ ਘੰਟਿਆਂ ਤੱਕ ਪੁੱਛ-ਪੜਤਾਲ ਕੀਤੀ ਸੀ। ਪੰਜਾਬ ਦਾ ਇਹ ਮੰਤਰੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਭਰਾ ਹੈ। ਪਟੀਸ਼ਨਰ ਨੇ ਉਚ ਅਦਾਲਤ ਨੂੰ ਦੱਸਿਆ ਕਿ ਕੇਸ 'ਤੇ 2-ਜੀ ਸਪੈਕਟ੍ਰਮ ਘਪਲੇ ਵਿਚ ਜਦੋਂ ਜਾਂਚ ਅਧਿਕਾਰੀ ਬਦਲ ਦਿੱਤੇ ਗਏ ਸਨ ਤਾਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਹ ਬਦਲੀਆਂ ਨਿਆਂ ਦੇ ਹਿੱਤ ਵਿਚ ਨਹੀਂ ਹਨ। ਸਰਵਉਚ ਅਦਾਲਤ ਨੇ ਇਨ੍ਹਾਂ ਮਾਮਲਿਆਂ ਵਿਚ ਅਧਿਕਾਰੀਆਂ ਦੀਆਂ ਬਦਲੀਆਂ ਰੋਕ ਕੇ ਕਿਹਾ ਸੀ, ਜਦੋਂ ਤੱਕ ਸੁਣਵਾਈ ਮੁਕੰਮਲ ਨਹੀਂ ਹੋ ਜਾਂਦੀ ਅਧਿਕਾਰੀ ਨਹੀਂ ਬਦਲੇ ਜਾਣਗੇ।

ਉਨ੍ਹਾਂ ਕਿਹਾ ਕਿ ਹੁਣ ਇਸ ਮਾਮਲੇ ਵਿਚ ਵੀ ਅਜਿਹਾ ਹੀ ਹੈ। ਪੰਜਾਬ ਵਿਚ ਨਸ਼ੇ ਦੇ ਮਾਮਲੇ ਵਿਚ ਈ.ਡੀ. ਵਲੋਂ ਹੁਣ ਤੱਕ 50 ਤੋਂ ਵੱਧ ਲੋਕਾਂ ਤੋਂ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ ਤੇ ਜਾਂਚ ਆਖਰੀ ਪੜਾਅ 'ਤੇ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਮੇਂ ਅਧਿਕਾਰੀ ਨੂੰ ਬਦਲਣ ਨਾਲ ਜਾਂਚ ਕੁਰਾਹੇ ਪੈ ਸਕਦੀ ਹੈ। ਈ.ਡੀ. ਅਧਿਕਾਰੀ ਦੇ ਤਬਾਦਲੇ ਨਾਲ ਕਾਫੀ ਵਿਵਾਦ ਖੜ੍ਹਾ ਹੋਇਆ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ 'ਆਪ' ਦੀ ਸੂਬਾਈ ਲੀਡਰਸ਼ਿਪ ਨੇ ਕੇਂਦਰ ਵਿਚਲੀ ਨਰੇਂਦਰ ਮੋਦੀ ਸਰਕਾਰ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇਸ ਤਬਾਦਲੇ ਕਾਰਨ ਆਲੋਚਨਾ ਕੀਤੀ ਸੀ। ਈ.ਡੀ. ਵਿਭਾਗ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦੇ ਅਧੀਨ ਹੈ। ਸ੍ਰੀ ਜੇਤਲੀ ਜਦੋਂ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜੇ ਸਨ ਤਾਂ ਸ੍ਰੀ ਮਜੀਠੀਆ ਉਨ੍ਹਾਂ ਦੀ ਚੋਣ ਮੁਹਿੰਮ ਦੇ ਮੁਖੀ ਸਨ ਪਰ ਸ੍ਰੀ ਜੇਤਲੀ ਚੋਣ ਹਾਰ ਗਏ ਸਨ। ਈ.ਡੀ. ਦੇ ਅਧਿਕਾਰੀਆਂ ਨੇ ਹਾਲ ਹੀ ਦੌਰਾਨ ਦਿੱਲੀ ਵਿਚ ਆਪਣੇ ਅਧਿਕਾਰੀਆਂ ਕੋਲ ਸ਼ਿਕਾਇਤ ਕੀਤੀ ਸੀ ਕਿ ਪੰਜਾਬ ਪੁਲਿਸ ਵਲੋਂ ਉਨ੍ਹਾਂ ਦੇ ਫੋਨ ਟੈਪ ਕੀਤੇ ਜਾ ਰਹੇ ਹਨ।

## ਈ.ਡੀ. ਦੀ ਪੰਜਾਬ ਪੁਲਿਸ ਨੂੰ ਕਲੀਨ ਚਿੱਟ

ਚੰਡੀਗੜ੍ਹ: ਪੰਜਾਬ ਵਿਚ ਨਸ਼ਿਆਂ ਦੇ ਬਹੁ-ਕਰੋੜੀ ਕਾਰੋਬਾਰ ਦੀ ਜਾਂਚ ਕਰ ਰਹੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਕੁਝ ਅਧਿਕਾਰੀਆਂ ਵਲੋਂ ਉਨ੍ਹਾਂ ਨੂੰ ਪੰਜਾਬ ਪੁਲਿਸ ਵਲੋਂ ਡਰਾਉਣ-ਧਮਕਾਉਣ ਤੇ ਫੋਨ ਟੈਪ ਕਰਨ ਦੇ ਲਾਏ ਦੋਸ਼ ਵਿਚ ਕਲੀਨ ਚਿੱਟ ਦੇ ਦਿੱਤੀ ਗਈ ਹੈ। ਇਹ ਕਲੀਨ ਚਿੱਟ ਕਿਸੇ ਹੋਰ ਨੇ ਨਹੀਂ ਸਗੋਂ ਈ.ਡੀ. ਦੇ ਉਚ ਅਧਿਕਾਰੀਆਂ ਨੇ ਦਿੱਤੀ ਹੈ। ਇਸ ਨਾਲ ਇਸ ਕੇਸ ਨੇ ਨਵਾਂ ਮੋੜ ਲੈ ਲਿਆ ਹੈ ਕਿਉਂਕਿ ਈ.ਡੀ. ਅਧਿਕਾਰੀਆਂ ਨੇ ਹੀ ਧਮਕਾਉਣ ਤੇ ਫੋਨ ਟੈਪ ਕਰਨ ਵਰਗੇ ਗੰਭੀਰ ਦੋਸ਼ ਲਾਏ ਸਨ।

ਪੰਜਾਬ ਪੁਲਿਸ ਨੇ ਸਪਸ਼ਟੀਕਰਨ ਦਿੱਤਾ ਹੈ ਕਿ ਇਸ ਮਾਮਲੇ ਵਿਚ ਜੂਨੀਅਰ ਅਧਿਕਾਰੀਆਂ ਕਾਰਨ ਕੁਝ ਗਲਤਫਹਿਮੀਆਂ ਹੋਣ ਕਾਰਨ ਮੁੱਦਾ ਗਲਤ ਰੰਗਤ ਲੈ ਗਿਆ। ਈ.ਡੀ. ਅਧਿਕਾਰੀ, ਜਿਹੜੇ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਪਾਸੋਂ ਪੁੱਛਗਿੱਛ ਕਰਨ ਤੇ ਸਬੰਧਤ ਜਾਂਚ ਵਿਚ ਸ਼ਾਮਲ ਸਨ, ਨੇ ਕਿਹਾ ਸੀ ਕਿ ਪੁਲਿਸ ਉਨ੍ਹਾਂ ਦੇ ਫੋਨ ਟੈਪ ਕਰ ਰਹੀ ਹੈ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Golden State Realty
9912 Kapalua Ln., Elk Grove, CA 95624



Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

# ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਹਾਈਕਮਾਨ ਨੂੰ ਲਲਕਾਰ

**ਅੰਮ੍ਰਿਤਸਰ:** ਕੈਪਟਨ ਅਮਰਿੰਦਰ ਸਿੰਘ ਦੀ ਅੰਮ੍ਰਿਤਸਰ ਵਿਚ 'ਲਲਕਾਰ ਰੈਲੀ' ਮੌਕੇ ਹੋਏ ਜ਼ਬਰਦਸਤ ਇਕੱਠ ਨੇ ਕਾਂਗਰਸ ਹਾਈਕਮਾਨ ਨੂੰ ਪ੍ਰਦੇਸ਼ ਲੀਡਰਸ਼ਿੱਪ ਵਿਚ ਛੇਤੀ ਤਬਦੀਲੀ ਕਰਨ ਦਾ ਸਖਤ ਸੁਨੇਹਾ ਦਿੱਤਾ ਹੈ। ਭਾਵੇਂ ਇਹ ਰੈਲੀ ਨਸ਼ਿਆਂ ਖਿਲਾਫ ਦੱਸੀ ਜਾ ਰਹੀ ਹੈ ਪਰ ਇਸ ਰਾਹੀਂ ਕੈਪਟਨ ਨੇ ਆਪਣੀ ਤਾਕਤ ਵੀ ਵਿਖਾਈ ਹੈ ਤੇ ਹਾਈਕਮਾਨ ਨੂੰ ਪ੍ਰਤਾਪ ਸਿੰਘ ਬਾਜਵਾ ਨੂੰ ਸੂਬੇ ਦੀ ਕਮਾਨ ਦੇਣ ਲਈ ਗਲਤੀ ਦਾ ਅਹਿਸਾਸ ਵੀ ਕਰਵਾ ਦਿੱਤਾ ਹੈ। ਰੈਲੀ ਵਿਚ ਸ਼ਾਮਲ ਤਿੰਨ ਦਰਜਨ ਵਿਧਾਇਕਾਂ ਤੇ ਲੋਕ ਸਭਾ ਮੈਂਬਰਾਂ ਦੀ ਹਾਜ਼ਰੀ ਨੇ ਪ੍ਰਤਾਪ ਸਿੰਘ ਬਾਜਵਾ ਦੀ ਸਿਆਸੀ ਹਾਲਤ ਕਾਫ਼ੀ ਕਮਜ਼ੋਰ ਕਰ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਰੈਲੀ ਤੋਂ ਬਾਅਦ ਇਹ ਵੀ ਆਖ ਦਿੱਤਾ ਹੈ ਕਿ ਕਹਿਣਾ ਗਲਤ ਹੈ ਕਿ ਕਾਂਗਰਸ ਵਿਚ ਫੁੱਟ ਹੈ। ਕਾਂਗਰਸ ਦੇ 43 ਵਿਚੋਂ 35 ਵਿਧਾਇਕ, 60 ਸਾਬਕਾ ਵਿਧਾਇਕ, ਕਈ ਕੇਂਦਰੀ ਮੰਤਰੀ ਤੇ ਕਈ ਸਾਬਕਾ ਪ੍ਰਧਾਨ ਰੈਲੀ ਵਿਚ ਸ਼ਾਮਲ ਹੋਏ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਕਦੇ ਵੀ ਇਸ ਤੋਂ ਪਹਿਲਾਂ ਇੰਨੀ ਇਕਜੁੱਟ ਦਿਖਾਈ ਨਹੀਂ ਦਿੱਤੀ।

ਸੂਤਰਾਂ ਅਨੁਸਾਰ ਕਾਂਗਰਸ ਹਾਈਕਮਾਨ ਪਾਰਟੀ ਦੇ ਲੋਕ ਸਭਾ ਵਿਚ ਉਪ ਨੇਤਾ ਕੈਪਟਨ ਵਲੋਂ ਆਪਣੇ ਲੋਕ ਸਭਾ ਹਲਕੇ ਵਿਚ ਕੀਤੀ ਰੈਲੀ ਨੂੰ ਚੁਣੌਤੀ ਵਜੋਂ ਦੇਖ ਰਹੀ ਹੈ ਕਿਉਂਕਿ ਕੈਪਟਨ ਵਲੋਂ ਆਪਣੀ ਰੈਲੀ ਵਿਚੋਂ ਪਾਰਟੀ ਦੀ ਸੁਪਰੀਮੋ ਸੋਨੀਆ ਗਾਂਧੀ ਵਲੋਂ ਨਿਯੁਕਤ ਕੀਤੇ ਪ੍ਰਧਾਨ ਬਾਜਵਾ ਨੂੰ ਬਾਹਰ ਰੱਖ ਕੇ ਸਾਫ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਹਾਈਕਮਾਨ ਵਲੋਂ ਥਾਪਿਆ ਪ੍ਰਧਾਨ ਪ੍ਰਵਾਨ ਨਹੀਂ ਹੈ। ਰੈਲੀ ਵਿਚ ਪੰਜਾਬ ਕਾਂਗਰਸ ਦੇ ਇੰਚਾਰਜ ਡਾ. ਸ਼ਕੀਲ ਅਹਿਮਦ ਤੇ ਸਹਾਇਕ ਇੰਚਾਰਜ ਹਰੀਸ਼ ਚੌਧਰੀ ਨੂੰ ਵੀ ਸ਼ਾਮਲ ਨਹੀਂ ਕੀਤਾ ਗਿਆ। ਉਂਜ ਕੈਪਟਨ ਤਾਂ ਪਿਛਲੇ ਸਮੇਂ ਹਰੀਸ਼ ਚੌਧਰੀ ਵਿਰੁਧ ਬਿਆਨਬਾਜ਼ੀ ਵੀ ਕਰ ਚੁੱਕੇ ਹਨ।

## ਅੰਮ੍ਰਿਤਸਰ ਰੈਲੀ ਰਾਹੀਂ ਸੂਬਾ ਲੀਡਰਸ਼ਿਪ ਵਿਚ ਤਬਦੀਲੀ ਦਾ ਸਿੱਧਾ ਸੁਨੇਹਾ



ਸੂਤਰਾਂ ਅਨੁਸਾਰ ਕਾਂਗਰਸ ਦਾ ਦਿੱਲੀ ਦਰਬਾਰ ਮਹਿਸੂਸ ਕਰ ਰਿਹਾ ਹੈ ਕਿ ਇਸ ਰੈਲੀ ਰਾਹੀਂ ਹਾਈਕਮਾਂਡ ਉਪਰ ਦਬਾਅ ਪਾ ਕੇ ਸ. ਬਾਜਵਾ ਨੂੰ ਚੱਲਦਾ ਕਰਨ ਤੇ ਪੰਜਾਬ ਦੀ ਕਮਾਂਡ ਕੈਪਟਨ ਦੇ ਹੱਥ ਸੌਂਪਣ ਦਾ ਸੁਨੇਹਾ ਦਿੱਤਾ ਗਿਆ ਹੈ। ਅੰਮ੍ਰਿਤਸਰ ਦੀ ਰੈਲੀ ਦੌਰਾਨ ਬਹੁਤੇ ਆਗੂਆਂ ਨੇ ਸਿੱਧੇ-ਅਸਿੱਧੇ ਢੰਗ ਨਾਲ ਪੰਜਾਬ ਕਾਂਗਰਸ ਦੀ ਵਾਂਗਡੋਰ ਕੈਪਟਨ ਦੇ ਹੱਥ ਸੌਂਪਣ ਦੀ ਹੀ ਆਵਾਜ਼ ਉਠਾਈ ਸੀ। ਕੈਪਟਨ ਨੇ ਇਸ ਰੈਲੀ ਰਾਹੀਂ ਪੰਜਾਬ ਦੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾਉਂਦਿਆਂ ਆਖਿਆ ਸੀ ਕਿ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੀ ਸ਼ਾਨਦਾਰ ਜਿੱਤ ਹੋਵੇਗੀ। ਹੁਣ ਰਾਹੁਲ ਗਾਂਧੀ ਵਲੋਂ ਮਾਰਚ ਵਿਚ ਪੰਜਾਬ ਵਿਚ ਰੈਲੀ ਕਰਨ ਦਾ ਫੈਸਲਾ ਕਰਕੇ ਕੈਪਟਨ ਖੇਮੇ ਨੂੰ ਆਪਣੇ ਪਹਿਲੇ ਸਟੈਂਡ ਉਪਰ ਹੀ ਕਾਇਮ ਰਹਿਣ ਦਾ ਸੰਕੇਤ ਦੇ ਦਿੱਤਾ ਹੈ, ਜਿਸ ਕਾਰਨ ਭਵਿੱਖ ਵਿਚ ਇਸ ਮੁੱਦੇ ਉਪਰ ਪੰਜਾਬ ਕਾਂਗਰਸ ਦਾ ਵਿਵਾਦ ਹੋਰ ਗੰਭੀਰ ਹੋ ਸਕਦਾ ਹੈ।

ਹੁਣ ਜੇਕਰ ਕਾਂਗਰਸ ਹਾਈਕਮਾਨ ਅਮਰਿੰਦਰ ਸਿੰਘ ਵਿਰੁਧ ਕੋਈ ਕਦਮ ਚੁਕਦੀ ਹੈ ਤਾਂ ਪੰਜਾਬ ਵਿਚ ਵੀ ਕਾਂਗਰਸ ਦਾ ਆਂਧਰਾ ਪ੍ਰਦੇਸ਼ ਵਾਲਾ ਹਾਲ ਹੋ ਸਕਦਾ ਹੈ ਜਿਥੇ ਲੋਕ ਆਧਾਰ ਵਾਲੇ ਨੇਤਾ ਜਗਨ ਨਾਥ ਰੈਡੀ ਨੂੰ ਨਜ਼ਰਅੰਦਾਜ਼ ਕਰਕੇ ਪਾਰਟੀ ਨੇ ਉਸ ਸੂਬੇ ਨੂੰ ਆਪਣੇ ਹੱਥੋਂ ਗੁਆ ਲਿਆ ਸੀ ਤੇ ਹਿਮਾਚਲ ਪ੍ਰਦੇਸ਼ ਵਿਚ ਨਾ ਚਾਹੁੰਦੇ ਹੋਏ ਵੀ ਵੀਰਭੱਦਰ ਸਿੰਘ ਨੂੰ ਕਮਾਂਡ ਦੇ ਕੇ ਆਪਣੀ ਸਰਕਾਰ ਬਣਾ ਲਈ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਲੋਕ ਸਭਾ ਚੋਣਾਂ ਦੌਰਾਨ ਅਰੁਣ ਜੇਤਲੀ ਨੂੰ ਹਰਾ ਕੇ ਆਪਣਾ ਪਾਰਟੀ ਅੰਦਰ ਕੱਦ ਹੋਰ ਵਧਾ ਲਿਆ ਤੇ ਲਲਕਾਰ ਰੈਲੀ ਨੇ ਕੈਪਟਨ ਨੂੰ ਹੋਰ ਜ਼ਿਆਦਾ ਮਜ਼ਬੂਤ ਤੇ ਪ੍ਰਵਾਨਤ ਆਗੂ ਬਣਾ ਦਿੱਤਾ ਹੈ। ਰਾਹੁਲ ਗਾਂਧੀ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਪ੍ਰਧਾਨ ਬਣਾ ਕੇ ਪੂਰੀ ਤਾਕਤ ਵੀ ਦਿੱਤੀ ਪਰ ਉਹ ਪੰਜਾਬ ਦੇ ਕਿਸੇ ਵੀ ਵਿਧਾਇਕ ਤੇ ਲੋਕ ਸਭਾ ਮੈਂਬਰ ਨੂੰ ਆਪਣੇ ਨਾਲ ਨਹੀਂ ਲਾ ਸਕੇ। ਆਪਣਾ ਧੜਾ ਬਣਾਉਣ ਦੇ ਚੱਕਰ ਵਿਚ ਉਨ੍ਹਾਂ ਪਾਰਟੀ ਦੇ ਸਾਰੇ ਸੀਨੀਅਰ ਲੀਡਰਾਂ ਨੂੰ ਵੀ ਨਾਰਾਜ਼ ਕਰ ਲਿਆ। ਉਹ ਪੰਜਾਬ ਵਿਚ ਕਿਸੇ ਵੀ ਕੈਪਟਨ ਪੱਖੀ ਆਗੂ ਨੂੰ ਤਾਂ ਕੀ, ਉਨ੍ਹਾਂ ਦੇ ਵਿਰੋਧੀਆਂ ਨੂੰ ਵੀ ਆਪਣੇ ਨਾਲ ਮਿਲਾਉਣ ਵਿਚ ਸਫ਼ਲ ਨਹੀ ਹੋ ਸਕੇ। ਰਾਹੁਲ ਗਾਂਧੀ ਭਾਵੇਂ ਕੈਪਟਨ ਅਮਰਿੰਦਰ ਸਿੰਘ ਦੇ ਕੰਮ ਕਰਨ ਦੇ ਤਰੀਕਿਆਂ ਤੋਂ ਨਾਰਾਜ਼ ਦੱਸੇ ਜਾਂਦੇ ਹਨ ਪਰ ਹਾਲਾਤ ਮੁਤਾਬਕ ਉਨ੍ਹਾਂ ਨੂੰ ਨਜ਼ਰਅੰਦਾਜ ਕਰਨਾ ਵੀ ਕਾਂਗਰਸ ਹਾਈਕਮਾਨ ਲਈ ਟੇਢੀ ਖੀਰ ਸਾਬਤ ਹੋ ਸਕਦਾ ਹੈ। ਕਾਂਗਰਸ ਹਾਈਕਮਾਨ ਕਿਸੇ ਵਿਚਕਾਰਲੇ ਰਸਤੇ ਦੀ ਭਾਲ ਵਿਚ ਹੈ ਜਿਸ ਨਾਲ ਕੈਪਟਨ ਅਮਰਿੰਦਰ ਸਿੰਘ ਵੀ ਨਾਰਾਜ਼ ਨਾ ਹੋਣ ਤੇ ਪ੍ਰਧਾਨਗੀ ਵੀ ਕਿਸੇ ਦੂਜੇ ਨੂੰ ਦੇ ਦਿੱਤੀ ਜਾਵੇ।

## ਨਸ਼ਿਆਂ ਦੇ ਖਾਤਮੇ ਲਈ ਬਾਦਲ ਪਹਿਲਾਂ ਅਕਾਲੀਆਂ ਖਿਲਾਫ ਕਾਰਵਾਈ ਕਰਨ: ਕੈਪਟਨ

'ਲਲਕਾਰ ਰੈਲੀ' ਵਿਚ ਹੁਮ-ਹੁਮਾ ਕੇ ਪੁੱਜੇ ਤਕਰੀਬਨ 70 ਹਜ਼ਾਰ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਸ਼ਿਆਂ ਵਿਰੁਧ ਰੈਲੀਆਂ ਕਰ ਕੇ ਪਖੰਡ ਕਰ ਰਹੇ ਹਨ ਜਦਕਿ ਨਸ਼ਿਆਂ ਦੇ ਮੁੱਦੇ ਖ਼ਾਸਕਰ ਸਿੰਥੈਟਿਕ ਡਰੱਗਜ਼ ਦੀ ਤਸਕਰੀ ਦੇ ਮਾਮਲੇ ਵਿਚ ਅਕਾਲੀ ਲੀਡਰਾਂ ਦੇ ਸ਼ਰੇਆਮ ਨਾਂ ਆਏ ਹਨ। ਨਸ਼ਿਆਂ ਦੇ ਮੁੱਦੇ 'ਤੇ ਅਕਾਲੀ ਲੀਡਰ ਦੋਗਲੀ ਨੀਤੀ 'ਤੇ ਚੱਲ ਰਹੇ ਹਨ। ਜੇਕਰ ਪੰਜਾਬ ਸਰਕਾਰ ਸਚਮੁੱਚ ਹੀ ਨਸ਼ਿਆਂ ਦੀ ਰੋਕਥਾਮ ਚਾਹੁੰਦੀ ਹੈ ਤਾਂ ਪਹਿਲਾਂ ਉਨ੍ਹਾਂ ਅਕਾਲੀ ਲੀਡਰਾਂ ਵਿਰੁਧ ਕਾਰਵਾਈ ਕਰੇ ਜਿਨ੍ਹਾਂ ਦੇ ਨਾਂ ਨਸ਼ਿਆਂ ਦੀ ਤਸਕਰੀ ਵਿਚ ਆ ਰਹੇ ਹਨ। ਕੈਪਟਨ ਨੇ ਕਿਹਾ ਕਿ ਡਰੱਗ ਕੇਸ ਦੀ ਜਾਂਚ ਨੂੰ ਲਟਕਾਉਣ ਲਈ ਅਧਿਕਾਰੀਆਂ ਦੀਆਂ ਬਦਲੀਆਂ ਕੀਤੀਆਂ ਜਾ ਰਹੀਆਂ ਹਨ। ਪਹਿਲਾਂ ਇਸ ਕੇਸ ਦੀ ਜਾਂਚ ਕਰ ਰਹੇ ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਦੀ ਬਦਲੀ ਕਰ ਦਿੱਤੀ ਗਈ ਤੇ ਹੁਣ ਈਡੀ ਅਧਿਕਾਰੀ ਨਿਰੰਜਣ ਸਿੰਘ ਨੂੰ ਬਦਲ ਦਿੱਤਾ ਗਿਆ ਹੈ। ਜੇਕਰ ਪ੍ਰਕਾਸ਼ ਸਿੰਘ ਬਾਦਲ ਨਸ਼ਿਆਂ ਦੇ ਖਿਲਾਫ਼ ਕਾਰਵਾਈ ਕਰਨ ਲਈ ਸੁਹਿਰਦ ਹਨ ਤਾਂ ਸਭ ਤੋ ਪਹਿਲਾਂ ਕੈਬਨਿਟ ਮੰਤਰੀ ਬਿਕਰਮ ਸਿੰਘ, ਅਵਿਨਾਸ਼ ਚੰਦਰ ਅਤੇ ਸਵਰਨ ਸਿੰਘ ਫਿਲੋਰ ਵਿਰੁਧ ਕਾਰਵਾਈ ਕਰਨ।

## ਬਾਜਵਾ ਵਲੋਂ ਵੀ ਤਾਕਤ ਵਿਖਾਉਣ ਦੀਆਂ ਤਿਆਰੀਆਂ

ਚੰਡੀਗੜ੍ਹ: ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਖੇਮੇ ਵਲੋਂ ਅੰਮ੍ਰਿਤਸਰ ਵਿਚ ਕੀਤੀ 'ਲਲਕਾਰ' ਰੈਲੀ ਦੇ ਜਵਾਬ ਵਿਚ ਮਾਰਚ ਮਹੀਨੇ ਦੌਰਾਨ ਪੰਜਾਬ ਵਿਚ ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਿਸਾਨ-ਮਜ਼ਦੂਰ ਰੈਲੀ ਕਰਵਾਉਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਬਾਜਵਾ ਖੇਮੇ ਨੇ ਇਹ ਰੈਲੀ ਕੈਪਟਨ ਦੀ 'ਲਲਕਾਰ' ਰੈਲੀ ਤੋਂ ਵੱਡੀ ਕਰਨ ਦਾ ਟੀਚਾ ਮਿਥਿਆ ਹੈ। ਇਹ ਰੈਲੀ ਮੋਗਾ ਵਿਚ ਮਾਰਚ ਦੇ ਅਖੀਰਲੇ ਹਫਤੇ ਹੋਣ ਦੀ ਸੰਭਾਵਨਾ ਹੈ। ਕਾਂਗਰਸ ਦੀਆਂ ਦੋਵਾਂ ਧਿਰਾਂ ਵਿਚਾਲੇ ਰੈਲੀਆਂ ਦੇ ਮੁਕਾਬਲੇ ਹੋਣ ਦਾ ਦੌਰ ਵੀ ਸ਼ੁਰੂ ਹੋ ਗਿਆ ਹੈ ਕਿਉਂਕਿ ਦੂਸਰੇ ਪਾਸੇ ਕੈਪਟਨ ਖੇਮੇ ਵਲੋਂ ਅਗਲੇ ਦਿਨੀਂ ਜੰਤਰ-ਮੰਤਰ ਦਿੱਲੀ ਵਿਖੇ ਰੈਲੀ ਕਰਨ ਦਾ ਐਲਾਨ ਕਰ ਦਿੱਤਾ ਹੈ।

# ਸ਼੍ਰੋਮਣੀ ਕਮੇਟੀ ਹੁਣ ਬਣਾਏਗੀ ਆਪਣਾ ਸੈਂਸਰ ਬੋਰਡ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ 'ਸੈਂਸਰ ਬੋਰਡ' ਬਣਾਏਗੀ ਤਾਂ ਜੋ ਸਿੱਖ ਧਰਮ ਨਾਲ ਸਬੰਧਤ ਫਿਲਮਾਂ ਦੇ ਨਿਰਮਾਣ ਤੇ ਪੁਸਤਕਾਂ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਪੜਚੋਲ ਕੀਤੀ ਜਾ ਸਕੇ। ਸ਼੍ਰੋਮਣੀ ਕਮੇਟੀ ਵਲੋਂ ਸੈਂਸਰ ਬੋਰਡ ਬਣਾਉਣ ਬਾਰੇ ਪਹਿਲਕਦਮੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਹੁਕਮਾ ਤੋਂ ਬਾਅਦ ਸ਼ੁਰੂ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਕੇਂਦਰੀ ਮੰਤਰੀ ਅਰੁਣ ਜੇਤਲੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਸਿੱਖ ਭਾਈਚਾਰੇ ਦੇ ਘੱਟੋ-ਘੱਟ ਦੋ ਮੈਂਬਰ ਸੈਂਸਰ ਬੋਰਡ ਵਿਚ ਲਏ ਜਾਣਗੇ।

ਸ. ਅਵਤਾਰ ਸਿੰਘ ਨੇ ਕਿਹਾ ਕਿ ਅਸੀਂ ਸਿੱਖ ਇਤਿਹਾਸਕਾਰਾਂ ਤੇ ਬੁੱਧੀਜੀਵੀਆਂ ਉਤੇ ਆਧਾਰਤ 'ਸਿੱਖ ਸੈਂਸਰ ਬੋਰਡ' ਛੇਤੀ ਹੀ ਬਣਾਵਾਂਗੇ ਤਾਂ ਜੋ ਜੇਕਰ ਕੋਈ ਵਿਅਕਤੀ ਸਿੱਖ ਧਰਮ ਬਾਰੇ ਫਿਲਮ ਜਾਂ ਪੁਸਤਕ ਪ੍ਰਕਾਸ਼ਿਤ ਕਰਨੀ ਚਾਹੁੰਦਾ ਹੋਵੇ ਤਾਂ ਉਹ ਆਪਣੀ ਸਕਰਿਪਟ/ਖਰੜਾ ਪਹਿਲਾਂ ਸਿੱਖ ਸੈਂਸਰ ਬੋਰਡ ਤੋਂ ਪਾਸ ਕਰਵਾਏ ਤਾਂ ਜੋ ਬੇਲੋੜੇ ਵਿਵਾਦਾਂ ਤੋਂ ਬਚਿਆ ਜਾ ਸਕੇ। ਜਾਣਕਾਰੀ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹ ਪਹਿਲਕਦਮੀ ਡੇਰਾ ਸੱਚਾ ਸੌਦਾ ਮੁਖੀ ਦੀ ਫਿਲਮ 'ਐਮ ਐਸ ਜੀ' ਨੂੰ ਲੈ ਕੇ ਪੈਦਾ ਹੋਏ ਵਿਵਾਦ ਤੋਂ ਬਾਅਦ ਸ਼ੁਰੂ ਕੀਤੀ ਹੈ।

ਇਹ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਅਜੈ ਦੇਵਗਨ ਦੀ 'ਸਨ ਆਫ ਸਰਦਾਰ' ਤੇ ਅਕਸ਼ੈ ਕੁਮਾਰ ਦੀ 'ਸਿੰਘ ਇੰਜ਼ ਕਿੰਗ' ਵਰਗੀਆਂ ਫਿਲਮਾਂ ਜਿਨ੍ਹਾਂ ਵਿਚ ਅਭਿਨੇਤਾ ਨੇ ਪੱਗ ਬੰਨ੍ਹੀ ਹੈ ਤੇ ਹੋਰ ਅਜਿਹੀਆਂ ਫਿਲਮਾਂ ਨੂੰ ਲੈ ਕੇ ਕਿਸੇ ਨਾ ਕਿਸੇ ਪ੍ਰਕਾਰ ਦਾ ਵਿਵਾਦ ਉਪਜਦਾ ਰਿਹਾ ਹੈ ਤੇ ਪਿਛਲੇ ਦਿਨੀਂ ਆਈ ਐਨੀਮੇਸ਼ਨ ਫਿਲਮ 'ਚਾਰ ਸਾਹਿਬਜ਼ਾਦੇ' ਦੀ ਸਫਲਤਾ ਤੋਂ ਬਾਅਦ ਬਹੁਤ ਸਾਰੀਆਂ ਫਿਲਮਾਂ ਜੋ ਸਿੱਖ ਧਰਮ ਨਾਲ ਸਬੰਧਤ ਹਨ, ਉਤੇ ਕੰਮ ਸ਼ੁਰੂ ਹੋ ਚੁੱਕਾ ਹੈ। ਪੰਜਾਬੀ ਫਿਲਮਕਾਰਾਂ, ਜਿਨ੍ਹਾਂ ਵਿਚ ਜੇ.ਐਸ. ਚੀਮਾ ਵੀ ਸ਼ਾਮਲ ਹੈ, ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਪੈਨਲ ਤਿਆਰ ਕਰੇ ਤੇ ਇਹ ਸੈਂਸਰ ਬੋਰਡ ਨਾਲ ਰਾਬਤਾ ਰੱਖੇ ਤੇ ਜਦੋਂ ਵੀ ਸਿੱਖ ਧਰਮ ਸਬੰਧੀ ਕੋਈ ਫਿਲਮ ਬਣੇ ਤਾਂ ਇਹ ਮਾਹਿਰ ਉਸ ਬਾਰੇ ਆਪਣੀ ਰਾਏ ਦੇਣ।

# ਬਾਦਲ, ਅਡਵਾਨੀ, ਅਮਿਤਾਭ ਤੇ ਦਿਲੀਪ ਕੁਮਾਰ ਨੂੰ ਪਦਮ ਵਿਭੂਸ਼ਨ

**ਨਵੀਂ ਦਿੱਲੀ**: ਭਾਰਤ ਸਰਕਾਰ ਨੇ ਪਦਮ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਐਲਾਨੀ ਸੂਚੀ ਵਿਚ ਨੌਂ ਜਣਿਆਂ ਨੂੰ ਪਦਮ ਵਿਭੂਸ਼ਨ, 20 ਨੂੰ ਪਦਮ ਭੂਸ਼ਨ ਤੇ 75 ਜਣਿਆਂ ਨੂੰ ਪਦਮਸ੍ਰੀ ਐਵਾਰਡ ਦੇਣ ਦਾ ਐਲਾਨ ਕੀਤਾ ਗਿਆ। ਪਦਮ ਵਿਭੂਸ਼ਨ ਲਈ ਭਾਜਪਾ ਦੇ ਸੀਨੀਅਰ ਲੀਡਰ ਲਾਲ ਕ੍ਰਿਸ਼ਨ ਅਡਵਾਨੀ, ਅਦਾਕਾਰ ਦਿਲੀਪ ਕੁਮਾਰ ਤੇ ਅਮਿਤਾਭ ਬੱਚਨ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਡਾ. ਡੀ. ਵੀਰੇਂਦਰ ਹੇਗੜੇ, ਰਾਮਾਨੰਦਾਚਾਰੀਆ ਸਵਾਮੀ ਰਾਮਭੱਦਰਚਾਰੀਆ, ਮਲੂਰ ਰਾਮਾਸਵਾਮੀ ਸ੍ਰੀਨਿਵਾਸ, ਕੋਟੱਮ ਕੇ ਵੇਣੂਗੋਪਾਲ ਤੇ ਕਰੀਮ ਅਲ ਹੁਸੈਨੀ ਆਗਾ ਖਾਨ ਦੇ ਨਾਂ ਦਾ ਐਲਾਨ ਕੀਤਾ ਗਿਆ।

ਪਦਮ ਭੂਸ਼ਨ ਲਈ ਪੱਤਰਕਾਰ ਰਜਤ ਸ਼ਰਮਾ, ਪਹਿਲਵਾਨ ਸਤਪਾਲ, ਮਾਈਕਰੋਸਾਫਟ ਦੇ ਬਾਨੀ ਬਿਲ ਗੇਟਸ ਤੇ ਉਸ ਦੀ ਪਤਨੀ ਮਲਿੰਡਾ ਗੇਟਸ ਦਾ ਨਾਂ ਮੁੱਖ ਹੈ, ਜਦੋਂਕਿ ਪਦਮਸ੍ਰੀ ਲਈ ਪ੍ਰੋ. (ਡਾ.) ਯੋਗੇਸ਼ ਕੁਮਾਰ ਚਾਵਲਾ, ਡਾ. ਰਣਦੀਪ ਗੁਲੇਰੀਆ, ਸਬਾ ਅੰਜੁਮ, ਸਰਦਾਰ ਸਿੰਘ, ਪੀ.ਵੀ. ਸਿੰਧੂ, ਅਰੁਨਿਮਾ ਸਿਨਹਾ, ਸੰਜੈ ਲੀਲਾ ਭੰਸਾਲੀ, ਪ੍ਰਸੂੰਨ ਜੋਸ਼ੀ, ਕਾਰਟੂਨਿਸਟ ਪ੍ਰਾਣ (ਮਰਨ ਉਪਰੰਤ) ਦੇ ਨਾਂ ਪ੍ਰਮੁੱਖ ਤੌਰ 'ਤੇ ਸ਼ਾਮਲ ਹਨ।



ਪਦਮ ਪ੍ਰਾਪਤ ਕਰਨ ਵਾਲੀਆਂ ਹਸਤੀਆਂ ਵਿਚ 17 ਔਰਤਾਂ ਤੇ ਇੰਨੀ ਗਿਣਤੀ ਵਿਚ ਹੀ ਵਿਦੇਸ਼ੀ ਨਾਗਰਿਕ ਤੇ ਪਰਵਾਸੀ ਭਾਰਤੀ ਸ਼ਾਮਲ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਦਮ ਵਿਭੂਸ਼ਨ ਮਿਲਣ 'ਤੇ ਜਿਥੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਹੈ ਕਿ ਉਥੇ ਇਹ ਪੁਰਸਕਾਰ ਸਮੁੱਚੇ ਪੰਜਾਬੀਆਂ ਨੂੰ ਸਮਰਪਿਤ ਕੀਤਾ ਹੈ।

## ਅੰਮ੍ਰਿਤਸਰ ਵਿਚ ਸਵਾਈਨ ਫਲੂ ਨਾਲ ਇਕ ਹੋਰ ਔਰਤ ਦੀ ਮੌਤ

**ਅੰਮ੍ਰਿਤਸਰ:** ਸਵਾਈਨ ਫਲੂ ਨਾਲ ਜ਼ਿਲ੍ਹੇ ਵਿਚ ਇਕ ਹੋਰ ਮਰੀਜ਼ ਔਰਤ ਦੀ ਮੌਤ ਹੋ ਗਈ ਹੈ। ਇਸ ਤੋਂ ਪਹਿਲਾਂ ਇਸ ਕਾਰਨ ਇਕ ਔਰਤ ਦੀ ਮੌਤ ਹੋ ਚੁੱਕੀ ਹੈ। ਹੁਣ ਜਿਸ ਔਰਤ ਦੀ ਮੌਤ ਹੋਈ ਹੈ, ਉਹ ਦਸਮੇਸ਼ ਨਗਰ ਦੀ ਵਾਸੀ ਸੀ ਅਤੇ 50 ਸਾਲ ਦੀ ਸੀ। ਉਸ ਨੂੰ ਇਲਾਜ ਲਈ ਪਹਿਲਾਂ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਸੀ ਅਤੇ ਹੁਣ ਉਹ ਗੁਰੂ ਨਾਨਕ ਦੇਵ ਹਸਪਤਾਲ ਵਿਚ ਦਾਖਲ ਸੀ।

# ਹਰੀਕੇ ਝੀਲ 'ਚ ਪਰਵਾਸੀ ਪੰਛੀਆਂ ਨੇ ਲਾਈ ਰੌਣਕ

**ਹਰੀਕੇ ਪੱਤਣ:** ਪਰਵਾਸੀ ਪੰਛੀਆਂ ਦੇ ਸਵਰਗ ਵਜੋਂ ਜਾਣੀ ਜਾਂਦੀ ਹਰੀਕੇ ਝੀਲ ਵਿਚ ਇਸ ਵਾਰ ਮਹਿਮਾਨ ਪੰਛੀਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ। ਹਰ ਸਾਲ ਜੰਗਲੀ ਜੀਵ ਤੇ ਵਣ ਵਿਭਾਗ ਹਰੀਕੇ ਵਲੋਂ ਇਨ੍ਹਾਂ ਮਹਿਮਾਨ ਪੰਛੀਆਂ ਦੀ ਗਿਣਤੀ ਕੀਤੀ ਜਾਂਦੀ ਹੈ ਤੇ ਇਸ ਵਾਰ ਵੀ ਵਿਭਾਗ ਵਲੋਂ ਗਿਣਤੀ ਦਾ ਕੰਮ 24 ਜਨਵਰੀ ਨੂੰ ਪੂਰਾ ਕੀਤਾ ਗਿਆ।

ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਝੀਲ 'ਤੇ ਵੱਧ ਪਰਵਾਸੀ ਪੰਛੀ ਪਹੁੰਚੇ ਸਨ। ਗਿਣਤੀ ਮੁਤਾਬਕ ਇਸ ਸਾਲ 73 ਵੱਖ-ਵੱਖ ਪ੍ਰਜਾਤੀਆਂ ਦੇ 82100 ਪੰਛੀ ਝੀਲ ਵਿਚ ਵੱਖ-ਵੱਖ ਸਥਾਨਾਂ 'ਤੇ ਦੇਖੇ ਗਏ। ਜੰਗਲੀ ਜੀਵ ਤੇ ਵਣ ਵਿਭਾਗ ਹਰੀਕੇ ਦੇ ਡੀ.ਐਫ.ਓ. ਨੀਰਜ਼ ਕੁਮਾਰ ਗੁਪਤਾ ਨੇ ਦੱਸਿਆ ਕਿ ਪਰਵਾਸੀ ਪੰਛੀਆਂ ਦੀ ਗਿਣਤੀ ਦਾ ਕੰਮ 24 ਜਨਵਰੀ ਨੂੰ ਪੂਰਾ ਕੀਤਾ ਗਿਆ ਹੈ। ਗਿਣਤੀ ਦੇ ਕੰਮ ਵਿਚ ਵੱਖ-ਵੱਖ ਛੇ ਸੰਸਥਾਵਾਂ, ਜਿੰਨਾਂ ਵਿਚ ਚੰਡੀਗੜ੍ਹ ਬਰਡ ਕਲੱਬ, ਡਬਲਿਊ. ਡਬਲਿਊ. ਐਫ ਵਾਈਲਡ ਲਾਈਫ ਇੰਸਟੀਚਿਊਟ ਦੇਹਰਾਦੂਨ, ਵੈਟਲੈਂਡ ਇੰਟਰਨੈਸ਼ਨਲ ਏ.ਵੀ.ਐਨ. ਵੈਟਲੈਂਡ ਐਂਡ ਹੈਟਲਟਾਈਟ ਸੁਸਾਇਟੀ ਤੋਂ ਇਲਾਵਾ ਜੰਗਲੀ ਜੀਵ ਵਣ ਵਿਭਾਗ ਹਰੀਕੇ ਦੀ ਟੀਮ ਨੇ ਹਿੱਸਾ ਲਿਆ। ਮਿਲੀ ਰਿਪੋਰਟ ਮੁਤਾਬਕ ਝੀਲ ਵਿਚੋਂ 73 ਵੱਖ-ਵੱਖ ਪ੍ਰਜਾਤੀਆਂ ਦੇ 82,100 ਪੰਛੀ ਦੇਖੇ ਗਏ ਤੇ ਪਿਛਲੇ ਸਾਲ ਨਾਲੋਂ ਇਨ੍ਹਾਂ ਦੀ ਗਿਣਤੀ 12 ਹਜ਼ਾਰ ਤੋਂ ਵੱਧ ਹੈ ਕਿਉਂਕਿ 2014 ਵਿਚ ਪਰਵਾਸੀ ਪੰਛੀਆਂ ਦੀ ਗਿਣਤੀ 70 ਹਜ਼ਾਰ ਦੇ ਕਰੀਬ ਸੀ।

## ਪਿਛਲੇ ਸਾਲ ਦੇ ਮੁਕਾਬਲੇ ਗਿਣਤੀ ਵਿਚ ਭਾਰੀ ਵਾਧਾ



ਪਰਵਾਸੀ ਪੰਛੀਆਂ ਦੀ ਵਧੀ ਗਿਣਤੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਨੀਰਜ਼ ਕੁਮਾਰ ਗੁਪਤਾ ਨੇ ਕਿਹਾ ਕਿ ਪੰਛੀਆਂ ਦੀਆਂ ਪ੍ਰਜਾਤੀਆਂ ਵਿਚ ਵਾਰ ਹੈਡਿਡ ਡੀਜ਼, ਕੇ. ਲੈਗੇ ਗੀਜ਼, ਕੋਮਨ ਕੂਟ, ਪਿਰਟੇਲ, ਮਿਲਕਤ, ਸੁਦਨਰ ਆਦਿ ਜ਼ਿਆਦਾ ਗਿਣਤੀ ਵਿਚ ਦੇਖੇ ਗਏ। ਝੀਲ ਦੇ ਸਾਰੇ ਇਲਾਕੇ ਵਿਚ ਹੀ ਪੰਛੀਆਂ ਦੇ ਝੁੰਡ ਦਿਖਾਈ ਦਿੱਤੇ, ਪਰ ਰਿਆਸਤ, ਪੈਤਾਨ ਤੇ ਚੰਬਾ ਏਰੀਏ ਵਿਚ ਬਹੁਤ ਜ਼ਿਆਦਾ ਗਿਣਤੀ ਵਿਚ ਮਹਿਮਾਨ ਪੰਛੀ ਝੀਲ ਵਿਚ ਠੰਢੇ ਪਾਣੀ ਦੇ ਮੌਸਮ ਦਾ ਆਨੰਦ ਮਾਣਦੇ ਹੋਏ ਦਿਖਾਈ ਦਿੱਤੇ।

# ਪੰਜਾਬ ਵਿਚ ਅਮਨ ਕਾਨੂੰਨ ਦੀ ਗੱਡੀ ਲੀਹੋਂ ਲੱਥੀ

**ਚੰਡੀਗੜ੍ਹ:** ਪੰਜਾਬ ਵਿਚ ਅਮਨ-ਕਾਨੂੰਨ ਦੀ ਹਾਲਤ ਲਗਾਤਾਰ ਨਿਘਾਰ ਵੱਲ ਜਾ ਰਹੀ ਹੈ। ਸੂਬੇ ਵਿਚ ਨਿੱਤ ਦਿਨ ਲੁੱਟ-ਖੋਹ ਤੇ ਕਤਲਾਂ ਦੀਆਂ ਵਾਪਰ ਰਹੀਆਂ ਵਾਰਦਾਤਾਂ ਅੱਗੇ ਪੰਜਾਬ ਪੁਲਿਸ ਬੇਵੱਸ ਨਜ਼ਰ ਆ ਰਹੀ ਹੈ। ਖਾਸ ਕਰਕੇ ਫਗਵਾੜਾ-ਗੁਰਾਇਆ ਸੜਕ 'ਤੇ ਪਿੰਡ ਜਮਾਲਪੁਰ ਨੇੜੇ 10 ਹਥਿਆਰਬੰਦ ਪੁਲਿਸ ਮੁਲਾਜ਼ਮਾਂ ਦੀ ਮੌਜੂਦਗੀ ਵਿਚ ਗੈਂਗਸਟਰ ਸੁਖਵਿੰਦਰ ਸਿੰਘ ਉਰਫ ਸੁੱਖਾ ਕਾਹਲਵਾਂ ਦੀ ਦਿਨ-ਦਿਹਾੜੇ ਹੱਤਿਆ ਨੇ ਪੰਜਾਬ ਪੁਲਿਸ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਦੋ ਗੱਡੀਆਂ ਵਿਚ ਸਵਾਰ ਹਮਲਾਵਰਾਂ ਦੀ ਗਿਣਤੀ ਪੁਲਿਸ ਮੁਲਾਜ਼ਮਾਂ ਦੇ ਬਰਾਬਰ ਸੀ ਪਰ ਪੁਲਿਸ ਵਲੋਂ ਕੋਈ ਜਵਾਬੀ ਕਰਵਾਈ ਨਹੀਂ ਕੀਤੀ ਗਈ। ਇਸ ਤੋਂ ਪਹਿਲਾਂ ਪੁਲਿਸ ਸੁੱਖੇ ਨੂੰ ਬੰਦ ਗੱਡੀ ਵਿਚ ਪੇਸ਼ ਕਰਨ ਲਈ ਲਿਆਉਂਦੀ ਸੀ ਪਰ ਵਾਰਦਾਤ ਵਾਲੇ ਦਿਨ ਪੁਲਿਸ ਨੇ ਉਸ ਨੂੰ ਖੁੱਲ੍ਹੀ ਗੱਡੀ ਵਿਚ ਲਿਜਾ ਰਹੀ ਸੀ। ਪੁਲਿਸ ਦੇ ਇਕ ਵੀ ਕਰਮਚਾਰੀ ਨੂੰ ਕੋਈ ਝਰੀਟ ਤੱਕ ਨਹੀਂ ਆਈ ਜਦੋਂ ਕਿ ਸੁੱਖੇ ਨੂੰ 50 ਗੋਲੀਆਂ ਵੱਜੀਆਂ ਹਨ।

20 ਤੋਂ ਵੱਧ ਕੇਸਾਂ ਵਿਚ ਸ਼ਾਮਲ ਸੁੱਖਾ ਵਾਸੀ ਪਿੰਡ ਕਾਹਲਵਾਂ (ਕਰਤਾਰਪੁਰ) ਕਤਲ ਕੇਸ ਵਿਚ ਨਾਭਾ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਸੀ। ਜਲੰਧਰ ਦੀ ਅਦਾਲਤ ਵਿਚ ਪੇਸ਼ੀ ਭੁਗਤਣ ਮਗਰੋਂ ਉਸ ਨੂੰ ਪੁਲਿਸ ਦੀ ਗੱਡੀ ਵਿਚ ਵਾਪਸ ਨਾਭਾ ਜੇਲ੍ਹ ਲਿਜਾਇਆ ਜਾ ਰਿਹਾ ਸੀ। ਜਦੋਂ ਇਹ ਗੱਡੀ ਡਿਵਾਇਨ ਸਕੂਲ ਲਾਗੇ ਪੁੱਜੀ ਤਾਂ ਟਰੈਫਿਕ ਵਿਚ ਰੁਕਾਵਟ ਹੋਣ ਕਰਕੇ ਗੱਡੀ ਰੁਕਦੇ ਸਾਰ ਫਾਰਚੂਨਰ ਤੇ ਸਫ਼ਾਰੀ ਗੱਡੀ ਵਿਚ ਸਵਾਰ ਨੌਜਵਾਨਾਂ ਨੇ ਪਿਸਤੌਲ ਦਿਖਾ ਕੇ ਪੁਲਿਸ ਕਰਮਚਾਰੀਆਂ ਦੇ ਹਥਿਆਰ ਖੋਹ ਲਏ ਤੇ ਸੁੱਖੇ ਉਤੇ ਗੱਡੀ ਵਿਚ ਹੀ ਗੋਲੀਆਂ ਦੀ ਵਾਛੜ ਕਰ ਦਿੱਤੀ। ਉਸ ਦੀ ਮੌਕੇ 'ਤੇ ਮੌਤ ਹੋ ਗਈ। ਹਮਲਾਵਰ ਜਾਂਦੇ ਸਮੇਂ ਪੁਲਿਸ ਦੇ ਹਥਿਆਰ ਲਾਗੇ ਹੀ ਸੁੱਟ ਗਏ।

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਭਾਵੇਂ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਕਪੂਰਥਲਾ ਦੀ ਐਸ.ਐਸ.ਪੀ. ਧੰਨਪ੍ਰੀਤ ਕੌਰ ਤੇ ਫਗਵਾੜਾ ਦੇ ਐਸ.ਪੀ. ਗੁਰਸੇਵਕ ਸਿੰਘ ਦੇ ਤਬਾਦਲੇ ਕੀਤੇ ਹਨ ਤੇ ਦੋ ਏ.ਐਸ.ਆਈ. ਬਰਖ਼ਾਸਤ ਕਰ ਦਿੱਤੇ ਹਨ ਪਰ ਪੁਲਿਸ ਵਲੋਂ ਜਵਾਬੀ ਕਾਰਵਾਈ ਨਾ ਕਰਨ 'ਤੇ ਸਵਾਲ ਖੜ੍ਹੇ ਹੋ ਗਏ ਹਨ। ਸੁੱਖੇ ਦੇ ਰਿਸ਼ਤੇਦਾਰਾਂ ਨੇ ਪੁਲਿਸ 'ਤੇ ਹਮਲਾਵਰਾਂ ਨਾਲ ਮਿਲੇ ਹੋਣ ਦੇ ਦੋਸ਼ ਲਾਏ ਹਨ।

ਪੰਜਾਬ ਵਿਚ ਅਜਿਹੀ ਘਟਨਾ ਕੋਈ ਨਹੀਂ ਹੈ। ਅਜੇ ਕੁਝ ਦਿਨਾਂ ਪਹਿਲਾਂ ਹੀ ਬਠਿੰਡਾ ਦੇ ਥਾਣੇ ਦੇ ਗੇਟ ਉਪਰ ਅਕਾਲੀ ਕਹਾਉਂਦੇ ਗਰੋਹ ਵਲੋਂ ਸ਼ਰੇਆਮ ਗੋਲੀਆਂ ਚਲਾ ਕੇ ਪੁਲਿਸ ਮੁਲਾਜ਼ਮਾਂ ਨੂੰ ਜ਼ਖ਼ਮੀ ਕਰ ਦਿੱਤਾ। ਜਲੰਧਰ ਵਿਚ ਕੁਝ ਸਮਾਂ ਪਹਿਲਾਂ ਦਲਜੀਤ ਭਾਨਾ ਨਾਂ ਦੇ ਮੁਲਜ਼ਮ ਨੇ ਸ਼ਰੇਆਮ ਆਪਣੇ ਵਿਰੁਧ ਭੁਗਤਣ ਵਾਲੇ ਦੋ ਗਵਾਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸੇ ਭਾਨੇ ਨੇ ਹੁਣ ਫੇਸਬੁੱਕ ਉਪਰ ਸੁੱਖਾ ਕਾਹਲਵਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਛੇਤੀ ਹੀ ਬਦਲਾ ਲੈਣ ਦਾ ਐਲਾਨ ਕੀਤਾ ਹੈ। ਕਈ ਵਾਰਦਾਤਾਂ ਦਾ ਮੁਲਜ਼ਮ ਸੁੱਖਾ ਕਾਹਲਵਾਂ ਕੇਂਦਰੀ ਜੇਲ੍ਹ ਕਪੂਰਥਲਾ ਵਿਚ ਬੰਦ ਸੀ। ਉਥੇ ਉਹ ਫੇਸਬੁੱਕ ਚਲਾਉਂਦਾ ਸੀ ਤੇ ਉਸ ਵਲੋਂ ਕਿਸੇ ਹੋਰ ਕੈਦੀ ਦੀ ਕੁੱਟਮਾਰ ਦੀ ਇਕ ਵੀਡੀਓ ਬਾਹਰ ਆਉਣ ਨਾਲ ਇਹ ਗੱਲ ਵੀ ਸਾਹਮਣੇ ਆਈ ਕਿ ਜੇਲ੍ਹ ਅੰਦਰ ਮੋਬਾਈਲ ਵਰਤੇ ਜਾਂਦੇ ਹਨ। ਸੁੱਖਾ ਕਾਹਲਵਾਂ ਨੂੰ ਇਥੋਂ ਉਚ ਸੁਰੱਖਿਆ ਜੇਲ੍ਹ ਨਾਭਾ ਵਿਚ ਤਾਂ ਬਦਲ ਦਿੱਤਾ ਗਿਆ ਪਰ ਉਸ ਦੀ ਫੇਸਬੁੱਕ 'ਤੇ ਅਪਡੇਟ ਜਾਰੀ ਰਹੀ।

### ਸੁੱਖਾ ਕਾਹਲਵਾਂ ਦੀ ਹੱਤਿਆ ਪਿੱਛੋਂ ਪੁਲਿਸ ਕਟਹਿਰੇ 'ਚ



### ਸਿਆਸੀ ਪਾਰਟੀਆਂ ਦੇ ਦਫਤਰ ਬਣੇ ਥਾਣੇ

ਲੰਬੇ ਸਮੇਂ ਤੋਂ ਫੀਲਡ ਵਿਚ ਕੰਮ ਕਰਦੇ ਆ ਰਹੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਥਾਣਿਆਂ ਦੀ ਹਾਲਤ ਇਸ ਸਮੇਂ ਬੇਹੱਦ ਨਿੱਘਰ ਚੁੱਕੀ ਹੈ। ਮਾੜੇ ਅਨਸਰਾਂ ਨੂੰ ਨੱਥ ਪਾਉਣ ਲਈ ਕੋਈ ਥਾਣੇਦਾਰ ਜੁਅੱਰਤ ਘੱਟ ਹੀ ਰੱਖਦਾ ਹੈ। ਇਸ ਦਾ ਵੱਡਾ ਕਾਰਨ ਹੈ ਕਿ ਸਾਰੇ ਥਾਣੇਦਾਰ ਹਲਕਾ ਇੰਚਾਰਜਾਂ ਦੇ ਕਹਿਣ ਉਪਰ ਹੀ ਲਗਾਏ ਜਾਂਦੇ ਹਨ। ਅੱਗੋਂ ਹਰ ਹਲਕਾ ਇੰਚਾਰਜ ਵੋਟ ਖਰਾਬ ਹੋਣ ਦੇ ਡਰੋਂ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਨ ਤੋਂ ਸੰਕੋਚ ਕਰਨ ਲਈ ਹੀ ਆਖਦਾ ਹੈ। ਅਜਿਹੀ ਸਥਿਤੀ ਵਿਚ ਥਾਣਿਆਂ ਦੀ ਹਾਲਤ ਸਿਆਸੀ ਪਾਰਟੀਆਂ ਦੇ ਦਫ਼ਤਰਾਂ ਵਰਗੀ ਬਣ ਗਈ ਹੈ। ਹਰ ਥਾਣੇਦਾਰ ਦੀ ਕੋਸ਼ਿਸ਼ ਸੀਨੀਅਰ ਪੁਲਿਸ ਅਧਿਕਾਰੀ ਦੀ ਥਾਂ ਆਪਣੇ ਸਿਆਸੀ ਸ਼ਰਨਹਾਰ ਨੂੰ ਖੁਸ਼ ਕਰਨ ਦੀ ਹੀ ਰਹਿੰਦੀ ਹੈ। ਪੁਲਿਸ ਅਧਿਕਾਰੀਆਂ ਅੰਦਰ ਅਹੁਦੇ ਉਪਰ ਟਿਕੇ ਰਹਿਣ ਬਾਰੇ ਪਾਈ ਜਾਣ ਵਾਲੀ ਬੇਯਕੀਨੀ ਵੀ ਪੁਲਿਸ ਦੀ ਕਾਰਗੁਜ਼ਾਰੀ ਨੂੰ ਉਲਟੇ ਰੁੱਖ ਪ੍ਰਭਾਵਿਤ ਕਰਦੀ ਹੈ। ਪੰਜਾਬ ਅੰਦਰ 70% ਜ਼ਿਲ੍ਹਾ ਪੁਲਿਸ ਮੁਖੀ ਇਕ ਸਾਲ ਤੋਂ ਪਹਿਲਾਂ ਹੀ ਫਾਰਗ ਹੁੰਦੇ ਆ ਰਹੇ ਹਨ।

## ਅਕਾਲੀ ਦਲ ਅੰਮ੍ਰਿਤਸਰ ਅਤੇ ਦਲ ਖਾਲਸਾ ਵਲੋਂ ਮੂਲ ਨਾਨਕਸਾਹੀ ਕੈਲੰਡਰ ਰਿਲੀਜ਼



**ਹੇਵਰਡ (ਬਿਊਰੋ):** ਅਕਾਲੀ ਦਲ ਅੰਮ੍ਰਿਤਸਰ ਦੀ ਕੈਲੀਫੋਰਨੀਆ ਇਕਾਈ ਅਤੇ ਦਲ ਖਾਲਸਾ ਵਲੋਂ ਮੂਲ ਨਾਨਕਸਾਹੀ ਕੈਲੰਡਰ ਇਥੇ ਪਿਛਲੇ ਦਿਨੀਂ ਰਿਲੀਜ਼ ਕੀਤਾ ਗਿਆ। ਨਾਨਕਸਾਹੀ ਕੈਲੰਡਰ ਜੋ ਪੰਜਾਬ 'ਚ ਪਾਰਟੀ ਵਲੋਂ ਛਪਵਾਇਆ ਤੇ ਵੰਡਿਆ ਗਿਆ ਸੀ, ਨੂੰ ਸ. ਤਰਸੇਮ ਸਿੰਘ ਟੂਲੇਰੀ ਅਤੇ ਰਮਿੰਦਰਜੀਤ ਸਿੰਘ ਮਿੰਟੂ ਦੇ ਯਤਨਾਂ ਨਾਲ ਅਮਰੀਕਾ ਵਿਚ ਰਿਲੀਜ਼ ਕੀਤਾ ਗਿਆ।

ਹੇਵਰਡ ਵਿਚ ਹੋਏ 'ਧੀਆਂ ਦੀ ਲੋਹੜੀ' ਪ੍ਰੋਗਰਾਮ ਦੌਰਾਨ ਕੈਲੰਡਰ ਰਿਲੀਜ਼ ਕਰਨ ਉਪਰੰਤ ਦਲ ਖਾਲਸਾ ਵਲੋਂ ਸ. ਸਿਮਰਨਜੀਤ ਸਿੰਘ ਮਾਨ ਨੂੰ 'ਇੰਟਰਨੈਸ਼ਨਲ ਪੀਸ ਐਵਾਰਡ' ਵੀ ਦਿੱਤਾ ਗਿਆ ਜੋ ਪਾਰਟੀ ਦੀ ਕੈਲੀਫੋਰਨੀਆ ਇਕਾਈ ਦੇ ਅਹੁਦੇਦਾਰਾਂ ਨੇ ਪ੍ਰਾਪਤ ਕੀਤਾ। ਇਸ ਮੌਕੇ ਸ. ਪਰਮਜੀਤ ਸਿੰਘ ਦਾਖਾ ਨੇ ਕਿਹਾ ਕਿ ਸ. ਮਾਨ ਹੀ ਪੰਜਾਬ ਵਿਚ ਇਕੋ ਇਕ ਆਗੂ ਹਨ ਜੋ ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਦਲ ਖਾਲਸਾ ਹਮੇਸਾ ਵਾਂਗ ਸ. ਮਾਨ ਦੇ ਨਾਲ ਹੈ।

ਇਸ ਮੌਕੇ ਸ. ਤਰਸੇਮ ਸਿੰਘ ਨੇ ਜਿਥੇ ਪਾਰਟੀ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਸੰਗਤਾਂ ਨੂੰ ਦਿੱਤੀ, ਉਥੇ ਸ. ਦਾਖਾ ਦੇ ਯਤਨਾਂ ਨਾਲ ਧੀਆਂ ਦੀ ਲੋਹੜੀ ਮਨਾਏ ਜਾਣ ਉਤੇ ਵਧਾਈ ਵੀ ਦਿੱਤੀ। ਇਸ ਮੌਕੇ ਜਸਵੀਰ ਸਿੰਘ ਤੱਖਰ, ਕੁਲਦੀਪ ਸਿੰਘ ਢੀਂਡਸਾ, ਬਲਜੀਤ ਸਿੰਘ, ਹਰਜਿੰਦਰ ਸਿੰਘ, ਗੁਰਬੀਰ ਸਿੰਘ, ਸੁਖਰਾਜ ਸਿੰਘ, ਸੁਖਜਿੰਦਰ ਸਿੰਘ ਗਿੱਲ ਅਤੇ ਜਸਪਿੰਦਰ ਸਿੰਘ ਮੱਲ੍ਹੀ ਵੀ ਹਾਜ਼ਰ ਸਨ। ਨਾਨਕਸ਼ਾਹੀ ਕੈਲੰਡਰ ਲੈਣ ਲਈ ਸ. ਤਰਸੇਮ ਸਿੰਘ ਨਾਲ ਫੋਨ: 559-331-1326 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਤਖਤ ਦਮਦਮਾ ਸਾਹਿਬ ਦੇ ਜਥੇਦਾਰ ਨੇ ਸੇਵਾ ਸੰਭਾਲੀ

**ਤਲਵੰਡੀ ਸਾਬੋ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਿਯੁਕਤ ਕੀਤੇ ਗਏ ਵਧੀਕ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਵਜੋਂ ਜ਼ਿੰਮੇਵਾਰੀ ਸੰਭਾਲ ਲਈ ਹੈ। ਗੁਰ ਮਰਿਆਦਾ ਅਨੁਸਾਰ ਤਖ਼ਤ ਸਾਹਿਬ ਵਿਖੇ ਕੀਤੇ ਗਏ ਤਾਜਪੋਸ਼ੀ ਸਮਾਗਮ ਦੌਰਾਨ ਉਨ੍ਹਾਂ ਦਾ ਜਥੇਦਾਰ ਵਜੋਂ ਨਾਂ ਦਾ ਐਲਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੀਤਾ ਜਿਸ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਕੀਤਾ।



ਇਸ ਤੋਂ ਬਾਅਦ ਤਾਜਪੋਸ਼ੀ ਦੀ ਰਸਮ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਭਾਈ ਜਗਤਾਰ ਸਿੰਘ ਅਕਾਲ, ਗਿਆਨੀ ਗੁਰਬਚਨ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਨਿਭਾਈ। ਗਿਆਨੀ ਗੁਰਮੁੱਖ ਸਿੰਘ ਸ੍ਰੀ ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਵਧੀਕ ਜਥੇਦਾਰ ਦੀਆਂ ਸੇਵਾਵਾਂ ਨਾਲੋ-ਨਾਲ ਨਿਭਾਉਣਗੇ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply



Gurdip Singh Sandhu

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)




# ਬਾਦਲ ਪਰਿਵਾਰ ਨੂੰ ਸਿੱਖਾਂ ਦੀਆਂ ਸਮੱਸਿਆਵਾਂ ਦੀ ਜੜ੍ਹ ਦੱਸਿਆ

## ਸਿੱਖ ਜਥੇਬੰਦੀਆਂ ਨੇ ਹਵਾਰਾ ਵਲੋਂ ਜਾਰੀ ਪੱਤਰ ਦੀ ਕੀਤੀ ਪ੍ਰੋੜ੍ਹਤਾ

## ਬਾਦਲ ਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਨੂੰ ਚੱਲਦਾ ਕਰਨ ਲਈ ਰਣਨੀਤੀ ਤੈਅ

**ਚੰਡੀਗੜ੍ਹ:** ਬੇਅੰਤ ਸਿੰਘ ਹੱਤਿਆ ਕਾਂਡ ਦੇ ਮਾਮਲੇ ਵਿਚ ਤਿਹਾੜ ਜੇਲ੍ਹ ਦਿੱਲੀ ਵਿਚ ਉਮਰ ਕੈਦ ਭੋਗ ਰਹੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਜਗਤਾਰ ਸਿੰਘ ਹਵਾਰਾ ਨੇ ਇਕ ਪੱਤਰ ਜਾਰੀ ਕਰਕੇ ਦੋਸ਼ ਲਾਇਆ ਹੈ ਕਿ ਸਿੱਖ ਕੌਮ ਨੂੰ ਦਰਪੇਸ਼ ਸਮੱਸਿਆਵਾਂ ਲਈ ਮੌਜੂਦਾ ਸਿੱਖ ਲੀਡਰਸ਼ਿਪ ਜ਼ਿੰਮੇਵਾਰ ਹੈ। ਪੰਜਾਬ ਤੇ ਹਰਿਆਣੇ ਦੀਆਂ ਵੱਖ-ਵੱਖ ਸਿੱਖ ਸੰਸਥਾਵਾਂ ਨੇ ਇਥੇ ਗੁਰਦੁਆਰਾ ਸ਼ਾਹਪੁਰ (ਸੈਕਟਰ-38) ਵਿਚ ਮੀਟਿੰਗ ਕਰਕੇ ਹਵਾਰਾ ਵਲੋਂ ਜਾਰੀ ਕੀਤੇ ਪੱਤਰ ਦੀ ਪ੍ਰੋੜ੍ਹਤਾ ਕੀਤੀ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਨੂੰ ਚੱਲਦਾ ਕਰਨ ਦਾ ਟੀਚਾ ਮਿਥਿਆ।



ਪੱਤਰ ਅਨੁਸਾਰ ਪੰਜਾਬ ਨਸ਼ਿਆਂ ਵਿਚ ਧਸ ਰਿਹਾ ਹੈ, ਸਿੱਖ ਨੌਜਵਾਨ ਪਤਿਤ ਹੋ ਰਹੇ ਹਨ, ਸੱਭਿਆਚਾਰ ਦੇ ਨਾਂ ਹੇਠ ਨੰਗੇ ਨਾਚ ਕੀਤੇ ਜਾ ਰਹੇ ਹਨ, ਸੱਚੇ ਸੌਦੇ ਵਰਗੇ ਡੇਰੇ ਪਸਰ ਰਹੇ ਹਨ, ਧਰਮ ਤਬਦੀਲੀ ਦੀ ਮੁਹਿੰਮ ਚੱਲ ਰਹੀ ਹੈ ਤੇ ਸਿੱਖਾਂ 'ਤੇ ਆਰ.ਐਸ.ਐਸ. ਦੇ ਫ਼ੈਸਲੇ ਥੋਪੇ ਜਾ ਰਹੇ ਹਨ। ਪੱਤਰ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਸਿੱਖ ਕੌਮ ਨੂੰ ਨਿਗਲਣ ਲਈ ਆਰ.ਐਸ.ਐਸ. ਤੇ ਖ਼ੁਫ਼ੀਆ ਏਜੰਸੀਆਂ ਪੂਰੇ ਭਾਰਤ ਵਿਚ ਭਾਜਪਾ ਨੂੰ ਵਾਗਡੋਰ ਸੌਂਪਣ ਲਈ ਯਤਨਸ਼ੀਲ ਹਨ ਜਿਸ ਲਈ ਪੂਰੀ ਤਰ੍ਹਾਂ ਬਾਦਲ ਪਰਿਵਾਰ ਜ਼ਿੰਮੇਵਾਰ ਹੈ। ਮੀਟਿੰਗ ਵਿਚ ਸ਼ਾਮਲ ਦਲ ਖ਼ਾਲਸਾ, ਪੰਚ ਪ੍ਰਧਾਨੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ, ਅਖੰਡ ਕੀਰਤਨੀ ਜਥਾ, ਗੁਰੂ ਆਸਰਾ ਟਰੱਸਟ ਆਦਿ ਦੇ ਪ੍ਰਤੀਨਿਧਾਂ, ਮਨੁੱਖੀ ਅਧਿਕਾਰ ਜਥੇਬੰਦੀਆਂ ਨਾਲ ਸਬੰਧਤ ਵਕੀਲਾਂ ਤੇ ਸਿੱਖ ਬੁੱਧੀਜੀਵੀਆਂ ਨੇ ਲੰਮੀ ਵਿਚਾਰ-ਚਰਚਾ ਦੌਰਾਨ ਦੋਸ਼ ਲਾਇਆ ਕਿ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੀ ਛਾਂਟੀ ਕਰਨ, ਸੰਵਿਧਾਨ ਦੀ ਧਾਰਾ 25-ਬੀ, ਬੰਦੀ ਸਿੱਖਾਂ ਦੀ ਰਿਹਾਈ ਤੇ ਨਾਨਕਸ਼ਾਹੀ ਕੈਲੰਡਰ ਦੇ ਮੁੱਦਿਆਂ ਲਈ ਬਾਦਲ ਸਰਕਾਰ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੈ। ਮੌਜੂਦਾ ਲੀਡਰਸ਼ਿਪ ਸਿੱਖ ਸਿਧਾਂਤਾਂ ਤੋਂ ਮੂੰਹ ਫੇਰ ਗਈ ਹੈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦਾ ਅਕਸ ਨਿਖਾਰਨ ਦੀ ਥਾਂ ਵਿਗਾੜ ਰਹੀ ਹੈ। ਇਸ ਕਾਰਨ ਮੌਜੂਦਾ ਲੀਡਰਸ਼ਿਪ ਨੂੰ ਬਦਲੇ ਬਿਨਾਂ ਸਿੱਖ ਕੌਮ ਦੀਆਂ ਸਮੱਸਿਆਵਾਂ ਦਾ ਹੱਲ ਕੱਢਣਾ ਸੰਭਵ ਨਹੀਂ ਹੈ। ਬੁਲਾਰਿਆਂ ਨੇ ਕਿਹਾ ਕਿ ਇਸ ਮੌਕੇ ਜਿਥੇ ਪ੍ਰਕਾਸ਼ ਸਿੰਘ ਬਾਦਲ ਸਰਕਾਰ 'ਤੇ ਕਾਬਜ਼ ਹਨ ਉਥੇ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਉਨ੍ਹਾਂ ਦੇ ਇਸ਼ਾਰਿਆਂ 'ਤੇ ਹੀ ਚੱਲਦੀ ਹੈ।

ਇਸ ਲਈ ਸਿੱਖ ਕੌਮ ਦੀਆਂ ਸਮੁੱਚੀਆਂ ਸਮੱਸਿਆਵਾਂ ਲਈ ਸਿੱਧੇ ਤੌਰ 'ਤੇ ਸ੍ਰੀ ਬਾਦਲ ਜ਼ਿੰਮੇਵਾਰ ਹਨ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਸ੍ਰੀ ਬਾਦਲ ਸਿਰਫ਼ ਆਪਣੇ ਪਰਿਵਾਰ ਦੀ ਸੱਤਾ ਦੀ ਭੁੱਖ ਨੂੰ ਦੂਰ ਕਰਨ ਲਈ ਹੀ ਯਤਨਸ਼ੀਲ ਹਨ। ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਵਕੀਲ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਹਵਾਰਾ ਦੇ ਪੱਤਰ ਨੂੰ ਪ੍ਰਵਾਨ ਕਰਦਿਆਂ ਸਮੂਹ ਸਿੱਖ ਜਥੇਬੰਦੀਆਂ ਨੇ ਏਕੇ ਦੇ ਰਾਹ ਪੈਣ ਦਾ ਫ਼ੈਸਲਾ ਲਿਆ ਹੈ।

ਇਸ ਤਹਿਤ ਮੀਟਿੰਗਾਂ ਦਾ ਦੌਰ ਛੱਡ ਕੇ ਪਿੰਡ-ਪਿੰਡ ਵਿਚ ਪੰਥਕ ਸੈਮੀਨਰ ਕਰਵਾਏ ਜਾਣਗੇ। ਇਸ ਦਾ ਮੁੱਢ ਦੋ ਫਰਵਰੀ ਨੂੰ ਪਿੰਡ ਮੈਣਮਾਜਰੀ (ਫ਼ਤਹਿਗੜ੍ਹ ਸਾਹਿਬ) ਵਿਚ ਸੈਮੀਨਰ ਕਰਕੇ ਬੰਨ੍ਹਿਆ ਜਾਵੇਗਾ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਕੱਤਰ ਜਨਰਲ ਜਸਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪੰਥਕ ਏਕੇ ਦੇ ਹਾਮੀ ਹਨ ਤੇ ਪੰਥਕ ਪਾਰਲੀਮੈਂਟ ਬੋਰਡ ਬਣਾ ਕੇ ਚੋਣਾਂ ਦੌਰਾਨ ਬਾਦਲ ਦਲ ਵਿਰੁਧ ਸਾਂਝੇ ਉਮੀਦਵਾਰ ਉਤਾਰਨ ਦੀ ਰਣਨੀਤੀ ਬਣਾਉਣੀ ਚਾਹੀਦੀ ਹੈ। ਮੀਟਿੰਗ ਵਿਚ ਹਰਿਆਣਾ ਤੋਂ ਜਗਦੀਸ਼ ਸਿੰਘ ਝੀਂਡਾ, ਜੋਗਾ ਸਿੰਘ, ਸਵਰਨ ਸਿੰਘ ਰਤੀਆ, ਮਹਿੰਦਰ ਸਿੰਘ, ਮਨਮੋਹਨ ਸਿੰਘ ਤੇ ਹਰਮਨਪ੍ਰੀਤ ਸਿੰਘ ਅਤੇ ਸਾਬਕਾ ਆਈ.ਏ.ਐਸ. ਗੁਰਤੇਜ ਸਿੰਘ, ਗੁਰਦਰਸ਼ਨ ਸਿੰਘ ਗਰੇਵਾਲ, ਸਤਨਾਮ ਸਿੰਘ ਪਾਉਂਟਾ ਸਾਹਿਬ ਆਦਿ ਹਾਜ਼ਰ ਸਨ।

# ਸਿੱਖ ਜਰਨੈਲਾਂ ਦੇ ਚੋਰੀ ਹੋਏ ਸੱਤ ਖੰਜਰ ਬਰਾਮਦ

**ਅੰਮ੍ਰਿਤਸਰ:** ਇਤਿਹਾਸਕ ਰਾਮ ਬਾਗ਼ ਸਥਿਤ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਵਿਚੋਂ ਚੋਰੀ ਹੋਏ ਸੱਤ ਇਤਿਹਾਸਕ ਖੰਜਰ ਮਿਲ ਗਏ ਹਨ। ਇਨ੍ਹਾਂ ਨੂੰ ਇਕ ਔਰਤ ਰੁਮਾਲੇ ਵਿਚ ਲਪੇਟ ਕੇ ਗੁਰਦੁਆਰਾ ਰਾਮਸਰ ਵਿਚ ਰੱਖ ਗਈ। ਇਹ ਖੰਜਰ 11 ਜਨਵਰੀ ਨੂੰ ਪੈਨੋਰਮਾ ਵਿਚੋਂ ਚੋਰੀ ਹੋ ਗਏ ਸਨ। ਇਹ ਖੰਜਰ ਸਿੱਖ ਰਾਜ ਨਾਲ ਸਬੰਧਤ ਹਨ, ਜੋ ਸਿੱਖ ਜਰਨੈਲਾਂ ਵਲੋਂ ਵਰਤੇ ਗਏ ਸਨ। ਖੰਜਰਾਂ ਦੀਆਂ ਹੱਥੀਆਂ ਹਾਥੀ ਦੰਦ ਦੀਆਂ ਬਣੀਆਂ ਹੋਈਆਂ ਹਨ ਤੇ ਇਨ੍ਹਾਂ ਦੀ ਲੰਬਾਈ ਇਕ ਫੁੱਟ ਤੋਂ ਵਧੇਰੇ ਹੈ। ਇਨ੍ਹਾਂ ਦੇ ਡਿਜ਼ਾਇਨ ਮੁਗਲ ਕਾਲ ਨਾਲ ਸਬੰਧਤ ਹਨ।



ਗੁਰਦੁਆਰਾ ਰਾਮਸਰ ਵਿਚ ਜਿਸ ਵੇਲੇ ਰਹਿਰਾਸ ਦਾ ਪਾਠ ਚੱਲ ਰਿਹਾ ਸੀ ਤਾਂ ਔਰਤ ਰੁਮਾਲੇ ਵਿਚ ਲਪੇਟੇ ਖੰਜਰ ਰੱਖ ਕੇ ਚਲੀ ਗਈ। ਗ੍ਰੰਥੀ ਨੇ ਪਾਠ ਸਮਾਪਤ ਹੋਣ ਮਗਰੋਂ ਜਦੋਂ ਰੁਮਾਲਾ ਖੋਲ੍ਹ ਕੇ ਦੇਖਿਆ ਤਾਂ ਉਸ ਨੇ ਤੁਰੰਤ ਸ਼੍ਰੋਮਣੀ ਕਮੇਟੀ ਸਕੱਤਰ ਮਨਜੀਤ ਸਿੰਘ ਨੂੰ ਇਤਲਾਹ ਦਿੱਤੀ। ਜਿਸ ਮਗਰੋਂ ਖੰਜਰ ਪੁਲਿਸ ਨੂੰ ਸੌਂਪ ਦਿੱਤੇ। ਇਹ ਔਰਤ ਇਕ ਪੱਤਰ ਵੀ ਛੱਡ ਗਈ, ਜਿਸ ਵਿਚ ਲਿਖਿਆ ਹੈ ਕਿ ਖੰਜਰ ਚੋਰੀ ਦੇ ਮਾਮਲੇ ਵਿਚ ਕਿਸੇ ਕਰਮਚਾਰੀ ਦਾ ਹੱਥ ਨਹੀਂ ਹੈ ਤੇ ਇਨ੍ਹਾਂ ਪੁਰਾਤਨ ਸ਼ਸਤਰਾਂ ਨੂੰ ਵੀ.ਆਈ.ਪੀ. ਗੈਲਰੀ ਦੀ ਥਾਂ ਆਮ ਗੈਲਰੀ ਵਿਚ ਪ੍ਰਦਰਸ਼ਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕ ਇਨ੍ਹਾਂ ਨੂੰ ਦੇਖ ਸਕਣ। ਗੁਰਦੁਆਰੇ ਵਿਚ ਸੀ.ਸੀ.ਟੀ.ਵੀ. ਕੈਮਰੇ ਨਾ ਹੋਣ ਕਾਰਨ ਇਸ ਔਰਤ ਦੀ ਸ਼ਨਾਖਤ ਨਹੀਂ ਹੋ ਸਕੀ। ਇਸ ਬਾਰੇ ਪੁਲਿਸ ਦੇ ਡਿਪਟੀ ਕਮਿਸ਼ਨਰ ਬਿਕਰਮਪਾਲ ਸਿੰਘ ਭੱਟੀ ਦਾ ਕਹਿਣਾ ਹੈ ਕਿ ਪੁਲਿਸ ਵਲੋਂ ਖੰਜਰ ਰੱਖ ਕੇ ਜਾਣ ਵਾਲੀ ਔਰਤ ਦੀ ਸ਼ਨਾਖਤ ਲਈ ਯਤਨ ਕੀਤੇ ਜਾ ਰਹੇ ਹਨ।

# ਆਸਟਰੇਲੀਆ ਵਿਚ ਔਰਤਾਂ 'ਤੇ ਜ਼ੁਲਮ ਵਧੇ

**ਸਿਡਨੀ:** ਆਸਟਰੇਲੀਆ ਵਿਚ ਔਰਤਾਂ 'ਤੇ ਜ਼ੁਲਮ ਵਿਚ ਅਥਾਹ ਵਾਧਾ ਹੋਇਆ ਹੈ। ਨਵੇਂ ਵਰ੍ਹੇ ਦੇ ਸ਼ੁਰੂਆਤੀ ਦਿਨਾਂ ਦੌਰਾਨ ਹੀ ਚਾਰ ਔਰਤਾਂ, ਜਿਨ੍ਹਾਂ ਵਿਚੋਂ ਇਕ ਭਾਰਤੀ ਮੂਲ ਦੀ ਹੈ, ਦਾ ਕਤਲ ਹੋ ਗਿਆ। ਪੁਲਿਸ ਅਨੁਸਾਰ ਇਨ੍ਹਾਂ ਕਤਲਾਂ ਦਾ ਮੁੱਖ ਕਾਰਨ ਇਕ-ਦੂਜੇ ਪ੍ਰਤੀ ਬੇਵਿਸ਼ਵਾਸੀ, ਜਿਨਸੀ ਤੇ ਘਰੇਲੂ ਹਿੰਸਾ ਹੈ। ਔਰਤਾਂ ਦੀ ਭਲਾਈ ਲਈ ਕੰਮ ਕਰਦੇ ਸੰਗਠਨਾਂ ਨੇ ਇਨ੍ਹਾਂ ਕਤਲਾਂ ਦੀ ਨਿੰਦਾ ਕਰਦਿਆਂ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਔਰਤਾਂ ਦੀ ਰਾਖੀ ਲਈ ਸਖਤ ਕਾਨੂੰਨ ਲਿਆਵੇ ਤੇ ਭਾਈਚਾਰਿਆਂ ਵਿਚ ਆਪਸੀ ਸਾਂਝ ਤੇ ਇਕਸੁਰਤਾ ਵਧਾਉਣ ਲਈ ਮੁਹਿੰਮ ਚਲਾਏ।

17 ਜਨਵਰੀ ਨੂੰ ਸਿਡਨੀ ਦੇ ਅਰਧ ਸ਼ਹਿਰੀ ਖੇਤਰ ਓਬਨ ਦੀ ਕਾਰ ਪਾਰਕਿੰਗ ਵਿਚ ਲੀਲਾ ਆਲਵਿਨ (25) ਦੀ ਲਾਸ਼ ਮਿਲੀ ਸੀ। ਉਸ ਦੇ ਗਲੇ ਉਪਰ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ। ਪੁਲਿਸ ਨੇ ਮੁਢਲੀ ਪੜਤਾਲ ਦੌਰਾਨ ਉਸ ਦੇ ਸਾਬਕਾ ਪਤੀ ਨੂੰ ਹਿਰਾਸਤ ਵਿਚ ਲਿਆ ਹੈ। ਭਾਰਤੀ ਮੂਲ ਦੀ ਨਿਕਿਤਾ ਚਾਵਲਾ (23) ਦਾ ਰਸੋਈ ਵਿਚ ਵਰਤੇ ਜਾਂਦੇ ਚਾਕੂ ਨਾਲ 9 ਜਨਵਰੀ ਨੂੰ ਕਤਲ ਕੀਤਾ ਗਿਆ ਹੈ। ਪੁਲਿਸ ਨੇ ਇਸ ਮਾਮਲੇ ਵਿਚ ਉਸ ਦੇ ਪਤੀ ਪਰਮਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਅਨੁਸਾਰ ਇਹ ਕਤਲ ਇਕ-ਦੂਜੇ ਪ੍ਰਤੀ ਬੇਵਿਸ਼ਵਾਸੀ ਕਾਰਨ ਹੋਇਆ। ਦੋ ਹੋਰ ਔਰਤਾਂ ਦੇ ਕਤਲਾਂ ਬਾਰੇ ਪੁਲਿਸ ਨੂੰ ਸ਼ੱਕ ਹੈ ਕਿ ਇਹ ਕਤਲ ਉਨ੍ਹਾਂ ਦੇ ਸਾਬਕਾ ਜਾਂ ਮੌਜੂਦਾ ਪਤੀਆਂ ਵਲੋਂ ਕੀਤੇ ਗਏ ਹਨ।

ਪ੍ਰਾਂਤ ਨਿਊ ਸਾਊਥ ਵੇਲਜ਼ ਵਿਚ ਘਰੇਲੂ ਹਿੰਸਾ ਤੇ ਔਰਤਾਂ ਉਪਰ ਅੱਤਿਆਚਾਰ ਰੋਕਣ ਲਈ ਬਣੇ ਫੋਰਮ ਦੀ ਮੁੱਖ ਕਾਰਜਕਾਰੀ ਅਧਿਕਾਰੀ ਮੋ ਬਾਲਚ ਅਨੁਸਾਰ ਆਸਟਰੇਲੀਆ ਭਰ ਵਿਚ ਹਰ ਹਫਤੇ ਇਕ ਔਰਤ/ਲੜਕੀ ਦਾ ਕਤਲ ਹੋ ਰਿਹਾ ਹੈ।

ਪੁਲਿਸ ਕੋਲ ਪਿਛਲੇ ਸਾਲ ਇਕ ਲੱਖ 20 ਹਜ਼ਾਰ ਸ਼ਿਕਾਇਤਾਂ ਔਰਤਾਂ ਨਾਲ ਹੋ ਰਹੀ ਘਰੇਲੂ ਹਿੰਸਾ ਬਾਰੇ ਪੁੱਜੀਆਂ ਸਨ। ਉਨ੍ਹਾਂ ਕਿਹਾ ਕਿ ਪੀੜਤਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਤੇ ਪਰਿਵਾਰਾਂ ਵਿਚ ਆਪਸੀ ਸਾਂਝ ਵਧਾਉਣ ਲਈ ਸਰਕਾਰ ਨੂੰ ਸੁਹਿਰਦ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਫੈਡਰਲ ਸਰਕਾਰ ਦੇ ਅਗਲੇ ਚਾਰ ਸਾਲ ਲਈ 43 ਮਿਲੀਅਨ ਡਾਲਰ ਦੀ ਫੰਡਿੰਗ ਕਟੌਤੀ ਦੀ ਨੀਤੀ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਇਨ੍ਹਾਂ ਫੰਡਾਂ ਨਾਲ ਪੀੜਤਾਂ ਨੂੰ ਕਾਨੂੰਨੀ ਸਹਾਇਤਾ ਤੇ ਸੇਵਾਵਾਂ ਦਿੱਤੀਆਂ ਜਾਂਦੀਆਂ ਸਨ।

ਉਧਰ ਸਰਕਾਰ ਦੇ ਅਟਾਰਨੀ ਜਨਰਲ ਬ੍ਰੈਡ ਹਜਾਰਡ ਦਾ ਕਹਿਣਾ ਹੈ ਕਿ ਸਰਕਾਰ ਅਨੁਸੂਚਿਤ ਕਰੇਗੀ ਕਿ ਔਰਤਾਂ ਉਪਰ ਹੋ ਰਹੇ ਜ਼ੁਲਮਾਂ ਨੂੰ ਰੋਕਿਆ ਜਾਵੇ।

## ਪੈਟਰੋਲ ਸਸਤਾ, ਪੀਣ ਵਾਲਾ ਪਾਣੀ ਮਹਿੰਗਾ

**ਸਿਡਨੀ:** ਤੇਲ ਦੀਆਂ ਕੀਮਤਾਂ ਵਿਚ ਆਈ ਗਿਰਾਵਟ ਕਾਰਨ ਆਸਟਰੇਲੀਆ ਵਿਚ ਵਾਹਨਾਂ ਲਈ ਵਰਤਿਆ ਜਾਂਦਾ ਪੈਟਰੋਲ ਪਿਛਲੇ ਦਸ ਸਾਲਾਂ ਨਾਲੋਂ ਵੀ ਅੱਧੀ ਕੀਮਤ 96 ਸੈਂਟ ਪ੍ਰਤੀ ਲਿਟਰ ਵਿਕ ਰਿਹਾ ਹੈ ਜੋ ਇਕ ਮਹੀਨਾ ਪਹਿਲਾਂ ਤਕਰੀਬਨ ਦੋ ਡਾਲਰ ਪ੍ਰਤੀ ਲਿਟਰ ਵਿਕ ਰਿਹਾ ਸੀ।

ਪੈਟਰੋਲ ਦੀ ਕੀਮਤ ਅੱਧ ਨਾਲੋਂ ਵੀ ਥੱਲੇ ਆਉਣ ਦੇ ਬਾਵਜੂਦ ਖੁਰਾਕੀ ਵਸਤਾਂ ਤੇ ਹੋਰ ਸਾਮਾਨ ਦੀਆਂ ਕੀਮਤਾਂ ਵਿਚ ਗਿਰਾਵਟ ਵੇਖਣ ਨੂੰ ਨਹੀਂ ਮਿਲ ਰਹੀ। ਪੀਣ ਵਾਲਾ ਸਾਫ ਪਾਣੀ ਤੇ ਸੋਫਟ ਡਰੀਕਸ ਕੋਕ, ਪੈਪਸੀ ਆਦਿ ਪੈਟਰੋਲ ਦੇ ਮੁਕਾਬਲੇ ਦੋ ਗੁਣਾਂ ਤੋਂ ਵੀ ਮਹਿੰਗੇ ਪ੍ਰਤੀ ਲਿਟਰ ਵਿਕ ਰਹੇ ਹਨ। ਪੀਣ ਵਾਲੇ ਪਾਣੀ ਤੇ ਕੋਕ ਦੀ ਬੋਤਲ, ਜੋ 600 ਮਿਲੀਲਿਟਰ ਦੀ ਹੁੰਦੀ ਹੈ, ਪ੍ਰਤੀ ਬੋਤਲ 2.30 ਡਾਲਰ ਦੇ ਰੇਟ 'ਤੇ ਵਿਕ ਰਹੀ ਹੈ। ਆਸਟਰੇਲੀਆ ਵਿਚ ਇਨ੍ਹੀਂ ਦਿਨੀਂ ਗਰਮੀ ਦੇ ਇਸ ਮੌਸਮ 'ਚ ਪੀਣ ਵਾਲੇ ਪਾਣੀ ਤੇ ਸੌਫਟ ਡਰਿੰਕਸ ਦੀ ਖਪਤ ਆਮ ਨਾਲੋਂ ਔਸਤ ਜ਼ਿਆਦਾ ਚੱਲ ਰਹੀ ਹੈ।

# ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਬਾਰੇ ਨੇਮਾਂ ਲਈ ਕਮੇਟੀ ਬਣਾਈ

**ਅੰਮ੍ਰਿਤਸਰ:** ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰਨ ਨਾਲ ਪੈਦੇ ਹੋਏ ਵਿਵਾਦ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਖ਼ਤਾਂ ਦੇ ਜਥੇਦਾਰਾਂ ਦੀ ਉਮਰ ਹੱਦ ਤੈਅ ਕਰਨ ਤੇ ਉਨ੍ਹਾਂ ਬਾਰੇ ਨਿਯਮ ਤੇ ਉਪ ਨਿਯਮ ਬਣਾਉਣ ਲਈ ਵਿਦਵਾਨਾਂ 'ਤੇ ਆਧਾਰਤ ਪੰਜ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ। ਪੰਥਕ ਜਥੇਬੰਦੀਆਂ ਲੰਮੇ ਸਮੇਂ ਤੋਂ ਮੰਗ ਕਰ ਰਹੀਆਂ ਸਨ ਕਿ ਤਖ਼ਤਾਂ ਦੇ ਜਥੇਦਾਰਾਂ ਨੂੰ ਲਾਉਣ ਤੇ ਹਟਾਉਣ, ਉਨ੍ਹਾਂ ਦੀ ਉਮਰ ਹੱਦ ਤੈਅ ਕਰਨ ਤੇ ਉਨ੍ਹਾਂ ਦੇ ਅਧਿਕਾਰ ਖੇਤਰ ਬਾਰੇ ਨਿਯਮ ਬਣਾਏ ਜਾਣ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਕਮੇਟੀ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ, ਡਾ. ਕਿਰਪਾਲ ਸਿੰਘ ਚੰਡੀਗੜ੍ਹ, ਡਾ. ਪ੍ਰਿਥੀਪਾਲ ਸਿੰਘ ਕਪੂਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਬਲਵੰਤ ਸਿੰਘ ਢਿੱਲੋਂ ਤੇ ਡਾ. ਬਲਕਾਰ ਸਿੰਘ ਪਟਿਆਲਾ ਸ਼ਾਮਲ ਹਨ।

ਉਧਰ ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਨਿਯਮ ਤਿਆਰ ਕਰਨ ਸਮੇਂ ਸਿੱਖ ਜਥੇਬੰਦੀਆਂ ਤੇ ਸ਼ਖਸੀਅਤਾਂ ਦੀ ਵੀ ਰਾਏ ਲਈ ਜਾਵੇ ਤਾਂ ਜੋ ਬਾਅਦ ਵਿਚ ਕੋਈ ਵਿਰੋਧ ਨਾ ਹੋਵੇ। ਇਸ ਬਾਰੇ ਕਮੇਟੀ ਮੈਂਬਰ ਤੇ ਸਿੱਖ ਵਿਦਵਾਨ ਡਾ. ਬਲਵੰਤ ਸਿੰਘ ਢਿੱਲੋਂ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਤਾਇਨਾਤ ਹਨ, ਨੇ ਆਖਿਆ ਕਿ ਉਹ ਇਸ ਹੱਕ ਵਿਚ ਹਨ ਕਿ ਇਨ੍ਹਾਂ ਉਚ ਪਦਵੀਆਂ 'ਤੇ ਤਾਇਨਾਤ ਸ਼ਖਸੀਅਤਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਆਦਿ ਬਾਰੇ ਨਿਯਮ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿਚ ਇਨ੍ਹਾਂ ਦੀ ਵਿਦਿਅਕ ਯੋਗਤਾ, ਤਜਰਬਾ, ਸੂਝ-ਬੂਝ, ਕਿਰਦਾਰ, ਅਗਵਾਈ ਕਰਨ ਦੀ ਸਮਰੱਥਾ ਆਦਿ ਸ਼ਾਮਲ ਕੀਤੇ ਜਾਣ ਤੇ ਇਨ੍ਹਾਂ ਨਿਯਮਾਂ ਦੇ ਆਧਾਰ 'ਤੇ ਹੀ ਭਵਿੱਖ ਵਿਚ ਇਨ੍ਹਾਂ ਉਚ ਪਦਵੀਆਂ 'ਤੇ ਜਥੇਦਾਰਾਂ ਦੀ ਨਿਯੁਕਤੀ ਹੋਵੇ। ਉਨ੍ਹਾਂ ਆਖਿਆ ਕਿ ਨਿਯਮ ਬਣਾਉਣ ਤੋਂ ਬਾਅਦ ਇਨ੍ਹਾਂ ਨੂੰ ਲਾਗੂ ਕਰਨਾ ਵੀ ਜ਼ਰੂਰੀ ਹੈ।

ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਇਹ ਮਾਮਲਾ ਕੌਮ ਦੇ ਆਗੂ ਦੀ ਚੋਣ ਨਾਲ ਜੁੜਿਆ ਹੋਇਆ ਹੈ, ਇਸ ਲਈ ਨਿਯਮ ਤੈਅ ਕਰਨ ਸਮੇਂ ਸਿੱਖ ਜਥੇਬੰਦੀਆਂ ਤੇ ਵਿਦਵਾਨਾਂ ਦੀ ਸਹਿਮਤੀ ਵੀ ਲਈ ਜਾਣੀ ਚਾਹੀਦੀ ਹੈ। ਜਥੇਦਾਰਾਂ ਦੀ ਨਿਯੁਕਤੀ ਲਈ ਸਿਰਫ ਇਕੱਲੇ ਸ਼੍ਰੋਮਣੀ ਕਮੇਟੀ ਕੋਲ ਹੀ ਹੱਕ ਨਾ ਹੋਣ ਸਗੋਂ ਜਥੇਦਾਰਾਂ ਦੀ ਨਿਯੁਕਤੀ ਪੰਥਕ ਤਰੀਕੇ ਨਾਲ ਸਮੂਹ ਰਜ਼ਾਮੰਦੀ ਨਾਲ ਹੋਵੇ। ਸ਼੍ਰੋਮਣੀ ਕਮੇਟੀ ਮੈਂਬਰ ਤੇ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੋਂ ਬਾਅਦ ਮੁੱਖ ਗ੍ਰੰਥੀ ਤੇ ਜਥੇਦਾਰ ਦਾ ਇਕੋ ਅਹੁਦਾ ਹੁੰਦਾ ਸੀ ਪਰ 1970 ਤੋਂ ਬਾਅਦ ਇਨ੍ਹਾਂ ਨੂੰ ਦੋ ਅਹੁਦਿਆਂ ਵਿਚ ਵੰਡ ਦਿੱਤਾ ਗਿਆ। ਇਹ ਵੰਡ 1980 ਵਿਚ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਕੀਤੀ ਗਈ ਸੀ ਜਿਸ ਨਾਲ ਇਨ੍ਹਾਂ ਦੋ ਅਹੁਦਿਆਂ ਨੂੰ ਲੈ ਕੇ ਭੰਬਲਭੂਸਾ ਬਣਿਆ ਰਿਹਾ।

ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆ ਨੇ ਆਖਿਆ ਕਿ ਕਮੇਟੀ ਨਿਯਮਾਂ ਦਾ ਖਰੜਾ ਤਿਆਰ ਕਰੇ ਤੇ ਇਸ ਨੂੰ ਸਿੱਖ ਜਥੇਬੰਦੀਆਂ ਦੀ ਸਹਿਮਤੀ ਲੈਣ ਲਈ ਸਿੱਖ ਸੰਗਤ ਵਿਚ ਵੰਡ ਦਿੱਤਾ ਜਾਵੇ। ਇਹ ਖਰੜਾ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਤੱਕ ਪਹੁੰਚਾਇਆ ਜਾਵੇ ਤੇ ਸਹਿਮਤੀ ਲੈਣ ਮਗਰੋਂ ਇਸ ਨੂੰ ਅੰਤਿਮ ਰੂਪ ਦਿੱਤਾ ਜਾਵੇ। ਉਨ੍ਹਾਂ ਆਖਿਆ ਕਿ ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਆਦਿ ਬਾਰੇ ਨਿਯਮ ਬਣਾਉਣ ਦਾ ਫੈਸਲਾ ਸ਼ਲਾਘਾਯੋਗ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਜਥੇਬੰਦੀ ਵਲੋਂ 12 ਸਾਲ ਪਹਿਲਾਂ ਇਸ ਬਾਰੇ ਇਕ ਖਰੜਾ ਤਿਆਰ ਕੀਤਾ ਗਿਆ ਸੀ, ਜੋ ਉਸ ਵੇਲੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਸੌਂਪਿਆ ਗਿਆ ਸੀ। ਇਹ ਖਰੜਾ ਪੰਜ ਮੈਂਬਰੀ ਕਮੇਟੀ ਨੂੰ ਵੀ ਸੌਂਪਿਆ ਜਾਵੇਗਾ ਤਾਂ ਜੋ ਕਮੇਟੀ ਇਸ ਖਰੜੇ ਦਾ ਵੀ ਅਧਿਐਨ ਕਰ ਸਕੇ।

## ਸਿੱਖ ਜਥੇਬੰਦੀਆਂ ਤੇ ਵਿਦਵਾਨਾਂ ਦੀ ਰਾਇ ਲੈਣ ਬਾਰੇ ਵੀ ਉਠੀ ਮੰਗ



ਬਲਵੰਤ ਸਿੰਘ ਨੰਦਗੜ੍ਹ

## ਨੰਦਗੜ੍ਹ ਨੂੰ ਸਰੂਪ ਤੋਂ ਨਾਂਹ ਕਰਨ ਵਾਲਿਆਂ ਖਿਲਾਫ ਕਾਰਵਾਈ ਦੇ ਹੁਕਮ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਸ਼ੁਕਰਾਨੇ ਦਾ ਅਖੰਡ ਪਾਠ ਕਰਵਾਉਣ ਲਈ ਪਾਵਨ ਸਰੂਪ ਨਾ ਦੇਣ ਵਾਲੇ ਕਰਮਚਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਏ। ਉਨ੍ਹਾਂ ਆਖਿਆ ਕਿ ਨਿਯੁਕਤੀ ਤੇ ਸੇਵਾਮੁਕਤੀ ਨਿੱਤ ਦੀ ਕਾਰਵਾਈ ਹੈ ਪਰ ਕਿਸੇ ਨੂੰ ਸਹਿਜ ਪਾਠ ਜਾਂ ਅਖੰਡ ਪਾਠ ਕਰਨ ਤੋਂ ਰੋਕਣਾ ਅਪਰਾਧ ਹੈ ਤੇ ਇਸ ਤਰ੍ਹਾਂ ਦੀ ਕਾਰਵਾਈ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਜਥੇਦਾਰ ਨੰਦਗੜ੍ਹ ਪੂਰੀ ਤਰ੍ਹਾਂ ਗੁਰੂ ਪੰਥ ਤੇ ਗੁਰੂ ਗ੍ਰੰਥ ਨੂੰ ਸਮਰਪਤ ਹਨ ਤੇ ਅਜਿਹੇ ਕਿਸੇ ਸ਼ਖਸ ਨੂੰ ਸਹਿਜ ਪਾਠ ਕਰਨ ਲਈ ਪਾਵਨ ਸਰੂਪ ਦੇਣ ਤੋਂ ਰੋਕਣ ਵਾਲਿਆਂ ਖਿਲਾਫ ਸਖਤ ਕਾਰਵਾਈ ਹੋਵੇ।

# ਤਾਰਾ ਦੀ ਪੇਸ਼ੀ ਮੌਕੇ ਪੁਲਿਸ ਵਲੋਂ ਮਾਨ ਦੀ ਖਿੱਚ-ਧੂਹ

**ਪਟਿਆਲਾ:** ਅਦਾਲਤੀ ਪੇਸ਼ੀ ਮੌਕੇ ਖਾਲਿਸਤਾਨ ਟਾਈਗਰ ਫੋਰਸ ਦੇ ਚੀਫ ਜਗਤਾਰ ਸਿੰਘ ਤਾਰਾ ਨਾਲ ਮੁਲਾਕਾਤ ਕਰਨ ਲਈ ਪੁੱਜੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਸਾਥੀਆਂ ਦੀ ਇਥੇ ਪੁਲਿਸ ਨੇ ਖਿਚ ਧੂਹ ਕੀਤੀ। ਭਾਵੇਂ ਇਕ ਵਾਰ ਇਥੇ ਮਾਹੌਲ ਤਣਾਅਪੂਰਣ ਹੋ ਗਿਆ ਸੀ ਪਰ ਪੁਲਿਸ ਕਾਹਲੀ ਨਾਲ ਤਾਰਾ ਨੂੰ ਲੈ ਕੇ ਕੋਰਟ ਕੰਪਲੈਕਸ ਵਿਚੋਂ ਨਿਕਲ ਗਈ। ਸ. ਮਾਨ ਨੇ ਪੁਲਿਸ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਸਰਕਾਰ ਨੂੰ ਵੀ ਭੰਡਿਆ। ਉਨ੍ਹਾਂ ਦੇ ਨਾਲ ਆਏ ਵਰਕਰਾਂ ਨੇ ਕੋਰਟ ਕੰਪਲੈਕਸ ਵਿਚ ਪੁਲਿਸ ਤੇ ਸਰਕਾਰ ਵਿਰੁਧ ਨਾਅਰੇਬਾਜ਼ੀ ਵੀ ਕੀਤੀ।

ਜ਼ਿਕਰਯੋਗ ਹੈ ਕਿ ਪੇਸ਼ੀ ਦੇ ਮੱਦੇਨਜ਼ਰ ਸ. ਮਾਨ ਦਲ ਵਲੋਂ ਪਹਿਲਾਂ ਤੋਂ ਹੀ ਤਾਰਾ ਨੂੰ ਮਿਲਣ ਦਾ ਪ੍ਰੋਗਰਾਮ ਤੈਅ ਸੀ। ਤਾਰਾ ਨੂੰ ਭਾਵੇਂ ਬਾਅਦ ਦੁਪਹਿਰ ਪੇਸ਼ ਕੀਤਾ ਗਿਆ ਪਰ ਸ. ਮਾਨ ਤੇ ਪਾਰਟੀ ਦੇ ਸਕੱਤਰ ਜਨਰਲ ਜਸਕਰਨ ਸਿੰਘ ਕਾਹਨਸਿੰਘਵਾਲਾ, ਜ਼ਿਲ੍ਹਾ ਪ੍ਰਧਾਨ ਸਰੂਪ ਸਿੰਘ ਸੰਘਾ ਤੇ ਸ਼ਹਿਰੀ ਪ੍ਰਧਾਨ ਹਰਭਜਨ ਸਿੰਘ ਕਸ਼ਮੀਰੀ ਸਮੇਤ ਹੋਰ ਪਾਰਟੀ ਕਾਰਕੁਨ ਪਹਿਲਾਂ ਹੀ ਇਥੇ ਪੁੱਜ ਚੁੱਕੇ ਸਨ ਪਰ ਪੁਲਿਸ ਨੇ ਇਨ੍ਹਾਂ ਨੂੰ ਆਉਂਦਿਆਂ ਹੀ ਰੋਕ ਲਿਆ, ਜਿਸ ਕਰਕੇ ਪੇਸ਼ੀ ਤੋਂ ਪਹਿਲਾਂ ਹੀ ਪੁਲਿਸ ਤੇ ਇਨ੍ਹਾਂ ਵਰਕਰਾਂ ਦਰਮਿਆਨ ਤਲਖ਼ਕਲਾਮੀ ਹੋ ਗਈ ਤੇ ਵਰਕਰ ਨਾਅਰੇਬਾਜ਼ੀ ਕਰਨ ਲੱਗੇ। ਫਿਰ ਉਚ ਅਧਿਕਾਰੀਆਂ ਦੇ ਦਖਲ ਤੋਂ ਬਾਅਦ ਸ. ਮਾਨ ਸਣੇ ਕੁਝ ਹੋਰਾਂ ਨੂੰ ਤਾਰਾ ਦੇ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਦੇ ਦਫ਼ਤਰ ਤੱਕ ਜਾਣ ਦੀ ਆਗਿਆ ਦਿੱਤੀ ਗਈ। ਕੁਝ ਦੇਰ ਬਾਅਦ ਜਦੋਂ ਸ. ਮਾਨ ਨੇ ਕੋਰਟ ਰੂਮ ਵਿਚ ਜਾਣਾ ਚਾਹਿਆ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਫਿਰ ਵਕੀਲ ਦੇ ਦਾਖਲ ਨਾਲ ਉਨ੍ਹਾਂ ਨੂੰ ਅਦਾਲਤੀ ਕਮਰੇ ਵਿਚ ਜਾਣ ਦੀ ਆਗਿਆ ਵੀ ਮਿਲ ਗਈ। ਇਸ ਤਰ੍ਹਾਂ ਸ. ਮਾਨ ਸਮੇਤ ਕੁਝ ਹੋਰ ਆਗੂ ਤਾਰਾ ਦੇ ਅਦਾਲਤ ਲਿਆਉਣ ਤੋਂ ਪਹਿਲਾਂ ਹੀ ਅਦਾਲਤੀ ਕਮਰੇ ਦੇ ਅੰਦਰ ਪੁੱਜ ਗਏ ਸਨ। ਫਿਰ ਤਿੰਨ ਦਿਨਾਂ ਦਾ ਪੁਲਿਸ ਰਿਮਾਂਡ ਮਿਲਣ 'ਤੇ ਜਦੋਂ ਪੁਲਿਸ ਵਲੋਂ ਤਾਰਾ ਨੂੰ ਗੱਡੀ ਵੱਲ ਲਿਜਾਇਆ ਜਾ ਰਿਹਾ ਸੀ, ਤਾਂ ਆਖਰੀ ਪੜਾਅ 'ਤੇ ਸ. ਮਾਨ ਤੇ ਜਸਕਰਨ ਸਿੰਘ ਸਣੇ ਕੁਝ ਹੋਰਾਂ ਨੇ ਤਾਰਾ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਨਾ ਵਧਣ ਦਿੱਤਾ। ਇਸ ਕਰਕੇ ਇਨ੍ਹਾਂ ਆਗੂਆਂ ਦੀ ਖਿੱਚ-ਧੂਹ ਵੀ ਹੋਈ।



# ਪੰਜਾਬ ਪੁਲਿਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਖਰਚੇ ਜਾਣਗੇ 200 ਕਰੋੜ

**ਹੁਸ਼ਿਆਰਪੁਰ:** ਪੰਜਾਬ ਪੁਲਿਸ ਫੋਰਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ 200 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ। ਡਾਇਰੈਕਟਰ ਜਨਰਲ ਆਫ਼ ਪੁਲਿਸ (ਮਨੁੱਖੀ ਵਸੀਲੇ ਵਿਭਾਗ)-ਕਮ-ਡਾਇਰੈਕਟਰ ਪੰਜਾਬ ਪੁਲਿਸ ਅਕੈਡਮੀ ਫ਼ਿਲੌਰ ਐਸ.ਕੇ. ਸ਼ਰਮਾ ਦਾ ਕਹਿਣਾ ਹੈ ਕਿ 13ਵੇਂ ਵਿੱਤ ਕਮਿਸ਼ਨ ਦੀ ਸਿਫ਼ਾਰਸ਼ 'ਤੇ ਕੇਂਦਰ ਸਰਕਾਰ ਨੇ ਇਹ ਰਕਮ ਮਨਜ਼ੂਰ ਕੀਤੀ ਹੈ ਜਿਸ ਵਿਚੋਂ 100 ਕਰੋੜ ਰੁਪਏ ਆ ਚੁੱਕੇ ਹਨ। ਪੁਲਿਸ ਦੇ ਵੱਖ-ਵੱਖ ਸਿਖਲਾਈ ਕੇਂਦਰਾਂ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੋਂ ਇਲਾਵਾ ਟਰੇਨਿੰਗ ਦੇ ਮਿਆਰ ਨੂੰ ਵੀ ਉਚਾ ਚੁੱਕਿਆ ਜਾ ਰਿਹਾ ਹੈ। ਕੇਂਦਰਾਂ ਦੀ ਟਰੇਨਿੰਗ ਸਮਰੱਥਾ 4500 ਤੋਂ ਵਧਾ ਕੇ 6500 ਕੀਤੀ ਜਾ ਰਹੀ ਹੈ।

ਸ੍ਰੀ ਸ਼ਰਮਾ ਨੇ ਕਿਹਾ ਕਿ ਟਰੇਨਿੰਗ ਦਾ ਵਿਸ਼ਾ ਹੁਣ ਤੱਕ ਅਣਗੌਲਿਆ ਰਿਹਾ ਪਰ ਕਿਉਂਕਿ ਵਧੀਆ ਟਰੇਨਿੰਗ ਤੋਂ ਬਿਨਾਂ ਚੰਗੇ ਨਤੀਜੇ ਹਾਸਲ ਨਹੀਂ ਕੀਤੇ ਜਾ ਸਕਦੇ, ਇਸ ਕਰਕੇ ਬਿਊਰੋ ਆਫ਼ ਪੁਲਿਸ ਰਿਸਰਚ ਐਂਡ ਡਿਵੈਲਪਮੈਂਟ ਜੋ ਟਰੇਨਿੰਗ ਦੀ ਨੋਡਲ ਏਜੰਸੀ ਹੈ, ਰਾਹੀਂ ਭਾਰਤ ਸਰਕਾਰ ਨੂੰ ਇਸ ਵਾਸਤੇ ਫ਼ੰਡ ਦੇਣ ਲਈ ਲਿਖਿਆ ਗਿਆ ਸੀ। ਜਹਾਨਖੇਲਾਂ ਵਿਚ ਸਥਾਪਤ ਪ੍ਰਾਈਵੇਟ ਸਕਿਉਰਿਟੀ ਗਾਰਡ ਟਰੇਨਿੰਗ ਦਾ ਕੰਮ, ਜੋ ਫ਼ੰਡਾਂ ਦੀ ਘਾਟ ਕਾਰਨ ਪਿਛਲੇ ਕੁਝ ਮਹੀਨਿਆਂ ਤੋਂ ਰੁਕਿਆ ਹੋਇਆ ਸੀ, ਲਈ ਵੀ 20 ਲੱਖ ਰੁਪਏ ਪ੍ਰਾਪਤ ਹੋ ਗਏ ਹਨ ਤੇ ਟਰੇਨਿੰਗ ਕੋਰਸ ਛੇਤੀ ਸ਼ੁਰੂ ਕਰ ਦਿੱਤਾ ਜਾਵੇਗਾ। ਸ੍ਰੀ ਸ਼ਰਮਾ ਨੇ ਦੱਸਿਆ ਕਿ 66 ਫ਼ੀਸਦੀ ਪੁਲਿਸ ਫੋਰਸ ਆਪਣੇ ਕਾਰਜਕਾਲ ਦੌਰਾਨ ਇਕ ਵਾਰ ਵੀ ਟਰੇਨਿੰਗ ਨਹੀਂ ਲੈਂਦੀ ਸੀ ਪਰ ਹੁਣ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਪੰਜ ਸਾਲ ਵਿਚ ਘੱਟ ਤੋਂ ਘੱਟ ਇਕ ਵਾਰ ਹਰੇਕ ਪੁਲਿਸ ਅਧਿਕਾਰੀ ਤੇ ਕਰਮਚਾਰੀ ਰਿਫ਼ਰੈਸ਼ਰ ਕੋਰਸ ਜ਼ਰੂਰ ਕਰੇ। ਪੰਜਾਬ ਵਿਚ 400 ਵਿਅਕਤੀਆਂ ਪਿੱਛੇ ਇਕ ਪੁਲਿਸ ਮੁਲਾਜ਼ਮ ਤਾਇਨਾਤ ਹੈ। ਅਤਿਵਾਦੀ ਗਤੀਵਿਧੀਆਂ 'ਤੇ ਕਾਬੂ ਪਾਉਣ ਲਈ ਸਿਖਲਾਈ ਪ੍ਰਾਪਤ ਕੁੱਤਿਆਂ ਦੀ ਗਿਣਤੀ ਵਧਾਈ ਜਾ ਰਹੀ ਹੈ ਤੇ ਕੁੱਤਿਆਂ ਦਾ ਇਕ ਬੈਚ ਟਰੇਨਿੰਗ ਲੈ ਰਿਹਾ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

To Advertise with Punjab Times Call: 847-359-0746

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

"Ask us about the...
AARP® Auto Insurance Program from The Hartford."


SATWANT SINGH

NOW AVAILABLE IN YOUR AREA!

Find out more about the Special Benefits of The Hartford's Program for AARP members and our Competitive Rates! You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through. -Satwant Singh!

AARP® | Auto Insurance Program from THE HARTFORD

Call today for your FREE, no-obligation quote:
+1-408-771-2438

SATWANT SINGH: 2774 ABORN ROAD,
SAN JOSE, CA 95121
satwant@satwantins.com
www.satwantins.com
CA License# 0H11256

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
107792 2nd Rev

ਪੰਜਾਬ ਟਾਈਮਜ਼

*ਸਨਿਚਰਵਾਰ, 31 ਜਨਵਰੀ 2015*

## ਪੰਜਾਬ ਦੀ ਮੁਹਾਰ

ਸੁੱਖਾ ਕਾਹਲਵਾਂ ਨਾਂ ਦੇ ਗੈਂਗਸਟਰ ਦੇ ਕਤਲ ਨਾਲ ਪੰਜਾਬ ਦੀਆਂ ਬਹੁਤ ਸਾਰੀਆਂ ਕੜੀਆਂ ਡੂੰਘੀਆਂ ਜੁੜੀਆਂ ਹੋਈਆਂ ਹਨ। ਇਹ ਕੜੀਆਂ ਪੰਜਾਬ ਦੇ ਕੱਲ੍ਹ, ਅੱਜ ਅਤੇ ਭਲਕ ਦੀ ਕਹਾਣੀ ਪੇਸ਼ ਕਰਦੀਆਂ ਹਨ। ਇਸ ਕਹਾਣੀ ਵਿਚ ਕੌਣ ਨਾਇਕ ਹੈ ਅਤੇ ਕੌਣ ਖਲਨਾਇਕ, ਇਸ ਬਾਰੇ ਫੈਸਲਾ ਕਰਨਾ ਕੋਈ ਬਹੁਤਾ ਔਖਾ ਤਾਂ ਨਹੀਂ ਹੈ ਪਰ ਹਾਲਾਤ ਇਥੋਂ ਤੱਕ ਪਹੁੰਚ ਗਏ ਹਨ ਕਿ ਨਾਇਕ ਅਤੇ ਖਲਨਾਇਕ ਵਿਚਕਾਰਲਾ ਫਰਕ ਹੌਲੀ-ਹੌਲੀ ਮਿਟ ਹੀ ਗਿਆ ਹੈ। ਕਿਸੇ ਵੀ ਸਮਾਜ ਲਈ ਇਸ ਤੋਂ ਵੱਡੀ ਸੱਟ ਸ਼ਾਇਦ ਹੋਰ ਕੋਈ ਨਹੀਂ ਹੋ ਸਕਦੀ। ਆਵਾਮ ਨੇ ਬੌਧਿਕ ਬੁਲੰਦੀ ਨਾਲ ਅਜਿਹੇ ਕਰੂਰ ਹਾਲਾਤ ਨੂੰ ਵੱਢ ਮਾਰਨਾ ਸੀ ਪਰ ਬੌਧਿਕ ਬੁਲੰਦੀ ਦਾ ਰਾਹ ਤਾਂ ਚਿਰੋਕਣਾ ਬੰਦ ਕੀਤਾ ਜਾ ਚੁੱਕਾ ਹੈ। ਰਤਾ ਕੁ ਘੋਖਵੀਂ ਨਜ਼ਰ ਮਾਰਿਆਂ ਸਭ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਨੂੰ ਇਸ ਮੁਕਾਮ ਤੱਕ ਪਹੁੰਚਾਉਣ ਲਈ ਹਰ ਸਬੰਧਤ ਧਿਰ ਨੇ ਬਹੁਤ 'ਲਗਨ' ਨਾਲ ਆਪੋ-ਆਪਣਾ ਹਿੱਸਾ ਪਾਇਆ ਹੈ। ਕੁਝ ਧਿਰਾਂ ਨੇ ਲਗਾਤਾਰ ਸਰਗਰਮੀ ਵਿੱਢ ਕੇ ਅਤੇ ਕੁਝ ਕੁ ਨੇ ਖਾਮੋਸ਼ ਰਹਿ ਕੇ। ਸੁੱਖਾ ਕਾਹਲਵਾਂ ਕਤਲ ਕੇਸ ਦਾ ਇਕ ਪੱਖ ਇਹ ਵੀ ਹੈ ਕਿ ਸੁੱਖੇ ਦੀ ਮੌਤ ਭਾਵੇਂ ਪੁਲਿਸ ਹਿਰਾਸਤ ਵਿਚ ਹੋਈ ਪਰ ਉਸ ਉਤੇ ਹਮਲਾ ਕਰਨ ਵਾਲੇ ਦੂਜੇ ਧੜੇ ਦੇ ਗੈਂਗਸਟਰ ਸਨ। ਇਸ ਕਤਲ ਤੋਂ ਬਾਅਦ ਜਿਸ ਤਰ੍ਹਾਂ ਦੀਆਂ ਤਸਵੀਰਾਂ ਅਖਬਾਰਾਂ/ਟੈਲੀਵਿਜ਼ਨ ਉਤੇ ਨਸ਼ਰ ਹੋਈਆਂ ਅਤੇ ਜਿਸ ਤਰ੍ਹਾਂ ਫੇਸਬੁੱਕ ਉਤੇ ਬਦਲਾ ਲੈਣ ਦੀਆਂ ਚਾਂਗਰਾਂ ਸੁਣਾਈ ਦਿੱਤੀਆਂ ਹਨ, ਉਹ ਚਾਂਗਰਾਂ ਅਸੀਂ ਸਾਰੇ ਤਕਰੀਬਨ ਦੋ ਦਹਾਕਿਆਂ ਤੋਂ ਸੁਣ ਰਹੇ ਹਾਂ। ਇਹ ਚਾਂਗਰਾਂ ਤਾਂ ਹੁਣ ਸਗੋਂ ਸਾਡੇ ਜੀਵਨ ਦਾ ਇਕ ਤਰ੍ਹਾਂ ਨਾਲ ਹਿੱਸਾ ਹੀ ਬਣ ਗਈਆਂ ਜਾਪਦੀਆਂ ਹਨ। ਇਹ ਚਾਂਗਰਾਂ ਸਾਡੇ ਨਿਰਮਲ ਸੰਗੀਤ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਅੱਜ ਤੱਕ ਵੀ ਇਨ੍ਹਾਂ ਵਿਚ ਕੋਈ ਕਮੀ ਨਹੀਂ ਆਈ ਹੈ। ਦੋ ਦਹਾਕੇ ਪਹਿਲਾਂ ਕਥਿਤ ਸਭਿਆਚਾਰਕ ਮੇਲੇ ਲਾ ਕੇ ਪੰਜਾਬ ਦੇ ਲੋਕਾਂ ਨੂੰ ਦੱਸਿਆ ਗਿਆ ਸੀ ਕਿ ਹੁਣ ਦਹਿਸ਼ਤਗਰਦੀ ਤੋਂ ਉਨ੍ਹਾਂ ਦਾ ਖਹਿੜਾ ਛੁਡਾ ਦਿੱਤਾ ਗਿਆ ਹੈ। ਕਿਸੇ ਨੇ ਸ਼ਾਇਦ ਕਿਆਸ ਵੀ ਨਹੀਂ ਕੀਤਾ ਹੋਣਾ ਕਿ ਹਾਕਮ ਇਕ ਹੋਰ ਦਹਿਸ਼ਤਗਰਦੀ ਪੰਜਾਬ ਦੇ ਲੋਕਾਂ ਦੇ ਵਿਹੜਿਆਂ ਵਿਚ ਉਤਾਰਨ ਦੀ ਸਕੀਮ ਘੜ ਚੁੱਕੇ ਹਨ। ਉਦੋਂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੀਆਂ ਅਜਿਹੀਆਂ ਆਵਾਜ਼ਾਂ ਉਠੀਆਂ ਜੋ ਇਸ ਨਵੇਂ ਸੰਕਟ ਵੱਲ ਉਂਗਲ ਕਰਦੀਆਂ ਰਹੀਆਂ ਪਰ ਸੱਤਾ ਦੇ ਨਸ਼ੇ ਵਿਚ ਚੂਰ ਹਾਕਮਾਂ ਨੇ ਇਕ ਨਾ ਸੁਣੀ ਅਤੇ ਇਹ ਆਵਾਜ਼ਾਂ ਇਕ-ਇਕ ਕਰ ਕੇ ਦਮ ਤੋੜਦੀਆਂ ਰਹੀਆਂ। ਲੋਕਾਂ ਨੇ ਗੀਤ-ਸੰਗੀਤ ਦੇ ਰੂਪ ਵਿਚ ਪ੍ਰਚਾਰੀ ਤੇ ਪ੍ਰਸਾਰੀ ਜਾ ਰਹੀ ਹਿੰਸਾ 'ਤੇ ਵਾਰ-ਵਾਰ ਇਤਰਾਜ਼ ਕੀਤਾ, ਗੀਤਾਂ ਦੀਆਂ ਵੀਡੀਓਜ਼ ਵਿਚ ਹਥਿਆਰਾਂ ਦੀ ਨੁਮਾਇਸ਼ ਉਤੇ ਕਿੰਤੂ-ਪ੍ਰੰਤੂ ਕੀਤਾ। ਜ਼ਿਆਦਾ ਨੁਕਤਾਚੀਨੀ ਹੋਣ 'ਤੇ ਸਰਕਾਰ ਨੇ ਸੈਂਸਰ ਬੋਰਡ ਬਣਾਉਣ ਬਾਰੇ ਦਾਅਵੇ ਤੇ ਵਾਅਦੇ ਵੀ ਬਥੇਰੇ ਕੀਤੇ ਪਰ ਪਰਨਾਲਾ ਅੱਜ ਤੱਕ ਉਥੇ ਦਾ ਉਥੇ ਹੈ।

ਇਹ ਠੀਕ ਹੈ ਕਿ ਇਉਂ ਗੀਤ-ਸੰਗੀਤ ਕਿਸੇ ਵੀ ਸਮਾਜ ਨੂੰ ਇਤਨੇ ਵੱਡੇ ਪੱਧਰ ਉਤੇ ਪ੍ਰਭਾਵਿਤ ਨਹੀਂ ਕਰਦਾ ਹੁੰਦਾ ਪਰ ਇਹ ਗੱਲ ਤਾਂ ਪੱਕੀ ਹੈ ਕਿ ਅੱਜ ਦੇ ਭਿਆਨਕ ਹਾਲਾਤ ਲਈ ਸਰਕਾਰਾਂ ਦੀ ਨਾ-ਅਹਿਲੀਅਤ ਅਤੇ ਸਾਡੇ ਅਖੌਤੀ ਲੀਡਰਾਂ ਦੀ ਗੈਰ-ਦਿਆਨਤਦਾਰੀ ਹੀ ਮੁੱਖ ਰੂਪ ਵਿਚ ਜ਼ਿੰਮੇਵਾਰ ਹੈ। ਜਿਸ ਤਰ੍ਹਾਂ ਸਾਡੇ ਲੀਡਰਾਂ ਨੇ ਕੋਹਜੇ ਗੀਤ-ਸੰਗੀਤ ਨੂੰ ਠੱਲ੍ਹ ਪਾਉਣ ਦੀ ਕਦੀ ਕੋਈ ਸਰਗਰਮੀ ਨਹੀਂ ਦਿਖਾਈ, ਐਨ ਉਤੇ ਤਰ੍ਹਾਂ ਨਸ਼ਿਆਂ ਦਾ ਫਸਤਾ ਵੱਢਣ ਲਈ ਕੋਈ ਚਾਰਾਜੋਈ ਨਹੀਂ ਕੀਤੀ। ਸਰਕਾਰਾਂ ਦੀ ਮਿਹਰਬਾਨੀ ਕਰ ਕੇ ਹਰ ਤਰ੍ਹਾਂ ਦਾ ਨਸ਼ਾ ਪੰਜਾਬ ਵਿਚ ਮਿਲ ਰਿਹਾ ਹੈ, ਕਿਤੇ ਕੋਈ ਰੋਕ-ਟੋਕ ਹੀ ਨਹੀਂ ਹੈ। ਵੱਖ-ਵੱਖ ਪਾਰਟੀਆਂ ਚੋਣਾਂ ਵੇਲੇ ਖੁਦ ਨਸ਼ਿਆਂ ਦੇ ਦਰਿਆ ਵਗਾਉਂਦੀਆਂ ਹਨ। ਹੋਰ ਤਾਂ ਹੋਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਨਿਰੋਲ ਧਾਰਮਿਕ ਸੰਸਥਾ ਦੀਆਂ ਚੋਣਾਂ ਮੌਕੇ ਵੀ ਨਸ਼ਿਆਂ ਦੇ ਲੰਗਰ ਲਾਏ ਜਾਂਦੇ ਹਨ। ਇਹ ਸਮਾਜ ਵਿਚ ਆਈ ਗਿਰਾਵਟ ਦੀ ਸਿਖਰ ਹੀ ਤਾਂ ਹੈ। ਸ਼ਰਾਬ ਦੇ ਠੇਕਿਆਂ ਕਾਰਨ ਨਵੀਆਂ ਸਮੱਸਿਆਵਾਂ ਨਾਲ ਜੂਝ ਰਹੇ ਪਿੰਡ, ਆਪਣੀਆਂ ਪੰਚਾਇਤਾਂ ਰਾਹੀਂ ਮਤੇ ਪਾਸ ਕਰ ਕੇ ਇਹ ਠੇਕੇ ਬੰਦ ਕਰਵਾਉਣ ਲਈ ਹਾਕਾਂ ਮਾਰ ਰਹੇ ਹਨ ਪਰ ਸਰਕਾਰ ਦੀ ਨੀਤੀ ਤਾਂ ਇਸ ਤੋਂ ਵੀ ਅਗਾਂਹ ਜਾ ਕੇ ਪਿੰਡ-ਪਿੰਡ ਦੁਕਾਨਾਂ ਤੱਕ ਸ਼ਰਾਬ ਪਹੁੰਚਾਉਣ ਦੀ ਹੈ। ਇਸ ਬਾਰੇ ਗਾਹੇ-ਬਗਾਹੇ ਪੁੱਛੇ ਸਵਾਲ ਦਾ ਇਕ ਹੀ ਜਵਾਬ ਮਿਲਦਾ ਹੈ ਕਿ ਭਾਈ! ਸਰਕਾਰ ਵੀ ਚਲਾਉਣੀ ਹੈ! ਲੋਕਤੰਤਰ ਦੇ ਨਾਂ ਉਤੇ ਅਕਸਰ ਦਾਅਵਾ ਕੀਤਾ ਜਾਂਦਾ ਹੈ ਕਿ ਸਰਕਾਰ ਲੋਕਾਂ ਦੀ ਅਤੇ ਲੋਕਾਂ ਲਈ ਹੀ ਹੈ। ਫਿਰ ਕੀ ਕਾਰਨ ਬਣਿਆ ਕਿ ਲੋਕ ਉਜੜ-ਪੁੱਜੜ ਰਹੇ ਹਨ ਅਤੇ ਸਰਕਾਰ ਨੂੰ ਸਿਰਫ ਤੇ ਸਿਰਫ ਮਾਲੀਆ ਹੂੰਝਣ ਦਾ ਹੀ ਫਿਕਰ ਹੈ। ਇਹ ਮਾਲੀਆ ਹੂੰਝਦਿਆਂ ਪੂਰੀ ਦੀ ਪੂਰੀ ਪੀੜ੍ਹੀ ਤਬਾਹ ਕਰ ਦਿੱਤੀ ਗਈ। ਨੀਤੀ-ਘਾੜਿਆਂ ਨੇ ਸੋਚਿਆ ਤੱਕ ਨਹੀਂ ਕਿ ਤਬਾਹੀ ਦਾ ਉਹ ਸਾਮਾਨ ਤਿਆਰ ਕੀਤਾ ਜਾ ਰਿਹਾ ਹੈ ਜਿਸ ਨੂੰ ਫਿਰ ਠੱਲ੍ਹ ਪਾਉਣੀ ਮੁਸ਼ਕਿਲ ਹੋ ਜਾਵੇਗੀ। ਇਸ ਸਬੰਧ ਵਿਚ ਪੰਜਾਬ ਸਰਕਾਰ ਦਾ ਟੀਚਾ ਵਿਚਾਰਨਯੋਗ ਹੈ। ਇਸ ਸਰਕਾਰ ਨੇ ਸਾਲ 2014-15 ਵਿਚ ਸ਼ਰਾਬ ਦੀਆਂ ਤਕਰੀਬਨ 40 ਕਰੋੜ ਬੋਤਲਾਂ ਵੇਚਣ ਦਾ ਟੀਚਾ ਰੱਖਿਆ ਹੈ। ਇਹ ਨਸ਼ਿਆਂ ਖਿਲਾਫ ਲੜਾਈ ਦਾ ਸਿਰਫ ਇਕ ਪੱਖ ਹੈ। ਇਸ ਸਿਲਸਿਲੇ ਵਿਚ ਇਕ ਹੋਰ ਨੁਕਤਾ ਧਿਆਨ ਦੇਣ ਵਾਲਾ ਹੈ। ਸਰਕਾਰ ਚਲਾ ਰਹੇ ਲੀਡਰਾਂ ਨੇ ਰਸਾਤਲ ਵੱਲ ਜਾ ਰਹੇ ਸਮਾਜ ਨੂੰ ਲੀਹ ਉਤੇ ਪਾਉਣ ਲਈ ਕੋਈ ਯਤਨ ਨਹੀਂ ਕੀਤਾ। ਹੁਣ ਵੱਖ-ਵੱਖ ਰੰਗਾਂ ਵਾਲੀਆਂ ਸਿਆਸੀ ਧਿਰਾਂ ਵੀ ਇਸ ਮੁੱਦੇ ਉਤੇ ਨਿਰੋਲ ਸਿਆਸਤ ਹੀ ਕਰ ਰਹੀਆਂ ਹਨ। ਅਸਲ ਵਿਚ ਹੁਣ ਇਸ ਮੁੱਦੇ ਨੂੰ ਆਧਾਰ ਬਣਾ ਕੇ ਅਗਲੀਆਂ ਚੋਣਾਂ ਵਿਚ ਪੈਂਠ ਬਣਾਉਣ ਲਈ ਸਕੀਮਾਂ ਘੜੀਆਂ ਜਾ ਰਹੀਆਂ ਹਨ। ਚੋਣਾਂ ਲੋਕਤੰਤਰ ਦਾ ਇਕ ਅਹਿਮ ਪੱਖ ਹੈ ਪਰ ਸਵਾਲ ਹੈ ਕਿ ਜਿੱਤ ਹਾਸਲ ਕਰਨ ਲਈ ਖਲਨਾਇਕਾਂ ਵਾਲੀਆਂ ਸਾਜ਼ਿਸ਼ਾਂ ਕਿਉਂ ਘੜੀਆਂ ਜਾ ਰਹੀਆਂ ਹਨ? ਇਹ ਸਵਾਲ ਹੋਰ ਕਿਸੇ ਲਈ ਨਹੀਂ, ਪੰਜਾਬ ਦੇ ਨਾਇਕ ਲਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੇਜਰੀਵਾਲ ਬਨਾਮ ਕਿਰਨ ਬੇਦੀ!*

ਕਿੱਡਾ ਅੰਨਾ ਹਜ਼ਾਰੇ ਨੇ ਲਿਆ ਹੌਕਾ, ਕਿਰਨ ਬੇਦੀ ਨੇ ਖਿੱਚ ਲਈ ਬਾਂਹ ਫੜ੍ਹ ਕੇ।
ਹੁਣ ਝਾੜੂ ਤੋਂ ਬਿਨਾ ਨਹੀਂ ਹੱਜ ਕੋਈ, ਸਾਥ ਛੱਡ ਗਈ ਬਾਪੂ ਨੂੰ ਹਾਂ ਕਰ ਕੇ।
ਰਾਜਨੀਤੀ ਵਿਚ ਹੁੰਦਾ ਨਹੀਂ ਸਕਾ ਕੋਈ, ਜਿਹਦੀ ਚੱਲ ਜਾਏ ਓਹੀ ਚਲਾ ਜਾਂਦਾ।
ਇਥੇ ਹਰ ਭੁੱਖਾ ਭੁੱਖੇ ਆਦਮੀ ਨੂੰ, ਜਦੋਂ ਦਾਅ ਲੱਗੇ ਉਦੋਂ ਹੀ ਖਾ ਜਾਂਦਾ।
ਨਿੱਕਰਾਂ ਪਾ ਕੇ ਮੋੜ'ਤੀ ਉਲਟ ਗੰਗਾ, ਕਰੋ ਰਾਹ ਸਿੱਧੇ ਪਾ ਕੇ ਖੁੱਤੀਆਂ ਜੀ।
ਪੱਟੇ ਭਰਮ ਦੇ ਪਿੱਟਣ ਇਹ ਫੁੱਲ ਫੜ੍ਹ ਕੇ, ਜਦੋਂ ਕੰਧਾਂ 'ਤੇ ਚੜ੍ਹ'ਗੀਆਂ ਕੁੱਤੀਆਂ ਜੀ।
ਦਿਲ ਦਿੱਲੀ ਦਾ ਧੜਕਿਆ ਜਮ੍ਹਾ ਪੂਰਾ, ਲੱਗਾ ਚੜ੍ਹਨ ਇਕ ਨਵਾਂ ਹੀ ਰੰਗ ਮਿੱਤਰੋ।
ਆਮ ਆਦਮੀ ਨੂੰ ਆ ਜਾਏ ਸਾਹ ਸੁੱਖ ਦਾ, ਕੇਜਰੀਵਾਲ ਜੇ ਜਿੱਤ ਜਾਏ ਜੰਗ ਮਿੱਤਰੋ।

# ਨਸ਼ਿਆਂ ਖਿਲਾਫ ਮੋਰਚਾ ਅਤੇ ਪੰਜਾਬ ਦੀ ਪੀੜ

***ਪੰਜਾਬ ਦੇ ਨੌਜਵਾਨਾਂ ਦੇ ਸੁਫਨੇ ਮਰ ਚੁੱਕੇ ਹਨ। ਕਾਰਪੋਰੇਟ ਵਿਕਾਸ ਮਾਡਲ ਨੇ ਇੱਕ ਪਾਸੇ ਸੱਤ ਸਿਤਾਰਾ ਸਭਿਆਚਾਰ ਦੀ ਚਕਾਚੌਂਧ ਸਭ ਦੇ ਘਰਾਂ ਅੰਦਰ ਪਹੁੰਚਾ ਦਿੱਤੀ ਹੈ, ਪਰ ਆਰਥਿਕ ਤੌਰ ਉੱਤੇ ਵੱਡੀ ਆਬਾਦੀ ਜੀਵਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਵੀ ਮੁਥਾਜ ਬਣਾ ਦਿੱਤੀ ਹੈ। ਕੰਗਾਲੀ ਦੇ ਭੰਨੇ ਪੰਜਾਬ ਦੇ ਨੌਜਵਾਨਾਂ ਨੇ ਉਜੜ ਕੇ ਵੀ ਆਪਣੇ ਸੁਫਨੇ ਸੱਚ ਕਰਨ ਦਾ ਉਪਰਾਲਾ ਕੀਤਾ ਅਤੇ ਹਰ ਹੀਲਾ ਵਰਤ ਕੇ ਵਿਦੇਸ਼ਾਂ ਵੱਲ ਚਾਲੇ ਪਾ ਦਿੱਤੇ।...ਸਿਆਸੀ ਤੌਰ ਉਤੇ ਪਿੰਡ ਪੂਰੀ ਤਰ੍ਹਾਂ ਲਾਵਾਰਸ ਹੋ ਗਏ ਹਨ। ਸਾਰੇ ਮਹੱਤਵਪੂਰਨ ਸਿਆਸੀ ਅਹੁਦੇ ਕੁਝ ਖ਼ਾਸ ਪਰਿਵਾਰਾਂ ਦੀ ਜਕੜ ਵਿਚ ਹਨ।***

ਨਸ਼ਿਆਂ ਦੀ ਦਲਦਲ ਵਿਚ ਫਸੇ ਪੰਜਾਬ ਦੇ ਨੌਜਵਾਨ ਸੱਤਾ ਦੇ ਨਸ਼ੇ ਦਾ ਕੱਚਾ ਮਾਲ ਬਣ ਰਹੇ ਹਨ। ਸੂਬੇ ਦੀਆਂ ਮੁੱਖ ਪਾਰਟੀਆਂ ਲਈ ਨਸ਼ਾ ਹੁਣ ਸੱਤਾ ਦੀ ਮੰਜ਼ਿਲ ਤਕ ਪਹੁੰਚਣ ਦੇ ਰਾਹ ਤੋਂ ਵੱਧ ਕੁਝ ਵੀ ਨਹੀਂ। ਮਹਾਮਾਰੀ ਦਾ ਰੂਪ ਧਾਰਨ ਕਰਦੇ ਜਾ ਰਹੇ ਨਸ਼ੇ ਦੀ ਸਮੱਸਿਆ ਦੇ ਖਿਲਾਫ ਲੜਨ ਦੀ ਗੰਭੀਰਤਾ ਦਿਖਾਈ ਨਹੀਂ ਦਿੰਦੀ। ਪਾਰਟੀਆਂ ਦੀ ਸਰਗਰਮੀ ਨੂੰ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਨਸ਼ੇ ਖਿਲਾਫ ਨਹੀਂ, ਬਲਕਿ ਇੱਕ-ਦੂਜੀ ਪਾਰਟੀ ਦੇ ਖਿਲਾਫ ਜਦੋਜਹਿਦ ਦਿਖਾਈ ਦਿੰਦੀ ਹੈ। ਨਸ਼ੇ ਵਰਗੇ ਮੁੱਦੇ ਦੇ ਸਮਾਜਕ, ਆਰਥਿਕ ਅਤੇ ਮਨੋਵਿਗਿਆਨਕ ਕਾਰਨਾਂ ਨੂੰ ਤਲਾਸ਼ ਕੇ ਇਨ੍ਹਾਂ ਬਾਰੇ ਬਹੁ-ਪੱਖੀ ਨੀਤੀ ਬਣਾਉਣ ਦੇ ਬਜਾਇ ਪਾਰਟੀਆਂ ਇੱਕ-ਦੂਜੇ ਤੋਂ ਅੱਗੇ ਲੰਘਣ ਦੀ ਦੌੜ ਵਿਚ ਹਨ। ਅਸਲ ਵਿਚ ਸਭ ਦੀ ਨਜ਼ਰ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਉਤੇ ਹੈ।

ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਅੰਦਰ ਅਕਾਲੀ-ਭਾਜਪਾ ਦੇ ਅਟੁੱਟ ਕਹੇ ਜਾਣ ਵਾਲੇ

ਹਮੀਰ ਸਿੰਘ
ਫੋਨ: 91-82888-35707

ਰਿਸ਼ਤੇ ਤਿੜਕਣ ਲੱਗ ਪਏ। ਭਾਜਪਾ ਦੇ ਹਰਿਆਣਾ, ਮਹਾਰਾਸ਼ਟਰ ਅਤੇ ਜੰਮੂ-ਕਸ਼ਮੀਰ ਵਰਗੇ ਸੂਬਿਆਂ ਦੇ ਤਜਰਬੇ ਤੋਂ ਸਾਬਤ ਹੋਣ ਲੱਗ ਪਿਆ ਹੈ ਕਿ ਪਾਰਟੀ ਹੁਣ ਹਰ ਹੀਲੇ ਆਪਣੇ ਵਿਸਥਾਰ ਦੇ ਰਉਂ ਵਿਚ ਹੈ। ਇਸ ਲਈ ਖੇਤਰੀ ਹਿੱਸੇਦਾਰਾਂ ਦੀ ਪ੍ਰਵਾਹ ਕੀਤੇ ਬਿਨਾਂ ਅੱਗੇ ਵਧਣ ਦਾ ਮਨ ਬਣਾ ਚੁੱਕੀ ਹੈ। ਇਸੇ ਕਾਰਨ ਬੇਜ਼ੁਬਾਨ ਮੰਨੀ ਜਾਣ ਵਾਲੀ ਸੂਬਾਈ ਲੀਡਰਸ਼ਿਪ ਦੇ ਵੀ ਖੰਭ ਲੱਗ ਗਏ। ਹਰ ਗੱਲ ਉਤੇ ਟੀਕਾ ਟਿੱਪਣੀ ਆਮ ਹੋ ਗਈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਰੇਡੀਓ ਦੇ ਪ੍ਰੋਗਰਾਮ 'ਮਨ ਕੀ ਬਾਤ' ਰਾਹੀਂ ਪੰਜਾਬ ਦੇ ਨਸ਼ਿਆਂ ਦੀ ਗੱਲ ਕੀਤੀ, ਤਾਂ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਵਲੋਂ ਪੰਜਾਬ ਤੋਂ ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਚਲਾਉਣ ਦਾ ਐਲਾਨ ਕਰ ਦਿੱਤਾ ਗਿਆ। ਇਸ ਐਲਾਨ ਨੇ ਸ਼੍ਰੋਮਣੀ ਅਕਾਲੀ ਦਲ ਅੰਦਰ ਖਲਬਲੀ ਮਚਾ ਦਿੱਤੀ। ਪਾਰਟੀ ਨੇ ਅਮਿਤ ਸ਼ਾਹ ਦੇ 12 ਜਨਵਰੀ ਦੇ ਉਲੀਕੇ ਪ੍ਰੋਗਰਾਮ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਪਾਕਿਸਤਾਨ ਤੋਂ ਹੈਰੋਇਨ ਅਤੇ ਹੋਰ ਨਸ਼ੇ ਬੰਦ ਕਰਨ ਵਿਚ ਨਾਕਾਮ ਰਹਿਣ ਦਾ ਦੋਸ਼ ਲਗਾਇਆ ਅਤੇ 5 ਜਨਵਰੀ ਨੂੰ ਸਰਹੱਦਾਂ ਉਤੇ ਧਰਨੇ ਦੇ ਦਿੱਤੇ। ਅਜਿਹੀ ਸਿਆਸਤ ਦਾ ਦੱਬਵੀਂ ਸੁਰ ਵਿਚ ਪਾਰਟੀ ਦੇ ਅੰਦਰ ਵੀ ਵਿਰੋਧ ਹੋਇਆ। ਸੋ, ਧਰਨਿਆਂ ਨੂੰ ਜਾਗਰੂਕਤਾ ਪ੍ਰੋਗਰਾਮਾਂ ਦਾ ਨਾਂ ਦੇ ਦਿੱਤਾ ਗਿਆ।

ਦਿੱਲੀ ਵਿਧਾਨ ਸਭਾ ਚੋਣਾਂ ਅੰਦਰ ਮੋਦੀ ਦਾ ਅਕਸ ਬਚਾਉਣ ਲਈ ਫ਼ਿਕਰਮੰਦ ਭਾਜਪਾ ਨੇ ਅਕਾਲੀਆਂ ਨਾਲ ਟੁੱਟੀ ਗੰਢਣ ਦਾ ਫ਼ੈਸਲਾ ਕਰ ਲਿਆ। ਆਰਜ਼ੀ ਹੀ ਸਹੀ, ਦੋਵੇਂ ਪਾਰਟੀਆਂ ਦੀ ਗਲਵੱਕੜੀ ਪੈਂਦਿਆਂ ਹੀ ਮਾਘੀ ਦੇ ਮੇਲੇ ਉਤੇ ਨਸ਼ੇ ਦੇ ਮੁੱਦੇ ਚਲਾਈਆਂ ਜਾਣ ਵਾਲੀਆਂ ਜਾਗਰੂਕਤਾ ਮੁਹਿੰਮਾਂ ਨੂੰ ਧਾਰਮਿਕ ਸਮਾਗਮਾਂ ਵਿਚ ਤਬਦੀਲ ਕਰਨ ਦਾ ਐਲਾਨ ਹੋ ਗਿਆ। ਹੁਣ ਦਿੱਲੀ ਚੋਣਾਂ ਦੇ ਨਾਂ 'ਤੇ ਅਮਿਤ ਸ਼ਾਹ ਦਾ ਪ੍ਰੋਗਰਾਮ ਅੱਗੇ ਪਾ ਦਿੱਤਾ ਗਿਆ ਹੈ। ਘੱਟੋ-ਘੱਟ ਦਿੱਲੀ ਚੋਣਾਂ ਤਕ ਹੁਣ ਬਿਕਰਮ ਸਿੰਘ ਮਜੀਠੀਆ ਦਾ ਅਸਤੀਫ਼ਾ ਵੀ ਭਾਜਪਾ ਦੀ ਜ਼ੁਬਾਨ ਉਤੇ ਆਉਣ ਦੀ ਸੰਭਾਵਨਾ ਨਹੀਂ ਹੈ।

ਫਰਵਰੀ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਠੱਗੀ ਮਹਿਸੂਸ ਕਰਨ ਅਤੇ ਲੋਕ ਸਭਾ ਚੋਣਾਂ ਦੌਰਾਨ ਹਾਸ਼ੀਏ ਉਤੇ ਜਾਣ ਦੇ ਬਾਵਜੂਦ ਕਾਂਗਰਸ ਨੇ ਸਬਕ ਨਹੀਂ ਸਿੱਖਿਆ। ਅਮਰਿੰਦਰ ਧੜੇ ਦਾ ਪੂਰਾ ਜ਼ੋਰ ਪ੍ਰਤਾਪ ਸਿੰਘ ਬਾਜਵਾ ਨੂੰ ਪ੍ਰਧਾਨਗੀ ਤੋਂ ਹਟਾਉਣ ਉਤੇ ਅਤੇ ਬਾਜਵਾ ਦਾ ਪ੍ਰਧਾਨਗੀ ਬਚਾਉਣ ਉਤੇ ਲੱਗਿਆ ਹੋਇਆ ਹੈ। ਲੋਕਾਂ ਦੀਆਂ ਤਕਲੀਫ਼ਾਂ ਦੇ ਮਾਮਲੇ ਵਿਚ ਧਾਰੀ ਖ਼ਾਮੋਸ਼ੀ ਧਾਰੀ ਹੋਈ ਹੈ। ਅਮਰਿੰਦਰ ਧੜੇ ਨੇ ਹੁਣ ਉਸ ਦੀ ਪਾਰਟੀ ਅੰਦਰ ਸਰਦਾਰੀ ਦਰਸਾਉਣ ਖਾਤਰ ਅੰਮ੍ਰਿਤਸਰ ਵਿਚ ਠੋਕ-ਵਜਾ ਕੇ ਰੈਲੀ ਵੀ ਕਰ ਲਈ ਹੈ। ਆਮ ਆਦਮੀ ਪਾਰਟੀ ਦੇ ਚਾਰ ਲੋਕ ਸਭਾ ਮੈਂਬਰ ਹੋਣ ਦੇ ਬਾਵਜੂਦ ਪਾਰਟੀ ਵਲੋਂ ਸੂਬੇ ਦੇ ਕਿਸੇ ਵੀ ਮੁੱਦੇ ਉਤੇ ਇੱਕਜੁੱਟ ਮੁਹਿੰਮ ਚਲਾਉਣ ਦੀ ਨਾਕਾਮੀ ਨੇ ਲੋਕਾਂ ਦਾ ਮੋਹ ਭੰਗ ਕਰ ਦਿੱਤਾ ਹੈ। ਕੁਝ ਨਿੱਜੀ ਉਪਰਾਲਿਆਂ ਤੋਂ ਬਿਨਾਂ, ਬਤੌਰ ਪਾਰਟੀ ਲੋਕਾਂ ਦੀ ਗੱਲ ਨਹੀਂ ਹੋ ਰਹੀ। ਕੁਝ ਖੱਬੇ ਪੱਖੀ ਪਾਰਟੀਆਂ ਨੇ ਇੱਕਜੁੱਟ ਹੋ ਕੇ ਲੋਕਾਂ ਵਿਚ ਜਾਣ ਦੇ ਉਪਰਾਲੇ ਦਾ ਲੋਕਾਂ ਨੇ ਸਵਾਗਤ ਵੀ ਕੀਤਾ ਪਰ ਅਜੇ ਪੂਰੀ ਤਰ੍ਹਾਂ ਲੋਕਾਂ ਦਾ ਧਿਆਨ ਖਿੱਚਣ ਵਾਲੀ ਗੱਲ ਨਹੀਂ ਬਣੀ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਨੇ ਪੰਜਾਬ ਨੂੰ ਨਸ਼ੇੜੀ ਹੋਣ ਦਾ ਧੱਬਾ ਲਗਾਉਣ ਖਿਲਾਫ ਚਿਤਾਵਨੀ ਦਿੱਤੀ ਹੈ। ਪੰਜਾਬ ਦਾ ਇਹ ਦੁਖਾਂਤ ਹੀ ਕਿਹਾ ਜਾਵੇਗਾ ਕਿ ਸੱਤਾਧਾਰੀ ਆਗੂਆਂ ਨੇ ਵਿੱਤੀ ਸੰਕਟ ਨੂੰ ਵੀ ਸਮੇਂ ਸਿਰ ਪ੍ਰਵਾਨ ਨਹੀਂ ਕੀਤਾ ਅਤੇ ਇਹੀ ਸੁਣਿਆ ਜਾਂਦਾ ਰਿਹਾ ਕਿ ਇਹ ਤਾਂ ਦਹਾਕਿਆਂ ਤੋਂ ਇਸੇ ਤਰ੍ਹਾਂ ਚੱਲੀ ਜਾਂਦਾ ਹੈ ਜੀ! ਦੂਜੇ ਪਾਸੇ ਪੰਜਾਬ ਦੇ ਲੋਕ ਸਾਰੀਆਂ ਸਮਾਜਕ ਸਕੀਮਾਂ ਦਾ ਲਾਭ ਲੈਣ ਲਈ ਤਰਸ ਭਰੀਆਂ ਨਿਗਾਹਾਂ ਨਾਲ ਦੇਖ ਰਹੇ ਹਨ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਸੱਚਾਈ ਨੂੰ ਦੋ ਦਹਾਕਿਆਂ ਤਕ ਸਵੀਕਾਰ ਨਾ ਕਰਨ ਨਾਲ ਨੁਕਸਾਨ ਦਾ ਦਾਇਰਾ ਵਿਆਪਕ ਬਣਾਉਣ ਦਾ ਅਪਰਾਧ ਵੀ ਹਾਕਮਾਂ ਨੇ ਖ਼ੁਦ ਹੀ ਕੀਤਾ। ਹੁਣ ਨਸ਼ੇ ਦੇ ਮਾਮਲੇ ਵਿਚ ਦੜ ਵੱਟਣ ਵਾਲੀ ਨੀਤੀ ਹੀ ਅਪਨਾਈ ਜਾ ਰਹੀ ਹੈ। ਬਿੱਲੀ ਨੂੰ ਦੇਖ ਕੇ ਕਬੂਤਰ ਵਲੋਂ ਅੱਖਾਂ ਬੰਦ ਕਰ ਲੈਣ ਨਾਲ ਜਾਨ ਨਹੀਂ ਬਚਦੀ, ਸਗੋਂ ਖਤਰੇ ਨੂੰ ਮੰਨ ਕੇ ਉਸ ਦਾ ਮੁਕਾਬਲਾ ਕਰਨ ਦੀ ਹਿੰਮਤ ਜੁਟਾਉਣ ਨਾਲ ਹੀ ਜਾਨ ਬਚ ਸਕਦੀ ਹੈ।

ਦੂਜੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਪਾਕਿਸਤਾਨ ਦੀ ਸਰਹੱਦ ਸੀਲ ਕਰਨ ਅਤੇ ਰਾਜਸਥਾਨ ਤੇ ਮੱਧ ਪ੍ਰਦੇਸ਼ ਤੋਂ ਨਸ਼ੇ ਦੀ ਤਸਕਰੀ ਬੰਦ ਕਰਨ ਨਾਲ ਨਸ਼ੇ ਦੀ ਸਮੱਸਿਆ ਹੱਲ ਹੋ ਸਕਦੀ ਹੈ। ਜੇ ਇਹੀ ਕਾਰਨ ਹੋਵੇ ਤਾਂ ਪਾਕਿਸਤਾਨ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਨਸ਼ੇੜੀਆਂ ਦੀ ਗਿਣਤੀ ਪੰਜਾਬ ਤੋਂ ਵੱਧ ਹੋਣੀ ਚਾਹੀਦੀ ਸੀ! ਪੰਜਾਬ ਲੰਮੇ ਸਮੇਂ ਤੋਂ ਨਸ਼ਾ ਤਸਕਰੀ ਲਈ ਰਾਹ ਰਿਹਾ ਹੈ ਪਰ ਪਹਿਲਾਂ ਪੰਜਾਬ ਦਾ ਨੌਜਵਾਨ ਨਸ਼ੇੜੀ ਕਿਉਂ ਨਹੀਂ ਬਣਿਆ? ਇਹ ਸੁਆਲ ਵੀ ਜਵਾਬ ਦੀ ਮੰਗ ਕਰਦੇ ਹਨ। ਅਸਲ ਵਿਚ ਪੰਜਾਬ ਦੇ ਨੌਜਵਾਨਾਂ ਦੇ ਸੁਫਨੇ ਮਰ ਚੁੱਕੇ ਹਨ। ਕਾਰਪੋਰੇਟ ਵਿਕਾਸ ਮਾਡਲ ਨੇ ਇੱਕ ਪਾਸੇ ਸੱਤ ਸਿਤਾਰਾ ਸਭਿਆਚਾਰ ਦੀ ਚਕਾਚੌਂਧ ਸਭ ਦੇ ਘਰਾਂ ਅੰਦਰ ਪਹੁੰਚਾ ਦਿੱਤੀ ਹੈ ਪਰ ਆਰਥਿਕ ਤੌਰ ਉਤੇ ਵੱਡੀ ਆਬਾਦੀ ਜੀਵਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਵੀ ਮੁਥਾਜ ਬਣਾ ਦਿੱਤੀ ਹੈ। ਕੰਗਾਲੀ ਦੇ ਭੰਨੇ ਪੰਜਾਬ ਦੇ ਨੌਜਵਾਨਾਂ ਨੇ ਉਜੜ ਕੇ ਵੀ ਆਪਣੇ ਸੁਫਨੇ ਸੱਚ ਕਰਨ ਦਾ ਉਪਰਾਲਾ ਕੀਤਾ ਅਤੇ ਹਰ ਹੀਲਾ ਵਰਤ ਕੇ ਵਿਦੇਸ਼ਾਂ ਵੱਲ ਚਾਲੇ ਪਾ ਦਿੱਤੇ। ਪੰਜਾਬ ਦੀਆਂ ਬੱਚੀਆਂ ਦੇ ਬੇਜੋੜ ਵਿਆਹ ਕਰ ਕੇ ਪਰਿਵਾਰਾਂ ਨੇ ਵਿਦੇਸ਼ ਜਾਣ ਲਈ ਜੋ ਪੌੜੀਆਂ ਲਗਾਈਆਂ, ਉਹ ਵੀ ਹਜ਼ਾਰਾਂ ਧੀਆਂ ਦੀਆਂ ਚੀਕਾਂ ਨੇ ਜੰਗਾਲ ਦਿੱਤੀਆਂ। ਸਿਆਸੀ ਤੌਰ ਉਤੇ ਪਿੰਡ ਪੂਰੀ ਤਰ੍ਹਾਂ ਲਾਵਾਰਸ ਹੋ ਗਏ ਹਨ। ਸਾਰੇ ਮਹੱਤਵਪੂਰਨ ਸਿਆਸੀ ਅਹੁਦੇ ਕੁਝ ਖ਼ਾਸ ਪਰਿਵਾਰਾਂ ਦੀ ਜਕੜ ਵਿਚ ਹਨ। 73ਵੀਂ ਸੰਵਿਧਾਨਕ ਸੋਧ 21 ਸਾਲਾਂ ਬਾਅਦ ਵੀ ਲਾਗੂ ਹੋਣ ਨੂੰ ਤਰਸ ਰਹੀ ਹੈ। ਜੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਇਸ ਤਹਿਤ ਮਿਲਣ ਵਾਲੇ 29 ਵਿਭਾਗ ਦੇ ਦਿੱਤੇ ਜਾਣ, ਤਾਂ ਨਵੀਂ ਪੈਦਾ ਹੋਈ ਗ਼ੈਰ-ਜਮਹੂਰੀ ਅਤੇ ਗ਼ੈਰ-ਸੰਵਿਧਾਨਕ ਹਲਕਾ ਇੰਚਾਰਜਾਂ ਦੀ ਨਵੀਂ ਫ਼ੌਜ ਨੂੰ ਕੌਣ ਪੁੱਛੇਗਾ? ਪਾਰਟੀਆਂ ਅੰਦਰਲੀ ਜਮਹੂਰੀਅਤ ਪੂਰੀ ਤਰ੍ਹਾਂ ਖੰਭ ਲਾ ਕੇ ਉਡ ਗਈ ਹੈ ਅਤੇ ਹੁਣ ਜ਼ਮੀਰ ਮਾਰ ਕੇ ਕਾਰਿੰਦੇ ਦੇ ਰੂਪ ਵਿਚ ਪਾਰਟੀ ਅੰਦਰ ਰਹਿਣ ਦਾ ਹੱਕ ਤਾਂ ਹੈ ਪਰ ਕਿਸੇ ਨੂੰ ਚੁਣੌਤੀ ਦੇਣ ਦਾ ਹੱਕ ਖ਼ਤਮ ਹੋ ਗਿਆ ਹੈ। ਪੇਂਡੂ ਖੇਤਰ ਦੀ ਪੜ੍ਹਾਈ ਆਖਰੀ ਸਾਹਾਂ ਉਤੇ ਹੈ ਕਿਉਂਕਿ ਇਨ੍ਹਾਂ ਸਕੂਲਾਂ ਵਿਚ ਹੁਣ ਮੋਹਤਬਰਾਂ ਦੇ ਬੱਚੇ ਪੜ੍ਹਦੇ ਨਹੀਂ ਹਨ ਅਤੇ ਗ਼ਰੀਬਾਂ ਦੇ ਬੱਚਿਆਂ ਨੂੰ ਪੜ੍ਹਾਉਣ ਵੱਲ ਕਿਸੇ ਦੀ ਦਿਲਚਸਪੀ ਨਹੀਂ ਹੈ। ਖੇਤੀਬਾੜੀ ਘਾਟੇ ਦਾ ਸੌਦਾ ਬਣ ਗਈ ਹੈ। ਰੁਜ਼ਗਾਰ ਦੇ ਨਵੇਂ ਸਾਧਨ ਪੈਦਾ ਹੋਣ ਦੇ ਬਜਾਇ ਪਹਿਲਾਂ ਨਾਲੋਂ ਵੀ ਘਟ ਗਏ ਹਨ। ਸਮਾਜਕ ਤਾਣਾ-ਬਾਣਾ ਪਿੰਡਾਂ ਦੀਆਂ ਧੜੇਬੰਦੀਆਂ ਨੇ ਤਹਿਸ-ਨਹਿਸ ਕਰ ਦਿੱਤਾ ਹੈ। ਵਾਤਾਵਰਨ ਦੀ ਖਰਾਬੀ ਕਾਰਨ ਕੈਂਸਰ ਅਤੇ ਕਾਲੇ ਪੀਲੀਏ ਵਰਗੀਆਂ ਬਿਮਾਰੀਆਂ ਨੇ ਵੱਡੀ ਗਿਣਤੀ ਵਿਚ ਪੰਜਾਬ ਦੇ ਘਰਾਂ ਵਿਚ ਤਬਾਹੀ ਮਚਾਈ ਹੈ। ਅਜਿਹੇ ਮਾਹੌਲ ਨਾਲ ਟੱਕਰਨ ਲਈ ਕਿਸੇ ਠੋਸ ਨੀਤੀ ਤੋਂ ਬਿਨਾਂ ਕੀ ਨਸ਼ੇ ਵਿਰੋਧੀ ਲੜਾਈ ਨੂੰ ਅੰਜ਼ਾਮ ਤਕ ਪਹੁੰਚਾਇਆ ਜਾ ਸਕਦਾ ਹੈ?

ਪੰਜਾਬ ਵਿਚ ਕਿਸੇ ਦੀ ਵੀ ਸਰਕਾਰ ਆਈ, ਸਭ ਨੇ ਪੰਜਾਬੀਆਂ ਨੂੰ ਨਸ਼ੇੜੀ ਬਣਾਉਣ ਵਿਚ ਕਸਰ ਨਹੀਂ ਛੱਡੀ। ਕੀ ਸ਼ਰਾਬ ਦਾ ਆਦੀ ਹੋ ਜਾਣਾ (ਅਲਕੋਹਲਿਸਟ) ਨਸ਼ੇੜੀ ਹੋਣਾ ਨਹੀਂ ਹੈ? ਜੇ ਹਾਂ, ਤਾਂ ਫਿਰ ਪੰਜਾਬ ਸਰਕਾਰ ਅਜਿਹੇ ਟੀਚੇ ਕਿਉਂ ਰੱਖ ਰਹੀ ਹੈ ਕਿ ਪੰਜਾਬੀ ਵੱਧ ਤੋਂ ਵੱਧ ਸ਼ਰਾਬ ਪੀਣ ਲੱਗਣ। ਸਾਲ 2014-15 ਦੌਰਾਨ ਹੀ ਸਰਕਾਰ ਨੇ 33.63 ਕਰੋੜ ਬੋਤਲਾਂ ਪੰਜਾਬੀਆਂ ਨੂੰ ਪਿਲਾਉਣ ਦਾ ਟੀਚਾ ਰੱਖਿਆ ਹੈ। ਬੀਅਰ ਵਿਚ ਸ਼ਾਮਿਲ ਕਰ ਲਈ ਜਾਵੇ ਤਾਂ ਇਹ 38.43 ਕਰੋੜ ਬੋਤਲਾਂ ਬਣ ਜਾਂਦੀਆਂ ਹਨ। ਪੌਣੇ ਤਿੰਨ ਕਰੋੜ ਦੀ ਆਬਾਦੀ ਵਾਲੇ ਛੋਟੇ ਜਿਹੇ ਸੂਬੇ ਨੂੰ ਸ਼ਰਾਬ ਦੇ ਖੇਤਰ ਵਿਚ ਨੰਬਰ ਇੱਕ ਬਣਾਉਣ ਦੀ ਸ਼ਾਬਾਸ਼ ਖੱਟਣ ਦੀ ਲਲ੍ਹਕ ਕਿੱਥੇ ਲੈ ਕੇ ਜਾਵੇਗੀ? ਇੱਥੋਂ ਤਕ ਕਿ ਸਰਕਾਰ ਸੰਵਿਧਾਨਕ ਤੌਰ ਉਤੇ ਚੁਣੀਆਂ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਵਲੋਂ ਸ਼ਰਾਬ ਦੇ ਠੇਕੇ ਚੁਕਵਾਉਣ ਦੇ ਮਤਿਆਂ ਦੇ ਕਾਨੂੰਨੀ ਹੱਕ ਨੂੰ ਤਸਲੀਮ ਕਰਨ ਲਈ ਵੀ ਤਿਆਰ ਨਹੀਂ ਹੈ। ਸੁਪਰੀਮ ਕੋਰਟ ਵਲੋਂ ਰਾਜ ਮਾਰਗਾਂ ਉਤੋਂ ਠੇਕੇ ਬੰਦ ਕਰਵਾਉਣ ਦੀ ਪਟੀਸ਼ਨ ਉਤੇ ਸੁਣਵਾਈ ਦੌਰਾਨ ਸਰਕਾਰ ਨੇ ਦਰਸਾਇਆ ਕਿ ਉਸ ਨੂੰ ਲੋਕਾਂ ਦੀ ਸਿਹਤ ਨਾਲੋਂ ਮਾਲੀਏ ਦੀ ਚਿੰਤਾ ਹੈ।

ਬੌਧਿਕ ਕੰਗਾਲੀ ਪੰਜਾਬ ਲਈ ਸਭ ਤੋਂ ਵੱਡੀ ਕਮਜ਼ੋਰੀ ਬਣ ਰਹੀ ਹੈ। ਅਨੇਕ ਸਮੱਸਿਆਵਾਂ ਵਿਚ ਜਕੜੇ ਰਾਜ ਸਾਹਮਣੇ ਸਪਸ਼ਟ ਏਜੰਡਾ ਪੇਸ਼ ਕਰਨ ਅਤੇ ਪਾਰਟੀਆਂ ਨੂੰ ਉਨ੍ਹਾਂ ਉਤੇ ਗੱਲ ਕਰਨ ਲਈ ਮਜਬੂਰ ਕਰਨ ਵਾਲਾ ਬੌਧਿਕ ਗਰੁਪ ਦ੍ਰਿਸ਼ ਤੋਂ ਗਾਇਬ ਦਿਖਾਈ ਦੇ ਰਿਹਾ ਹੈ। ਜਿੱਥੇ ਵੀ ਨਸ਼ੇ ਖਿਲਾਫ ਬਹਿਸ ਹੁੰਦੀ ਹੈ, ਇੱਕ ਦਲੀਲ ਸਭ ਦਿੰਦੇ ਹਨ ਕਿ ਇਸ ਉਤੇ ਸਿਆਸਤ ਨਹੀਂ ਕਰਨੀ ਚਾਹੀਦੀ। ਕਿਉਂ? ਜਿਸ ਤਰ੍ਹਾਂ ਦੀ ਸਿਆਸਤ ਹੁਣ ਚੱਲ ਰਹੀ ਹੈ, ਉਹ ਹੀ ਤਾਂ ਵੱਡੇ ਵਰਗ ਕੋਲੋਂ ਰੁਜ਼ਗਾਰ, ਪੜ੍ਹਾਈ, ਚੰਗੀ ਸਿਹਤ, ਬਰਾਬਰੀ ਦੇ ਅਧਿਕਾਰ, ਜਮਹੂਰੀਅਤ ਵਿਚ ਫ਼ੈਸਲਾਕੁਨ ਤਾਕਤ ਵਿਚ ਹਿੱਸੇਦਾਰੀ ਸਭ ਕੁਝ ਖੋਹ ਰਹੀ ਹੈ। ਲੋੜ ਸਿਆਸਤ ਨੂੰ ਕੁਦਰਤ ਅਤੇ ਮਨੁੱਖ ਦੀਆਂ ਜ਼ਰੂਰਤਾਂ ਦੇ ਹਾਣ ਦੀ ਬਣਾਉਣ ਦੀ ਹੈ। ਪੰਜਾਬ ਦੀਆਂ ਔਰਤਾਂ ਇਸ ਸਬੰਧੀ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ, ਪਰ ਦੁਖਾਂਤ ਇਹੀ ਹੈ ਕਿ ਇਨ੍ਹਾਂ ਨੂੰ ਸਮਾਜਕ ਅਤੇ ਸਿਆਸੀ ਖੇਤਰ ਵਿਚ ਅੱਗੇ ਵਧਣ ਲਈ ਅਜੇ ਕਈ ਰੁਕਾਵਟਾਂ ਨੂੰ ਦੂਰ ਕਰਨ ਲਈ ਪਹਿਲਕਦਮੀ ਕਰਨੀ ਪਵੇਗੀ। ਇਸ ਲਈ ਨਸ਼ਿਆਂ ਖਿਲਾਫ ਲੜਾਈ ਦੇ ਸਮਾਜਕ ਅਤੇ ਸਿਆਸੀ- ਦੋਵੇਂ ਪੱਖ ਹੋਣਗੇ ਪਰ ਕੇਵਲ ਵੋਟ ਬੈਂਕ ਦੀ ਸਿਆਸਤ ਨਸ਼ੇ ਖਿਲਾਫ ਮੁਹਿੰਮ ਨੂੰ ਕਿਤੇ ਨਹੀਂ ਲਿਜਾ ਸਕੇਗੀ।

# ਗੈਰ-ਹਾਜ਼ਰ ਗਣ ਅਤੇ ਅਗਵਾ ਹੋਇਆ ਗਣਤੰਤਰ ਦਿਵਸ

ਗਣਤੰਤਰ ਦਿਵਸ ਸਮਾਗਮ ਵਿਚ ਬਰਾਕ ਓਬਾਮਾ ਦੀ ਮੇਜ਼ਬਾਨੀ ਦੇ ਕੀ ਮਾਅਨੇ ਹਨ? ਕਿਸੇ ਮੁਲਕ ਦੇ ਗਣਤੰਤਰ ਦਿਵਸ ਸਮਾਗਮ ਉਤੇ ਆਇਆ ਮਹਿਮਾਨ ਮੌਕੇ ਤੋਂ ਵੱਡਾ ਕਿਵੇਂ ਹੋ ਸਕਦਾ ਹੈ? ਜਮਹੂਰੀ ਮੁਲਕ ਦੀ ਸਰਕਾਰ ਦੀ ਨੁਮਾਇੰਦਗੀ ਪ੍ਰਧਾਨ ਮੰਤਰੀ ਤੱਕ ਮਹਿਦੂਦ ਕਿਵੇਂ ਹੋ ਜਾਂਦੀ ਹੈ? ਅਮਰੀਕਾ ਦਾ ਰਾਸ਼ਟਰਪਤੀ ਇਕ ਜਮਹੂਰੀ ਮੁਲਕ ਦਾ ਦੌਰਾ ਵਿਚਾਲੇ ਛੱਡ ਕੇ ਕਿਸੇ ਤਾਨਾਸ਼ਾਹ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਿਲ ਹੋਣ ਕਿਉਂ ਜਾਂਦਾ ਹੈ? ਪ੍ਰਮਾਣੂ ਹਾਦਸਿਆਂ ਦੀ ਜਵਾਬਦੇਹੀ ਤੋਂ ਸਰਕਾਰਾਂ ਅਤੇ ਪ੍ਰਮਾਣੂ ਕਾਰੋਬਾਰੀ ਸੁਰਖਰੂ ਕਿਉਂ ਹੋਣੇ ਚਾਹੀਦੇ ਹਨ? ਬੀਮਾ ਕੰਪਨੀਆਂ ਦੀ ਕਾਰਗੁਜ਼ਾਰੀ ਨੂੰ ਨਜ਼ਰਅੰਦਾਜ਼ ਕਰ ਕੇ ਇਨ੍ਹਾਂ ਨੂੰ ਭਰੋਸੇਯੋਗ ਕਰਾਰ ਦੇਣਾ ਸਰਕਾਰਾਂ ਦੀ ਕੀ ਮਜਬੂਰੀ ਹੈ? ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਤਕਰੀਰ, ਸਰਕਾਰੀ ਬਿਆਨਾਂ ਅਤੇ ਵਾਅਦਿਆਂ ਤੋਂ ਬਿਨਾਂ



**ਦਲਜੀਤ ਅਮੀ**
**ਫੋਨ: 91-97811-21873**

2015 ਦਾ ਗਣਤੰਤਰ ਦਿਵਸ ਇਨ੍ਹਾਂ ਸੁਆਲਾਂ ਦੇ ਹਵਾਲੇ ਨਾਲ ਯਾਦ ਕੀਤਾ ਜਾਵੇਗਾ।

ਬਰਾਕ ਓਬਾਮਾ ਅਤੇ ਨਰੇਂਦਰ ਮੋਦੀ ਦੀ ਹਰ ਚੇਤ-ਅਚੇਤ ਹਰਕਤ ਬਾਰੇ ਮੀਡੀਆ ਚਰਚਾ ਤੋਂ ਲੈ ਕੇ ਭਾਰਤ-ਅਮਰੀਕਾ ਵਿਚਕਾਰ ਹੋਏ ਸਮਝੌਤਿਆਂ ਅਤੇ ਪਾਕਿਸਤਾਨ ਨੂੰ ਮਾਰੀਆਂ ਘੁਰਕੀਆਂ ਨਾਲ ਗਣਤੰਤਰ ਦਿਵਸ ਦੇ ਜਸ਼ਨ ਮੁਕੰਮਲ ਹੋਏ ਹਨ। ਨਰੇਂਦਰ ਮੋਦੀ ਅਤੇ ਮਿਸ਼ੇਲ ਓਬਾਮਾ ਦਾ ਡਿਜ਼ਾਇਨਰ ਕੱਪੜਿਆਂ ਦਾ ਮੁਕਾਬਲਾ ਦਿਲਚਸਪ ਹੋਣ ਦੇ ਬਾਵਜੂਦ ਜ਼ਿਆਦਾ ਚਰਚਾ ਵਿਚ ਨਹੀਂ ਆਇਆ। ਗੁਜਰਾਤ ਦੇ ਮੁੱਖ ਮੰਤਰੀ ਵਜੋਂ ਨਰੇਂਦਰ ਮੋਦੀ ਨੇ 15 ਅਗਸਤ 2013 ਨੂੰ ਲਾਲ ਕਿਲ੍ਹੇ ਤੋਂ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਤਕਰੀਰ ਦਾ ਜੁਆਬ ਭੁੱਜ ਦੇ ਲਾਲਨ ਕਾਲਜ ਵਿਚ ਹੋਏ ਸਰਕਾਰੀ ਸਮਾਗਮ ਦੌਰਾਨ ਦਿੱਤਾ ਸੀ। ਉਸ ਵੇਲੇ ਨਰੇਂਦਰ ਮੋਦੀ ਨੇ ਦਾਅਵਾ ਕੀਤਾ ਸੀ ਕਿ ਮੁਲਕ ਵਾਸੀ ਦਿੱਲੀ ਤੋਂ ਪ੍ਰਧਾਨ ਮੰਤਰੀ ਅਤੇ ਭੁੱਜ ਤੋਂ ਗੁਜਰਾਤ ਦੇ ਮੁੱਖ ਮੰਤਰੀ ਨੂੰ ਸੁਣਨਗੇ। ਕੇਂਦਰ ਸਰਕਾਰ ਦੀ 'ਕਮਜ਼ੋਰ ਵਿਦੇਸ਼ ਨੀਤੀ' ਨੂੰ ਉਸ ਵੇਲੇ ਨਰੇਂਦਰ ਮੋਦੀ ਨੇ ਨਿਸ਼ਾਨਾ ਬਣਾਇਆ ਸੀ। ਹੁਣ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਿਆਂ ਅੱਠ ਮਹੀਨੇ ਹੋ ਗਏ ਹਨ। ਇਸ ਗਣਤੰਤਰ ਦਿਵਸ ਨੂੰ ਨਰੇਂਦਰ ਮੋਦੀ ਦੀ ਵਿਦੇਸ਼ ਨੀਤੀ ਦੀ ਨੁਮਾਇਸ਼ ਵਜੋਂ ਵੇਖਿਆ ਜਾ ਸਕਦਾ ਹੈ।

ਜੇ ਵਿਦੇਸ਼ ਨੀਤੀ ਦੀ ਪੜਚੋਲ ਦਾ ਹਵਾਲਾ 'ਸਭ ਤੋਂ ਤਾਕਤਵਰ ਮੁਲਕ' ਨਾਲ ਰਿਸ਼ਤੇ ਤੱਕ ਮਹਿਦੂਦ ਕੀਤਾ ਜਾਵੇ ਤਾਂ ਸੁਆਲ ਦਾ ਜੁਆਬ ਮੀਡੀਆ ਦੀ ਪੇਸ਼ਕਾਰੀ ਵਿਚੋਂ ਲੱਭਿਆ ਜਾ ਸਕਦਾ ਹੈ। ਵਿਦੇਸ਼ ਨੀਤੀ ਦਾ ਇੱਕ ਪੱਖ ਤਾਂ ਬਿਨਾਂ ਸ਼ੱਕ ਆਲਮੀ ਅਰਥਚਾਰੇ ਨਾਲ ਜੁੜਿਆ ਹੋਇਆ ਹੈ ਪਰ ਇਸ ਦੇ ਅਹਿਮ ਪੱਖ ਆਲਮੀ ਪਾਲਾਬੰਦੀ, ਸੁਰੱਖਿਆ, ਇਨਸਾਫ ਅਤੇ ਜਮਹੂਰੀਅਤ ਨਾਲ ਜੁੜੇ ਹੋਏ ਹਨ। ਮੌਜੂਦਾ ਹਾਲਾਤ ਵਿਚ ਅਤਿਵਾਦ ਅਤੇ ਕੌਮਾਂਤਰੀ ਵਪਾਰ ਅਹਿਮ ਮੁੱਦੇ ਹਨ ਜੋ ਤਕਰੀਬਨ ਸਾਰੇ ਮੁਲਕਾਂ ਦੇ ਦੁਵੱਲੇ, ਤਿਕੋਣੇ, ਚੌਕੋਣੇ ਰਿਸ਼ਤਿਆਂ ਅਤੇ ਖੇਤਰੀ ਜਾਂ ਕੌਮਾਂਤਰੀ ਮੰਚਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਹਾਲਾਤ ਵਿਚ ਓਬਾਮਾ-ਮੋਦੀ ਨੇੜਤਾ ਕਿਸੇ ਧਿਰ ਦੀ ਪ੍ਰਾਪਤੀ ਹੈ ਜਾਂ ਇਹ ਦੋ ਮੁਲਕਾਂ ਦੀਆਂ ਵਿਦੇਸ਼ ਨੀਤੀਆਂ ਅਤੇ ਸਿਆਸੀ ਸੇਧ ਦਾ ਸਹਿਜ ਮੇਲ ਹੈ?

ਨਰੇਂਦਰ ਮੋਦੀ ਭਾਰਤੀ ਸਿਆਸਤ ਦੇ ਬਹੁ-ਗਿਣਤੀ ਬੁਨਿਆਦਪ੍ਰਸਤ ਖਾਸੇ ਦੀ ਨੁਮਾਇੰਦਗੀ ਕਰਦੇ ਹਨ ਜੋ ਆਰਥਿਕ ਮੁਹਾਜ਼ ਉਤੇ ਖੁੱਲ੍ਹੀ ਮੰਡੀ ਦੀ ਵਕਾਲਤ ਕਰਦਾ ਹੈ। ਇਸ ਬੁਨਿਆਦਪ੍ਰਸਤੀ ਦੇ ਅੰਦਰ ਵੀ ਨਰੇਂਦਰ ਮੋਦੀ ਸ਼ਖ਼ਸੀਅਤ ਮੁਖੀ ਸਿਆਸਤ ਦਾ ਮੂੰਹਜ਼ੋਰ ਅਲੰਬਰਦਾਰ ਹੈ। ਉਹ ਚੋਣ ਪ੍ਰਚਾਰ ਦੌਰਾਨ ਹਰ ਦਾਅਵਾ 'ਆਪਣੀ ਹਿੱਕ ਦੇ ਨਾਪ' ਨਾਲ ਜੋੜ ਕੇ 'ਮੈਂ' ਦੇ ਹਵਾਲੇ ਨਾਲ ਕਰਦਾ ਹੈ। ਇਸ ਪ੍ਰਚਾਰ ਵਿਚ ਭਾਜਪਾ ਅਤੇ ਦੂਜੇ ਆਗੂਆਂ ਦੀ ਥਾਂ ਦੋਇਮ ਦਰਜੇ ਤੱਕ ਮਹਿਦੂਦ ਕਰ ਦਿੱਤੀ ਜਾਂਦੀ ਹੈ। ਭਾਜਪਾ ਦੇ ਅੰਦਰ ਦੂਜੇ ਆਗੂਆਂ ਦੇ ਕੱਦ ਮੋਦੀ ਦੀ ਮਰਜ਼ੀ ਨਾਲ ਘਟਦੇ-ਵਧਦੇ ਹਨ। ਕੁਰਸੀਆਂ ਤੇ ਅਹੁਦਿਆਂ ਦੀ ਵੰਡ ਮੋਦੀ ਦੀ ਇੱਛਾ ਮੁਤਾਬਕ ਹੁੰਦੀ ਹੈ। ਹਰ ਮੰਤਰੀ-ਸੰਤਰੀ ਫੈਸਲਾ ਮੋਦੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਕਰ ਸਕਦਾ। ਗ੍ਰਹਿ ਮੰਤਰੀ ਆਪਣਾ ਸਕੱਤਰ ਆਪਣੀ ਮਰਜ਼ੀ ਨਾਲ ਨਹੀਂ ਲਗਾ ਸਕਦਾ। ਮੰਤਰੀਆਂ ਦੇ ਵਿਦੇਸ਼ ਦੌਰੇ ਪ੍ਰਧਾਨ ਮੰਤਰੀ ਦੇ ਦਫਤਰ ਰਾਹੀਂ ਪ੍ਰਵਾਨ ਜਾਂ ਰੱਦ ਕੀਤੇ ਜਾਂਦੇ ਹਨ। ਓਬਾਮਾ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਤੋਂ ਬਿਨਾਂ ਬਾਕੀ ਮੰਤਰੀਆਂ ਦੀ ਹੋਂਦ ਰਸਮੀ ਤੋਂ ਬੌਣੀ ਹੋ ਜਾਂਦੀ ਹੈ। ਆਖਰ ਪ੍ਰਧਾਨ ਮੰਤਰੀ ਦਾ ਬਿਆਨ ਆ ਗਿਆ ਕਿ ਉਹ ਅਮਰੀਕਾ ਨਾਲ ਹੋਏ ਅਹਿਮ ਸਮਝੌਤਿਆਂ ਦੀ ਆਪ ਨਿਗਰਾਨੀ ਕਰਨਗੇ। ਬਾਕੀ ਮੰਤਰੀਆਂ ਨੇ ਕੀ ਕਰਨਾ ਹੈ?

ਦੂਜੇ ਪਾਸੇ ਬਰਾਕ ਓਬਾਮਾ ਹਨ ਜੋ ਅਮਰੀਕੀ ਵਿਦੇਸ਼ ਨੀਤੀ ਦੀ ਲਗਾਤਾਰਤਾ ਦੇ ਅਲੰਬਰਦਾਰ ਹਨ। ਇਸ ਨੀਤੀ ਦਾ ਟੀਚਾ ਸਾਫ ਹੈ ਕਿ ਜੋ 'ਸਾਡੇ ਨਾਲ ਨਹੀਂ ਹੈ, ਉਹ ਸਾਡੇ ਖਿਲਾਫ ਹੈ।' ਅਮਰੀਕਾ ਦੀਆਂ ਜੰਗੀ ਮੁਹਿੰਮਾਂ ਪੂਰੀ ਦੁਨੀਆਂ ਵਿਚ ਫੈਲੀਆਂ ਹੋਈਆਂ ਹਨ। ਪੂਰੀ ਦੁਨੀਆਂ ਨੂੰ ਆਪਣੀ ਫ਼ੌਜੀ ਤਾਕਤ ਦੇ ਘੇਰੇ ਵਿਚ ਲਿਆਉਣਾ ਉਨ੍ਹਾਂ ਦਾ ਮਕਸਦ ਹੈ। ਭਾਰਤ ਨੂੰ ਫ਼ੌਜੀ ਟਿਕਾਣਾ ਜਾਂ ਲੋੜ ਮੁਤਾਬਕ ਅੱਡਾ ਬਣਾਉਣਾ ਅਮਰੀਕੀ ਵਿਦੇਸ਼ ਨੀਤੀ ਦਾ ਚਿਰਕਾਲੀ ਟੀਚਾ ਹੈ। ਇਸ ਟੀਚੇ ਰਾਹੀਂ ਉਹ ਏਸ਼ੀਆਈ ਖ਼ਿੱਤੇ ਵਿਚ ਆਪਣੇ ਰਵਾਇਤੀ ਦੋਸਤਾਂ ਦੀਆਂ ਨਾਰਾਜ਼ਗੀਆਂ ਬਰਦਾਸ਼ਤ ਕਰਨ ਅਤੇ ਗ਼ਲਬਾ ਕਾਇਮ ਕਰਨ ਵਾਲੀ ਹਾਲਤ ਵਿਚ ਆ ਜਾਵੇਗਾ। ਭਾਰਤ ਨਾਲ ਵਪਾਰ ਸਮਝੌਤੇ ਅਤੇ ਫ਼ੌਜੀ ਸਮਝੌਤਿਆਂ ਨਾਲ ਚੀਨ ਨੂੰ ਸੁਨੇਹਾ ਦੇਣ ਅਤੇ ਪਾਕਿਸਤਾਨ ਨੂੰ ਘੁਰਕੀ ਮਾਰਨ ਦਾ ਕੰਮ ਸਹਿਜ ਹੋ ਜਾਂਦਾ ਹੈ। ਪ੍ਰਮਾਣੂ ਸਮਝੌਤਿਆਂ ਰਾਹੀਂ ਜਪਾਨ ਨਾਲ ਭਾਰਤ ਦੇ ਵਪਾਰ ਦੀਆਂ ਸੰਭਾਵਨਾਵਾਂ ਵਧਦੀਆਂ ਹਨ। ਇਸ ਤਰ੍ਹਾਂ ਚੀਨ-ਜਪਾਨ ਰਿਸ਼ਤਿਆਂ ਵਿਚ ਭਾਰਤ ਦੇ ਜਪਾਨ ਵੱਲ ਝੁਕਣ ਦੀ ਸੰਭਾਵਨਾ ਵਧ ਜਾਂਦੀ ਹੈ। ਭਾਰਤ ਅਤੇ ਜਪਾਨ ਰਾਹੀਂ ਅਮਰੀਕਾ ਆਪਣੇ ਪੁਰਾਣੇ ਸ਼ਰੀਕ ਰੂਸ ਦੀ ਵਿੱਤੀ ਘੇਰਾਬੰਦੀ ਕਰਦਾ ਜਾਪਦਾ ਹੈ। ਅਮਰੀਕੀ ਰਾਸ਼ਟਰਪਤੀ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਭਾਰਤ ਦੀ ਪੱਕੀ ਨੁਮਾਇੰਦਗੀ ਹਾਸਲ ਕਰਨ ਵਿਚ ਮਦਦ ਕਰਨ ਦਾ ਬਿਆਨ ਦਿੱਤਾ ਹੈ। ਇਹ ਬਿਆਨ ਪਹਿਲਾਂ ਵੀ ਕਈ ਵਾਰ ਦਿੱਤਾ ਜਾ ਚੁਕਾ ਹੈ ਪਰ ਸ਼ਰਤ ਅਮਰੀਕਾ ਨਾਲ ਨਾਟੋ ਦੀ ਤਰਜ਼ ਦੀ ਦੋਸਤੀ ਹੋਵੇਗੀ। ਜਿਵੇਂ ਮੋਦੀ ਭਾਰਤ ਅੰਦਰ ਸਭ ਕੁਝ ਆਪਣੀ ਮਰਜ਼ੀ ਦੇ ਘੇਰੇ ਵਿਚ ਲਿਆਉਣਾ ਚਾਹੁੰਦਾ ਹੈ, ਉਸੇ ਤਰ੍ਹਾਂ ਓਬਾਮਾ ਪੂਰੀ ਦੁਨੀਆਂ 'ਤੇ ਆਪਣਾ ਗ਼ਲਬਾ ਕਾਇਮ ਕਰਨਾ ਚਾਹੁੰਦਾ ਹੈ। ਅਮਰੀਕੀ ਗ਼ਲਬੇ ਦੇ ਅੰਦਰ-ਅੰਦਰ ਭਾਰਤ ਲਈ ਕਾਫੀ ਥਾਂ ਹੈ। ਇਸੇ ਥਾਂ ਕਾਰਨ ਮੋਦੀ-ਓਬਾਮਾ ਦੋਸਤੀ ਇਨ੍ਹਾਂ ਦੀ ਅਣਸਰਦੀ ਲੋੜ ਵਿਚੋਂ ਨਿਕਲੀ ਹੈ।

ਪ੍ਰਮਾਣੂ ਊਰਜਾ ਦੇ ਮਾਮਲੇ ਵਿਚ ਭਾਰਤ ਦਾ ਅਮਰੀਕਾ ਨਾਲ ਸਮਝੌਤਾ 2008 ਵਿਚ ਹੋ ਗਿਆ ਸੀ ਪਰ ਵਪਾਰ ਨਹੀਂ ਹੋ ਸਕਿਆ। ਭਾਰਤ ਦੀ ਸ਼ਰਤ ਰਹੀ ਹੈ ਕਿ ਪ੍ਰਮਾਣੂ ਹਾਦਸੇ ਦੀ ਹਾਲਤ ਵਿਚ ਜਵਾਬਦੇਹੀ ਕਿਸ ਦੀ ਹੋਵੇਗੀ। ਇਸ ਮਾਮਲੇ ਵਿਚ ਫਰਾਂਸ ਅਤੇ ਰੂਸ ਦੀਆਂ ਸਰਕਾਰਾਂ ਨੇ ਜ਼ਿੰਮੇਵਾਰੀ ਓਟ ਲਈ ਹੈ ਕਿਉਂਕਿ ਉਨ੍ਹਾਂ ਦੀਆਂ ਪ੍ਰਮਾਣੂ ਕੰਪਨੀਆਂ ਸਰਕਾਰੀ ਹਨ। ਅਮਰੀਕਾ ਦੀਆਂ ਪ੍ਰਾਈਵੇਟ ਕੰਪਨੀਆਂ ਇਸ ਤਰ੍ਹਾਂ ਦੀ ਕੋਈ ਸ਼ਰਤ ਮੰਨਣ ਨੂੰ ਤਿਆਰ ਨਹੀਂ। ਸੰਨ 1984 ਵਿਚ ਅਮਰੀਕਾ ਦੀ ਕੰਪਨੀ ਯੂਨੀਅਨ ਕਾਰਬਾਈਡ ਭੁਪਾਲ ਵਿਚ ਗੈਸ ਹਾਦਸੇ ਤੋਂ ਬਾਅਦ ਆਪਣੀ ਜ਼ਿੰਮੇਵਾਰੀ ਤੋਂ ਭੱਜ ਚੁੱਕੀ ਹੈ। ਭੁਪਾਲ ਵਿਚ ਪਿਆ ਰਸਾਇਣਕ ਕਚਰਾ ਜਿਉਂ ਦਾ ਤਿਉਂ ਪਿਆ ਹੈ ਅਤੇ ਉਸ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ। ਜਾਪਦਾ ਇਹ ਹੈ ਕਿ ਮੋਦੀ-ਬਰਾਕ ਸਰਕਾਰਾਂ ਨੇ ਬੀਮਾ ਕੰਪਨੀਆਂ ਰਾਹੀਂ ਇਹ ਜ਼ਿੰਮੇਵਾਰੀ ਤੀਜੀ ਧਿਰ ਉਤੇ ਪਾ ਦੇਣੀ ਹੈ। ਬੀਮਾ ਕੰਪਨੀਆਂ ਦੀ ਕਾਰਗੁਜ਼ਾਰੀ ਬਾਰੇ ਅਮਰੀਕਾ ਦੇ ਵਿਦਵਾਨਾਂ ਨੇ ਬਹੁਤ ਸਾਰੀਆਂ ਤਫਸੀਲਾਂ ਪੇਸ਼ ਕੀਤੀਆਂ ਹੋਈਆਂ ਹਨ। ਮਾਈਕਲ ਮੂਰ ਨੇ ਸਿਹਤ ਮੁੱਦਿਆਂ ਉਤੇ ਬਣਾਈ ਆਪਣੀ ਫ਼ਿਲਮ ਵਿਚ ਤਫ਼ਸੀਲ ਦਿੱਤੀ ਹੈ ਕਿ ਕਿਸ ਤਰ੍ਹਾਂ ਬੀਮਾ ਕੰਪਨੀਆਂ ਦੀ ਮਹਾਰਤ ਦਾਅਵੇਦਾਰੀਆਂ ਨੂੰ ਰੱਦ ਕਰਨ ਵਿਚ ਹੈ। ਭਾਰਤ ਵਿਚ ਜਨਤਕ ਖੇਤਰ ਦੀਆਂ ਬੀਮਾ ਕੰਪਨੀਆਂ ਉਤੇ ਇਹ ਜ਼ਿੰਮੇਵਾਰੀ ਪਾਏ ਜਾਣ ਦੀ ਸੰਭਾਵਨਾ ਹੈ। ਕੀ ਖੁੱਲ੍ਹੀ ਮੰਡੀ ਦੇ ਅਲੰਬਰਦਾਰ (ਡਾ. ਮਨਮੋਹਨ ਸਿੰਘ ਤੋਂ ਅਰੁਣ ਜੇਤਲੀ) ਇਨ੍ਹਾਂ ਦੀ 'ਮਾੜੀ ਕਾਰਗੁਜ਼ਾਰੀ' ਦੀ ਤਸਦੀਕ ਨਹੀਂ ਕਰਨਗੇ? ਜਨਤਕ ਬੀਮਾ ਕੰਪਨੀਆਂ ਨੂੰ ਮੁਨਾਫ਼ੇ ਵਾਲੇ ਖੇਤਰ ਵਿਚ ਮੁਕਾਬਲੇ ਦੇ ਨਾਮ ਉਤੇ ਬਾਹਰ ਕੀਤਾ ਜਾ ਰਿਹਾ ਹੈ ਅਤੇ ਜ਼ਿੰਮੇਵਾਰੀਆਂ ਦੇ ਨਾਮ ਉਤੇ ਮਹਿੰਗੇ ਖੇਤਰਾਂ ਵਿਚ ਲਿਆਂਦਾ ਜਾ ਰਿਹਾ ਹੈ।



ਗਣਤੰਤਰ ਦਿਵਸ ਸਮਾਗਮ ਮੌਕੇ ਮੋਦੀ ਤੇ ਓਬਾਮਾ

ਪ੍ਰਮਾਣੂ ਊਰਜਾ ਦੇ ਮੌਦਿਆਂ ਉਤੇ ਕੀ ਸਮਝੌਤਾ ਹੋਇਆ ਹੈ, ਇਸ ਦੀਆਂ ਤਫ਼ਸੀਲਾਂ ਤਾਂ ਹਾਲੇ ਆਉਣ ਵਾਲੇ ਦਿਨਾਂ ਵਿਚ ਸਾਹਮਣੇ ਆਉਣਗੀਆਂ ਪਰ ਪ੍ਰਮਾਣੂ ਊਰਜਾ ਦੇ ਖ਼ਦਸ਼ਿਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਫਰਾਂਸ ਅਤੇ ਜਰਮਨੀ ਵਰਗੇ ਪ੍ਰਮਾਣੂ ਊਰਜਾ ਪੈਦਾ ਕਰਨ ਵਾਲੇ ਮੁਲਕ ਅਗਲੇ ਸਾਲਾਂ ਵਿਚ ਪ੍ਰਮਾਣੂ ਊਰਜਾ ਦੇ ਖੇਤਰ ਵਿਚ ਕਟੌਤੀਆਂ ਕਰਨ ਵਾਲੇ ਹਨ। ਉਹ ਊਰਜਾ ਦੇ ਮਾਮਲੇ ਵਿਚ ਨਵਿਆਉਣਯੋਗ ਅਤੇ ਜ਼ਿਆਦਾ ਸੁਰੱਖਿਅਤ ਊਰਜਾ ਨੂੰ ਤਰਜੀਹ ਦੇਣ ਵਾਲੇ ਹਨ। ਦੂਜੇ ਪਾਸੇ ਭਾਰਤ ਵਰਗਾ ਮੁਲਕ ਪ੍ਰਮਾਣੂ ਊਰਜਾ ਦੇ ਮਹਿੰਗੇ ਅਤੇ ਖ਼ਦਸ਼ਿਆਂ ਭਰਪੂਰ ਰਾਹ ਦੀ ਚੋਣ ਕਰ ਰਿਹਾ ਹੈ। ਇਸ ਮੌਕੇ ਕਿਸੇ ਅਖ਼ਬਾਰ ਜਾਂ ਟੈਲੀਵਿਜ਼ਨ ਨੇ ਚਰਨੋਬਿਲ, ਫੂਕੋਸ਼ੀਮਾ ਜਾਂ ਜਾਦੂਗੌੜਾ ਦੀਆਂ ਕਹਾਣੀਆਂ ਚੇਤੇ ਕਰਵਾਉਣ ਦਾ ਉਪਰਾਲਾ ਨਹੀਂ ਕੀਤਾ।

ਇਨ੍ਹਾਂ ਹਾਲਾਤ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਗਣਤੰਤਰ ਦਿਵਸ ਵਾਲੀ ਤਕਰੀਰ ਦੇ ਕੀ ਮਾਅਨੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਹੈ, "ਭਾਰਤੀ ਸਿਆਣਪ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਏਕੇ ਵਿਚ ਤਾਕਤ ਹੈ ਅਤੇ ਗ਼ਲਬਾ ਕਮਜ਼ੋਰੀ ਹੈ।" ਇਸੇ ਗਣਤੰਤਰ ਦਿਵਸ ਉਤੇ ਮੋਦੀ-ਓਬਾਮਾ ਆਪਣੇ ਗ਼ਲਬੇ ਦਾ ਰਾਹ ਪੱਧਰਾ ਕਰ ਰਹੇ ਹਨ। ਇਸੇ ਤਕਰੀਰ ਵਿਚ ਕਿਹਾ ਗਿਆ ਹੈ ਕਿ ਆਰਡੀਨੈਂਸ ਰਾਹੀਂ ਕਾਨੂੰਨ ਬਣਾਉਣ ਦਾ ਰੁਝਾਨ ਗ਼ਲਤ ਹੈ, "ਇਸ ਨਾਲ ਲੋਕਾਂ ਦੁਆਰਾ ਸਰਕਾਰ ਉਤੇ ਕੀਤੇ ਯਕੀਨ ਨੂੰ ਖੋਰਾ ਲੱਗਦਾ ਹੈ। ਇਹ ਨਾ ਤਾਂ ਜਮਹੂਰੀਅਤ ਲਈ ਸਿਹਤਮੰਦ ਹੈ ਅਤੇ ਨਾ ਹੀ ਇਨ੍ਹਾਂ ਕਾਨੂੰਨਾਂ ਨਾਲ ਜੁੜੀਆਂ ਨੀਤੀਆਂ ਲਈ ਠੀਕ ਹੈ।" ਮੋਦੀ-ਬਰਾਕ ਮੁਲਾਕਾਤਾਂ ਵਿਚ ਤਾਂ ਗੱਲ ਹੋਰ ਵੀ ਅੱਗੇ ਲੰਘ ਗਈ ਹੈ। ਇਸ ਮੌਕੇ ਤਾਂ ਮੋਦੀ ਨੇ ਆਪਣੇ ਵਜ਼ੀਰਾਂ ਨਾਲ ਵੀ ਸਲਾਹ-ਮਸ਼ਵਰਾ ਨਹੀਂ ਕੀਤਾ। ਮੋਦੀ ਸਰਕਾਰ ਵਲੋਂ ਆਰਡੀਨੈਂਸਾਂ ਦੇ ਅਪਨਾਏ ਰਾਹ ਦੀ ਮੰਤਰੀ-ਮੰਡਲ ਵਿਚ ਆਲੋਚਨਾ ਦੀਆਂ ਖ਼ਬਰਾਂ ਆਈਆਂ ਸਨ ਪਰ ਕੋਈ ਪੁਖ਼ਤਾ ਆਵਾਜ਼ ਹਾਲੇ ਤੱਕ ਸੁਣਾਈ ਨਹੀਂ ਦਿੱਤੀ। ਬਰਾਕ ਓਬਾਮਾ ਦੇ ਦੌਰੇ ਦੌਰਾਨ ਰਸਮੀ ਮੌਕਿਆਂ ਉਤੇ ਹਾਜ਼ਰੀ ਤੋਂ ਬਿਨਾਂ ਇਹ ਪਤਾ ਤੱਕ ਨਹੀਂ ਲੱਗਿਆ ਕਿ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਵਿੱਤ ਮੰਤਰੀ ਅਰੁਣ ਜੇਤਲੀ ਹਨ।

ਹੁਣ ਤੱਕ 15 ਅਗਸਤ ਅਤੇ 26 ਜਨਵਰੀ ਉਤੇ ਪ੍ਰਾਪਤੀਆਂ ਅਤੇ ਚੁਣੌਤੀਆਂ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ ਹਨ। ਇਸ ਵਾਰ ਆਵਾਮ ਨੂੰ ਦਰਪੇਸ਼ ਚੁਣੌਤੀਆਂ ਦਾ ਰਸਮੀ ਜ਼ਿਕਰ ਰਾਸ਼ਟਰਪਤੀ ਪ੍ਰਣਬ ਮੁਖ਼ਰਜੀ ਦੀ ਤਕਰੀਰ ਵਿਚ ਹੋਇਆ ਪਰ ਇਹ ਕਿਸੇ ਚਰਚਾ ਦਾ ਵਿਸ਼ਾ ਨਹੀਂ ਬਣੀਆਂ। ਰਾਸ਼ਟਰਪਤੀ ਦੀ ਤਕਰੀਰ ਨਾਲ ਦਲੀਲਾਂ ਸਾਬਕਾ ਅਮਰੀਕੀ ਰਾਸ਼ਟਰਪਤੀ ਥੌਮਸ ਜੈਫ਼ਰਸਨ ਅਤੇ ਸਾਬਕਾ ਉਪ-ਰਾਸ਼ਟਰਪਤੀ ਬੈਂਜਾਮਿਨ ਫਰੈਂਕਲਿਨ ਦੀਆਂ ਤੁਕਾਂ ਨਾਲ ਦਿੱਤੀਆਂ ਗਈਆਂ। ਇਨ੍ਹਾਂ ਤੋਂ ਇਲਾਵਾ ਇੱਕ ਤੁਕ ਮਹਾਤਮਾ ਗਾਂਧੀ ਦੀ ਦਿੱਤੀ ਗਈ। ਸੰਵਿਧਾਨ ਦੇ ਹਵਾਲੇ ਨਾਲ ਰਾਸ਼ਟਰਪਤੀ ਨੇ ਕਿਹਾ, "ਇਸ ਦੀ ਬੁਨਿਆਦ ਚਾਰ ਅਸੂਲਾਂ ਉਤੇ ਟਿਕੀ ਹੋਈ ਹੈ: ਜਮਹੂਰੀਅਤ, ਧਰਮ ਦੀ ਆਜ਼ਾਦੀ, ਲਿੰਗ ਦੀ ਬਰਾਬਰੀ ਅਤੇ ਗ਼ੁਰਬਤ ਦੀ ਘੁੰਮਣਘੇਰੀ ਵਿਚ ਫਸੇ ਲੋਕਾਂ ਦੀ ਬੰਦਖਲਾਸੀ। ਇਹ ਸੰਵਿਧਾਨ ਰਾਹੀਂ ਓਟੀਆਂ ਗਈਆਂ ਅਹਿਮ ਜ਼ਿੰਮੇਵਾਰੀਆਂ ਸਨ।" ਇਸ ਤੋਂ ਬਾਅਦ ਉਨ੍ਹਾਂ ਨੇ ਮੁਲਕ ਦੀਆਂ ਸਰਕਾਰਾਂ ਨੂੰ ਗਾਂਧੀ ਦੀ ਇਹ ਤੁਕ ਚਿਤਾਰੀ ਹੈ, "ਜਦੋਂ ਕਿਸੇ ਸ਼ੱਕ ਵਿਚ ਹੋਵੋਂ...ਆਪਣੀ ਯਾਦ ਵਿਚ ਦਰਜ ਸਭ ਤੋਂ ਗ਼ਰੀਬ ਅਤੇ ਕਮਜ਼ੋਰ ਮਨੁੱਖ ਨੂੰ ਯਾਦ ਕਰੋ ਅਤੇ ਆਪਣੇ-ਆਪ ਨੂੰ ਸੁਆਲ ਪੁੱਛੋ...ਕੀ ਇਸ ਨਾਲ ਸਵਰਾਜ ਉਸ ਤੱਕ ਪਹੁੰਚੇਗਾ ਜਿਨ੍ਹਾਂ ਦਾ ਢਿੱਡ ਅਤੇ ਆਤਮਾ ਭੁੱਖ ਦੀ ਸ਼ਿਕਾਰ ਹੈ।"

ਇਹ ਤਕਰੀਬਨ ਸਰਬਪ੍ਰਵਾਨਤ ਤੱਥ ਹਨ ਕਿ ਇਸ ਵੇਲੇ ਸਾਡੇ ਮੁਲਕ ਵਿਚ ਆਰਥਿਕ ਪਾੜਾ ਵਧ ਰਿਹਾ ਹੈ। ਸਰਮਾਇਆ ਕੁਝ ਪਰਿਵਾਰਾਂ ਤੱਕ ਸਿਮਟ ਰਿਹਾ ਹੈ। ਧਨ-ਕੁਬੇਰਾਂ ਦੀ ਗਿਣਤੀ ਵਧ ਰਹੀ ਹੈ। ਕੁਨਬਾਪ੍ਰਸਤੀ ਦਾ ਰੁਝਾਨ ਸਿਆਸਤ ਉਤੇ ਭਾਰੂ ਹੈ। ਫਿਰਕਾਪ੍ਰਸਤੀ ਦੇ ਦੰਦ ਤਿੱਖੇ ਹੋ ਰਹੇ ਹਨ। ਰਾਸ਼ਟਰਪਤੀ ਦੀ ਤਕਰੀਰ ਦਾ ਰਸਮੀ ਹਿੱਸਾ ਵੀ ਪਦਮ ਵਿਭੂਸ਼ਨ ਅਤੇ ਪਦਮ ਭੂਸ਼ਨ ਦੀ ਫਹਿਰਿਸਤ ਨਾਲ ਛਿੱਥਾ ਪੈ ਜਾਂਦਾ ਹੈ। ਤਿੰਨ ਨਾਮ ਅਹਿਮ ਹਨ- ਲਾਲ ਕ੍ਰਿਸ਼ਨ ਅਡਵਾਨੀ, ਪ੍ਰਕਾਸ਼ ਸਿੰਘ ਬਾਦਲ (ਪਦਮ ਵਿਭੂਸ਼ਨ) ਅਤੇ ਬਿਲ ਤੇ ਮਲਿੰਦਾ ਗੇਟਸ (ਪਦਮ ਭੂਸ਼ਨ)। ਅਡਵਾਨੀ ਬੁਨਿਆਦਪ੍ਰਸਤੀ ਦੇ ਅਗਵਾਨ ਹਨ ਅਤੇ ਉਨ੍ਹਾਂ ਦੀ ਸੋਚ ਨੂੰ ਹਮਲਾਵਰ ਢੰਗ ਨਾਲ ਅੱਗੇ ਤੋਰਨ ਵਾਲੇ ਇਸ ਵੇਲੇ ਸਰਕਾਰ ਚਲਾ ਰਹੇ ਹਨ। ਪ੍ਰਕਾਸ਼ ਸਿੰਘ ਬਾਦਲ ਕੁਨਬਾਪ੍ਰਸਤੀ ਦੇ ਨੁਮਾਇੰਦੇ ਹਨ। ਗੇਟਸ ਜੋੜਾ ਕਾਣੀ ਵੰਡ ਵਾਲੇ ਆਲਮੀ ਨਿਜ਼ਾਮ ਦੀ ਨੁਮਾਇੰਦਗੀ ਕਰਦਾ ਹੈ। ਇਹ ਜਾਣਕਾਰੀ ਅਤੇ ਤਕਨਾਲੋਜੀ ਦੇ ਹਰ ਪੱਖ ਨੂੰ ਸਰਮਾਏ ਵਿਚ ਤਬਦੀਲ ਕਰਨ ਦਾ ਅਲੰਬਰਦਾਰ ਅਤੇ ਇਸ ਤਰ੍ਹਾਂ ਕੀਤੀ ਕਮਾਈ ਵਿਚੋਂ ਨਿਗੂਣਾ ਜਿਹਾ ਹਿੱਸਾ (ਜੋ ਰਕਮ ਪੱਖੋਂ ਵੱਡਾ ਹੁੰਦਾ ਹੈ) ਪਰਉਪਕਾਰੀ ਕੰਮਾਂ ਉਤੇ ਲਗਾਉਂਦਾ ਹੈ। ਉਨ੍ਹਾਂ ਲਈ ਦੁਨੀਆਂ ਖਪਤਕਾਰ ਹੈ ਜਾਂ ਉਨ੍ਹਾਂ ਦੇ ਪਰਉਪਕਾਰ ਉਤੇ ਟਿਕੀ ਹੋਈ ਹੈ। ਬਿਲ ਗੇਟਸ ਕਈ ਸਾਲਾਂ ਤੋਂ ਦੁਨੀਆਂ ਦੇ ਚੋਟੀ ਦੇ ਧਨ-ਕੁਬੇਰਾਂ ਵਿਚ ਸ਼ੁਮਾਰ ਹੈ ਅਤੇ ਕੰਪਿਊਟਰ ਦੇ ਖੇਤਰ ਵਿਚ 'ਗਿਆਨ ਲੋਕਾਂ ਰਾਹੀਂ ਲੋਕਾਂ ਲਈ' (ਓਪਨ ਸੋਰਸ) ਦੀ ਧਾਰਨਾ ਦਾ ਲਗਾਤਾਰ ਵਿਰੋਧ ਕਰਦਾ ਹੈ।

ਗਣਤੰਤਰ ਦਿਵਸ ਉਤੇ ਗਣ ਹਰ ਪੱਖੋਂ ਗ਼ੈਰ-ਹਾਜ਼ਰ ਰਿਹਾ ਹੈ ਅਤੇ ਤੰਤਰ ਅਮਰੀਕੀ ਤਰਜ਼ ਵਿਚ ਪ੍ਰਾਪਤੀਆਂ ਪੇਸ਼ ਕਰ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਤਕਰੀਰ ਵਿਚ ਆਈ ਬੈਂਜਾਮਿਨ ਫਰੈਂਕਲਿਨ ਦੀ ਤੁਕ ਅਹਿਮ ਹੋ ਜਾਂਦੀ ਹੈ, "ਜਿੰਨੀ ਦੇਰ ਬੇਇਨਸਾਫ਼ੀ ਦੇ ਘੇਰੇ ਤੋਂ ਬਾਹਰਲਾ ਤਬਕਾ ਬੇਇਨਸਾਫ਼ੀ ਦਾ ਸ਼ਿਕਾਰ ਤਬਕੇ ਨਾਲ ਰਲ਼ ਕੇ ਆਵਾਜ਼ ਬੁਲੰਦ ਨਹੀਂ ਕਰਦਾ, ਉਨੀ ਦੇਰ ਤੱਕ ਇਨਸਾਫ਼ ਨਹੀਂ ਹੋ ਸਕਦਾ।" ਇਸ ਲਿਹਾਜ਼ ਨਾਲ ਤਾਂ ਗਣਤੰਤਰ ਦਿਵਸ ਆਵਾਮ ਨੂੰ ਦਰਪੇਸ਼ ਹਰ ਮਸਲਾ ਨਜ਼ਰਅੰਦਾਜ਼ ਕਰ ਗਿਆ ਹੈ। ਕੀ ਗਣਤੰਤਰ ਦਿਵਸ ਅਗਵਾ ਕਰ ਲਿਆ ਗਿਆ ਹੈ?

# ਮੋਦੀ ਪ੍ਰਤੀ ਜੋਸ਼ ਤੇ ਜਨੂੰਨ ਨੂੰ ਖੋਰਾ ਸ਼ੁਰੂ

ਮੋਦੀ ਸਰਕਾਰ ਦਾ ਦੂਜਾ ਪੜਾਅ ਸ਼ੁਰੂ ਹੋ ਚੁੱਕਾ ਹੈ। ਪਹਿਲੇ ਪੜਾਅ ਦੌਰਾਨ ਪੰਜ-ਸਾਲਾ ਕਾਰਜਕਾਲ ਲਈ ਢਾਂਚੇ ਦੀ ਚਿਣਾਈ ਦਾ ਕੰਮ ਕੀਤਾ ਗਿਆ। ਮੋਦੀ ਦਾ ਅਕਸ ਹੋਰ ਮਜ਼ਬੂਤ ਬਣਉਣ ਲਈ ਕੁਝ ਅਹਿਮ ਰਾਜਾਂ ਵਿਚ ਚੋਣਾਂ ਜਿੱਤਣੀਆਂ ਇਸ ਕੰਮ ਦਾ ਅਹਿਮ ਹਿੱਸਾ ਸਨ। ਸਿਰਫ਼ ਅਜਿਹਾ ਕਰ ਕੇ ਹੀ ਰਾਜ ਸਭਾ ਵਿਚ ਭਾਰਤੀ ਜਨਤਾ ਪਾਰਟੀ ਦੀ ਨਫ਼ਰੀ ਤੇ ਤਾਕਤ ਵਧਾਈ ਜਾ ਸਕਦੀ ਹੈ। ਹੁਣ ਜਦੋਂ ਸਰਕਾਰ ਨੇ ਆਪਣਾ ਬੁਨਿਆਦੀ ਢਾਂਚਾ ਖੜ੍ਹਾ ਕਰ ਲਿਆ ਹੈ ਅਤੇ ਭਵਿੱਖੀ ਖਾਕਾ ਵੀ ਉਲੀਕਣਾ ਸ਼ੁਰੂ ਕਰ ਦਿੱਤਾ ਹੈ ਤਾਂ ਦੇਸ਼ ਨੂੰ ਇਸ ਤੋਂ ਕੀ ਕੀ ਉਮੀਦਾਂ ਰੱਖਣੀਆਂ ਚਾਹੀਦੀਆਂ ਹਨ? ਹੁਣ ਤਕ ਦੇ ਸਫ਼ਰ ਦੌਰਾਨ ਮੋਦੀ ਹਕੂਮਤ ਦੀਆਂ ਮਜ਼ਬੂਤੀਆਂ ਵੀ ਸਾਹਮਣੇ ਆਈਆਂ ਅਤੇ ਕਮਜ਼ੋਰੀਆਂ ਵੀ। ਸਥਿਤੀ ਦਾ ਵਿਰੋਧਾਭਾਸੀ ਪੱਖ ਇਹ ਹੈ ਕਿ ਜਿਸ ਵਿਰਾਸਤ ਤੇ ਤਾਕਤ ਨੇ ਮੋਦੀ ਨੂੰ ਗੁਜਰਾਤ ਦੇ ਮੁੱਖ ਮੰਤਰੀ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਪਹੁੰਚਣ ਵਿਚ ਭਰਪੂਰ ਮਦਦ ਕੀਤੀ, ਉਹੀ ਹੁਣ ਉਨ੍ਹਾਂ ਲਈ ਸਭ ਤੋਂ ਵੱਡਾ ਬੋਝ ਸਾਬਤ ਹੋਣ ਲੱਗੀ ਹੈ। ਮੋਦੀ ਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨਾਲ ਨੇੜਤਾ ਤੇ ਸਾਂਝ ਉਨ੍ਹਾਂ ਦੀ ਪਾਰਟੀ ਅਤੇ ਸਰਕਾਰ ਲਈ ਸਭ ਤੋਂ ਵੱਡੀ ਸਿਰਦਰਦੀ ਬਣ ਰਹੀ ਹੈ। ਆਰ.ਐਸ.ਐਸ. ਦਾ ਹਿੰਦੂਤਵ ਵਿਚ ਯਕੀਨ ਹੈ ਅਤੇ ਸੰਘ ਦੇ ਮੁਖੀ ਮੋਹਨ ਭਾਗਵਤ ਇਸ ਪੱਖ 'ਤੇ ਜ਼ੋਰ ਦੇ ਰਹੇ ਹਨ, ਪਰ ਇਸ ਤੋਂ ਵੱਧ ਸਿਰਦਰਦੀ ਤੇ ਨਾਮੋਸ਼ੀ ਭਾਜਪਾ ਦੇ ਉਹ ਸੰਸਦ ਮੈਂਬਰ ਤੇ ਆਗੂ ਪੈਦਾ ਕਰਦੇ ਹਨ ਜਿਨ੍ਹਾਂ ਨੂੰ ਆਪਣੀਆਂ ਪੁਰਾਤਨ ਪੰਥੀ ਤੇ ਦਕਿਆਨੂਸੀ ਧਾਰਨਾਵਾਂ ਦਾ ਪ੍ਰਗਟਾਵਾ ਕਰਨਾ ਅਤੇ ਇਨ੍ਹਾਂ ਨੂੰ ਹੋਰਨਾਂ ਉਤੇ ਥੋਪਣਾ ਚੰਗਾ ਲੱਗਦਾ ਹੈ।

ਕੁਝ ਸਮੇਂ ਤਕ ਭਾਜਪਾ ਦਾ ਇਸ ਪੱਖੋਂ ਬਚਾਅ ਰਿਹਾ ਕਿ ਮੀਡੀਆ ਨੇ ਅਜਿਹੇ ਲੋਕਾਂ ਨੂੰ ਸਿਰਫਿਰੇ ਦੱਸ ਕੇ ਉਨ੍ਹਾਂ ਦੀ ਕਥਨੀ ਤੇ ਕਰਨੀ ਵੱਲ ਤਵੱਜੋ ਨਹੀਂ ਦਿੱਤੀ ਪਰ ਹੁਣ ਆਏ ਦਿਨ ਇਹ ਲੋਕ ਇਹ ਸਾਬਤ ਕਰਨ ਤੁਲੇ ਹੋਏ ਹਨ ਕਿ ਉਹ ਭੁੱਲੇ-ਭਟਕੇ ਨਹੀਂ, ਬਲਕਿ ਪਾਰਟੀ ਦੀ ਮੁੱਖ ਧਾਰਾ ਦੀ ਪ੍ਰਤੀਨਿਧਤਾ ਕਰਦੇ ਹਨ। ਅਜਿਹੇ ਅਨਸਰਾਂ ਦੀਆਂ ਹਰਕਤਾਂ ਲਈ ਪ੍ਰਧਾਨ ਮੰਤਰੀ ਵਲੋਂ ਪਾਰਲੀਮੈਂਟ ਵਿਚ ਸਿਰਫ ਇੱਕ ਵਾਰ ਮੁਆਫੀ ਮੰਗਣਾ ਅਤੇ ਅਜਿਹਾ ਵੀ ਲਗਾਤਾਰ ਦਬਾਅ ਕਾਰਨ ਕਰਨਾ ਮੋਦੀ ਦੀ ਆਪਣੀ ਅਜਿਹੀ ਕਮਜ਼ੋਰੀ ਨੂੰ ਦਰਸਾਉਂਦਾ ਹੈ ਜੋ ਭਵਿੱਖ ਵਿਚ ਵੱਧ ਦੁਸ਼ਵਾਰ ਸਾਬਤ ਹੋ ਸਕਦੀ ਹੈ। ਹੁਣ ਜੇ ਇਹ ਮੰਨ ਲਿਆ ਜਾਵੇ ਕਿ ਰਾਜਨੀਤੀ ਦੀਆਂ ਲੋੜਾਂ ਤੇ ਹਕੀਕਤਾਂ ਮੁਤਾਬਿਕ ਉਹ ਆਪਣੀਆਂ ਅਸਲ ਭਾਵਨਾਵਾਂ ਨੂੰ ਛੁਪਾਉਣ ਦੇ ਚਾਹਵਾਨ ਹਨ, ਤਾਂ ਵੀ ਇੱਕ ਗੱਲ ਸਾਫ ਹੈ ਕਿ ਆਪਣੇ ਸਿਰਫਿਰੇ ਤੇ ਰੂੜੀਵਾਦੀ ਹਮਾਇਤੀਆਂ ਨੂੰ ਸਜ਼ਾ ਦੇਣ ਜਾਂ ਉਨ੍ਹਾਂ ਨਾਲ ਰਿਸ਼ਤਾ ਚਾਕ ਕਰਨ ਦੀ ਸਥਿਤੀ ਵਿਚ ਉਹ ਬਿਲਕੁਲ ਨਹੀਂ ਹਨ।

ਅਜਿਹੀਆਂ ਮਜਬੂਰੀਆਂ ਕਾਰਨ ਹੀ ਮੋਦੀ ਨੂੰ ਸਿੱਖਿਆ ਨੀਤੀ ਉਲੀਕਣ ਦੀ ਜ਼ਿੰਮੇਵਾਰੀ ਆਰ.ਐਸ.ਐਸ. ਦੇ ਹੱਥਾਂ ਵਿਚ ਛੱਡਣੀ ਪਈ ਹੈ। ਕੇਂਦਰੀ ਫਿਲਮ ਪ੍ਰਮਾਣਨ ਬੋਰਡ (ਸੀ. ਬੀ. ਐਫ਼. ਸੀ.) ਦੇ ਮਾਮਲੇ 'ਚ ਵੀ ਮੋਦੀ ਸਰਕਾਰ ਨੇ ਇਹੀ ਪਹੁੰਚ ਦਰਸਾਈ ਹੈ। ਬੋਰਡ ਦੀ ਪਹਿਲੀ ਮੁਖੀ ਨੇ ਜਦੋਂ ਰੋਸ ਵਜੋਂ ਅਸਤੀਫ਼ਾ ਦੇ ਦਿੱਤਾ ਤਾਂ ਸਰਕਾਰ ਨੇ ਅਜਿਹੇ ਬੰਦੇ ਨੂੰ ਮੁਖੀ ਥਾਪਣ ਵਿਚ ਦੇਰ ਨਾ ਲਾਈ ਜੋ ਖ਼ੁਦ ਨੂੰ ਮੋਦੀ ਦਾ ਉਪਾਸ਼ਕ ਦੱਸਦਾ ਹੈ। ਨਵੀਂ ਪੀੜ੍ਹੀ ਨੂੰ ਅਗਲੇ ਸਾਲਾਂ ਦੌਰਾਨ ਕਿਸ ਕਿਸਮ ਦੀ ਸਿੱਖਿਆ ਤੇ ਸੇਧ ਮਿਲੇਗੀ, ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਜਿਵੇਂ ਆਮ ਹੁੰਦਾ ਹੈ, ਮੋਦੀ ਪ੍ਰਤੀ ਪਹਿਲਾਂ ਵਾਲਾ ਜੋਸ਼ ਤੇ ਜਨੂੰਨ ਹੁਣ ਖੁਰ ਰਿਹਾ ਹੈ। ਇਸੇ ਲਈ ਮੋਦੀ ਸਰਕਾਰ ਦੀ ਮਕਬੂਲੀਅਤ ਤੇ ਕਾਰਗਰਤਾ ਦੀ ਅਸਲ ਅਜ਼ਮਾਇਸ਼ ਹੁਣ ਦੂਜੇ ਪੜਾਅ ਦੌਰਾਨ ਹੋਵੇਗੀ। ਮੋਦੀ ਨੂੰ ਲੋਕਾਂ ਅੱਗੇ ਆਧੁਨਿਕ ਤੇ ਪ੍ਰਗਤੀਸ਼ੀਲ ਆਗੂ ਵਾਲਾ ਅਕਸ ਪੇਸ਼ ਕਰਨ ਦਾ ਖ਼ਬਤ ਹੈ ਪਰ ਉਨ੍ਹਾਂ ਨੂੰ ਇਹ ਵੀ ਅਹਿਸਾਸ ਹੋਣਾ ਹੈ ਕਿ 'ਸੂਝ ਦੇ ਜਿਹੜੇ ਮੋਤੀ' ਉਹ ਕਦੇ-ਕਦੇ ਖ਼ੁਦ ਵੰਡਦੇ ਹਨ ਅਤੇ ਉਨ੍ਹਾਂ ਦੇ ਹਮਾਇਤੀਆਂ ਵਲੋਂ ਲੋੜੋਂ ਵੱਧ ਵੰਡੇ ਜਾਂਦੇ ਹਨ, ਉਹ ਭਾਰਤ ਤੋਂ ਬਾਹਰ ਦੀ ਦੁਨੀਆਂ ਲਈ ਮਜ਼ਾਕ ਦਾ ਵਿਸ਼ਾ ਬਣਦੇ ਹਨ। ਇਸ ਦੇ ਨਾਲ ਹੀ ਮੋਦੀ ਕੋਲ ਤੁਰਕੀ ਦੇ ਰਾਸ਼ਟਰਪਤੀ ਰੀਸਪ ਤਈਅਪ ਅਰਦੋਗਨ ਦੀ ਮਿਸਾਲ ਵੀ ਹੈ। ਇਹ ਮਿਸਾਲ ਦਰਸਾਉਂਦੀ ਹੈ ਕਿ ਕਿਸ-ਕਿਸ ਗੱਲ ਤੋਂ ਬਚਣਾ ਚਾਹੀਦਾ ਹੈ। ਅਰਦੋਗਨ ਦੀ ਜਸਟਿਸ ਐਂਡ ਡਿਵੈਲਪਮੈਂਟ ਪਾਰਟੀ (ਏ.ਕੇ.ਪੀ.) ਤੁਰਕੀ ਨੂੰ ਇਸਲਾਮੀ ਦਿਸ਼ਾ ਵੱਲ ਲੈ ਗਈ, ਹਾਲਾਂਕਿ ਆਧੁਨਿਕ ਤੁਰਕੀ ਦੇ ਸੰਸਥਾਪਕ ਅਤਾਤੁਰਕ ਨੇ ਇਸ ਨੂੰ ਧਰਮ ਨਿਰਪੇਖ ਬਣਾਇਆ ਸੀ। ਮੋਦੀ ਨੂੰ ਅਰਦੋਗਨ ਵਰਗੇ ਰਾਹ 'ਤੇ ਤੁਰਨ ਤੋਂ ਬਚਣਾ ਚਾਹੀਦਾ ਹੈ।

*-ਐਸ. ਨਿਹਾਲ ਸਿੰਘ*

ਕਹਾਣੀ ਇਉਂ ਤੁਰੀ-6



ਗੁਰਬਚਨ ਸਿੰਘ ਭੁੱਲਰ
ਫੋਨ: 091-1142502364
bhullargs@gmail.com

# ਦਿੱਲੀ ਦਾ ਲੋਕ-ਰੰਗ ਤੇ ਵਿਅੰਗ

*ਪੰਜਾਬੀ ਕਹਾਣੀ ਜਗਤ ਵਿਚ ਗੁਰਬਚਨ ਸਿੰਘ ਭੁੱਲਰ ਦਾ ਨਿਵੇਕਲਾ ਅਤੇ ਨਿਆਰਾ ਸਥਾਨ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਪੰਜਾਬ, ਖਾਸ ਕਰ ਕੇ ਮਾਲਵਾ ਖਿੱਤੇ ਦਾ ਰੰਗ ਪੂਰੇ ਜਲੌਅ ਅਤੇ ਸਿਦਕ ਨਾਲ ਪੇਸ਼ ਹੋਇਆ ਹੈ। ਆਪਣੀ ਪਹਿਲੀ ਹੀ ਕਹਾਣੀ 'ਰਾਤਾਂ ਕਾਲੀਆਂ' ਅਤੇ ਫਿਰ ਪਹਿਲੀ ਹੀ ਕਿਤਾਬ 'ਓਪਰਾ ਮਰਦ' ਨਾਲ ਉਨ੍ਹਾਂ ਪੰਜਾਬੀ ਸਾਹਿਤ ਜਗਤ ਦਾ ਧਿਆਨ ਵਾਹਵਾ ਖਿੱਚ ਲਿਆ ਸੀ, ਤੇ ਚੋਟੀ ਦੇ ਲੇਖਕਾਂ ਵਿਚ ਸ਼ੁਮਾਰ ਹੋ ਗਏ ਸਨ। ਹਾਲ ਹੀ ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੀ ਲੰਮੀ ਲੇਖ ਲੜੀ 'ਕਹਾਣੀ ਇਉਂ ਤੁਰੀ' ਭੇਜੀ ਹੈ ਜਿਸ ਵਿਚ ਉਨ੍ਹਾਂ ਆਪਣੀ ਕਹਾਣੀ ਯਾਤਰਾ ਬਾਰੇ ਨਿੱਠ ਕੇ ਗੱਲਾਂ ਕੀਤੀਆਂ ਹਨ। ਉਂਜ, ਇਸ ਕਹਾਣੀ ਯਾਤਰਾ ਵਿਚ ਉਨ੍ਹਾਂ ਅਜਿਹਾ ਸਭਿਆਚਾਰਕ ਸਮਾਜਕ ਰੰਗ ਭਰਿਆ ਹੈ ਕਿ ਇਸ ਕਹਾਣੀ ਯਾਤਰਾ ਦੇ ਪਿਛੇ ਪੰਜਾਬ ਦੀਆਂ ਹੇਕਾਂ ਸੁਣਾਈ ਦਿੰਦੀਆਂ ਹਨ। ਇਹ ਦਿਲਚਸਪ ਲੇਖ ਲੜੀ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਐਤਕੀਂ ਉਨ੍ਹਾਂ ਦਿੱਲੀ ਦੀਆਂ ਕੁਝ ਹੋਰ ਹਸਤੀਆਂ ਬਾਰੇ ਗੱਲਾਂ ਛੇੜੀਆਂ ਹਨ। -ਸੰਪਾਦਕ*

ਚਰਨ ਦਾਸ ਸਿੱਧੂ ਅਤੇ ਉਹਦੇ ਨਾਟਕਾਂ ਨੇ ਮੈਨੂੰ ਮਗਰੋਂ ਖਿਚਿਆ, ਪਹਿਲਾਂ ਉਹਦੇ ਨਾਂ ਨੇ ਦਿਲਚਸਪੀ ਜਗਾਈ। ਸਿੱਧੂ ਸਾਡੇ ਇਲਾਕੇ ਦਾ ਵੱਡਾ ਗੋਤ ਹੈ। ਸਾਡੇ ਸਿੱਧੂ ਸੌ ਫ਼ੀਸਦੀ ਸਿੰਘ ਨਾਂ ਵਾਲੇ ਹੁੰਦੇ ਹਨ। ਮੈਂ ਹੈਰਾਨ ਹੋਇਆ, ਸਿੱਧੂ ਹੈ ਤਾਂ ਚਰਨ ਸਿੰਘ ਹੋਣਾ ਚਾਹੀਦਾ ਹੈ, ਇਹ ਕੇਹੋ ਜਿਹਾ ਸਿੱਧੂ ਹੈ ਜੋ ਚਰਨ ਦਾਸ ਹੈ! ਜਦੋਂ ਮਿਲਣਾ-ਗਿਲਣਾ ਬਣਿਆ, ਮੈਂ ਪੁੱਛ ਹੀ ਲਿਆ। ਉਹ ਹੱਸਿਆ, "ਭਰਾ, ਅਸੀਂ ਹੁਸ਼ਿਆਰਪੁਰੀਏ ਹਾਂ, ਸਾਡੇ ਸਿੱਧੂਆਂ ਦਾ ਸਿੰਘ ਹੋਣਾ ਜ਼ਰੂਰੀ ਨਹੀਂ। ਨਾਲੇ ਅਸੀਂ ਤੁਹਾਡੇ ਸਿੱਧੂਆਂ ਵਾਂਗ ਜ਼ਮੀਨਾਂ-ਜਾਇਦਾਦਾਂ ਵਾਲੇ ਨਹੀਂ, ਅਸੀਂ ਤਾਂ ਨੰਗ-ਮਲੰਗ ਲੋਕ ਹਾਂ!" ਉਹ ਸਾਰੀ ਉਮਰ ਦਿੱਲੀ ਦੇ ਹੰਸਰਾਜ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫ਼ੈਸਰ ਰਿਹਾ। ਉਹਨੇ ਵਿਸਕਾਨਸਿਨ ਯੂਨੀਵਰਸਿਟੀ (ਅਮਰੀਕਾ) ਤੋਂ ਬਰਨਾਰਡ ਸ਼ਾਹ ਦੇ ਨਾਟਕਾਂ ਬਾਰੇ ਡਾਕਟਰੇਟ ਕੀਤੀ ਹੋਈ ਸੀ ਪਰ ਪੰਜਾਬੀ ਨਾਟਕ ਵੱਲ ਉਹਦੇ ਸਮਰਪਣ ਦੀ ਕੋਈ ਦੂਜੀ ਮਿਸਾਲ ਨਹੀਂ।



ਆਪਣੀ ਰਚਨਾ ਪੜ੍ਹ ਰਿਹਾ ਚਰਨ ਦਾਸ ਸਿੱਧੂ

ਪਹਿਲਾਂ ਤਾਂ ਉਹਦੀ ਨਾਟ-ਮੰਡਲੀ ਦੇਖੋ। ਉਹ ਆਪ, ਉਹਦੀ ਪਤਨੀ ਗਿਆਨ ਕੌਰ ਅਤੇ ਉਹਦੀਆਂ ਪੰਜੇ ਧੀਆਂ। ਗਿਆਨ ਕੌਰ ਅਨਪੜ੍ਹ ਸੀ ਪਰ ਜੀਵਨ ਦੇ ਅਨੁਭਵ ਅਤੇ ਨਾਟਕ ਖੇਡਣ ਦੇ ਅਭਿਆਸ ਨੇ ਉਹਨੂੰ ਵਧੀਆ ਅਭਿਨੇਤਰੀ ਬਣਾ ਦਿੱਤਾ ਸੀ। ਬੱਸ ਪੁੱਤਰ ਨਾ ਹੋਣ ਕਰ ਕੇ ਪੁਰਸ਼ ਪਾਤਰਾਂ ਦੀ ਲੋੜ ਪੈਂਦੀ। ਇਕ ਵਾਰ ਮੈਂ ਹੱਸਿਆ, "ਸਿੱਧੂ ਸਾਹਿਬ, ਪੰਜ-ਚਾਰ ਪੁੱਤਰ ਵੀ ਜੰਮ ਲੈਣੇ ਸਨ। ਐਕਟਰ ਬਾਹਰੋਂ ਤਾਂ ਨਾ ਲੱਭਣੇ ਪੈਂਦੇ!" ਉਹ ਸਹਿਜਤਾ ਨਾਲ ਬੋਲਿਆ, "ਭਰਾ, ਤੇਰੀ ਵਾਲੀ ਗੱਲ ਮੈਂ ਤਾਂ ਸਮਝਦਾ ਸੀ, ਤੇਰੀ ਭਰਜਾਈ ਹੀ ਢੇਰੀ ਢਾਹ ਬੈਠੀ!" ਇਹ ਕਸਰ ਉਹਨੇ ਆਪਣੇ ਵਿਦਿਆਰਥੀਆਂ ਨਾਲ ਪੂਰੀ ਕਰ ਲਈ। ਹੁਣ ਉਹਦੇ ਸੈਟ ਦੇ ਦਰਸ਼ਨ ਕਰੋ। ਉਹਦੇ ਬਹੁਤੇ ਨਾਟਕ ਸਾਧਾਰਨ ਜਾਂ ਗਰੀਬ ਲੋਕਾਂ ਦੇ ਜੀਵਨ ਦੀ ਪੇਸ਼ਕਾਰੀ ਹਨ। ਉਹਨੂੰ ਸੈਟ ਲਈ ਕੋਈ ਚੀਜ਼ ਬਾਹਰੋਂ ਨਹੀਂ ਸੀ ਲੈਣੀ ਪੈਂਦੀ। ਉਹ ਘਰੋਂ ਮੰਜੇ-ਪੀੜ੍ਹੀਆਂ, ਚੱਕਵਾਂ ਚੁੱਲ੍ਹਾ, ਭਾਂਡੇ-ਟੀਂਡੇ, ਬਾਲਟੀਆਂ-ਟਰੰਕ, ਜੁੱਲੀ-ਤਪੜਾ ਤੇ ਹੋਰ ਨਿੱਕ-ਸੁੱਕ ਦਾ ਟੈਂਪੋ ਲੱਦ ਲਿਆਉਂਦਾ।

ਉਹ ਆਪਣੇ ਨਾਟਕਾਂ ਵਿਚ ਵੀ ਤੇ ਜੀਵਨ ਵਿਚ ਵੀ ਇਸਤਰੀ ਲਈ ਆਜ਼ਾਦੀ ਅਤੇ ਬਰਾਬਰ ਅਧਿਕਾਰਾਂ ਦਾ ਸੱਚੇ ਦਿਲੋਂ ਮੁੱਦਈ ਸੀ। ਇਕ ਵਾਰ ਮੈਨੂੰ ਉਹਦੀ ਨਾਟ-ਮੰਡਲੀ ਦੇ ਇਕ ਹੋਣਹਾਰ ਮੁੰਡੇ ਨਾਲ ਇਕ ਬੇਟੀ ਦੇ ਵਿਆਹ ਦਾ ਪਤਾ ਲੱਗਿਆ। ਮਿਲੇ ਤਾਂ ਮੈਂ ਗਿਲਾ ਕੀਤਾ, "ਭਾਈ ਮੇਰੇ, ਮੁੰਡੇ ਦਾ ਵਿਆਹ ਹੁੰਦਾ, ਤੁਸੀਂ ਨਾ ਬੁਲਾਉਂਦੇ, ਮੈਂ ਬਿਲਕੁਲ ਮਹਿਸੂਸ ਨਹੀਂ ਸੀ ਕਰਨਾ ਪਰ ਯਾਰ ਬੇਟੀ ਦੇ ਵਿਆਹ ਦਾ ਤਾਂ ਦੱਸ ਦਿੰਦਾ। ਜਿਹੀ ਤੇਰੀ ਬੇਟੀ, ਤਿਹੀ ਮੇਰੀ!" ਉਹ ਹੱਸਿਆ, "ਭਰਾ, ਗੱਲ 'ਤੇ ਗਿਲਾ ਤਾਂ ਤੇਰਾ ਸੋਲ੍ਹਾਂ ਆਨੇ ਠੀਕ ਹੈ। ਬਿਲਕੁਲ ਉਹ ਮੇਰੇ ਵਾਂਗ ਹੀ ਤੇਰੀ ਬੇਟੀ ਹੈ ਪਰ ਤੈਨੂੰ ਤਾਂ ਮੈਂ ਤਦ ਬੁਲਾਉਂਦਾ ਜੇ ਕੁੜੀ ਤੇ ਮੁੰਡੇ ਨੇ ਮੈਨੂੰ ਬੁਲਾਇਆ ਹੁੰਦਾ। ਵਿਆਹ ਕਰਵਾ ਕੇ ਘਰ ਆ ਗਏ ਤੇ ਸਾਨੂੰ ਦੋਵਾਂ ਜੀਆਂ ਨੂੰ ਕਹਿੰਦੇ, ਸਾਡਾ ਸਿਰ ਪਲੋਸੋ, ਅਸੀਂ ਵਿਆਹ ਕਰਵਾ ਲਿਆ।" ਜਦੋਂ ਮੈਂ ਤੇਰੇ ਵਾਲਾ ਗਿਲਾ ਕੀਤਾ ਤਾਂ ਬੋਲੇ, "ਜੇ ਅਸੀਂ ਤੁਹਾਨੂੰ ਦੱਸਦੇ, ਤੁਸੀਂ ਚਾਰ ਮਿੱਤਰ ਤੇ ਰਿਸ਼ਤੇਦਾਰ ਜ਼ਰੂਰ ਬੁਲਾਉਣੇ ਸੀ। ਹੋਰ ਨਹੀਂ ਤਾਂ ਚਾਹ-ਰੋਟੀ ਦਾ ਜੁਗਾੜ ਕਰਨਾ ਸੀ। ਵਿਆਹ ਸਾਡਾ, ਅਸੀਂ ਤੁਹਾਡਾ ਖ਼ਰਚ ਕਰਵਾ ਕੇ ਅਹਿਸਾਨ ਕਿਉਂ ਝੱਲੀਏ!" ਮੈਂ ਉਹਨੂੰ ਗਲਵੱਕੜੀ ਵਿਚ ਘੁੱਟਿਆ, "ਸਿੱਧੂ ਬੰਦਿਆ, ਤੇਰਾ ਕੋਈ ਜਵਾਬ ਨਹੀਂ! ਆਪਣੇ ਦਿਨ ਬੱਸ ਤੂੰ ਹੀ ਜੰਮਿਆ ਹੈਂ!"

ਪਿਆਰਾ ਸਿੰਘ ਸਹਿਰਾਈ ਪ੍ਰੀਤਨਗਰ ਅਤੇ 'ਪ੍ਰੀਤਲੜੀ' ਦੀ ਪੈਦਾਵਾਰ ਸਨ। ਦੇਸ ਦੀ ਵੰਡ ਦੀ ਮਾਰ ਹੇਠ ਆ ਕੇ 'ਪ੍ਰੀਤਲੜੀ' ਦਿੱਲੀ ਆਈ ਤਾਂ ਗੁਰਬਖ਼ਸ਼ ਸਿੰਘ ਤੇ ਹੋਰ ਸਭਨਾਂ ਨਾਲ ਉਹ ਵੀ ਦਿੱਲੀ ਆ ਗਏ। ਕੁਝ ਠੰਢ-ਠੰਢੋਰਾ ਹੋਇਆ ਤਾਂ 'ਪ੍ਰੀਤਲੜੀ' ਵਾਪਸ ਪ੍ਰੀਤਨਗਰ ਚਲੀ ਗਈ ਪਰ ਸਹਿਰਾਈ ਸਾਹਿਬ ਉਸ ਮੰਡਲੀ ਵਿਚ ਸ਼ਾਮਲ ਸਨ ਜਿਸ ਨੇ ਵਾਪਸ ਜਾਣ ਦੀ ਥਾਂ ਇਥੇ ਹੀ ਡੇਰੇ ਲਾ ਲਏ। ਉਨ੍ਹਾਂ ਲੋਕਾਂ ਦਾ ਇਥੇ ਰਹਿ ਪੈਣਾ ਦਿੱਲੀ ਵਿਚ ਪੰਜਾਬੀ ਸਾਹਿਤ ਦਾ ਵੱਡਾ ਸੁਭਾਗ ਬਣਿਆ। ਇਨ੍ਹਾਂ 'ਪ੍ਰੀਤਲੜੀਆਂ' ਵਿਚ ਸਹਿਰਾਈ ਸਾਹਿਬ ਤੋਂ ਇਲਾਵਾ ਭਾਪਾ ਪ੍ਰੀਤਮ ਸਿੰਘ, ਪਿਆਰਾ ਸਿੰਘ ਦਾਤਾ ਤੇ ਜਸਵੰਤ ਸਿੰਘ ਜਨਤਕ ਪ੍ਰੈਸ, ਆਦਿ ਸ਼ਾਮਲ ਸਨ।

ਸਹਿਰਾਈ ਸਾਹਿਬ ਨੇ ਕੁਝ ਚਿਰ ਸਕੂਲੀ ਕਿਤਾਬਾਂ ਦੇ ਇਕ ਪ੍ਰਕਾਸ਼ਕ ਕੋਲ ਨੌਕਰੀ ਕੀਤੀ। ਸੋਵੀਅਤ ਦੂਤਾਵਾਸ ਨੇ ਪੰਜਾਬੀ ਵਿਚ ਰਸਾਲਾ ਕੱਢਣ ਦਾ ਫ਼ੈਸਲਾ ਕੀਤਾ ਤਾਂ ਉਨ੍ਹਾਂ ਨੂੰ ਉਥੇ ਨੌਕਰੀ ਮਿਲ ਗਈ। ਸੇਵਾ-ਮੁਕਤੀ ਤੱਕ ਉਹ ਉਥੇ ਹੀ ਬਿਰਾਜੇ। ਕਵਿਤਾ ਲਿਖਦੇ ਜਾਂ ਵਾਰਤਿਕ, ਲਿਖਦੇ ਨਿਰੋਲ ਲੋਕ-ਪੱਖੀ। ਬਚਪਨ ਵਿਚ ਪੋਲੀਓ ਹੋ ਜਾਣ ਕਰ ਕੇ ਉਨ੍ਹਾਂ ਦੀਆਂ ਲੱਤਾਂ ਕਮਜ਼ੋਰ ਸਨ ਪਰ ਰਹਿੰਦੇ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ। ਇਸ ਸਰੀਰਕ ਕਜ ਕਰ ਕੇ ਉਨ੍ਹਾਂ ਨੇ ਵਿਆਹ ਨਹੀਂ ਸੀ ਕਰਵਾਇਆ ਪਰ ਇਹ ਤੱਥ ਸ਼ਾਇਦ ਪਾਠਕਾਂ ਨੂੰ ਅਜੀਬ ਲੱਗੇ, ਅਧੂਰੇ ਸਰੀਰ ਨਾਲ ਉਹ ਅਨੇਕ ਪੂਰੇ ਸਰੀਰਾਂ ਵਾਲਿਆਂ ਦਾ ਆਸਰਾ ਸਨ। ਖਾਸ ਕਰ ਕੇ ਉਹ ਲੋਕ-ਲਹਿਰਾਂ ਵਿਚ ਸਰਗਰਮ ਸਮਾਜ-ਸੇਵਕਾਂ ਦੇ ਬੱਚਿਆਂ ਦੀ ਪੜ੍ਹਾਈ ਵਿਚ ਸਹਾਈ ਰਹਿੰਦੇ। ਜੇ ਉਨ੍ਹਾਂ ਦੀ ਜਾਣ-ਪਛਾਣ ਵਾਲੇ ਕਿਸੇ ਗਰੀਬ-ਗੁਰਬੇ ਦੀ ਧੀ ਦੀ ਸ਼ਾਦੀ ਹੁੰਦੀ, ਉਹ ਮੇਰੇ ਵਰਗੇ ਸਹਿਕਰਮੀਆਂ ਨੂੰ ਵੀ ਫੋਨ ਖੜਕਾਉਂਦੇ, "ਬਈ ਸਾਡੇ ਗੁਆਂਢੀਆਂ ਦੀ ਝਾੜੂ-ਪੋਚੇ ਵਾਲੀ ਦੀ ਧੀ ਦਾ ਵਿਆਹ ਹੈ। ਇਨ੍ਹਾਂ ਬਿਚਾਰਿਆਂ ਨੂੰ ਕੁਛ ਰੋਟੀ-ਪਾਣੀ ਤੇ ਲੀੜਾ ਕੱਪੜਾ ਤਾਂ ਕਰਨਾ ਹੀ ਪੈਂਦਾ ਹੈ। ਕਿਸੇ ਵੇਲੇ ਮੈਨੂੰ ਸੌ-ਪੰਜਾਹ ਦੇ ਜਾਈਂ।" ਆਪ ਤਾਂ ਪੁੰਨ ਦਾ ਕੰਮ ਕਰਦੇ ਹੀ, ਨਾਲ ਹੋਰਾਂ ਤੋਂ ਵੀ ਪੁੰਨ ਕਰਵਾ ਦਿੰਦੇ!

ਹਜ਼ਾਰਾ ਸਿੰਘ ਗੁਰਦਾਸਪੁਰੀ ਅਤੇ ਤਾਰਾ ਸਿੰਘ ਜਿੰਨੇ ਵਧੀਆ ਕਵੀ ਸਨ, ਓਨੇ ਹੀ ਕਰਾਰੇ ਟਿੱਚਰੀ ਤੇ ਚੁੰਚੀ-ਵੱਢ ਸਨ। ਦੋਵਾਂ ਦੀ ਇਕ ਹੋਰ ਸਾਂਝੀ ਸਿਫ਼ਤ ਇਹ ਸੀ ਕਿ ਉਨ੍ਹਾਂ ਦਾ ਜਿੰਨਾ ਚੰਗਾ ਸਥਾਨ ਸਾਹਿਤਕ ਕਵਿਤਾ ਦੀ ਦੁਨੀਆਂ ਵਿਚ ਸੀ, ਓਨੀ ਹੀ ਧਾਕ ਸਟੇਜੀ ਕਵੀਆਂ ਵਜੋਂ ਸੀ। ਕਾਫ਼ੀ ਹਾਊਸ ਵਿਚ ਦੋਵਾਂ ਵਿਚੋਂ ਕੋਈ ਇਕ ਬੈਠਾ ਹੁੰਦਾ ਤਾਂ ਰੌਣਕ ਲੱਗ ਜਾਂਦੀ। ਜੇ ਕਿਤੇ ਦੋਵੇਂ ਇਕੱਠੇ ਹੋ ਜਾਂਦੇ, ਪੰਜਾਬੀ ਲੇਖਕਾਂ ਦੀ ਉਥੇ ਜੁੜੀ ਢਾਣੀ ਦੇ ਗੂੰਜਵੇਂ ਹਾਸੇ ਨੂੰ ਦੂਜੇ ਮੇਜ਼ਾਂ ਵਾਲੇ ਧੌਣਾਂ ਮੋੜ ਮੋੜ ਦੇਖਦੇ। ਉਨ੍ਹਾਂ ਨੂੰ ਮੌਕੇ ਉਤੇ ਜਿਵੇਂ ਗੱਲ ਸੁਝਦੀ ਸੀ, ਉਹ ਲਾਜਵਾਬ ਸੀ। ਉਨ੍ਹਾਂ ਦੀਆਂ ਹਾਸਰਸੀ ਗੱਲਾਂ ਏਨੀਆਂ ਦਮਦਾਰ ਸਨ ਕਿ ਦੋਵਾਂ ਦੇ ਜਾਣ ਮਗਰੋਂ ਅੱਜ ਵੀ ਸਾਹਿਤਕ ਮਹਿਫ਼ਿਲਾਂ ਵਿਚ ਲੋਕ ਯਾਦ ਕਰਦੇ ਹਨ।

ਗੁਰਦਾਸਪੁਰੀ ਨੂੰ 'ਵਾਰਾਂ ਦਾ ਬਾਦਸ਼ਾਹ' ਕਿਹਾ ਜਾਂਦਾ ਹੈ। ਉਹਦੇ ਸਮਕਾਲੀਆਂ ਵਿਚ ਹੋਰ ਕਿਸੇ ਕਵੀ ਨੇ ਉਸ ਵਰਗੀਆਂ ਖ਼ੂਬਸੂਰਤ ਵਾਰਾਂ ਏਨੀ ਗਿਣਤੀ ਵਿਚ ਨਹੀਂ ਲਿਖੀਆਂ। ਵਾਰਾਂ ਤੋਂ ਇਲਾਵਾ ਉਹਦੀਆਂ ਕਵਿਤਾਵਾਂ ਅਤੇ ਸਾਹਿਤਕ ਗੀਤ ਵੀ ਉਚ-ਪਾਏ ਦੇ ਸਨ। ਇਕ ਦਿਨ ਪੰਜਾਬੀ ਲੇਖਕ ਦੋ ਮੇਜ਼ ਜੋੜ ਕੇ ਮਹਿਫ਼ਿਲ ਸਜਾਈ ਬੈਠੇ ਸਨ। ਗੁਰਦਾਸਪੁਰੀ ਦੀ ਨਵੀਂ ਛਪੀ ਪੁਸਤਕ 'ਮਿੱਟੀ ਰੋਈ' ਉਹਦੇ ਸਾਹਮਣੇ ਮੇਜ਼ ਉਤੇ ਪਈ ਸੀ। ਉਹਦਾ ਇਕ ਗੈਰ-ਸਾਹਿਤਕ ਵਾਕਫ਼ ਆ ਗਿਆ। ਕੁਰਸੀ ਕੋਈ ਵਿਹਲੀ ਨਹੀਂ ਸੀ। ਉਹ ਉਹਦੇ ਪਿੱਛੇ ਖਲੋ ਗਿਆ ਅਤੇ ਦਿੱਲੀ ਦੇ ਪੰਜਾਬੀ ਨਾ ਜਾਣਨ ਵਾਲੇ ਪੰਜਾਬੀਆਂ ਵਾਂਗ ਪੜ੍ਹਨ ਲਗਿਆ, "ਮ...ਮ...ਮਿ...ਮਿ...ਮਿੱਠੀ ...ਰ...ਰੋ...ਰੋਟੀ! ਗੁਰਦਾਸਪੁਰੀ ਜੀ, ਇਹ



ਚਰਨ ਦਾਸ ਸਿੱਧੂ

ਮਿੱਠੀ ਰੋਟੀ ਤੁਹਾਡੀ ਹੈ?" ਗੁਰਦਾਸਪੁਰੀ ਨੂੰ ਉਹਦੇ ਪੰਜਾਬੀ ਹੋ ਕੇ ਪੰਜਾਬੀ ਨਾ ਜਾਣਨ ਦਾ ਗੁੱਸਾ ਆਇਆ, "ਮਿੱਠੀ ਰੋਟੀ ਤਾਂ ਮੇਰੀ ਹੀ ਹੈ ਪਰ ਜੇ ਤੇਰੇ ਵਰਗੀਆਂ ਕੀੜੀਆਂ ਤੋਂ ਬਚ ਰਹੇ!"

ਇਕ ਕਵੀ ਦਰਬਾਰ ਵਿਚ ਇਕ ਕਵੀ ਨੇ ਆਪਣੀ ਕਵਿਤਾ ਸੁਣਾਉਂਦਿਆਂ ਤੁਕ ਦੁਹਰਾਈ, "ਸਾਡੇ ਗੁਆਂਢ ਵਿਚ ਘਰ ਸੀ ਤੇਲੀਆਂ ਦਾ।" ਗੁਰਦਾਸਪੁਰੀ ਬੋਲਿਆ, "ਹੋਰ ਤੇਰੇ ਵਰਗੇ ਦੇ ਗੁਆਂਢ ਵਿਚ ਸੋਢੀਆਂ ਦਾ ਘਰ ਹੋਣਾ ਸੀ!"

ਭਾਰਤ ਤੇ ਪਾਕਿਸਤਾਨ ਦੀ ਲੜਾਈ ਲੱਗੀ ਹੋਈ ਸੀ। ਪਾਕਿਸਤਾਨੀ ਜਹਾਜ਼ ਆਉਂਦੇ ਅਤੇ ਕਿਤੇ ਨਾ ਕਿਤੇ ਬੰਬ ਸੁੱਟ ਕੇ ਭੱਜ ਜਾਂਦੇ। ਲੋਕਾਂ ਨੇ ਬਚਾਅ ਲਈ ਘਰਾਂ ਵਿਚ ਮੋਰਚੇ ਪੁੱਟ ਲਏ। ਜਿਉਂ ਹੀ ਹੂਟਰ ਵੱਜਦਾ, ਸਭ ਭੱਜ ਕੇ ਮੋਰਚਿਆਂ ਵਿਚ ਵੜ ਜਾਂਦੇ। ਇਕ ਡੂੰਘੀ ਸ਼ਾਮ ਗੁਰਦਾਸਪੁਰੀ ਆਪਣੇ ਮਿੱਤਰ ਨਾਲ ਛੱਤ ਉਤੇ ਬੈਠਾ ਦਾਰੂ ਪੀ ਰਿਹਾ ਸੀ ਕਿ ਹੂਟਰ ਵੱਜ ਗਿਆ। ਉਹ ਹੇਠਾਂ ਨਾ ਉਤਰੇ ਤਾਂ ਪਤਨੀ ਨੇ ਫ਼ਿਕਰਮੰਦ ਹੋ ਕੇ ਆਵਾਜ਼ ਦਿੱਤੀ, "ਮੈਂ ਕਿਹਾ ਜੀ, ਸੁਣਦੇ ਨਹੀਂ? ਹੂਟਰ ਵੱਜ ਗਿਆ। ਪਾਕਿਸਤਾਨੀ ਜਹਾਜ਼ ਆ ਗਏ।" ਗੁਰਦਾਸਪੁਰੀ ਨੇ ਬੇਫ਼ਿਕਰੀ ਨਾਲ ਜਵਾਬ ਦਿੱਤਾ, "ਭਾਗਵਾਨੇ, ਤੂੰ ਆਪਣੀ ਚਿੰਤਾ ਕਰ। ਵੜ ਜਾ ਜਿਹੜੇ ਮੋਰਚੇ ਵਿਚ ਵੜਨਾ ਹੈ। ਪਾਕਿਸਤਾਨੀ ਜਹਾਜ਼ਾਂ ਦੇ ਹੇਠਾਂ ਨੂੰ ਡਿਗਦੇ ਬੰਬ ਸਾਡਾ ਕੁਝ ਨਹੀਂ ਵਿਗਾੜ ਸਕਦੇ। ਅਸੀਂ ਤਾਂ ਐਸ ਵੇਲੇ ਉਨ੍ਹਾਂ ਨਾਲੋਂ ਉਚੇ ਉਡ ਰਹੇ ਹਾਂ!"

ਜਦੋਂ ਤਾਰਾ ਸਿੰਘ ਦੇ ਪੁਰਾਣੇ ਮਿੱਤਰ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਬਣੇ, ਕੁਝ ਲੇਖਕਾਂ ਨੇ ਸਲਾਹ ਬਣਾਈ ਕਿ ਪੈਸੇ ਇਕੱਠੇ ਕਰ ਕੇ ਤਾਰਾ ਸਿੰਘ ਨੂੰ ਗਿਆਨੀ ਜੀ ਹੱਥੋਂ ਕਾਰ ਭੇਟ ਕਰਵਾਈ ਜਾਵੇ। ਦੋਸਤ-ਮਿੱਤਰ ਆਪਣੇ ਆਪਣੇ ਵਾਕਫ਼ਾਂ ਤੋਂ ਪੈਸੇ ਇਕੱਠੇ ਕਰਨ ਲੱਗੇ ਪਰ ਉਨ੍ਹਾਂ ਦੇ ਵਾਕਫ਼ ਕਿਹੜੇ ਟਾਟੇ-ਬਿਰਲੇ ਹੋਣੇ ਸਨ! ਆਖ਼ਰ ਮਾਇਆ ਕਾਰ ਦੇ ਨੇੜੇ-ਤੇੜੇ ਨਾ ਪਹੁੰਚਦੀ ਦੇਖ ਕੇ ਤਾਰਾ ਸਿੰਘ ਨੂੰ ਆਪ ਵੀ ਕੁਝ ਹਿੰਮਤ ਕਰਨ ਲਈ ਕਿਹਾ ਗਿਆ। ਉਹ ਜਾਂਦਾ ਤੇ ਆਖਦਾ, "ਬਈ ਅਮਕਾ ਸਿਆਂ, ਦੋਸਤ-ਮਿੱਤਰ ਮੈਨੂੰ ਆਪਣੇ ਰਾਸ਼ਟਰਪਤੀ ਜੀ ਤੋਂ ਕਾਰ ਭੇਟ ਕਰਵਾ ਰਹੇ ਨੇ, ਤੂੰ ਵੀ ਏਸ ਯੱਗ ਵਿਚ ਦਿਲ ਖੋਲ੍ਹ ਕੇ ਹਿੱਸਾ ਪਾ।" ਅਗਲਾ ਸੋਚਣ ਲਗਦਾ, ਕਾਰ ਇਹਦੇ ਦੋਸਤਾਂ-ਮਿੱਤਰਾਂ ਨੇ ਦੇਣੀ, ਦੁਆਉਣੀ ਰਾਸ਼ਟਰਪਤੀ ਤੋਂ, ਮੈਂ ਹਿੱਸਾ ਕਿਸ ਨਾਤੇ ਪਾਵਾਂ! ਉਹਨੂੰ ਸੋਚੀਂ ਪਿਆ ਦੇਖ ਤਾਰਾ ਸਿੰਘ ਆਖਦਾ, "ਸੋਚ ਨਾ! ਆਪਣਾ ਬਾਬਾ ਕਹਿ ਗਿਆ ਹੈ, ਸੋਚੇ ਤੋਂ ਕੁਛ ਨਹੀਂ ਸੋਚਿਆ ਜਾਂਦਾ। ਨੋਟ ਕੱਢ ਕੇ ਮੈਨੂੰ ਤੁਰਦਾ ਕਰ, ਮਗਰੋਂ ਆਰਾਮ ਨਾਲ ਬੈਠਾ ਸੋਚਦਾ ਰਹੀਂ!" ਇਕ ਦਿਨ ਮੈਨੂੰ ਕਹਿਣ ਲੱਗਿਆ, "ਯਾਰ ਭੁੱਲਰ, ਇਹ ਪੈਸੇ ਮੰਗਣਾ ਬੜਾ ਜ਼ਲੀਲ ਕੰਮ ਹੈ, ਉਹ ਵੀ ਆਪ ਨੂੰ ਭੇਟ ਹੋਣ ਵਾਲੀ ਕਾਰ ਵਾਸਤੇ ਆਪ ਹੀ ਮੰਗਣੇ!"

ਪੈਸੇ ਆਸ ਅਨੁਸਾਰ ਇਕੱਠੇ ਨਾ ਹੁੰਦੇ ਦੇਖ ਕੇ ਕਾਰ ਭੇਟ-ਕਮੇਟੀ ਦੀ ਬੈਠਕ ਬੁਲਾਈ ਗਈ। ਇਕ ਪੰਜਾਬੀ ਸਪਤਾਹਿਕ ਦਾ ਨੇਤਾ ਕਿਸਮ ਦਾ ਸੰਪਾਦਕ ਜਿਸ ਨੂੰ ਗਿਲਾ ਸੀ ਕਿ ਤਾਰਾ ਸਿੰਘ ਤੋਂ ਪਹਿਲਾਂ ਕਾਰ ਦਾ ਉਹਦਾ ਹੱਕ ਹੈ, ਬੋਲਿਆ, "ਜੇ ਭਲਾ ਇਹਨੂੰ ਕਾਰ ਲੈ ਵੀ ਦੇਈਏ, ਇਹ ਤੇਲ ਕਿਥੋਂ ਪੁਆਊ?" ਤਾਰਾ ਸਿੰਘ ਗੁੱਸੇ ਨਾਲ ਭੱਜ ਕੇ ਪਿਆ, "ਜੇ ਮੂੰਹ ਭੈੜਾ ਹੋਵੇ, ਗੱਲ ਤਾਂ ਚੱਜ ਦੀ ਕਰੀਏ! ਤੇਰਾ ਮੇਰੇ ਤੇਲ ਨਾਲ ਕੀ ਮਤਲਬ? ਭਾਵੇਂ ਕਾਰ ਵੇਚ ਕੇ ਖ਼ਰੀਦਣਾ ਪਵੇ, ਮੈਂ ਤੇਲ ਬਿਨਾਂ ਤਾਂ ਨਹੀਂ ਰਹਿੰਦਾ!"

ਤਾਰਾ ਸਿੰਘ ਪੰਜਾਬੀ ਸਪਤਾਹਿਕ 'ਲੋਕ ਰੰਗ' ਵੀ ਕਢਦਾ ਸੀ। ਛਪਦਾ ਤਾਂ ਢਾਈ-ਤਿੰਨ ਸੌ ਹੀ ਸੀ ਪਰ ਕਮਾਈ ਵਾਹਵਾ ਹੋ ਜਾਂਦੀ। ਕੁਝ ਤਾਂ ਸਰਕਾਰੀ ਇਸ਼ਤਿਹਾਰ ਮਿਲ ਜਾਂਦੇ। ਕੁਝ ਮਾਇਆ ਉਹ ਦਿੱਲੀ ਦੇ ਸਿੱਖ ਲੀਡਰਾਂ ਵਿਚੋਂ ਕਿਸੇ ਦੀ ਉਸਤਤ ਅਤੇ ਕਿਸੇ ਦੀ ਨਿੰਦਿਆ ਛਾਪ ਕੇ ਲੈ ਲੈਂਦਾ। ਕਦੀ ਕਦੀ ਵਿਹਲੇ ਵੇਲੇ ਉਹ ਅਖ਼ਬਾਰ ਦਾ ਚੰਦਾ ਲੈਣ ਚੱਲ ਪੈਂਦਾ। ਅਜਿਹੇ ਮੌਕੇ ਰਾਮਗੜ੍ਹੀਆ ਹੋਣ ਕਰ ਕੇ ਉਹ ਰਾਮਗੜ੍ਹੀਆਂ ਨਾਲ ਭਾਈਚਾਰਾ ਚਿਤਾਰਦਾ। ਇਕ ਦਿਨ ਪਹਾੜਗੰਜ ਦੀਆਂ ਰਾਮਗੜ੍ਹੀਆ ਦੁਕਾਨਾਂ ਵੱਲ ਜਾ ਨਿਕਲਿਆ। ਇਕ ਬੰਦੇ ਤੋਂ ਚੰਦਾ ਲੈ ਕੇ ਉਹ ਦੂਜੇ ਕੋਲ ਗਿਆ ਅਤੇ ਕਿਹਾ, "ਭਾਈ ਹਰਨਾਮ ਸਿਆਂ, ਮੈਨੂੰ ਰੋਜ਼ ਰੋਜ਼ ਆਉਣਾ ਚੰਗਾ ਨਹੀਂ ਲਗਦਾ। ਤੈਨੂੰ ਵੀ ਕੰਮ ਛੱਡ ਕੇ ਮੈਨੂੰ ਸਮਾਂ ਦੇਣਾ ਪਿਆ ਕਰੂ ਤੇ ਹਰ ਵਾਰ ਚਾਹ ਪੁੱਛਣੀ ਪਿਆ ਕਰੂ। ਇਕੱਠਾ ਉਮਰ ਭਰ ਦਾ ਚੰਦਾ ਦੇ ਕੇ ਇਕੋ ਵਾਰ ਜੱਭ ਮੁਕਦਾ ਕਰ।" ਹਰਨਾਮ ਸਿੰਘ ਨੇ ਉਜ਼ਰ ਕੀਤਾ, "ਤਾਰਾ ਸਿਆਂ, ਚੰਦਾ ਤਾਂ ਮੈਂ ਜੀਅ-ਸਦਕੇ ਦੇ ਦਿੰਦਾ, ਪਰ ਤੈਨੂੰ ਤਾਂ ਪਤਾ ਹੈ, ਮੈਨੂੰ ਤਾਂ ਅੱਖਰ ਉਠਾਲਣੇ ਨਹੀਂ ਆਉਂਦੇ!"

ਤਾਰਾ ਸਿੰਘ ਹੱਸਿਆ, "ਹਰਨਾਮ ਸਿਆਂ, ਇਹ ਚਿੰਤਾ ਨਾ ਕਰ। ਹੁਣੇ ਮੈਂ ਤੇਰੇ ਗੁਆਂਢੀ ਭਜਨ ਸਿਉਂ ਤੋਂ ਜੀਵਨ ਚੰਦਾ ਲੈ ਕੇ ਆਇਆ ਹਾਂ। ਉਹ ਵੀ ਤੇਰੇ ਵਾਲੀ ਮੁਸ਼ਕਲ ਦਸਦਾ ਸੀ। ਫੇਰ ਆਪੇ ਹੀ ਚੰਦਾ ਦੇ ਕੇ ਕਹਿੰਦਾ, ਚੱਲ ਕਿਸੇ ਪੜ੍ਹੇ ਦੋਸਤ-ਮਿੱਤਰ ਤੋਂ ਪੜ੍ਹਵਾ ਲਿਆ ਕਰੂੰਗਾ। ਜੀਹਤੋਂ ਉਹ ਪੜ੍ਹਵਾਇਆ ਕਰੂ, ਓਸੇ ਤੋਂ ਤੂੰ ਪੜ੍ਹਵਾ ਲਿਆ ਕਰੀਂ!" ਉਸ ਸ਼ਾਮ ਕਾਫ਼ੀ ਹਾਊਸ ਦੇ ਬਾਹਰ ਖਲੋਤਾ ਮਿਲ ਗਿਆ। ਕਹਿੰਦਾ, "ਯਾਰ ਭੁੱਲਰ, ਇਹ ਅਖ਼ਬਾਰ ਵਾਸਤੇ ਚੰਦਾ ਮੰਗਣਾ ਵੀ ਬੜਾ ਜ਼ਲੀਲ ਕੰਮ ਹੈ, ਉਹ ਵੀ ਅਨਪੜ੍ਹ ਬੰਦਿਆ ਤੋਂ!"

(ਚਲਦਾ)

## ਲੋਰੀ

ਸੋਹਣਾ ਸੋਹਣਾ ਸੋਹਣਾ।
ਲੋਕ-ਰਾਜ ਸੋਹਣਾ।
ਜਾਦੂ ਦਾ ਖਿਡੌਣਾ।
ਰੋਜ਼ ਕਰਵਾਏ ਚੋਣਾਂ।
ਵੋਟਾਂ ਦੇ ਪਲੰਘ ਉਤੇ,
ਨੋਟਾਂ ਦਾ ਵਿਛੌਣਾ।
ਬਾਪੂ ਗਾਂਧੀ ਵਾਜਾਂ ਮਾਰੇ,
ਆਜੇ ਜੀਹਨੇ ਸੌਣਾ।

ਜੀਵੇ ਬਾਪੂ ਗਾਂਧੀ।
ਜਿਨ ਆਜ਼ਾਦੀ ਆਂਦੀ।
ਹਾਰੀ ਕੌਮ ਗੋਰੀ।
ਜਿੱਤ ਗਈ ਡੰਗੋਰੀ।
ਜੀਵੇ ਰਾਮ ਰਾਜਾ।
ਹੇਠ ਘੋੜਾ ਤਾਜ਼ਾ।
ਸੋਨੇ ਦੀਆਂ ਪੌੜੀਆਂ,
ਤੇ ਚਾਂਦੀ ਦਾ ਦਰਵਾਜ਼ਾ।
ਦਰਵਾਜ਼ੇ 'ਤੇ ਪਹਿਰੂ।
ਲਾਲ ਜਵਾਹਰ ਨਹਿਰੂ।
ਜੀਤ ਗਯਾ ਬਈ ਜੀਤ ਗਯਾ।
ਬੈਲੋਂ ਵਾਲਾ ਜੀਤ ਗਯਾ।
ਹਮ ਕੋ ਤੁਮ ਸੇ ਬਿਛੜੇ ਹੁਏ-
ਤੁਮ ਕੋ ਹਮ ਸੇ ਬਿਛੜੇ ਹੁਏ-
ਏਕ ਜ਼ਮਾਨਾ ਬੀਤ ਗਯਾ।

ਗੱਲ ਸੁਣਾਵਾਂ ਖਰੀ-ਖਰੀ।
ਹੈਲੋ ਬੇਬੀ ਡੌਂਟ ਵਰੀ।
ਇਕ ਫੁੱਲ ਡਿੱਗਿਆ-
ਇਕ ਪੱਤ ਸੁੱਕਿਆ-
ਫੇਰ ਕਿਆਰੀ ਹਰੀ-ਭਰੀ।
ਨਿੱਕੀ-ਨਿੱਕੀ ਕਣੀ ਦਾ ਮੀਂਹ ਬਰਸੇਂਦਾ-
ਤੁਪਕਾ-ਤੁਪਕਾ ਢਾਬ ਭਰੀ।
ਵੋਟਾਂ ਦੀ ਵੇਦੀ 'ਤੇ ਚੜ੍ਹਿਆ,
ਲਾਲ ਬਹਾਦਰ ਸ਼ਾਸਤਰੀ।
ਜੈ ਜਵਾਨ! ਜੈ ਕਿਸਾਨ!
ਸਭ ਕਾ ਦਾਤਾ ਸਿਰੀ ਭਗਵਾਨ!!
ਸੁਣੋ ਕਹਾਣੀ ਗਾਂਹ ਦੀ।
ਇਕ ਬਛੜੇ ਇਕ ਗਾਂ ਦੀ।
ਇਕ ਬਚੜੇ ਇਕ ਮਾਂ ਦੀ।
ਜੈ ਜੈ ਲਛਮੀ। ਜੈ ਜੈ ਦੁਰਗੇ!!
ਜੈ ਜੈ ਇੰਦਰਾ ਗਾਂਧੀ।

ਗੂੰਜੇ ਧਰਤੀ ਔਰ ਪਤਾਲ।
ਆਪਾਤ ਕਾਲ! ਆਪਾਤ ਕਾਲ!!
ਗੂੰਜੇ ਧਰਤੀ ਔਰ ਆਕਾਸ਼।
ਦੇਸ਼ ਕੇ ਨੇਤਾ ਜੈ ਪ੍ਰਕਾਸ਼।
ਗੂੰਜੇ ਧਰਤੀ ਔਰ ਪਤਾਲ।
ਖ਼ਤਮ ਕਰੋ ਇਹ ਇੰਦਰਾ-ਜਾਲ।
ਜੇਲ੍ਹ-ਜੇਲ੍ਹ 'ਚੋਂ ਆਈ ਆਵਾਜ਼।
ਆ ਕੇ ਰਹੇ ਜਨਤਾ ਰਾਜ।
ਬੋਲੋ ਬੋਲੇ ਸੋ ਨਿਹਾਲ!
ਆਖੋ ਸਤਿ ਸ੍ਰੀ ਅਕਾਲ!!
ਜੈ ਜੈ ਕਾਰ! ਹਾਹਾਕਾਰ!!
ਰੌਲੇ ਨਾਲ ਭਰੇ ਅਖ਼ਬਾਰ।
ਬੀਤ ਗਈ ਸਭ ਤੰਗੀ ਤੁਰਸ਼ੀ।
ਜੈ ਜੈ ਜਨਤਾ! ਜੈ ਜੈ ਕੁਰਸੀ!!

ਦੂਸਰੀ ਆਜ਼ਾਦੀ।
ਰੂਪ ਵਟਾਇਆ ਖਾਦੀ।
ਲਾਰੇ ਲਾਰੇ ਲਾਰੇ-
ਦਿਨੇ ਦਿਖਾਵਣ ਤਾਰੇ।
ਰਾਜ ਬਦਲ ਜਾਂਦਾ ਏ-
ਰਾਜੇ ਉਹੀਓ ਰਹਿੰਦੇ ਸਾਰੇ!
ਉਹੀਓ ਫੇਰ ਕਹਾਣੀ।
ਪਾਣੀ ਵਿਚ ਮਧਾਣੀ।
ਵੋਟਾਂ ਵਾਲੇ ਪਲੰਘ 'ਤੇ ਬੈਠੇ-
ਸੌ ਰਾਜਾ ਸੌ ਰਾਣੀ।

ਚੋਣਾਂ ਚੋਣਾਂ ਚੋਣਾਂ।
ਹਰ ਵਾਰੀ ਕੁਝ ਖੋਹਣਾ।
ਲੋਕ-ਰਾਜ ਵਿਚ
ਰਾਮ-ਰਾਜ ਵਿਚ
ਹੋਰ ਬੜਾ ਕੁਝ ਹੋਣਾ।

-ਭੂਸ਼ਨ ਧਿਆਨਪੁਰੀ

# ਸੰਸਾਰ ਮੰਡੀ ਦੇ ਆੜ੍ਹਤੀਆਂ ਵਲੋਂ ਭਾਰਤ ਨੂੰ ਭਰੋਸੇਯੋਗਤਾ ਦੇ ਨੰਬਰ

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਸੰਸਾਰ ਦੇ ਲੋਕ ਇੱਕ ਦੂਸਰੇ ਨਾਲ ਮਜ਼ਾਕ ਕਰਨ ਲਈ ਪਹਿਲੀ ਅਪਰੈਲ ਦਾ ਦਿਨ ਉਡੀਕ ਲੈਂਦੇ ਹਨ, ਪਰ ਜਦੋਂ ਭਾਰਤੀ ਲੋਕਾਂ ਨਾਲ ਮਜ਼ਾਕ ਕਰਨਾ ਹੋਵੇ ਤਾਂ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਹੈ। ਹੁਣ ਇੱਕ ਮਜ਼ਾਕ ਜਨਵਰੀ ਦਾ ਚੌਥਾ ਹਫਤਾ ਚੜ੍ਹਦੇ ਸਾਰ ਕਰ ਦਿੱਤਾ ਗਿਆ ਹੈ। ਸੰਸਾਰ ਪੱਧਰ ਦੀ ਇੱਕ ਪਬਲਿਕ ਰਿਲੇਸ਼ਨ ਫਰਮ ਕਹਿ ਰਹੀ ਹੈ ਕਿ ਸੰਸਾਰ ਦੇ ਭਰੋਸੇਮੰਦ ਦੇਸ਼ਾਂ ਵਿਚ ਭਾਰਤ ਹੁਣ ਦੂਸਰੇ ਨੰਬਰ ਤੱਕ ਜਾ ਚੜ੍ਹਿਆ ਹੈ, ਇਸ ਤੋਂ ਸਿਰਫ ਇੱਕ ਦੇਸ਼ ਹੀ ਉਤੇ ਹੈ, ਬਾਕੀ ਸਾਰਾ ਜਹਾਨ ਇਸ ਦੇ ਥੱਲੇ ਹੈ। ਭਾਰਤ ਵਿਚ ਨਰਿੰਦਰ ਮੋਦੀ ਦਾ ਪ੍ਰਧਾਨ ਮੰਤਰੀ ਬਣਨਾ ਇਸ ਦਾ ਕਾਰਨ ਦੱਸਿਆ ਗਿਆ ਹੈ। ਮੋਦੀ ਖੁਦ ਵੀ ਜਿੱਥੇ ਜਾਂਦਾ ਹੈ, ਇਹੋ ਕਹਿੰਦਾ ਹੈ ਕਿ ਮੇਰੀ ਕਮਾਨ ਸਾਂਭਣ ਮਗਰੋਂ ਭਾਰਤ ਦਾ ਡੰਕਾ ਵੱਜਣ ਲੱਗ ਪਿਆ ਹੈ। ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਵੀ ਪਹਿਲੇ ਦੋ ਸਾਲ ਡੰਕੇ ਵੱਜਦੇ ਦਿਸਦੇ ਸਨ। ਜਾਰਜ ਬੁੱਸ਼ ਸਮੇਤ ਦੁਨੀਆਂ ਦੀ ਆਰਥਿਕਤਾ ਦੇ ਸਾਰੇ ਮੋਹਰੀ ਆਗੂ ਡਾ. ਮਨਮੋਹਨ ਸਿੰਘ ਨਾਲ ਏਦਾਂ ਹੀ ਜੱਫੀਆਂ ਪਾ ਕੇ ਮਿਲਿਆ ਕਰਦੇ ਸਨ। ਉਨ੍ਹਾਂ ਨੂੰ ਡਾ. ਮਨਮੋਹਨ ਸਿੰਘ ਨਹੀਂ, ਆਪਣੇ ਮਾਲ ਦੇ ਗ੍ਰਾਹਕਾਂ ਦੀ ਲਾਈਨ ਬਣਾ ਕੇ ਖੜੀ ਭਾਰਤ ਦੀ ਇੱਕ ਸੌ ਦਸ ਕਰੋੜ ਤੋਂ ਵੱਧ ਜਨਤਾ ਦਿਸਦੀ ਸੀ। ਹੁਣ ਉਨ੍ਹਾਂ ਦੇ ਭਾਰਤੀ ਗ੍ਰਾਹਕਾਂ ਦੀ ਗਿਣਤੀ ਇੱਕ ਸੌ ਪੰਝੀ ਕਰੋੜ ਤੋਂ ਵੱਧ ਹੋ ਚੁੱਕੀ ਹੈ। ਇਸ ਲਈ ਨਰਿੰਦਰ ਮੋਦੀ ਨਾਲ ਵੀ ਮੋਹ ਹੋਵੇਗਾ। ਫਰਜ਼ ਕਰੋ ਕਿ ਭਲਕ ਨੂੰ ਮੁਲਾਇਮ ਸਿੰਘ ਆ ਜਾਵੇ, ਉਹ ਮੁਲਾਇਮ ਵੱਲ ਵੀ ਹੱਦੋਂ ਵੱਧ ਮੁਲਾਇਮ ਹੋ ਜਾਣਗੇ।

ਭਾਰਤ ਸਾਡਾ ਦੇਸ਼ ਹੈ, ਜੇ ਇਸ ਦੀ ਭਰੋਸੇਮੰਦੀ ਵਧ ਜਾਵੇ ਤਾਂ ਸਾਨੂੰ ਵੀ ਖੁਸ਼ੀ ਹੋਵੇਗੀ ਪਰ ਅਸੀਂ ਸੰਸਾਰ ਦੇ ਵਪਾਰੀਆਂ ਦੀਆਂ ਸਿਫਤਾਂ ਨਾਲ ਖੁਸ਼ ਨਾ ਹੋਈਏ। ਆਪਣੇ ਘਰ ਦੀਆਂ ਹਕੀਕਤਾਂ ਦਾ ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ। ਇਸ ਦੇਸ਼ ਵਿਚ ਕੋਈ ਵੀ ਕੰਮ ਹੋਵੇ, ਲੋਕ ਉਸ ਨੂੰ ਪਹਿਲੇ ਦਿਨੋਂ ਹੀ ਇਸ ਕਰ ਕੇ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗ ਜਾਂਦੇ ਹਨ ਕਿ ਉਨ੍ਹਾਂ ਨੇ ਕੌੜੇ ਤਜਰਬੇ ਬਹੁਤ ਹੰਢਾਏ ਹੋਏ ਹਨ। ਸੰਸਾਰ ਦੇ ਭਰੋਸੇ ਜਿੱਤਣ ਦੇ ਦਾਅਵੇ ਕਰਨ ਤੋਂ ਪਹਿਲਾਂ ਕਿਸੇ ਵੀ ਸਰਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਲੋਕਾਂ ਦਾ ਸਿਰਫ ਆਪਣੀ ਅਗਵਾਈ ਵਿਚ ਨਹੀਂ, ਇਸ ਦੇਸ਼ ਦੇ ਸਿਸਟਮ ਵਿਚ ਭਰੋਸਾ ਪੈਦਾ ਕਰੇ। ਹਾਲੇ ਤੱਕ ਇਹੋ ਜਿਹੀ ਕੋਈ ਗੱਲ ਨਹੀਂ ਜਾਪਦੀ।

ਭਾਰਤ ਵਿਚ ਜਿਹੜੇ ਬੜੇ ਨਾਮਣੇ ਵਾਲੇ ਪ੍ਰਧਾਨ ਮੰਤਰੀ ਬਣੇ ਸਨ, ਡਾ. ਮਨਮੋਹਨ ਸਿੰਘ ਉਨ੍ਹਾਂ ਵਿਚੋਂ ਸੀ, ਜਿਸ ਦੇ ਇਸ ਅਹੁਦੇ ਤੱਕ ਪਹੁੰਚਣ ਤੋਂ ਪਹਿਲਾਂ ਬਹੁਤ ਵੱਡੇ ਅਰਥ ਸ਼ਾਸਤਰੀ ਵਜੋਂ ਸੰਸਾਰ ਭਰ ਵਿਚ ਚਰਚਾ ਹੁੰਦੀ ਸੀ ਕਿ ਇਹ ਆਦਮੀ ਸਿਰੇ ਦਾ ਕਾਬਲ ਵੀ ਹੈ ਤੇ ਸਿਰੇ ਦਾ ਇਮਾਨਦਾਰ ਵੀ। ਫਿਰ ਕੀ ਹੋਇਆ ਸੀ? ਭਾਰਤ ਦੇ ਇਤਿਹਾਸ ਵਿਚ ਉਸ ਦਾ ਰਾਜ ਸਭ ਤੋਂ ਭ੍ਰਿਸ਼ਟ ਦੌਰ ਬਣ ਗਿਆ ਅਤੇ ਕਿਸੇ ਗੱਲ ਵਿਚ ਕਿਸੇ ਨੂੰ ਭਰੋਸਾ ਨਹੀਂ ਸੀ ਰਹਿ ਗਿਆ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਹੁੰਦਾ ਸੀ। ਉਸ ਬਾਰੇ ਵੀ ਜਿਹੜਾ ਮਰਜ਼ੀ ਹੋਰ ਦੋਸ਼ ਕੋਈ ਲਾਈ ਜਾਵੇ, ਇਹ ਦੋਸ਼ ਉਦੋਂ ਤੱਕ ਨਹੀਂ ਸੀ ਲੱਗਾ ਕਿ ਉਸ ਨੇ ਖੁਦ ਕੋਈ ਭ੍ਰਿਸ਼ਟਾਚਾਰ ਕੀਤਾ ਹੈ, ਪਰ ਰਾਜ ਦੀ ਕਮਾਨ ਸੰਭਾਲਦੇ ਸਾਰ ਉਸ ਦੇ ਸਾਥੀਆਂ ਦੇ ਇੱਕ ਤੋਂ ਇੱਕ ਚੜ੍ਹਦੇ ਘੋਟਾਲੇ ਸਾਹਮਣੇ ਆ ਗਏ ਤੇ ਪਰਿਵਾਰ ਦੇ ਦੋ ਜੀਆਂ ਦੇ ਨਾਂ ਵੀ ਭ੍ਰਿਸ਼ਟਾਚਾਰ ਦੇ ਦੋ ਕਿੱਸਿਆਂ ਨਾਲ ਜੁੜ ਗਏ ਸਨ। ਵਾਜਪਾਈ ਸਰਕਾਰ ਬਣੀ ਨੂੰ ਤਿੰਨ ਮਹੀਨੇ ਨਹੀਂ ਸੀ ਹੋਏ, ਜਦੋਂ ਉਸ ਸਰਕਾਰ ਦਾ ਆਰਥਿਕ ਮਾਮਲਿਆਂ ਦਾ ਸਲਾਹਕਾਰ ਮੋਹਨ ਗੁਰੂਸਵਾਮੀ ਇਹ ਦੋਸ਼ ਲਾ ਕੇ ਅਹੁਦਾ ਛੱਡ ਗਿਆ ਸੀ ਕਿ ਏਨੇ ਸਮੇਂ ਦੌਰਾਨ ਹੀ ਸਰਕਾਰ ਵਿਚਲੇ

> ***ਕਰਨਾਟਕਾ ਵਿਚ ਜਦੋਂ ਲੋਕਪਾਲ ਦੇ ਅਹੁਦੇ ਦੀ ਸਿਰਜਣਾ ਕੀਤੀ ਗਈ, ਭਾਜਪਾ ਦੀ ਸਰਕਾਰ ਸੀ ਤੇ ਭਾਜਪਾ ਦੀ ਮਰਜ਼ੀ ਨਾਲ ਜਸਟਿਸ ਸੰਤੋਸ਼ ਹੇਗੜੇ ਨੂੰ ਲੋਕਪਾਲ ਲਾਇਆ ਗਿਆ ਸੀ। ਉਸ ਨੇ ਭ੍ਰਿਸ਼ਟਾਚਾਰ ਦੇ ਕਿੱਸੇ ਫਰੋਲੇ ਤਾਂ ਭਾਜਪਾ ਦਾ ਮੁੱਖ ਮੰਤਰੀ ਯੇਦੀਯੁਰੱਪਾ ਫਸ ਗਿਆ। ਪਹਿਲਾਂ ਉਹ ਅਹੁਦਾ ਛੱਡਣਾ ਨਹੀਂ ਸੀ ਮੰਨਦਾ, ਫਿਰ ਆਪਣੀ ਮਰਜ਼ੀ ਦਾ ਮੁੱਖ ਮੰਤਰੀ ਬਣਵਾ ਕੇ ਪਾਸੇ ਹੋਣ ਦੇ ਬਾਅਦ ਜੇਲ੍ਹ ਵੀ ਚਲਾ ਗਿਆ। ਪਾਰਟੀ ਨੇ ਕਲੰਕੀ ਸਮਝ ਕੇ ਉਸ ਨੂੰ ਲਾਂਭੇ ਕਰ ਛੱਡਿਆ। ਮੋਦੀ ਦੇ ਭਾਜਪਾ ਦੀ ਕਮਾਨ ਸੰਭਾਲਣ ਪਿੱਛੋਂ ਉਹੋ ਯੇਦੀਯੁਰੱਪਾ ਮੁੜ ਕੇ ਭਾਜਪਾ ਵਿਚ ਸਿਰਫ ਆ ਨਹੀਂ ਗਿਆ, ਸਗੋਂ ਛਾ ਗਿਆ। ਕਰਨਾਟਕਾ ਬਾਰੇ ਕੋਈ ਵੀ ਫੈਸਲਾ ਹੁਣ ਯੇਦੀਯੁਰੱਪਾ ਦੀ ਮਰਜ਼ੀ ਪੁੱਛ ਕੇ ਕੀਤਾ ਜਾਂਦਾ ਹੈ।***



*ਯੇਦੀਯੁਰੱਪਾ*

ਕੁਝ ਲੋਕ ਹਜ਼ਾਰਾਂ ਕਰੋੜ ਦਾ ਭ੍ਰਿਸ਼ਟਾਚਾਰ ਕਰ ਗਏ ਹਨ ਅਤੇ ਉਨ੍ਹਾਂ ਭ੍ਰਿਸ਼ਟ ਲੋਕਾਂ ਵਿਚ ਵਾਜਪਾਈ ਪਰਿਵਾਰ ਦੇ ਇੱਕ ਜੀਅ ਦਾ ਨਾਂ ਸੀ। ਬਾਈ ਸੌ ਗੈਸ ਏਜੰਸੀਆਂ ਤੇ ਪੈਟਰੋਲ ਪੰਪ ਉਸ ਸਰਕਾਰ ਨੇ ਅਲਾਟ ਕੀਤੇ ਸਨ ਤੇ ਫਿਰ ਜਦੋਂ ਮਾਮਲਾ ਸੁਪਰੀਮ ਕੋਰਟ ਤੱਕ ਚਲਾ ਗਿਆ, ਉਹ ਸਾਰੇ ਰੱਦ ਕਰਨੇ ਪਏ ਸਨ। ਉਨ੍ਹਾਂ ਪੰਪਾਂ ਵਿਚੋਂ ਇੱਕ ਉਦੋਂ ਇੱਕ ਰਾਜ ਦੇ ਭਾਜਪਾ ਮੁੱਖ ਮੰਤਰੀ ਵਲੋਂ ਜਲੰਧਰ ਵਿਚ ਵੀ ਲਾਇਆ ਗਿਆ ਸੀ, ਪਰ ਬੰਦ ਕਰਨਾ ਪੈ ਗਿਆ ਸੀ। ਹੁਣ ਵੀ ਸਰਕਾਰ ਉਸੇ ਭਾਜਪਾ ਦੀ ਹੈ।

ਕੁਝ ਲੋਕ ਕਹਿੰਦੇ ਹਨ ਕਿ ਸਰਕਾਰ ਭਾਵੇਂ ਉਸੇ ਪਾਰਟੀ ਦੀ ਹੈ ਪਰ ਸਰਕਾਰ ਦਾ ਮੁਖੀ ਹੁਣ ਨਰਿੰਦਰ ਮੋਦੀ ਹੈ, ਜਿਹੜਾ ਕਿਸੇ ਤਰ੍ਹਾਂ ਦਾ ਭ੍ਰਿਸ਼ਟਾਚਾਰ ਨਹੀਂ ਕਰਦਾ। ਨਰਿੰਦਰ ਮੋਦੀ ਨੇ ਕੁਝ ਜਲਸਿਆਂ ਵਿਚ ਖੁਦ ਵੀ ਇਹ ਕਿਹਾ ਸੀ ਕਿ ਮੈਂ ਭਲਾ ਕਿਸ ਦੇ ਲਈ ਭ੍ਰਿਸ਼ਟਾਚਾਰ ਕਰੂੰਗਾ? ਕਹਿਣ ਤੋਂ ਭਾਵ ਇਹ ਕਿ ਲੋਕ ਸੇਵਾ ਨੂੰ ਸਮਰਪਿਤ ਹੋਣ ਲਈ ਪਤਨੀ ਨੂੰ ਸੰਤਾਲੀ ਸਾਲ ਪਹਿਲਾਂ ਨਮਸਤੇ ਕਹਿ ਆਇਆ ਸਾਂ, ਬੱਚੇ ਕੋਈ ਹੈ ਨਹੀਂ, ਭ੍ਰਿਸ਼ਟਾਚਾਰ ਕਿਸ ਲਈ ਕਰਨਾ ਹੈ? ਮੋਦੀ ਸਾਹਿਬ ਨੇ ਵਿਆਹ ਕਰਾਉਣ ਪਿੱਛੋਂ ਲੋਕ ਸੇਵਾ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ ਸੀ, ਵਾਜਪਾਈ ਨੇ ਵਿਆਹ ਹੀ ਨਹੀਂ ਸੀ ਕਰਵਾਇਆ ਪਰ ਉਨ੍ਹਾਂ ਨਾਲ ਉਹ ਲੋਕ ਜੁੜ ਗਏ ਸਨ, ਜਿਨ੍ਹਾਂ ਨੂੰ ਪੈਸੇ ਦੀ ਲੋੜ ਸੀ ਅਤੇ ਵਾਜਪਾਈ ਨੇ ਕਿਸੇ ਨੂੰ ਉਦਾਂ ਹੀ ਨਹੀਂ ਸੀ ਰੋਕਿਆ, ਜਿਵੇਂ ਮਨਮੋਹਨ ਸਿੰਘ ਕਿਸੇ ਭ੍ਰਿਸ਼ਟ ਸਾਥੀ ਨੂੰ ਮਾਲ ਕਮਾਉਂਦੇ ਨੂੰ ਨਹੀਂ ਸੀ ਰੋਕਦਾ। ਭ੍ਰਿਸ਼ਟਾਚਾਰ ਹੁੰਦਾ ਵੇਖ ਕੇ ਚੁੱਪ ਰਹਿਣ ਦੀ ਆਦਤ ਮੋਦੀ ਸਾਹਿਬ ਨੂੰ ਵੀ ਹੈ।

ਸੰਸਾਰ ਵਿਚ ਡੰਕਾ ਵੱਜਣ ਤੋਂ ਪਹਿਲਾਂ ਨਰਿੰਦਰ ਮੋਦੀ ਦਾ ਗੁਜਰਾਤ ਵਿਚ ਡੰਕਾ ਵੱਜਿਆ ਸੀ। ਹਾਲੇ ਵੀ ਉਸ ਰਾਜ ਵਿਚ ਉਸ ਦਾ ਪੂਰਾ ਵਜ੍ਹਕਾ ਹੈ। ਨਾਲ ਇਹ ਵੀ ਹਕੀਕਤ ਹੈ ਕਿ ਉਸ ਦੇ ਮੰਤਰੀ ਉਥੇ ਵੀ ਭ੍ਰਿਸ਼ਟਾਚਾਰ ਕਰਦੇ ਸਨ ਤੇ ਦੋ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਸਜ਼ਾ ਉਦੋਂ ਹੋਈ ਸੀ, ਜਦੋਂ ਮੋਦੀ ਹਾਲੇ ਉਸ ਰਾਜ ਵਿਚ ਸਨ, ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਵੱਲ ਦੌੜ ਸ਼ੁਰੂ ਨਹੀਂ ਸੀ ਹੋਈ। ਫਿਰ ਜਦੋਂ ਦੇਸ਼ ਭਰ ਵਿਚ ਭਾਜਪਾ ਨੇ ਉਨ੍ਹਾਂ ਨੂੰ ਆਪਣਾ ਆਗੂ ਮੰਨ ਕੇ ਚੋਣ ਮੁਹਿੰਮ ਸ਼ੁਰੂ ਕੀਤੀ ਤੇ ਹਰ ਗੱਲ ਉਨ੍ਹਾਂ ਦੀ ਮਰਜ਼ੀ ਦੀ ਮੁਥਾਜ ਹੋ ਗਈ, ਉਦੋਂ ਅਗਲੀ ਹਕੀਕਤ ਸਾਹਮਣੇ ਆ ਗਈ। ਭਾਰਤ ਦੀ ਪਾਰਲੀਮੈਂਟ ਦੇ ਕੁਝ ਮੈਂਬਰ ਸਵਾਲ ਕਰਨ ਬਦਲੇ ਪੈਸੇ ਲੈਣ ਦੇ ਸਕੈਂਡਲ ਵਿਚ ਇੱਕ ਵਾਰ ਫਸ ਗਏ ਸਨ। ਉਨ੍ਹਾਂ ਗਿਆਰਾਂ ਬੇਈਮਾਨਾਂ ਵਿਚ ਛੇ ਇਕੱਲੀ ਭਾਜਪਾ ਦੇ ਸਨ, ਕਹਿਣ ਤੋਂ ਭਾਵ ਭ੍ਰਿਸ਼ਟਾਚਾਰੀਆਂ ਵਿਚ ਬਹੁ-ਗਿਣਤੀ ਇਸ ਪਾਰਟੀ ਵਾਲਿਆਂ ਦੀ ਸੀ, ਤੇ ਉਨ੍ਹਾਂ ਵਿਚੋਂ ਲੋਕ ਸਭਾ ਵਾਲੇ ਛੇ ਜਣਿਆਂ ਨੂੰ ਮੈਂਬਰੀ ਤੋਂ ਬਰਖਾਸਤ ਕਰਨ ਦਾ ਮਤਾ ਸਰਬ-ਸੰਮਤੀ ਨਾਲ ਪਾਸ ਹੋਇਆ ਸੀ। ਰਾਜ ਸਭਾ ਮੈਂਬਰ ਨਿੰਦਾ ਕਰਨ ਨਾਲ ਛੱਡ ਦਿੱਤੇ ਗਏ ਸਨ। ਲੋਕ ਸਭਾ ਦੇ ਜਿਨ੍ਹਾਂ ਮੈਂਬਰਾਂ ਨੂੰ ਉਦੋਂ ਬਰਖਾਸਤ ਕੀਤਾ ਗਿਆ, ਫਿਰ ਉਨ੍ਹਾਂ ਨੂੰ ਕਿਸੇ ਪਾਰਟੀ ਨੇ ਟਿਕਟ ਨਹੀਂ ਸੀ ਦਿੱਤੀ ਪਰ ਜਦੋਂ ਮੋਦੀ ਸਾਹਿਬ ਦੇ ਹੱਥ ਕਮਾਨ ਆਈ ਤਾਂ ਉਨ੍ਹਾਂ ਬੇਈਮਾਨਾਂ ਵਿਚੋਂ ਇੱਕ ਜਣੇ ਨੂੰ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੀ ਟਿਕਟ ਦੇ ਕੇ ਸਨਮਾਨ ਬਹਾਲ ਕਰਨ ਦਾ ਉਹ ਯਤਨ ਕੀਤਾ ਗਿਆ, ਜਿਹੜਾ ਲੋਕਾਂ ਨੇ ਉਸ ਨੂੰ ਹਰਾ ਕੇ ਗਲਤ ਸਾਬਤ ਕਰ ਦਿੱਤਾ ਸੀ। ਏਦਾਂ ਦੇ ਬਥੇਰੇ ਹੋਰ ਸੱਜਣ ਗਿਣਾਏ ਜਾ ਸਕਦੇ ਹਨ, ਜਿਹੜੇ ਭ੍ਰਿਸ਼ਟ ਵੀ ਹਨ ਅਤੇ ਉਹ ਮੋਦੀ-ਮੁਰੀਦ ਵੀ ਮੰਨੇ ਜਾ ਸਕਦੇ ਹਨ।

ਕਰਨਾਟਕਾ ਦੇ ਇੱਕ ਸੱਜਣ ਦਾ ਕਿੱਸਾ ਤਾਂ ਉਚੇਚਾ ਗਿਣਾਉਣਾ ਪੈਂਦਾ ਹੈ। ਉਸ ਰਾਜ ਵਿਚ ਜਦੋਂ ਲੋਕਪਾਲ ਦੇ ਅਹੁਦੇ ਦੀ ਸਿਰਜਣਾ ਕੀਤੀ ਗਈ, ਭਾਜਪਾ ਦੀ ਸਰਕਾਰ ਸੀ ਤੇ ਭਾਜਪਾ ਦੀ ਮਰਜ਼ੀ ਨਾਲ ਜਸਟਿਸ ਸੰਤੋਸ਼ ਹੇਗੜੇ ਨੂੰ ਲੋਕਪਾਲ ਲਾਇਆ ਗਿਆ ਸੀ। ਉਸ ਨੇ ਭ੍ਰਿਸ਼ਟਾਚਾਰ ਦੇ ਕਿੱਸੇ ਫਰੋਲੇ ਤਾਂ ਭਾਜਪਾ ਦਾ ਮੁੱਖ ਮੰਤਰੀ ਯੇਦੀਯੁਰੱਪਾ ਫਸ ਗਿਆ। ਪਹਿਲਾਂ ਉਹ ਅਹੁਦਾ ਛੱਡਣਾ ਨਹੀਂ ਸੀ ਮੰਨਦਾ, ਫਿਰ ਆਪਣੀ ਮਰਜ਼ੀ ਦਾ ਮੁੱਖ ਮੰਤਰੀ ਬਣਵਾ ਕੇ ਪਾਸੇ ਹੋਣ ਦੇ ਬਾਅਦ ਜੇਲ੍ਹ ਵੀ ਚਲਾ ਗਿਆ। ਪਾਰਟੀ ਨੇ ਕਲੰਕੀ ਸਮਝ ਕੇ ਉਸ ਨੂੰ ਲਾਂਭੇ ਕਰ ਛੱਡਿਆ। ਮੋਦੀ ਦੇ ਭਾਜਪਾ ਦੀ ਕਮਾਨ ਸੰਭਾਲਣ ਪਿੱਛੋਂ ਉਹੋ ਯੇਦੀਯੁਰੱਪਾ ਮੁੜ ਕੇ ਭਾਜਪਾ ਵਿਚ ਆ ਗਿਆ, ਤੇ ਸਿਰਫ ਆ ਨਹੀਂ ਗਿਆ, ਸਗੋਂ ਉਸ ਨੂੰ ਛਾ ਗਿਆ ਕਹਿਣਾ ਚਾਹੀਦਾ ਹੈ। ਕਰਨਾਟਕਾ ਬਾਰੇ ਕੋਈ ਵੀ ਫੈਸਲਾ ਹੁਣ ਯੇਦੀਯੁਰੱਪਾ ਦੀ ਮਰਜ਼ੀ ਪੁੱਛ ਕੇ ਕੀਤਾ ਜਾਂਦਾ ਹੈ। ਮੋਦੀ ਸਾਹਿਬ ਦੀ ਇਮਾਨਦਾਰੀ ਦੇ ਚੌਖਟੇ ਵਿਚ ਯੇਦੀਯੁਰੱਪਾ ਫਿੱਟ ਕਿਵੇਂ ਬੈਠ ਗਿਆ ਹੈ?

ਪਿਛਲਾ ਤਜਰਬਾ ਇਹ ਵੀ ਹੈ ਕਿ ਮਹਾਰਾਸ਼ਟਰ ਵਿਚ ਅਮਰੀਕੀ ਕੰਪਨੀ ਐਨਰਾਨ ਦੇ ਬਿਜਲੀ ਪ੍ਰਾਜੈਕਟ ਦਾ ਵਿਰੋਧ ਭਾਜਪਾ ਅਤੇ ਸ਼ਿਵ ਸੈਨਾ ਇਹ ਕਹਿ ਕੇ ਕਰਦੀਆਂ ਸਨ ਕਿ ਇਸ ਵਿਚ ਕਰੋੜਾਂ ਦਾ ਭ੍ਰਿਸ਼ਟਾਚਾਰ ਹੈ। ਸਿਰਫ ਤੇਰਾਂ ਦਿਨਾਂ ਦੀ ਵਾਜਪਾਈ ਦੀ ਆਰਜ਼ੀ ਸਰਕਾਰ ਨੇ ਉਹੋ ਪ੍ਰਾਜੈਕਟ ਕਾਹਲੀ ਵਿਚ ਪਾਸ ਕਰ ਦਿੱਤਾ ਸੀ। ਏਦਾਂ ਕਰਨ ਲਈ ਵਾਜਪਾਈ ਸਰਕਾਰ ਨੇ ਭਰੋਸੇ ਦਾ ਵੋਟ ਵੀ ਨਹੀਂ ਸੀ ਉਡੀਕਿਆ। ਮਨਮੋਹਨ ਸਿੰਘ ਦੀ ਸਰਕਾਰ ਵੇਲੇ ਫੌਜ ਦੀ ਲੋੜ ਲਈ ਟੈਟਰਾ ਟਰੱਕ ਖਰੀਦਣ ਦੀ ਤਜਵੀਜ਼ ਇਸ ਲਈ ਸਿਰੇ ਨਹੀਂ ਸੀ ਚੜ੍ਹੀ ਕਿ ਫੌਜ ਦੇ ਮੁਖੀ ਜਨਰਲ ਵੀ. ਕੇ. ਸਿੰਘ ਨੇ ਕਹਿ ਦਿੱਤਾ ਸੀ ਕਿ ਮੈਨੂੰ ਇਸ ਖਰੀਦ ਵਿਚ ਚੌਦਾਂ ਕਰੋੜ ਰੁਪਏ ਦੀ ਪੇਸ਼ਕਸ਼ ਹੋਈ ਹੈ। ਉਦੋਂ ਸਭ ਤੋਂ ਤਿੱਖਾ ਵਿਰੋਧ ਭਾਜਪਾ ਨੇ ਕੀਤਾ ਤੇ ਇਸ ਸੌਦੇ ਨੂੰ ਭ੍ਰਿਸ਼ਟਾਚਾਰ ਦੀ ਜੜ੍ਹ ਕਿਹਾ ਸੀ। ਹੁਣ ਨਰਿੰਦਰ ਮੋਦੀ ਸਰਕਾਰ ਦੇ ਵਕਤ ਉਸੇ ਟੈਟਰਾ ਟਰੱਕ ਸੌਦੇ ਦੀ ਗੱਲਬਾਤ ਚੱਲ ਪਈ ਹੈ, ਕੰਪਨੀ ਵੀ ਉਹੋ ਹੈ, ਟਰੱਕ ਵੀ ਉਹੋ ਤੇ ਉਦੋਂ ਭ੍ਰਿਸ਼ਟਾਚਾਰ ਦਾ ਰੌਲਾ ਪਾਉਣ ਵਾਲਾ ਸਾਬਕਾ ਜਨਰਲ ਵੀ. ਕੇ. ਸਿੰਘ ਹੁਣ ਨਰਿੰਦਰ ਮੋਦੀ ਸਰਕਾਰ ਦਾ ਮੰਤਰੀ ਹੈ। ਹੁਣ ਇਹ ਤਜਵੀਜ਼ ਵੀ ਪੇਸ਼ ਹੋ ਗਈ ਹੈ ਕਿ ਅੱਗੋਂ ਲਈ ਭ੍ਰਿਸ਼ਟਾਚਾਰ ਦਾ ਰੌਲਾ ਮੁਕਾਉਣ ਲਈ ਫੌਜੀ ਸਾਮਾਨ ਖਰੀਦਣ ਵਾਸਤੇ ਜਿਨ੍ਹਾਂ ਵਿਦੇਸ਼ੀ ਕੰਪਨੀਆਂ ਨਾਲ ਗੱਲ ਕਰਨੀ ਹੋਵੇ, ਉਨ੍ਹਾਂ ਨੂੰ ਏਜੰਟ ਰੱਖਣ ਦੀ ਖੁੱਲ੍ਹ ਦੇ ਦਿੱਤੀ ਜਾਵੇਗੀ। ਉਹ ਏਜੰਟ ਜਦੋਂ ਕੁਝ ਕਮਾਉਣਗੇ ਤਾਂ ਜਿਨ੍ਹਾਂ ਦੇ ਰਾਹੀਂ ਕਮਾਉਣਗੇ, ਉਨ੍ਹਾਂ ਦਾ ਹਿੱਸਾ-ਪੱਤੀ ਵੀ ਆਰਾਮ ਨਾਲ ਨਿਕਲਦਾ ਰਹੇਗਾ।

ਤਾਜ਼ਾ ਕਹਾਣੀ ਇਹ ਹੈ ਕਿ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਸਾਂਝੀ ਸਰਕਾਰ ਬਣੀ ਨੂੰ ਹਾਲੇ ਸੌ ਦਿਨ ਵੀ ਨਹੀਂ ਹੋਏ ਤੇ ਸ਼ਿਵ ਸੈਨਾ ਨੇ ਇਹ ਦੋਸ਼ ਲਾ ਦਿੱਤਾ ਹੈ ਕਿ ਭਾਜਪਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ 'ਦੋ ਨੰਬਰ' ਦੀ ਕਮਾਈ ਕਰ ਰਿਹਾ ਹੈ। ਦਿੱਲੀ ਵਿਚ ਬੈਠੀ ਇਸ ਪਾਰਟੀ ਦੀ ਹਾਈ ਕਮਾਨ ਨੇ ਗੱਲ ਹੀ ਨਹੀਂ ਗੌਲੀ, ਕਿਉਂਕਿ ਗੌਲਣ ਤੋਂ ਬਿਨਾਂ ਵੀ ਉਸ ਰਾਜ ਵਿਚ ਹੁੰਦੀ ਹਰ ਗੱਲ ਮੋਦੀ ਸਾਹਿਬ ਤੱਕ ਸਾਰਿਆਂ ਨੂੰ ਪਤਾ ਹੈ।

ਕਮਾਲ ਦੀ ਇੱਕ ਗੱਲ ਦੱਸਣੀ ਅਸੀਂ ਖੁੰਝ ਹੀ ਚੱਲੇ ਸਾਂ। ਪਿਛਲੀਆਂ ਸਾਰੀਆਂ ਸਰਕਾਰਾਂ ਦੇ ਵਕਤ ਇਹ ਰੌਲਾ ਪੈਂਦਾ ਰਿਹਾ ਕਿ ਭਾਰਤ ਵਿਚ ਕੁਝ ਜਾਲ੍ਹੀ ਯੂਨੀਵਰਸਿਟੀਆਂ ਚੱਲਦੀਆਂ ਹਨ ਪਰ ਸਰਕਾਰ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਸਮਝਦੀ। ਮੋਦੀ ਸਰਕਾਰ ਦੇ ਆਉਣ ਪਿੱਛੋਂ ਸਤੰਬਰ 2014 ਵਿਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਇਹੋ ਜਿਹੀਆਂ 21 ਯੂਨੀਵਰਸਿਟੀਆਂ ਦੀ ਲਿਸਟ ਜਾਰੀ ਕੀਤੀ ਹੈ, ਜਿਨ੍ਹਾਂ ਵਿਚ ਸਭ ਤੋਂ ਵੱਧ ਨੌਂ ਸਿਰਫ ਉਤਰ ਪ੍ਰਦੇਸ਼ ਦੀਆਂ ਤੇ ਪੰਜ ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਹਨ। ਬਿਹਾਰ, ਕਰਨਾਟਕਾ, ਕੇਰਲਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਦੀ ਇੱਕ-ਇੱਕ ਹੈ। ਚਾਰ ਮਹੀਨੇ ਗੁਜ਼ਰ ਗਏ, ਨਰਿੰਦਰ ਮੋਦੀ ਦੀ ਸਰਕਾਰ ਨੇ ਇਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਹਾਲਾਂਕਿ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਸਪੱਸ਼ਟ ਲਿਖਿਆ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਜਾਲ੍ਹੀ ਮੰਨੀਆਂ ਜਾਣਗੀਆਂ। ਕਾਰਵਾਈ ਕਰਨ ਦਾ ਕੰਮ ਜਿਸ ਕੇਂਦਰੀ ਸਿੱਖਿਆ ਮੰਤਰੀ ਸਿਮ੍ਰਤੀ ਇਰਾਨੀ ਨੇ ਕਰਨਾ ਹੈ, ਉਸ ਦੇ ਆਪਣੇ ਪੜ੍ਹਾਈ ਦੇ ਸਰਟੀਫਿਕੇਟ ਹਰ ਚੋਣ ਦਾ ਨਾਮਜ਼ਦਗੀ ਫਾਰਮ ਭਰਨ ਵੇਲੇ ਬਦਲ ਜਾਂਦੇ ਹਨ, ਅਤੇ ਉਹ ਫਿਰ ਵੀ ਕੇਂਦਰ ਦੀ ਮਾਣਯੋਗ ਮੰਤਰੀ ਹੈ।

ਭਾਰਤ ਸਾਡਾ ਦੇਸ਼ ਹੈ, ਸਾਡੇ ਬਾਪ-ਦਾਦੇ ਵਾਲਾ ਦੇਸ਼ ਹੈ, ਇਸ ਨਾਲ ਸਾਡਾ ਮੋਹ ਹੈ ਅਤੇ ਇਸ ਨੂੰ ਸੰਸਾਰ ਦੀ ਕੋਈ ਸੰਸਥਾ ਭਰੋਸੇ ਦੇ ਲਾਇਕ ਮੰਨੇ ਤਾਂ ਸਾਡਾ ਸੀਨਾ ਨਰਿੰਦਰ ਮੋਦੀ ਵਾਂਗ ਛਪੰਜਾ ਇੰਚ ਨਾ ਸਹੀ, ਭਾਵੇਂ ਛੱਤੀ ਇੰਚ ਚੌੜਾ ਹੀ ਹੁੰਦਾ ਹੋਵੇ ਪਰ ਭਰੋਸੇ ਯੋਗਤਾ ਦਾ ਸਰਟੀਫਿਕੇਟ ਭਰੋਸੇ ਵਾਲਾ ਚਾਹੀਦਾ ਹੈ। ਜਦੋਂ ਸਭ ਨੂੰ ਪਤਾ ਹੈ ਕਿ ਇਹ ਸਰਟੀਫਿਕੇਟ ਇੱਕ ਪਬਲਿਕ ਰਿਲੇਸ਼ਨ ਫਰਮ ਜਾਰੀ ਕਰਦੀ ਪਈ ਹੈ ਅਤੇ ਉਹ ਇਸ ਨਾਲ ਭਾਰਤ ਦੇ ਲੋਕਾਂ ਨੂੰ ਇਹ ਫੂਕ ਛਕਾ ਰਹੀ ਹੈ ਕਿ ਨਰਿੰਦਰ ਮੋਦੀ ਦੇ ਆਉਣ ਮਗਰੋਂ ਤੁਹਾਡੀ ਭਰੋਸੇ ਯੋਗਤਾ ਵਧ ਗਈ ਹੈ ਤਾਂ ਇਹ ਇੱਕ ਮਜ਼ਾਕ ਵੀ ਹੈ ਤੇ ਮੱਛੀ ਫਸਾਉਣ ਲਈ ਕੁੰਡੀ ਨੂੰ ਲੱਗੇ ਹੋਏ ਚੋਗੇ ਵਾਂਗ ਗ੍ਰਾਹਕ ਫਸਾਉਣ ਦਾ ਚੋਗਾ ਵੀ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268

732-983-4332/4333

# ਪੀ.ਆਰ.ਟੀ.ਸੀ. ਨੂੰ ਪਿਆ ਕਰਜ਼ੇ ਦਾ ਘੇਰਾ

## ਜਾਇਦਾਦ ਵੇਚਣ ਲਈ ਨਹੀਂ ਲੱਭ ਰਹੇ ਗਾਹਕ



**ਪਟਿਆਲਾ:** ਦੇਣਦਾਰੀਆਂ ਨੇ ਪੀ. ਆਰ. ਟੀ. ਸੀ. ਨੂੰ ਪੂਰੀ ਤਰ੍ਹਾਂ ਦੱਬ ਲਿਆ ਹੈ। ਵਿੱਤੀ ਸੰਕਟ ਵਿਚੋਂ ਨਿਕਲਣ ਲਈ ਭਾਵੇਂ ਪੀ.ਆਰ.ਟੀ.ਸੀ. ਵਲੋਂ ਆਪਣੀ ਢਾਈ ਸੌ ਕਰੋੜ ਦੀ ਜਾਇਦਾਦ ਵੇਚਣ 'ਤੇ ਲਾ ਦਿੱਤੀ ਹੈ ਪਰ ਆਰਥਿਕ ਮੰਦੇ ਕਾਰਨ ਇਹ ਜ਼ਮੀਨ ਵੀ ਨਹੀਂ ਵਿਕ ਰਹੀ। ਜਿਸ ਕਰਕੇ ਇਨ੍ਹਾਂ ਜਾਇਦਾਦਾਂ ਨੂੰ ਅਦਾਰਾ ਹੁਣ ਪਲਾਟਾਂ ਵਿਚ ਵੰਡ ਕੇ ਵੇਚੇਗਾ। ਅਧਿਕਾਰੀਆਂ ਨੇ ਇਸ ਬਾਰੇ ਪੁੱਡਾ ਅਧਿਕਾਰੀਆਂ ਨਾਲ ਰਾਬਤਾ ਸਾਧਿਆ ਹੋਇਆ ਹੈ। ਇਸ ਅਦਾਰੇ ਦੀ ਵਿੱਤੀ ਹਾਲਤ ਇਸ ਕਦਰ ਨਿਘਰ ਚੁੱਕੀ ਹੈ ਕਿ ਇਸ ਦੇ ਸਿਰ ਤਕਰੀਬਨ ਤਿੰਨ ਸੌ ਕਰੋੜ ਰੁਪਏ ਦੀ ਦੇਣਦਾਰੀ ਹੈ, ਜਿਸ ਵਿਚੋਂ ਡੇਢ ਸੌ ਕਰੋੜ ਤਾਂ ਸੇਵਾ ਮੁਕਤ ਮੁਲਾਜ਼ਮਾਂ ਦਾ ਹੀ ਹੈ।

ਪਿਛਲੇ ਸਮੇਂ ਤੋਂ ਅਦਾਰਾ ਲਗਾਤਾਰ ਘਾਟੇ ਵੱਲ ਵਧ ਰਿਹਾ ਹੈ। ਪੈਨਸ਼ਨਰਾਂ ਨੂੰ ਕਈ ਕਈ ਮਹੀਨੇ ਪੈਨਸ਼ਨਾਂ ਨਹੀਂ ਮਿਲਦੀਆਂ। ਉਨ੍ਹਾਂ ਦੇ ਵੱਖ-ਵੱਖ ਹੋਰ ਫੰਡਾਂ ਦੀ ਅਦਾਇਗੀ ਵੀ ਨਹੀਂ ਹੋ ਰਹੀ। ਜਿਸ ਕਰਕੇ ਇਹ ਸੇਵਾ ਮੁਕਤ ਮੁਲਾਜ਼ਮ ਅਦਾਲਤ ਵੀ ਜਾ ਪੁੱਜੇ ਹਨ, ਜਿਥੋਂ ਪਹਿਲਾ ਤਾਂ ਮੈਨੇਜਿੰਗ ਡਾਇਰੈਕਟਰ ਸਮੇਤ ਜਨਰਲ ਮੈਨੇਜਰਾਂ ਦੀਆਂ ਤਨਖ਼ਾਹਾਂ ਹੀ ਅਟੈਚ ਕਰ ਦਿੱਤੀਆਂ ਗਈਆਂ। ਫਿਰ ਅਦਾਲਤ ਨੇ ਜਦੋਂ ਮੁਲਾਜ਼ਮਾਂ ਦੇ ਬਕਾਇਆਂ ਦੀ ਅਦਾਇਗੀ ਯਕੀਨੀ ਬਣਾਉਣ ਦੇ ਆਦੇਸ਼ ਕੀਤੇ ਤਾਂ ਅਦਾਰੇ ਨੇ ਅਦਾਲਤ ਵਿਚ ਹਲਫ਼ੀਆ ਬਿਆਨ ਵੀ ਦਿੱਤਾ। ਇਸੇ ਕੜੀ ਵਜੋਂ ਹੀ ਅਦਾਰੇ ਨੇ 8.45 ਏਕੜ ਵਿਚਲੇ ਆਪਣੇ ਪਟਿਆਲਾ ਵਿਚ ਸਥਿਤ ਮੁੱਖ ਦਫਤਰ ਸਮੇਤ ਫਗਵਾੜਾ ਵਿਚਲੀ ਆਪਣੀ ਇਕ ਹੋਰ ਥਾਂ ਵੇਚਣ ਦਾ ਫੈਸਲਾ ਲਿਆ। ਇਸ ਬਾਰੇ ਦੋ ਵਾਰ ਟੈਂਡਰ ਵੀ ਜਾਰੀ ਕੀਤਾ ਜਾ ਚੁੱਕਾ ਹੈ। ਇਹ ਜਾਇਦਾਦਾਂ ਢਾਈ ਸੌ ਕਰੋੜ ਦੇ ਮੁਲ ਦੀਆਂ ਹਨ ਪਰ ਹੁਣ ਕੋਈ ਗਾਹਕ ਨਾ ਲੱਗਣ ਕਰਕੇ ਇਸ ਨੂੰ ਛੋਟੇ ਪਲਾਟਾਂ ਵਿਚ ਕਰਕੇ ਵੇਚਿਆ ਜਾਵੇਗਾ।

ਕੁਝ ਸਾਲ ਪਹਿਲਾਂ ਵੀ ਅਦਾਰੇ ਨੇ ਆਪਣੀ ਕਈ ਕਰੋੜ ਰੁਪਏ ਦੀ ਜਾਇਦਾਦ ਪੁੱਡਾ ਰਾਹੀਂ ਵੇਚੀ ਸੀ, ਜਿਸ ਦੇ ਪੁੱਡਾ ਨੇ ਪੀ.ਆਰ.ਟੀ.ਸੀ. ਨੂੰ ਵੀਹ ਕਰੋੜ ਰੁਪਏ ਦਿੱਤੇ ਸਨ ਪਰ ਅਧਿਕਾਰੀਆਂ ਦਾ ਅੰਦਾਜ਼ਾ ਸੀ ਕਿ ਇਹ ਵੀਹ ਕਰੋੜ ਤੋਂ ਵੱਧ ਦੀ ਜਾਇਦਾਦ ਸੀ। ਜਿਸ ਕਰਕੇ ਐਤਕੀਂ ਅਦਾਰੇ ਨੇ ਆਪਣੇ ਪੱਧਰ 'ਤੇ ਹੀ ਇਹ ਜਾਇਦਾਦਾਂ ਵੇਚਣ ਦਾ ਪ੍ਰੋਗਰਾਮ ਉਲੀਕਿਆ ਪਰ ਹੁਣ ਜਦੋਂ ਇਸ ਵਿਚ ਸਫਲਤਾ ਨਾ ਮਿਲੀ, ਤਾਂ ਫਿਰ ਪੁੱਡਾ ਦਾ ਹੀ ਸਹਾਰਾ ਲੈਣਾ ਪੈ ਰਿਹਾ ਹੈ। ਪੀ.ਆਰ.ਟੀ.ਸੀ. ਦੇ ਐਮ.ਡੀ. ਮਨਜੀਤ ਸਿੰਘ ਨਾਰੰਗ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਸੇ ਦੌਰਾਨ ਐਮ.ਡੀ. ਨਾਰੰਗ ਵਲੋਂ ਆਉਂਦਿਆਂ ਹੀ ਭਾਵੇਂ ਰੋਜ਼ਾਨਾ ਦੀ ਆਮਦਨੀ ਤਾਂ ਵਧਾਉਣ ਦੇ ਯਤਨ ਸ਼ੁਰੂ ਕਰ ਦਿੱਤੇ ਹਨ ਪਰ ਸੈਂਕੜੇ ਕਰੋੜ ਦੀ ਦੇਣਦਾਰੀ ਉਤਾਰਨ ਲਈ ਅਦਾਰੇ ਕੋਲ ਜਾਇਦਾਦਾਂ ਵੇਚਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਹੈ।

### ਪੰਜਾਬ ਸਰਕਾਰ ਨੇ 47.70 ਕਰੋੜ ਦੱਬੇ

ਸਿਰੇ ਦੀ ਆਰਥਿਕ ਤੰਗੀ ਵਿਚੋਂ ਲੰਘ ਰਹੀ ਪੀ.ਆਰ.ਟੀ.ਸੀ. ਦੇ ਪੰਜਾਬ ਸਰਕਾਰ ਨੇ 47.70 ਕਰੋੜ ਰੁਪਏ ਨੱਪ ਲਏ ਹਨ। ਪੀ.ਆਰ.ਟੀ.ਸੀ. ਨੇ ਸਰਕਾਰ ਤੋਂ ਮੁਫਤ ਸਫਰ ਸਹੂਲਤ ਦੇ ਬਦਲੇ 59.70 ਕਰੋੜ ਰੁਪਏ ਲੈਣੇ ਹਨ। ਹਾਈਕੋਰਟ ਦਾ ਹੁਕਮ ਸੀ ਕਿ ਕਾਰਪੋਰੇਸ਼ਨ ਦੀ 42.70 ਕਰੋੜ ਦੀ ਰਾਸ਼ੀ ਦੋ ਕਿਸ਼ਤਾਂ ਵਿਚ ਸੱਤ ਦਸੰਬਰ ਤੱਕ ਦੇ ਦਿੱਤੀ ਜਾਵੇ। ਮਿਲੇ ਵੇਰਵਿਆਂ ਮੁਤਾਬਕ ਪੰਜਾਬ ਸਰਕਾਰ ਨੇ ਸਿਰਫ਼ 12 ਕਰੋੜ ਰੁਪਏ ਦਿੱਤੇ ਹਨ। ਕਾਰਪੋਰੇਸ਼ਨ ਦੇ ਹਾਲੇ ਵੀ ਮੁਫ਼ਤ ਸਫ਼ਰ ਸਹੂਲਤ ਦੇ 30 ਸਤੰਬਰ 2014 ਤੱਕ ਦੇ 47.70 ਕਰੋੜ ਰੁਪਏ ਸਰਕਾਰ ਵੱਲ ਖੜ੍ਹੇ ਹਨ। ਸਰਕਾਰ ਨੇ ਹਲਫੀਆ ਬਿਆਨ ਵਿਚ ਆਖਿਆ ਸੀ ਕਿ ਉਹ ਕਾਰਪੋਰੇਸ਼ਨ ਨੂੰ ਪ੍ਰਤੀ ਮਹੀਨਾ 4.50 ਕਰੋੜ ਰੁਪਏ ਦੇਣਗੇ ਤੇ ਡੇਢ ਸਾਲ ਇਹ ਰਾਸ਼ੀ ਵਿੱਤੀ ਮਦਦ ਵਜੋਂ ਦਿੱਤੀ ਜਾਵੇਗੀ ਪਰ ਅਕਤੂਬਰ ਤੋਂ ਇਸ ਰਾਸ਼ੀ ਦੀ ਪਹਿਲੀ ਕਿਸ਼ਤ ਵੀ ਨਹੀਂ ਦਿੱਤੀ ਗਈ ਹੈ। ਕਾਰਪੋਰੇਸ਼ਨ ਨੇ ਹਾਈਕੋਰਟ ਵਿਚ ਤਰਕ ਦਿੱਤਾ ਸੀ ਕਿ ਉਨ੍ਹਾਂ ਦੇ ਵੱਡੇ ਬਕਾਏ ਸਰਕਾਰ ਵੱਲ ਖੜ੍ਹੇ ਹਨ।

# ਅਰਦਾਸ ਨੂੰ ਲੈ ਕੇ ਨਾਮਧਾਰੀ ਪੰਥ ਦੇ ਦੋ ਗੁੱਟਾਂ ਵਿਚ ਝੜਪਾਂ

**ਏਲਨਾਬਾਦ (ਹਰਿਆਣਾ):** ਨਾਮਧਾਰੀ ਪੰਥ ਦੀ ਗੁਰਗੱਦੀ ਨੂੰ ਲੈ ਕੇ ਚੱਲ ਰਿਹਾ ਸਾਲਾਂ ਪੁਰਾਣਾ ਵਿਵਾਦ ਇਕ ਵਾਰ ਫਿਰ ਸੜਕ 'ਤੇ ਆ ਗਿਆ ਹੈ। ਇਥੋ ਨਜ਼ਦੀਕ ਪਿੰਡ ਸੰਤਨਗਰ ਵਿਖੇ ਅਰਦਾਸ ਨੂੰ ਲੈ ਕੇ ਨਾਮਧਾਰੀ ਪੰਥ ਦੇ ਦੋ ਗੁੱਟਾਂ ਵਿਚਕਾਰ ਪੁਲਿਸ ਦੀ ਮੌਜੂਦਗੀ ਵਿਚ ਗੋਲੀਆਂ ਚੱਲੀਆਂ ਪਰ ਇਸ ਘਟਨਾ ਵਿਚ ਬਚਾਅ ਹੋ ਗਿਆ। ਜਾਣਕਾਰੀ ਅਨੁਸਾਰ ਨਾਮਧਾਰੀ ਪੰਥ ਦੇ ਕੁਝ ਲੋਕਾਂ ਦੀ ਸ਼ਰਧਾ ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਉਦੈ ਸਿੰਘ ਵਿਚ ਹੈ, ਜਦਕਿ ਪੰਥ ਦੇ ਕੁਝ ਲੋਕ ਆਪਣੀ ਸ਼ਰਧਾ ਸਤਿਗੁਰੂ ਦਲੀਪ ਸਿੰਘ ਵਿਚ ਰੱਖਦੇ ਹਨ, ਜਿਸ ਕਾਰਨ ਸ਼ਰਧਾਲੂ ਅਰਦਾਸ ਵਿਚ ਵੀ ਆਪਣੀ ਸ਼ਰਧਾ ਅਨੁਸਾਰ ਹੀ ਆਪਣੇ ਸਤਿਗੁਰੂ ਦਾ ਨਾਮ ਲੈਂਦੇ ਹਨ। ਇਸੇ ਮਾਮਲੇ ਨੂੰ ਲੈ ਕੇ ਸਤਿਗੁਰੂ ਉਦੈ ਸਿੰਘ ਦੇ ਸਮਰਥਕਾਂ ਨੇ ਸਤਿਗੁਰੂ ਦਲੀਪ ਸਿੰਘ ਦਾ ਨਾਂ ਅਰਦਾਸ ਵਿਚ ਨਾ ਲੈਣ ਲਈ ਦੂਜੇ ਗੁੱਟ ਨੂੰ ਆਖਿਆ ਸੀ ਪਰ ਅਰਦਾਸ ਵਿਚ ਸਤਿਗੁਰੂ ਦਲੀਪ ਸਿੰਘ ਦਾ ਨਾਂ ਲਿਆ ਗਿਆ ਤਾਂ ਇਸ ਤੋਂ ਭੜਕੇ ਦੂਸਰੇ ਗੁੱਟ ਵਲੋਂ ਗੁਰਦੁਆਰਾ ਸਾਹਿਬ ਦੇ ਸਾਹਮਣੇ ਸਥਿਤ ਘਰ ਵਿਚ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਕਾਫ਼ੀ ਸਮਾਂ ਗੋਲੀਆਂ ਚੱਲਣ ਕਾਰਨ ਪੂਰੇ ਪਿੰਡ ਦਾ ਮਾਹੌਲ ਤਣਾਅਪੂਰਨ ਹੋ ਗਿਆ। ਗੋਲੀਆਂ ਗੁਰਦੁਆਰਾ ਸਾਹਿਬ ਦੇ ਆਸ-ਪਾਸ ਖੜ੍ਹੇ ਕਈ ਵਾਹਨਾਂ 'ਤੇ ਲੱਗੀਆਂ, ਪਰ ਕਿਸੇ ਸ਼ਰਧਾਲੂ ਨੂੰ ਗੋਲੀ ਲੱਗਣ ਤੋਂ ਬਚਾਅ ਹੋ ਗਿਆ। ਪੁਲਿਸ ਨੇ ਵੀ ਕੰਧਾਂ ਓਹਲੇ ਹੋ ਕੇ ਆਪ ਬਚਾਅ ਕੀਤਾ। ਕੁਝ ਲੋਕਾਂ ਨੂੰ ਗੋਲੀਆਂ ਦੇ ਮਾਮੂਲੀ ਛਰੇ ਲੱਗੇ, ਜਿਨ੍ਹਾਂ ਨੂੰ ਇਲਾਜ਼ ਲਈ ਹਸਪਤਾਲ ਲਿਜਾਇਆ ਗਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਹੋ ਰਹੀ ਅਰਦਾਸ ਵਿਚ ਸਤਿਗੁਰੂ ਦਲੀਪ ਸਿੰਘ ਦਾ ਨਾਂ ਲਿਆ ਜਾ ਰਿਹਾ ਸੀ, ਤਾਂ ਇਸ ਨੂੰ ਲੈ ਕੇ ਕੁਝ ਲੋਕਾਂ ਨੇ ਇਤਰਾਜ ਕੀਤਾ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਦਾ ਕਹਿਣਾ ਹੈ ਕਿ ਚਾਰ ਲੋਕਾਂ ਨੂੰ ਇਸ ਮਾਮਲੇ ਦੀ ਪੁਛਗਿੱਛ ਲਈ ਲਿਜਾਇਆ ਗਿਆ ਹੈ ਤੇ ਪਿੰਡ ਵਿਚ ਮਾਹੌਲ ਪੂਰੀ ਤਰ੍ਹਾਂ ਸ਼ਾਂਤੀਪੂਰਨ ਹੈ।



ਨਾਮਧਾਰੀ ਭਾਈਚਾਰੇ ਦੇ ਦੋ ਗੁੱਟਾਂ ਦਰਮਿਆਨ ਵਿਵਾਦ ਪਿਛਲੇ ਕੁਝ ਦਿਨਾਂ ਅੰਦਰ ਸੁਲਗ ਰਿਹਾ ਸੀ। ਦੋਵੇਂ ਗੁੱਟਾਂ ਦਰਮਿਆਨ ਵਿਵਾਦ ਵਧਦਾ ਗਿਆ ਤੇ ਇਕ ਦਿਨ ਪਹਿਲਾਂ ਵੀ ਦੋਵੇਂ ਗੁੱਟ ਆਹਮਣੇ-ਸਾਹਮਣੇ ਹੋਏ ਸਨ। ਦੋਵੇਂ ਗੁੱਟਾਂ ਦੇ ਲੋਕਾਂ ਨੇ ਇਕ ਦੂਜੇ 'ਤੇ ਦੋਸ਼ ਲਾਉਂਦੇ ਹੋਏ ਪ੍ਰਸ਼ਾਸਨ ਤੋਂ ਮਾਮਲੇ ਨੂੰ ਸੁਲਝਾਉਣ ਦੀ ਮੰਗ ਕੀਤੀ ਸੀ ਤੇ ਨਾਲ ਹੀ ਚਿਤਾਵਨੀ ਵੀ ਦਿੱਤੀ ਸੀ ਕਿ ਜੇਕਰ ਪ੍ਰਸ਼ਾਸਨ ਨੇ ਦਖਲ ਨਾ ਦਿੱਤਾ ਤਾਂ ਗੁੱਸੇ ਵਿਚ ਆਏ ਸ਼ਰਧਾਲੂ ਗੰਭੀਰ ਰੁਖ ਅਖਤਿਆਰ ਕਰ ਸਕਦੇ ਸਨ।


# ਕਾਲਿਆਂ ਵਾਲੇ ਖੂਹ 'ਤੇ ਯਾਦਗਾਰ ਉਸਾਰਨ ਦਾ ਫੈਸਲਾ

**ਅਜਨਾਲਾ:** ਅਜਨਾਲਾ ਵਿਚ 1857 ਦੀ ਪਹਿਲੀ ਜੰਗ-ਏ-ਆਜ਼ਾਦੀ ਦੌਰਾਨ ਬਰਤਾਨਵੀ ਹਕੂਮਤ ਦੇ ਜਬਰ ਦਾ ਸ਼ਿਕਾਰ ਹੋਏ 282 ਭਾਰਤੀ ਸੈਨਿਕਾਂ ਦੀ ਦਫਨਗਾਹ ਵਜੋਂ ਜਾਣੇ ਜਾਂਦੇ ਕਾਲਿਆਂ ਵਾਲੇ ਖੂਹ 'ਤੇ ਇਕ ਯਾਦਗਾਰ ਉਸਾਰੀ ਜਾਵੇਗੀ। ਅਮਰਜੀਤ ਸਿੰਘ ਸਰਕਾਰੀਆ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਸ਼ਹੀਦਾਂ ਵਾਲਾ ਖੂਹ ਯਾਦਗਾਰ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਮੌਕੇ ਕਮੇਟੀ ਦਾ ਕੰਮਕਾਜ ਚਲਾਉਣ ਲਈ ਡਾ. ਮਨਜੀਤ ਸਿੰਘ ਛੀਨਾ ਨੂੰ ਕਮੇਟੀ ਦਾ ਸਰਪ੍ਰਸਤ ਤੇ ਅਮਰਜੀਤ ਸਿੰਘ ਸਰਕਾਰੀਆ, ਬਲਜਿੰਦਰ ਸਿੰਘ ਨੇਪਾਲ, ਮਨਜੀਤ ਸਿੰਘ ਅਜਨਾਲਾ, ਪਰਮਜੀਤ ਸਿੰਘ ਗਿੱਲ, ਪ੍ਰਭਦਿਆਲ ਸਿੰਘ ਨੇਪਾਲ ਨੂੰ ਮੈਂਬਰ ਕਮੇਟੀ ਚੁਣਿਆ ਗਿਆ।

ਡਾ. ਮਨਜੀਤ ਸਿੰਘ ਛੀਨਾ ਨੇ ਦੱਸਿਆ ਕਿ ਕਾਲਿਆਂ ਵਾਲੇ ਖੂਹ 'ਤੇ ਇਸ ਕਮੇਟੀ ਵਲੋਂ ਲੋਕਾਂ ਦੇ ਸਹਿਯੋਗ ਨਾਲ ਇਕ ਯਾਦਗਾਰ ਉਸਾਰੀ ਜਾਵੇਗੀ। ਕਮੇਟੀ ਨਾ ਤਾਂ ਕਿਸੇ ਰਾਜਸੀ ਪਾਰਟੀ ਤੇ ਨਾ ਹੀ ਮੌਜੂਦਾ ਸਰਕਾਰ ਕੋਲੋਂ ਇਸ ਕਾਰਜ ਲਈ ਸਹਿਯੋਗ ਮੰਗੇਗੀ। ਇਹ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕਾਰਜ ਦੇ ਪਹਿਲੇ ਪੜਾਅ ਵਿਚ 1857 ਵਿਚ ਸ਼ਹੀਦ ਹੋਣ ਵਾਲੇ 282 ਸੈਨਿਕਾਂ ਦੀ ਦਫਨਗਾਹ (ਖੂਹ) ਦੀ ਸਾਂਭ ਸੰਭਾਲ ਤੇ ਇਸ ਨੂੰ ਨਵੀਂ ਦਿਖ ਦੇਣ ਲਈ 50-60 ਲੱਖ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ।

# ਬਡਰੁੱਖਾਂ ਦੇ ਇਤਿਹਾਸਕ ਕਿਲ੍ਹੇ ਵਿਚ ਚੋਰੀ

**ਸੰਗਰੂਰ:** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਪਿੰਡ ਬਡਰੁੱਖਾਂ ਦੇ ਇਤਿਹਾਸਕ ਕਿਲ੍ਹੇ ਵਿਚੋਂ ਤਕਰੀਬਨ ਸੱਤ ਲੱਖ ਰੁਪਏ ਦਾ ਸਾਮਾਨ ਚੋਰੀ ਹੋ ਗਿਆ। ਚੋਰੀ ਹੋਏ ਸਾਮਾਨ ਵਿਚ ਚਾਂਦੀ ਤੇ ਸੋਨੇ ਦੇ ਛੋਟੇ ਬਰਤਨ ਵੀ ਸ਼ਾਮਲ ਹਨ। ਪੁਲਿਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਿਲ੍ਹੇ ਦੇ ਸਰਦਾਰ ਭਰਤਇੰਦਰ ਸਿੰਘ ਸਿੱਧੂ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦੀ ਰਿਹਾਇਸ਼ ਦਿੱਲੀ ਹੈ ਤੇ ਉਹ ਇਸ ਜੱਦੀ ਕਿਲ੍ਹੇ ਵਿਚ ਵੀ ਆਉਂਦੇ ਰਹਿੰਦੇ ਹਨ। ਉਹ 17 ਦਸੰਬਰ ਨੂੰ ਬਡਰੁੱਖਾਂ ਤੋਂ ਦਿੱਲੀ ਚਲੇ ਗਏ ਸਨ। ਇਸ ਮਗਰੋਂ 23 ਦਸੰਬਰ ਤੱਕ ਕਿਲ੍ਹੇ ਦੀ



ਮੁਰੰਮਤ ਦਾ ਕੰਮ ਚੱਲਦਾ ਰਿਹਾ। ਉਹ ਜਦੋਂ ਵਾਪਸ ਆਏ ਤਾਂ ਦੇਖਿਆ ਕਿ ਕਿਲ੍ਹੇ ਅੰਦਰ ਭੰਨਤੋੜ ਹੋਈ ਪਈ ਸੀ ਤੇ ਚਾਂਦੀ ਦੇ ਕੁਝ ਬਰਤਨ ਜਿਵੇਂ ਚਮਚੇ, ਕਾਂਟੇ, ਪੂਜਾ ਦਾ ਸਾਮਾਨ ਤੇ ਸੋਨੇ ਦੀ ਛੋਟੀ ਪਲੇਟ ਗੁੰਮ ਸੀ। ਇਸ ਸਾਮਾਨ ਦੀ ਕੀਮਤ ਕਰੀਬ ਸੱਤ ਲੱਖ 16 ਹਜ਼ਾਰ ਰੁਪਏ ਬਣਦੀ ਹੈ।

ਪੁਲਿਸ ਅਨੁਸਾਰ ਚੋਰ ਸ਼ੀਸ਼ੇ ਵਾਲਾ ਗੇਟ ਤੋੜ ਕੇ ਅੰਦਰ ਦਾਖ਼ਲ ਹੋਏ ਤੇ ਅੰਦਰਲੇ ਕਮਰੇ ਦੇ ਜਿੰਦੇ ਤੋੜ ਦੇ ਸਾਮਾਨ ਚੋਰੀ ਕਰ ਲਿਆ। ਪੁਲਿਸ ਨੇ ਥਾਣਾ ਲੌਂਗੋਵਾਲ ਵਿਚ ਅਣਪਛਾਤੇ ਵਿਅਕਤੀਆਂ ਖਿਲਾਫ ਦਫਾ 457, 388 ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਬਹੁਤੀਆਂ ਪੰਚਾਇਤੀ ਜ਼ਮੀਨਾਂ ਅਸਰ-ਰਸੂਖ ਵਾਲਿਆਂ ਨੇ ਨੱਪੀਆਂ

## ਹਰ ਸਾਲ 50 ਕਰੋੜ ਦਾ ਹੋ ਰਿਹਾ ਹੈ ਨੁਕਸਾਨ



**ਬਠਿੰਡਾ:** ਪੰਜਾਬ ਵਿਚ ਰਸੂਖਦਾਰਾਂ ਨੇ ਪੰਚਾਇਤਾਂ ਦੀ 21 ਹਜ਼ਾਰ ਏਕੜ ਵਾਹੀਯੋਗ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਜਿਸ ਕਰਕੇ ਪੰਚਾਇਤਾਂ ਨੂੰ ਸਾਲਾਨਾ 50 ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਬਹੁਤੇ ਕਾਬਜ਼ਕਾਰ ਸਿਆਸੀ ਧਿਰਾਂ ਦੇ ਨੇੜਲੇ ਹਨ। ਪਿੰਡਾਂ ਵਿਚਲੀ ਸ਼ਾਮਲਾਟ 'ਤੇ ਹੋਏ ਕਬਜ਼ੇ ਇਸ ਤੋਂ ਵੱਖਰੇ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵੇਰਵਿਆਂ ਮੁਤਾਬਕ ਸਭ ਤੋਂ ਜ਼ਿਆਦਾ ਜ਼ਿਲ੍ਹਾ ਪਟਿਆਲਾ ਦੀਆਂ ਪੰਚਾਇਤਾਂ ਦੀ 4316 ਏਕੜ ਵਾਹੀਯੋਗ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਹੈ। ਮੁੱਖ ਮੰਤਰੀ ਦੇ ਹਲਕੇ ਲੰਬੀ ਦੇ ਪਿੰਡ ਚੰਨੂੰ ਦੀ 58 ਏਕੜ ਪੰਚਾਇਤੀ ਜ਼ਮੀਨ 'ਤੇ ਦਰਜਨ ਲੋਕਾਂ ਨੇ ਵਰ੍ਹਿਆਂ ਤੋਂ ਕਬਜ਼ਾ ਕੀਤਾ ਹੋਇਆ ਹੈ। ਸਰਪੰਚ ਖੁਸ਼ਵਿੰਦਰ ਸਿੰਘ ਦਾ ਕਹਿਣਾ ਹੈ ਕਿ ਪੰਚਾਇਤ ਇਸ ਜ਼ਮੀਨ ਦਾ ਕੇਸ ਵੀ ਜਿੱਤ ਚੁੱਕੀ ਹੈ ਪਰ ਮਹਿਕਮੇ ਨੇ ਫਿਰ ਵੀ ਰੋਕ ਲਾਈ ਹੋਈ ਹੈ। ਹਲਕਾ ਲੰਬੀ ਦੇ ਹੀ ਪਿੰਡ ਫਤੂਹੀਵਾਲਾ ਦੀ 15 ਏਕੜ ਪੰਚਾਇਤੀ ਜ਼ਮੀਨ ਕਬਜ਼ੇ ਹੇਠ ਹੈ। ਇਸ ਮਾਮਲੇ ਵਿਚ ਦੂਜੇ ਨੰਬਰ 'ਤੇ ਜ਼ਿਲ੍ਹਾ ਕਪੂਰਥਲਾ ਹੈ, ਜਿਸ ਦੀ 3451 ਏਕੜ ਪੰਚਾਇਤੀ ਜ਼ਮੀਨ 'ਤੇ ਰਸੂਖਦਾਰਾਂ ਦਾ ਕਬਜ਼ਾ ਹੈ। ਜ਼ਿਲ੍ਹੇ ਦੇ ਪਿੰਡ ਚੱਕੂਕੀ ਦੀ ਤਕਰੀਬਨ 50 ਏਕੜ ਪੰਚਾਇਤੀ ਜ਼ਮੀਨ ਦਾ ਕੇਸ ਚੱਲ ਰਿਹਾ ਹੈ।

ਤੀਜਾ ਨੰਬਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਹੈ, ਜਿਥੇ 2470 ਏਕੜ ਪੰਚਾਇਤੀ ਜ਼ਮੀਨ ਸਰਦੇ-ਪੁੱਜਦੇ ਲੋਕਾਂ ਨੇ ਨੱਪੀ ਹੋਈ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਫਤਹਿਗੜ੍ਹ ਭਾਦਸੋ ਵਿਚ 53 ਏਕੜ ਜ਼ਮੀਨ 'ਤੇ ਕਬਜ਼ਾ ਹੈ, ਜਿਸ ਦਾ ਅਦਾਲਤੀ ਫੈਸਲਾ ਵੀ ਪੰਚਾਇਤ ਦੇ ਹੱਕ ਵਿਚ ਹੋ ਚੁੱਕਾ ਹੈ। ਪਟਿਆਲਾ ਦੇ ਪਿੰਡ ਕੰਨਸੂਆ ਖੁਰਦ ਵਿਚ ਰਸੂਖਵਾਨਾਂ ਨੇ 15 ਏਕੜ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਟਿਆਲਾ ਵਿਨੋਦ ਗਾਗਟ ਦਾ ਕਹਿਣਾ ਹੈ ਕਿ ਉਨ੍ਹਾਂ ਹਾਲ ਹੀ ਵਿਚ ਪਿੰਡ ਨਣਾਨਸੂ ਦੀ 325 ਏਕੜ ਪੰਚਾਇਤੀ ਜ਼ਮੀਨ ਤੋਂ ਕਬਜ਼ਾ ਹਟਾਇਆ ਹੈ, ਜਿਸ ਨਾਲ ਪੰਚਾਇਤ ਨੂੰ ਸਾਲਾਨਾ 25 ਲੱਖ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਉਹ ਕਬਜ਼ੇ ਛੁਡਾਉਣ ਲਈ ਕਾਨੂੰਨੀ ਲੜਾਈ ਲੜ ਰਹੇ ਹਨ। ਦੂਜੇ ਪਾਸੇ ਪਟਿਆਲਾ ਦੇ ਪਿੰਡ ਬਿਸ਼ਨਗੜ੍ਹ ਦੇ ਸਰਪੰਚ ਅਮਰਜੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਖ਼ੁਦ ਦਿਨ ਰਾਤ ਇਕ ਕਰ ਕੇ 110 ਵਿੱਘੇ ਪੰਚਾਇਤੀ ਜ਼ਮੀਨ ਤੋਂ ਕਬਜ਼ਾ ਛੁਡਾਇਆ ਹੈ ਪਰ ਪੰਚਾਇਤ ਤੇ ਮਾਲ ਮਹਿਕਮੇ ਤੋਂ ਇਲਾਵਾ ਪੁਲਿਸ ਵਲੋਂ ਕੋਈ ਸਹਿਯੋਗ ਨਹੀਂ ਦਿੱਤਾ ਜਾਂਦਾ।

ਬਠਿੰਡਾ ਦੇ ਸੰਗਤ ਬਲਾਕ ਦੇ ਦੋ ਪਿੰਡਾਂ ਵਿਚ ਪੰਚਾਇਤੀ ਜ਼ਮੀਨ 'ਤੇ ਕਬਜ਼ੇ ਹਨ, ਜਿਨ੍ਹਾਂ ਦਾ ਕੇਸ ਹਾਈਕੋਰਟ ਵਿਚ ਚੱਲ ਰਿਹਾ ਹੈ। ਜ਼ਿਲ੍ਹਾ ਮੁਹਾਲੀ ਦੇ ਪਿੰਡ ਚੰਦਪੁਰ ਦੀ ਤਕਰੀਬਨ 80 ਏਕੜ ਪੰਚਾਇਤੀ ਜ਼ਮੀਨ ਕਬਜ਼ੇ ਹੇਠ ਹੈ। ਜ਼ਿਲ੍ਹਾ ਫ਼ਿਰੋਜ਼ਪੁਰ ਵਿਚ 733 ਏਕੜ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਹੈ। ਮੱਖੂ ਬਲਾਕ ਦੇ ਪਿੰਡ ਸੂਦਾ ਦੀ ਤਕਰੀਬਨ 100 ਏਕੜ ਪੰਚਾਇਤੀ ਜ਼ਮੀਨ 'ਤੇ ਪੱਕੇ ਘਰ ਵੀ ਬਣੇ ਹੋਏ ਹਨ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਰਵਿੰਦਰਪਾਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਉਨ੍ਹਾਂ ਪਿੰਡ ਕਾਮਲਵਾਲਾ ਦੀ 50 ਏਕੜ ਪੰਚਾਇਤੀ ਜ਼ਮੀਨ ਛੁਡਵਾਈ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਸੰਯੁਕਤ ਡਾਇਰੈਕਟਰ ਜੇ.ਪੀ. ਸਿੰਗਲਾ ਦਾ ਕਹਿਣਾ ਹੈ ਕਿ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਲਈ ਉਹ ਅਫ਼ਸਰਾਂ ਨੂੰ ਲਗਾਤਾਰ ਹਦਾਇਤਾਂ ਜਾਰੀ ਕਰਦੇ ਹਨ ਤੇ ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਕਾਬਜ਼ਕਾਰਾਂ ਦਾ ਸਮਾਜਿਕ ਬਾਈਕਾਟ ਕਰਨ ਵਰਗੇ ਫੈਸਲੇ ਲੈਣ। ਮਹਿਕਮੇ ਦੇ ਅਧਿਕਾਰੀ ਕਬਜ਼ੇ ਛੁਡਾਉਣ ਲਈ ਲਗਾਤਾਰ ਪੈਰਵੀ ਕਰਦੇ ਹਨ ਤੇ 21,000 ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹਨ।

# ਗੁਜਰਾਤ ਵਿਚ ਪੰਜਾਬੀ ਕਿਸਾਨਾਂ ਨਾਲ ਫਿਰ ਧੱਕੇਸ਼ਾਹੀ

**ਬਠਿੰਡਾ:** ਗੁਜਰਾਤ ਵਿਚ ਆਪਣੀਆਂ ਜ਼ਮੀਨਾਂ ਦੀ ਰਾਖੀ ਲਈ ਡਟੇ ਕਿਸਾਨਾਂ ਦੀਆਂ ਮੁਸ਼ਕਿਲਾਂ ਮੁੱਕਣ ਦਾ ਨਾਂ ਨਹੀਂ ਲੈ ਰਹੀਆਂ। ਜ਼ਿਲ੍ਹਾ ਭੁੱਜ ਦੇ ਪਿੰਡ ਲੋਰੀਆ ਵਿਚ ਹਾਕਮ ਧਿਰ ਨਾਲ ਸਬੰਧਤ ਲੋਕਾਂ ਨੇ ਪੰਜਾਬ ਦੇ ਕਿਸਾਨਾਂ 'ਤੇ ਹਮਲਾ ਕਰ ਦਿੱਤਾ। ਇਸ ਵਿਚ ਕਿਸਾਨ ਜਗਜੀਤ ਸਿੰਘ ਜ਼ਖ਼ਮੀ ਹੋ ਗਿਆ ਤੇ ਤਕਰੀਬਨ ਦਰਜਨ ਕਿਸਾਨਾਂ ਨੇ ਮੁਸ਼ਕਿਲ ਨਾਲ ਜਾਨ ਬਚਾਈ। ਹਮਲਾਵਰਾਂ ਨੇ ਕਿਸਾਨਾਂ ਦੀਆਂ ਦੋ ਗੱਡੀਆਂ ਭੰਨ ਦਿੱਤੀਆਂ। ਇਸ ਪਿੰਡ ਦੇ ਕਿਸਾਨਾਂ 'ਤੇ ਡੇਢ ਸਾਲ ਪਹਿਲਾਂ ਵੀ ਹਮਲਾ ਹੋ ਗਿਆ ਸੀ। ਅੱਠ ਅਕਤੂਬਰ 2013 ਨੂੰ 30 ਤੋਂ 40 ਹਥਿਆਰਬੰਦ ਵਿਅਕਤੀਆ ਨੇ ਕਾਤਲਾਨਾ ਹਮਲਾ ਕਰ ਕੇ ਜਸਵਿੰਦਰ ਸਿੰਘ ਪੁੱਤਰ ਹਰਨਾਮ ਸਿੰਘ, ਅਮਨਦੀਪ ਸਿੰਘ ਪੁੱਤਰ ਸੁਖਦੇਵ ਸਿੰਘ, ਹਰਪ੍ਰੀਤ ਸਿੰਘ ਤੇ ਅੰਗਰੇਜ਼ ਸਿੰਘ ਨੂੰ ਜ਼ਖ਼ਮੀ ਕਰ ਦਿੱਤਾ ਸੀ।

ਦੱਸਣਯੋਗ ਹੈ ਕਿ ਪਿੰਡ ਲੋਰੀਆ ਵਿਚ ਪੰਜਾਬ ਤੇ ਹਰਿਆਣਾ ਦੇ 22 ਦੇ ਕਰੀਬ ਪਰਿਵਾਰ ਹਨ ਜਿਨ੍ਹਾਂ ਨੂੰ 1965 'ਚ ਜ਼ਮੀਨ ਅਲਾਟ ਹੋਈ ਸੀ। ਉਸ ਸਮੇਂ ਕਿਸਾਨਾਂ ਨੇ ਜੰਗਲੀ ਇਲਾਕੇ ਨੂੰ ਉਪਜਾਊ ਜ਼ਮੀਨਾਂ ਵਿਚ ਬਦਲਿਆ, ਹੁਣ ਸਰਕਾਰ ਪੰਜਾਬੀ ਕਿਸਾਨਾਂ ਨੂੰ ਉਜਾੜ ਰਹੀ ਹੈ। ਕਿਸਾਨਾਂ ਨੇ ਦੱਸਿਆ ਕਿ ਜਿਥੇ ਭਾਜਪਾ ਨਾਲ ਸਬੰਧਤ ਹਮਲਾਵਰਾਂ ਨੇ ਉਨ੍ਹਾਂ 'ਤੇ ਸ਼ਰੇਆਮ ਹਮਲਾ ਕਰਕੇ ਉਨਾਂ ਦੇ ਬੰਦਿਆਂ ਨੂੰ ਜ਼ਖ਼ਮੀ ਕੀਤਾ ਉਥੇ ਉਨ੍ਹਾਂ ਵਿਰੁਧ ਪੁਲਿਸ ਮਾਮਲੇ ਵੀ ਦਰਜ ਹੋਏ ਪਰ ਹੁਣ ਵੀ ਉਹ ਉਨ੍ਹਾਂ ਦੀ ਤਕਰੀਬਨ 330 ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰੀ ਬੈਠੇ ਹਨ।

ਜਾਣਕਾਰੀ ਅਨੁਸਾਰ ਗੁਜਰਾਤ ਸਰਕਾਰ ਵਲੋਂ ਜ਼ਮੀਨਾਂ ਦੇ ਕੰਪਿਊਟੀਕਰਨ ਲਈ ਇਕ ਪ੍ਰਾਈਵੇਟ ਕੰਪਨੀ ਨੂੰ ਕੰਮ ਦਿੱਤਾ ਹੋਇਆ ਹੈ। ਇਸ ਪ੍ਰਾਈਵੇਟ ਕੰਪਨੀ ਦੇ ਦੋ ਮੁਲਾਜ਼ਮ ਪੰਜਾਬੀ ਕਿਸਾਨਾਂ ਦੀ ਜ਼ਮੀਨ ਦੀ ਪੈਮਾਇਸ਼ ਕਰ ਰਹੇ ਸਨ। ਉਹ ਵੀ ਹਮਲਾਵਰਾਂ ਤੋਂ ਮੁਸ਼ਕਿਲ ਨਾਲ ਬਚੇ। ਕੰਪਨੀ ਦੇ ਮੁਲਾਜ਼ਮ ਜੀਤਾ ਰਾਮ ਨੇ ਦੱਸਿਆ ਕਿ ਪੈਮਾਇਸ਼ ਮਗਰੋਂ ਹੀ ਹਮਲਾ ਹੋਇਆ ਹੈ। ਫ਼ਰੀਦਕੋਟ ਦੇ ਪਿੰਡ ਰੱਤਾ ਰੋੜੀ ਦੇ ਕਿਸਾਨ ਬੋਹੜ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਦੋ ਦਿਨਾਂ ਤੋਂ ਧਮਕੀਆਂ ਮਿਲ ਰਹੀਆਂ ਸਨ। ਇਸ ਕਰਕੇ ਉਨ੍ਹਾਂ ਨੇ ਗੁਜਰਾਤ ਪੁਲਿਸ ਨੂੰ ਇਤਲਾਹ ਵੀ ਦੇ ਦਿੱਤੀ ਸੀ। ਹਮਲਾਵਰਾਂ ਨੇ ਉਨ੍ਹਾਂ ਦੇ ਖੇਤ ਵਿਚ ਬਣਿਆ ਕੋਠਾ ਢਾਹ ਦਿੱਤਾ ਤੇ ਟਰੈਕਟਰ ਦੀ ਵੀ ਭੰਨਤੋੜ ਕੀਤੀ।

ਪੰਜਾਬੀ ਕਿਸਾਨਾਂ ਦਾ ਕਹਿਣਾ ਹੈ ਕਿ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਨਰੇਂਦਰ ਮੋਦੀ ਵਲੋਂ ਗੁਜਰਾਤ ਵਿਚ ਵਸਦੇ ਪੰਜਾਬੀ ਕਿਸਾਨਾਂ ਵਿਰੁਧ ਸੁਪਰੀਮ ਕੋਰਟ ਵਿਚ ਦਰਜ ਕੀਤੀ ਪਟੀਸ਼ਨ ਵਾਪਸ ਲੈਣ ਬਾਰੇ ਅਪੀਲਾਂ ਕਰਨ ਦੇ ਬਾਵਜੂਦ ਕੋਈ ਸੁਣਵਾਈ ਨਹੀਂ ਹੋਈ। ਜ਼ਿਲ੍ਹਾ ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮੋਗਾ ਤੇ ਬਠਿੰਡਾ ਦੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਨਾਲ ਸਬੰਧਤ ਪਿਛਲੇ ਕਈ ਦਹਾਕਿਆਂ ਤੋਂ ਗੁਜਰਾਤ ਦੇ ਕੱਛ ਇਲਾਕੇ ਵਿਚ ਜਾ ਵਸੇ ਪੰਜਾਬੀ ਕਿਸਾਨਾਂ ਨੇ ਦੱਸਿਆ ਕਿ ਕਿਸੇ ਸਮੇਂ ਦੇਸ਼ ਦੀ ਪਾਕਿਸਤਾਨ ਨਾਲ ਲੱਗਦੀ ਸਰਹੱਦ ਦੀ ਸੁਰੱਖਿਆ ਮਜ਼ਬੂਤ ਕਰਨ ਤੇ ਸਰਹੱਦ ਨਾਲ ਲੱਗਦੇ ਵਿਸ਼ਾਲ ਇਲਾਕੇ ਵਾਲੇ ਜੰਗਲ ਨੂੰ ਉਪਜਾਊ ਜ਼ਮੀਨਾਂ ਵਿਚ ਤਬਦੀਲ ਕਰਨ ਦੀ ਮਨਸ਼ਾ ਨਾਲ ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਪੰਜਾਬੀ ਕਿਸਾਨਾਂ ਨੂੰ ਗੁਜਰਾਤ ਦੇ ਕੱਛ ਇਲਾਕੇ ਵਿਚ ਜ਼ਮੀਨਾਂ ਅਲਾਟ ਕੀਤੀਆਂ ਸਨ।

## ਅਵਤਾਰ ਸਿੰਘ ਤਾਰੀ ਐਲਾਮੀਡਾ ਕਾਉਂਟੀ 'ਚ ਕਮਿਸ਼ਨਰ ਨਿਯੁਕਤ

**ਹੇਵਰਡ (ਬਿਊਰੋ):** ਸ. ਅਵਤਾਰ ਸਿੰਘ ਤਾਰੀ ਨੂੰ ਅਲੈਮੀਡਾ ਕਾਉਂਟੀ ਦੇ ਹਾਊਸਿੰਗ ਐਂਡ ਕਮਿਊਨਿਟੀ ਡਿਵੈਲਪਮੈਂਟ ਕਮਿਸ਼ਨ ਵਿਚ ਕਮਿਸ਼ਨਰ ਨਿਯੁਕਤ ਕੀਤਾ



ਗਿਆ ਹੈ। ਸ. ਤਾਰੀ ਪਹਿਲਾਂ ਵੀ ਹੇਵਰਡ ਸ਼ਹਿਰ ਵਿਚ ਮੇਅਰ ਮਾਈਕਲ ਸਵੀਨੀ ਦੇ ਹੁੰਦਿਆਂ ਇਕਨਾਮਿਕਸ ਡਿਵੈਲਪਮੈਂਟ ਕਮਿਸ਼ਨ ਵਿਚ ਸਾਲ 2010-2012 ਤਕ ਕਮਿਸ਼ਨਰ ਰਹਿ ਚੁੱਕੇ ਹਨ।

ਸ. ਅਵਤਾਰ ਸਿੰਘ ਤਾਰੀ ਇਲਾਕੇ ਦੇ ਜਾਣੇ-ਪਛਾਣੇ ਹਨ ਤੇ ਹਰ ਸਾਲ ਗਦਰੀ ਬਾਬਿਆਂ ਦਾ ਮੇਲਾ ਵੀ ਕਰਵਾਉਂਦੇ ਹਨ। ਸ. ਤਾਰੀ ਨਾਲ ਸੰਪਰਕ ਫੋਨ 510-750-5152 ਉਤੇ ਕੀਤਾ ਜਾ ਸਕਦਾ ਹੈ।

## ਕਿਸਾਨਾਂ ਦਾ ਬਾਦਲ ਸਰਕਾਰ ਨਾਲ ਡਾਢਾ ਗਿਲਾ

ਪੰਜਾਬ ਤੋਂ ਗੁਜਰਾਤ ਜਾ ਵਸੇ ਕਿਸਾਨਾਂ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਮੌਕੇ ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਲਵੰਤ ਸਿੰਘ ਰਾਮੂਵਾਲੀਆ ਸਮੇਤ ਕਈ ਪਹਿਲੀ ਕਤਾਰ ਦੇ ਆਗੂਆਂ ਨਾਲ ਮੁਲਾਕਾਤਾਂ ਕਰਕੇ ਆਪਣੀ ਸੁਰੱਖਿਆ ਬਾਰੇ ਬੇਨਤੀਆਂ ਕੀਤੀਆਂ ਪਰ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਲੋਕ ਸਭਾ ਚੋਣਾਂ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੀ ਪੰਜਾਬ ਫੇਰੀ ਦੌਰਾਨ ਵਾਅਦਾ ਕੀਤਾ ਸੀ ਕਿ ਕੇਂਦਰ ਵਿਚ ਉਨ੍ਹਾਂ ਦੀ ਸਰਕਾਰ ਆਉਣ 'ਤੇ ਕਿਸਾਨਾਂ ਦੀਆਂ ਜ਼ਮੀਨਾਂ ਨਹੀਂ ਖੁੱਸਣ ਦਿੱਤੀਆਂ ਜਾਣਗੀਆਂ, ਪਰ ਅਕਾਲੀ-ਭਾਜਪਾ ਦੀ ਭਾਈਵਾਲੀ ਵਾਲੀ ਸਰਕਾਰ ਆਉਣ 'ਤੇ ਵੀ ਉਨ੍ਹਾਂ ਦੀਆਂ ਮੁਸ਼ਕਿਲਾਂ ਬਰਕਰਾਰ ਹਨ ਤੇ ਹਾਕਮ ਧਿਰ ਨਾਲ ਸਬੰਧਤ ਲੋਕ ਉਨ੍ਹਾਂ 'ਤੇ ਲਗਾਤਾਰ ਹਮਲੇ ਕਰ ਰਹੇ ਹਨ।

## ਘੱਟ ਗਿਣਤੀ ਕਮਿਸ਼ਨ ਵਲੋਂ ਹਮਲੇ ਦਾ ਨੋਟਿਸ

**ਬਠਿੰਡਾ:** ਕੇਂਦਰੀ ਘੱਟ ਗਿਣਤੀ ਕਮਿਸ਼ਨ ਨੇ ਗੁਜਰਾਤ ਦੇ ਭੁੱਜ ਖੇਤਰ ਵਿਚ ਪੰਜਾਬੀ ਕਿਸਾਨਾਂ 'ਤੇ ਹੋਏ ਹਮਲੇ ਦਾ ਸਖ਼ਤ ਨੋਟਿਸ ਲਿਆ ਹੈ। ਕਮਿਸ਼ਨ ਦੀ ਟੀਮ ਅਗਲੇ ਹਫ਼ਤੇ ਭੁੱਜ ਖੇਤਰ ਦਾ ਦੌਰਾ ਕਰੇਗੀ। ਕੌਮੀ ਕਮਿਸ਼ਨ ਨੇ ਭੁੱਜ ਪੁਲਿਸ ਨਾਲ ਵੀ ਫੋਨ 'ਤੇ ਗੱਲ ਕੀਤੀ ਹੈ ਤੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਨ ਵਾਸਤੇ ਆਖਿਆ ਹੈ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਡਾ. ਅਜਾਇਬ ਸਿੰਘ ਨੇ ਦੱਸਿਆ ਕਿ ਪੰਜਾਬੀ ਕਿਸਾਨਾਂ ਨੇ ਉਨ੍ਹਾਂ ਦੇ ਧਿਆਨ ਵਿਚ ਮਾਮਲਾ ਲਿਆਂਦਾ ਹੈ ਤੇ ਉਨ੍ਹਾਂ ਫੌਰੀ ਭੁੱਜ ਦੇ ਐਸ.ਐਸ.ਪੀ. ਨਾਲ ਰਾਬਤਾ ਕਾਇਮ ਕਰਕੇ ਕੇਸ ਦਰਜ ਕਰਨ ਵਾਸਤੇ ਆਖਿਆ ਸੀ। ਉਹ ਇਸ ਹਮਲੇ ਦੇ ਮੱਦੇਨਜ਼ਰ ਅਗਲੇ ਹਫ਼ਤੇ ਭੁੱਜ ਖੇਤਰ ਵਿਚ ਜਾ ਕੇ ਸਥਿਤੀ ਦਾ ਜਾਇਜ਼ਾ ਲੈਣਗੇ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਵੀ ਮੁਲਾਕਾਤ ਲਈ ਸਮਾਂ ਮੰਗਿਆ ਹੈ।

## ਵਿਪਸਾਅ ਦੀ ਨਵੀਂ ਕਾਰਜਕਾਰਨੀ ਦੀ ਚੋਣ 21 ਫਰਵਰੀ ਨੂੰ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ ਇਥੇ ਹੋਈ ਮਾਸਿਕ ਮਿਲਣੀ ਵਿਚ ਆਉਂਦੀ 21 ਫਰਵਰੀ ਨੂੰ ਨਵੀਂ ਕਾਰਜਕਾਰਨੀ ਚੁਣਨ ਦਾ ਫੈਸਲਾ ਲਿਆ ਗਿਆ। ਲਾਜ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਵਿਸ਼ਵ ਪੰਜਾਬੀ ਅਕਾਦਮੀ ਐਵਾਰਡ ਦੀ ਯੋਜਨਾ ਨੂੰ ਬਾਈਲਾਅਜ਼ ਵਿਚ ਸ਼ਾਮਿਲ ਕਰਨ ਦਾ ਫੈਸਲਾ ਵੀ ਲਿਆ ਗਿਆ।

ਮੀਟਿੰਗ ਦੌਰਾਨ ਸੁਖਵਿੰਦਰ ਕੰਬੋਜ, ਤਾਰਾ ਸਿੰਘ ਸਾਗਰ, ਗੁਲਸ਼ਨ ਦਿਆਲ, ਨੀਲਮ ਸੈਣੀ, ਕੁਲਵਿੰਦਰ, ਕਮਲ ਦੇਵ ਪਾਲ ਅਤੇ ਸੁਰਿੰਦਰ ਸੀਰਤ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਇਸ ਮੌਕੇ ਲਾਜ ਸੈਣੀ ਨੇ ਕਿਹਾ ਕਿ ਉਹ ਅਕਾਦਮੀ ਦੇ ਸਮਾਗਮਾਂ ਤੋਂ ਬਹੁਤ ਪ੍ਰਭਾਵਿਤ ਹਨ। ਪਿਛਲੇ ਵਰ੍ਹੇ ਕੀਤੀਆਂ ਗਈਆਂ ਵਰਕਸ਼ਾਪਾਂ ਆਪਣੇ ਆਪ ਵਿਚ ਇਕ ਮੀਲ ਪੱਥਰ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿਚ ਵੀ ਇਸ ਤਰ੍ਹਾਂ ਦਾ ਗੁਣਾਤਮਿਕ ਕੰਮ ਹੋਵੇਗਾ। ਮੰਚ ਸੰਚਾਲਨ ਕੁਲਵਿੰਦਰ ਨੇ ਬਾਖ਼ੂਬੀ ਨਿਭਾਇਆ।




ਮੀਟਿੰਗ ਵਿਚ ਸ਼ਾਮਲ ਵਿਪਸਾਅ ਦੇ ਅਹੁਦੇਦਾਰ


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545

GLOBAL FREIGHT EXPERTS



1950 E Miner Ave. Stockton, CA

ਡਰਾਈਵਰਾਂ ਅਤੇ Owner Operators ਦੀ ਲੋੜ ਹੈ। ਡਰਾਈਵਰਾਂ ਨੂੰ Dry VAN ਲਈ ਘੱਟੋ ਘੱਟ ਤਨਖ਼ਾਹ 38cents/mile

- ਹੁੱਕ ਡਰਾਪ ਅਤੇ ਲਾਈਵ ਲੋਡ
- ਸਮੇਂ ਸਿਰ ਅਦਾਇਗੀ
- Fuel Advance
- ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ
- CA ਤੋਂ AB, BC, OR ਅਤੇ WA ਅਤੇ ਵਾਪਸ CA
- ਸੌਖਾ ਕੰਮ ਤੇ ਚੰਗੇ ਪੈਸੇ

ਸੰਪਰਕ ਕਰੋ

ਰਾਜ (209) 547-9210

ਲਖਵੀਰ (209) 922-9696

GLOBAL FREIGHT EXPERTS INC

Email : raj@gfbontime.com, Web : www.gfbontime.com

# ਪੰਜਾਬ ਸਰਕਾਰ ਪਿੰਡਾਂ ਵਿਚ ਖੋਲ੍ਹੇ ਠੇਕੇ ਚੁੱਕਣਾ ਨਹੀਂ ਚਾਹੁੰਦੀ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦੇ ਮੁਕੰਮਲ ਸਫਾਏ ਦਾ ਦਾਅਵਾ ਕਰ ਰਹੀ ਪੰਜਾਬ ਸਰਕਾਰ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਲਈ ਦਿੱਤੇ ਮਤਿਆਂ ਨੂੰ ਖਜ਼ਾਨੇ ਲਈ ਵੱਡਾ ਘਾਟਾ ਸਮਝ ਰਹੀ ਹੈ। ਸੂਬੇ ਦੇ ਦਰਜਨਾਂ ਪਿੰਡਾਂ ਦੀਆਂ ਪੰਚਾਇਤਾਂ ਆਪਣੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਦੀਆਂ ਇੱਛੁਕ ਹਨ ਪਰ ਸਰਕਾਰ ਇਸ ਪਾਸੇ ਕਾਰਵਾਈ ਕਰਨ ਦੀ ਥਾਂ ਟਾਲਾ ਵੱਟਣ ਦੀ ਨੀਤੀ 'ਤੇ ਚੱਲ ਰਹੀ ਹੈ।

ਆਬਕਾਰੀ ਤੇ ਕਰ ਵਿਭਾਗ ਪੰਜਾਬ ਦੇ ਕਮਿਸ਼ਨਰ ਵਲੋਂ ਪੰਜਾਬ ਦੀਆਂ ਪੰਚਾਇਤਾਂ ਵਲੋਂ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਖੋਲ੍ਹਣ ਵਿਰੁਧ ਪਾਏ ਮਤੇ ਰੱਦ ਕਰ ਦਿੱਤੇ ਗਏ ਹਨ। ਬਰਨਾਲਾ, ਫ਼ਿਰੋਜ਼ਪੁਰ, ਮਾਨਸਾ, ਮੋਗਾ, ਬਠਿੰਡਾ, ਪਟਿਆਲਾ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ, ਗੁਰਦਾਸਪੁਰ, ਮੁਹਾਲੀ, ਫਤਹਿਗੜ੍ਹ ਸਾਹਿਬ, ਸੰਗਰੂਰ ਆਦਿ ਜ਼ਿਲ੍ਹਿਆਂ ਨਾਲ ਸਬੰਧਤ ਇਨ੍ਹਾਂ ਪੰਚਾਇਤਾਂ ਵਲੋਂ ਹਾਲਾਂਕਿ 'ਪੰਜਾਬ ਪੰਚਾਇਤੀ ਰਾਜ 1994' ਦੀ ਧਾਰਾ 40 ਤਹਿਤ ਮੌਜੂਦਾ ਵਿਵਸਥਾਵਾਂ ਦੀ ਵਰਤੋਂ ਕਰਦਿਆਂ ਇਹ ਮਤੇ ਪਾਏ ਸਨ ਕਿ ਉਨ੍ਹਾਂ ਦੇ ਪਿੰਡਾਂ ਦੀ ਹਦੂਦ ਅੰਦਰ ਸ਼ਰਾਬ ਦੀ ਵਿਕਰੀ ਨਾ ਹੋਣ ਦਿੱਤੀ ਜਾਵੇ ਤੇ ਆਉਂਦੀ ਇਕ ਅਪਰੈਲ ਤੋਂ ਇਨ੍ਹਾਂ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਮੁੱਢੋਂ ਹੀ ਨਾ ਖੁਲ੍ਹਣ ਦਿੱਤੇ ਜਾਣ। ਇਨ੍ਹਾਂ ਮਤਿਆਂ ਨੂੰ ਰੱਦ ਕਰਨ ਪਿੱਛੇ ਖ਼ਜ਼ਾਨੇ ਨੂੰ ਲੱਖਾਂ ਰੁਪਏ ਦਾ ਸਾਲਾਨਾ ਘਾਟਾ ਪੈਣਾ ਦੱਸਿਆ ਗਿਆ ਹੈ।

ਮਿਲੇ ਵੇਰਵਿਆਂ ਮੁਤਾਬਕ ਪਿਛਲੇ ਵਰ੍ਹੇ ਪੰਜਾਬ ਭਰ ਵਿਚੋਂ 128 ਪੰਚਾਇਤਾਂ ਨੇ ਠੇਕਿਆਂ ਖਿਲਾਫ਼ ਮਤੇ ਪਾਸ ਕੀਤੇ ਸਨ ਪਰ ਸਿਰਫ 22 ਪਿੰਡਾਂ ਵਿਚ ਠੇਕੇ ਬੰਦ ਕੀਤੇ ਗਏ ਸਨ। ਸੱਤ ਪੰਚਾਇਤਾਂ ਦੇ ਮਤੇ ਰੱਦ ਕਰ ਦਿੱਤੇ ਗਏ ਸਨ ਤੇ ਬਾਕੀ ਠੇਕੇ ਪਿੰਡਾਂ ਵਿਚੋਂ ਬਾਹਰ ਕੱਢ ਦਿੱਤੇ ਸਨ। ਸਾਲ 2012-13 ਵਿਚ 127 ਪੰਚਾਇਤਾਂ ਨੇ ਮਤੇ ਪਾਏ ਤੇ ਸਿਰਫ਼ 32 ਠੇਕੇ ਬੰਦ ਕੀਤੇ ਸਨ। ਸਾਲ 2011-12 ਵਿਚ 89 ਪੰਚਾਇਤਾਂ ਨੇ ਮਤੇ ਪਾਸ ਕੀਤੇ ਤੇ ਸਿਰਫ਼ 32 ਠੇਕੇ ਬੰਦ ਹੋਏ ਸਨ। ਐਤਕੀਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਬੁਰਜ ਮਾਨਸਾ ਦੀ ਪੰਚਾਇਤ ਨੇ ਠੇਕੇ ਖਿਲਾਫ ਮਤਾ ਪਾਸ ਕੀਤਾ ਹੈ। ਪਿਛਲੇ ਵਰ੍ਹੇ ਪਿੰਡ ਭੋਖੜਾ, ਬਹਿਮਣ ਦੀਵਾਨਾ ਤੇ ਲਹਿਰਾ ਧੂਰਕੋਟ ਦੀ ਪੰਚਾਇਤ ਨੇ ਵੀ ਠੇਕਿਆਂ ਖਿਲਾਫ ਮਤੇ ਪਾਸ ਕੀਤੇ ਸਨ। ਉਸ ਤੋਂ ਪਹਿਲਾਂ ਪਿੰਡ ਕੋਟੜਾ ਕੌੜਿਆਂ ਵਾਲਾ ਤੇ ਪਿੰਡ ਨੰਦਗੜ੍ਹ ਕੋਟੜਾ ਦੀ ਪੰਚਾਇਤ ਵੀ ਅਜਿਹੇ ਮਤੇ ਪਾਸ ਕਰ ਚੁੱਕੀ ਹੈ।

## ਖ਼ਜ਼ਾਨੇ ਨੂੰ ਘਾਟਾ ਦੱਸ ਕੇ ਪੰਚਾਇਤਾਂ ਦੇ ਮਤੇ ਕੀਤੇ ਰੱਦ




ਵੱਡੀ ਗਿਣਤੀ ਪੰਚਾਇਤਾਂ ਨੇ ਪੰਜਾਬ ਸਰਕਾਰ ਨੂੰ ਮਤੇ ਪਾਸ ਕਰਕੇ ਅਗਲੇ ਮਾਲੀ ਵਰ੍ਹੇ ਦੌਰਾਨ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਦੀ ਮੰਗ ਕੀਤੀ ਗਈ ਸੀ। ਇਸ ਮੁਹਿੰਮ ਵਿਚ ਤਕਰੀਬਨ 106 ਪਿੰਡਾਂ ਦੇ ਲੋਕ ਸ਼ਾਮਲ ਹੋਏ ਹਨ ਜਿਨ੍ਹਾਂ ਨੇ ਨਸ਼ਾ ਮੁਕਤ ਪਿੰਡ ਬਣਾਉਣ ਦਾ ਪ੍ਰਣ ਲਿਆ ਹੈ।

ਮੁੱਖ ਮੰਤਰੀ ਪੰਜਾਬ ਦੇ ਜੱਦੀ ਹਲਕੇ ਲੰਬੀ ਵਿਚੋਂ ਕਾਫ਼ੀ ਸਮੇਂ ਬਾਅਦ ਪਹਿਲੀ ਦਫ਼ਾ ਪਿੰਡ ਚੰਨੂੰ ਦੀ ਪੰਚਾਇਤ ਨੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹਣ ਲਈ ਮਤਾ ਪਾਸ ਕੀਤਾ ਸੀ। ਜਾਣਕਾਰੀ ਮੁਤਾਬਕ ਮਾਲੀ ਵਰ੍ਹੇ 2015-16 ਵਿਚ ਸ਼ਰਾਬ ਦੇ ਠੇਕੇ ਨਾ ਖੁਲ੍ਹਵਾਉਣ ਦੀਆਂ ਇੱਛੁਕ ਪੰਚਾਇਤਾਂ ਵਲੋਂ 30 ਸਤੰਬਰ 2014 ਤੱਕ ਪੰਚਾਇਤੀ ਮਤੇ ਪਾਸ ਕੀਤੇ ਜਾਣ ਦਾ ਸਮਾਂ ਸੀ। ਕਰ ਤੇ ਆਬਕਾਰੀ ਮਹਿਕਮੇ ਕੋਲ ਹੁਣ ਤੱਕ 106 ਪੰਚਾਇਤਾਂ ਦੇ ਮਤੇ ਪੁੱਜੇ ਹਨ ਜਿਨ੍ਹਾਂ ਨੇ ਅਗਲੇ ਮਾਲੀ ਵਰ੍ਹੇ ਦੌਰਾਨ ਸ਼ਰਾਬ ਦੇ ਠੇਕੇ ਨਾ ਖੋਲ੍ਹੇ ਜਾਣ ਦੀ ਅਪੀਲ ਕੀਤੀ ਹੈ।

ਸੰਗਰੂਰ ਜਿਲ੍ਹਾ ਪਹਿਲੇ ਨੰਬਰ ਉਤੇ ਹੈ ਜਿਥੋਂ ਦੀਆਂ 50 ਪੰਚਾਇਤਾਂ ਨੇ ਠੇਕਿਆਂ ਖਿਲਾਫ ਮਤੇ ਪਾਸ ਕੀਤੇ ਹਨ। ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 (1) ਤਹਿਤ ਕੋਈ ਵੀ ਪੰਚਾਇਤ ਆਪਣੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹੇ ਜਾਣ ਦਾ ਫੈਸਲਾ ਲੈ ਸਕਦੀ ਹੈ। ਪੰਚਾਇਤੀ ਮਤੇ ਮਗਰੋਂ ਸਰਕਾਰ ਵਲੋਂ ਆਬਕਾਰੀ ਤੇ ਪੁਲਿਸ ਵਿਭਾਗ ਤੋਂ ਪਿੰਡ ਦੀ ਰਿਪੋਰਟ ਲਈ ਜਾਂਦੀ ਹੈ। ਪੰਚਾਇਤੀ ਮਤਾ ਦੋ ਤਿਹਾਈ ਬਹੁਮਤ ਨਾਲ ਪਾਸ ਹੋਣਾ ਲਾਜ਼ਮੀ ਹੈ ਤੇ ਪਿੰਡ ਵਿਚ ਪਿਛਲੇ ਦੋ ਸਾਲਾਂ ਦੌਰਾਨ ਕੋਈ ਆਬਕਾਰੀ ਜੁਰਮ ਨਹੀਂ ਹੋਣਾ ਚਾਹੀਦਾ ਹੈ। ਐਤਕੀਂ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਨੌਂ ਪੰਚਾਇਤਾਂ, ਪਟਿਆਲਾ ਦੀਆਂ ਅੱਠ ਪੰਚਾਇਤਾਂ, ਬਰਨਾਲਾ ਦੀਆਂ ਸੱਤ, ਨਵਾਂ ਸ਼ਹਿਰ ਦੀਆਂ ਪੰਜ, ਮੋਗਾ ਦੀਆਂ ਦੋ, ਫਾਜ਼ਿਲਕਾ ਦੀਆਂ ਦੋ, ਫਿਰੋਜ਼ਪੁਰ ਦੀਆਂ ਪੰਜ, ਮਾਨਸਾ ਦੀ ਇਕ, ਰੋਪੜ ਦੀਆਂ ਚਾਰ, ਲੁਧਿਆਣਾ ਦੀਆਂ ਦੋ, ਗੁਰਦਾਸਪੁਰ ਦੀਆਂ ਦੋ, ਹੁਸ਼ਿਆਰਪੁਰ ਦੀਆਂ ਪੰਜ ਤੇ ਬਠਿੰਡਾ ਦੀ ਇਕ ਪੰਚਾਇਤ ਨੇ ਠੇਕਿਆਂ ਖਿਲਾਫ ਮਤਾ ਪਾਸ ਕੀਤਾ ਹੈ।

## ਹਾਈਕੋਰਟ ਵਲੋਂ ਪੰਜਾਬ ਸਰਕਾਰ ਦੀ ਜਵਾਬ-ਤਲਬੀ

ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਸੰਗਰੂਰ ਨਾਲ ਸਬੰਧਤ ਵਿਗਿਆਨਕ ਜਾਗਰੂਕਤਾ ਤੇ ਸਮਾਜ ਭਲਾਈ ਫੋਰਮ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਮਾਨ ਵਲੋਂ ਇਸ ਮੁੱਦੇ 'ਤੇ ਦਾਇਰ ਜਨਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਸਰਕਾਰ ਦੀ ਜਵਾਬ-ਤਲਬੀ ਕੀਤੀ ਹੈ। ਬੈਂਚ ਵਲੋਂ ਸਰਕਾਰ ਦੇ ਰਵਈਏ ਦਾ ਸਖ਼ਤ ਨੋਟਿਸ ਲੈਂਦਿਆਂ ਇਥੋਂ ਤੱਕ ਕਹਿ ਦਿੱਤਾ ਕਿ ਨਾਗਰਿਕਾਂ ਦੀ ਸਿਹਤ ਮਾਲੀਏ ਦੇ ਘਾਟੇ ਨਾਲੋਂ ਕੀਤੇ ਵੱਧ ਮਹੱਤਵਪੂਰਨ ਹੈ। ਬੈਂਚ ਵਲੋਂ ਲਿਖਤੀ ਤੌਰ 'ਤੇ ਮਾਮਲੇ ਦੇ ਗੰਭੀਰ ਹੋਣ ਦਾ ਜ਼ਿਕਰ ਕਰਦਿਆਂ ਸਰਕਾਰ ਤੇ ਹੋਰਨਾਂ ਜਵਾਬਦੇਹ ਧਿਰਾਂ ਨੂੰ ਆਪਣਾ ਪੱਖ ਸਪੱਸ਼ਟ ਕਰਨ ਲਈ ਵੀ ਕਹਿ ਦਿੱਤਾ ਗਿਆ ਹੈ। ਸ਼ਿਕਾਇਤਕਰਤਾ ਮੁਤਾਬਕ ਉਕਤ ਅਧਿਕਾਰੀ ਵਲੋਂ ਇਨ੍ਹਾਂ ਮਤਿਆਂ ਨੂੰ ਰੱਦ ਕਰਨ ਪਿੱਛੇ ਕੋਈ ਹੋਰ ਕਾਰਨ ਨਾ ਦੱਸਦਿਆਂ ਸਬੰਧਤ ਠੇਕਾ ਬੰਦ ਹੋਣ ਦੀ ਸੂਰਤ ਵਿਚ ਖ਼ਜ਼ਾਨੇ ਨੂੰ ਲੱਖਾਂ ਰੁਪਏ ਦਾ ਸਾਲਾਨਾ ਘਾਟਾ ਪੈਣਾ ਦੱਸਿਆ ਗਿਆ ਹੈ। ਉਕਤ ਸੰਸਥਾ ਵਲੋਂ ਇਸ ਬਾਬਤ ਚਾਲੂ ਮਾਲੀ ਸਾਲ ਦੌਰਾਨ ਹੀ ਇਸ ਬਾਰੇ ਪੰਜਾਬ ਦੇ ਮੁੱਖ ਸਕੱਤਰ, ਆਬਕਾਰੀ ਤੇ ਕਰ ਵਿਭਾਗ ਦੇ ਪ੍ਰਮੁੱਖ ਸਕੱਤਰ ਤੇ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ, ਪਟਿਆਲਾ ਨੂੰ ਬਾਕਾਇਦਾ ਕਾਨੂੰਨੀ ਨੋਟਿਸ ਭੇਜਦਿਆਂ ਮੰਗ ਵੀ ਕੀਤੀ ਕਿ ਆਬਕਾਰੀ ਤੇ ਕਰ ਕਮਿਸ਼ਨਰ ਵਲੋਂ ਵੱਡੀ ਗਿਣਤੀ ਪੰਚਾਇਤਾਂ ਦੀ ਇਹ ਮਤੇ ਰੱਦ ਕਰਨ ਦੀ ਕਾਰਵਾਈ ਦੀ ਜਾਂਚ ਕੀਤੀ ਜਾਵੇ ਤੇ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਦੇ ਚਾਹਵਾਨ ਲੋਕਾਂ ਨਾਲ ਇਨਸਾਫ ਕੀਤਾ ਜਾਵੇ ਪਰ ਇਸ 'ਤੇ ਵੀ ਕੋਈ ਕਾਰਵਾਈ ਨਾ ਹੋ ਸਕੀ। ਹਾਈਕੋਰਟ ਬੈਂਚ ਵਲੋਂ ਪੰਜਾਬ ਸਰਕਾਰ ਤੇ ਹੋਰਨਾਂ ਜਵਾਬਦੇਹ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ।

# ਸਿੰਘਣੀ ਸਜੀ ਉਤਰੰਗ ਕੌਰ ਫਿਰ ਖਬਰਾਂ ਵਿਚ

**ਸ੍ਰੀ ਅਨੰਦਪੁਰ ਸਾਹਿਬ:** ਇੰਗਲੈਂਡ ਦੇ ਸਾਬਕਾ ਕੈਬਨਿਟ ਮੰਤਰੀ ਜੋਨਾਥਨ ਐਟਕਿਨ ਦੀਆਂ ਤਿੰਨ ਧੀਆਂ ਵਿਚੋਂ ਇਕ ਅਲੈਗਜ਼ੈਂਡਰਾ ਜੋ ਕਿ ਸਿੱਖੀ ਬਾਣੇ ਦੇ ਧਾਰਨੀ ਨੌਜਵਾਨ ਇੰਦਰਜੋਤ ਸਿੰਘ ਨਾਲ ਵਿਆਹ ਕਰਵਾਉਣ ਤੋਂ ਬਾਅਦ ਅਲੈਗਜ਼ੈਂਡਰਾ ਤੋਂ ਉਤਰੰਗ ਕੌਰ ਬਣ ਕੇ ਦੁਨੀਆਂ ਭਰ ਵਿਚ ਸੁਰਖੀਆਂ ਵਿਚ ਰਹੀ ਸੀ, ਨੇ ਆਪਣੇ ਆਪ ਨੂੰ ਅਣਵਿਆਹੀ ਦੱਸਿਆ ਹੈ ਤੇ ਭਾਰਤ ਵਿਚ ਕਿਸੇ ਨਾਲ ਵੀ ਵਿਆਹ ਨਾ ਹੋਣ ਦੀ ਗੱਲ ਕਹੀ ਹੈ। ਅਕਤੂਬਰ 2010 ਵਿਚ ਇੰਗਲੈਂਡ ਦੇ ਸਾਬਕਾ ਕੈਬਨਿਟ ਮੰਤਰੀ ਜੋਨਾਥਨ ਐਟਕਿਨ ਦੀ ਧੀ ਅਲੈਗਜ਼ੈਂਡਰਾ ਵਲੋਂ ਉਤਰੰਗ ਕੌਰ ਬਣ ਕੇ ਸਿੱਖੀ ਬਾਣੇ ਦੇ ਧਾਰਨੀ ਨੌਜਵਾਨ ਨਾਲ ਵਿਆਹ ਕਰਵਾਉਣ ਦਾ ਮਾਮਲਾ ਸੁਰਖੀਆਂ ਵਿਚ ਰਿਹਾ ਸੀ। ਦੋਵੇਂ ਅਕਸਰ ਹੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼ਾਮ ਵੇਲੇ ਗੁਰਬਾਣੀ ਸਰਬਣ ਕਰਨ ਆਉਂਦੇ ਸਨ ਤੇ ਇਕ ਮਨ ਤੇ ਇਕ ਚਿੱਤ ਹੋ ਕੇ ਕੀਰਤਨ ਸੁਣਦੇ ਦੇਖੇ ਜਾਂਦੇ ਸਨ। ਉਤਰੰਗ ਕੌਰ ਵਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕੱਲੇ ਘੁੰਮਣਾ ਸਾਰਿਆਂ ਨੂੰ ਹੈਰਾਨ ਕਰ ਰਿਹਾ ਸੀ। ਇਸ ਕਰਕੇ ਸਥਾਨਕ ਸੰਸਥਾਵਾਂ ਵਲੋਂ ਵੀ ਕਈ ਵਾਰੀ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਗਈ ਸੀ ਕਿ ਉਤਰੰਗ ਕੌਰ ਦੇ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ। ਇਸ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਵਾਉਣ ਦਾ ਫੈਸਲਾ ਲਿਆ ਗਿਆ।

## ਖ਼ੁਦ ਨੂੰ ਅਣਵਿਆਹੀ ਦੱਸਿਆ



ਮੈਜਿਸਟਰੇਟ ਪੱਧਰ ਦੇ ਅਧਿਕਾਰੀਆਂ ਵਲੋਂ ਚੌਕੀ ਇੰਚਾਰਜ ਸੰਨੀ ਖੰਨਾ ਤੇ ਏ.ਐਸ.ਆਈ. ਨਰੇਸ਼ ਕੁਮਾਰੀ ਦੀ ਹਾਜ਼ਰੀ ਵਿਚ ਕੀਤੀ ਗਈ ਪੜਤਾਲ ਦੌਰਾਨ ਉਤਰੰਗ ਕੌਰ ਨੇ ਦੱਸਿਆ ਕਿ ਉਹ ਅਣਵਿਆਹੀ ਹੈ ਤੇ ਭਾਰਤ ਵਿਚ ਉਸ ਦਾ ਕਿਸੇ ਦੇ ਨਾਲ ਵੀ ਵਿਆਹ ਨਹੀਂ ਹੋਇਆ ਹੈ। ਉਹ ਸਿੱਖ ਧਰਮ ਅਪਨਾ ਕੇ ਸਿੱਖੀ ਬਾਣੇ ਵਿਚ ਰਹਿੰਦੀ ਹੈ। ਉਸ ਨੇ ਇਹ ਵੀ ਦੱਸਿਆ ਕਿ ਉਹ ਫਾਈਨ ਆਰਟਸ ਵਿਚ ਗਰੈਜੂਏਟ ਹੈ ਤੇ ਉਸ ਦੀ ਜਨਮ ਤਰੀਕ 14 ਜੂਨ 1980 ਹੈ। ਹੁਣ ਉਹ ਅਨੰਦਪੁਰ ਸਾਹਿਬ ਵਿਚ ਹੀ ਰਹਿਣਾ ਚਾਹੁੰਦੀ ਹੈ ਤੇ ਉਹ ਆਪਣੇ ਵੀਜ਼ੇ ਦੀ ਮਿਆਦ ਹੋਰ ਵੀ ਵਧਾਏਗੀ। ਜਾਂਚ ਕਰਨ ਵਾਲੇ ਅਧਿਕਾਰੀਆਂ ਨੇ ਦੱਸਿਆ ਕਿ ਉਸ ਦਾ ਪਾਸਪੋਰਟ ਇੰਗਲੈਂਡ ਦਾ ਬਣਿਆ ਹੋਇਆ ਹੈ, ਜਿਸ 'ਤੇ ਉਸ ਦਾ ਨਾਂ ਉਤਰੰਗ ਕੌਰ ਹੈ। ਪਾਸਪੋਰਟ ਦੀ ਮਿਆਦ 15 ਫਰਵਰੀ 2015 ਤੱਕ ਹੈ।

# ਇਤਿਹਾਸਕ ਸ਼ਸਤਰਾਂ ਦੀ ਪ੍ਰਦਰਸ਼ਨੀ ਲਈ ਵਿਸ਼ੇਸ਼ ਬੱਸ ਤਿਆਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਲੋਂ ਗੁਰੂ ਸਾਹਿਬਾਨ ਨਾਲ ਸਬੰਧਤ ਇਤਿਹਾਸਕ ਸ਼ਸਤਰਾਂ ਦੀ ਪ੍ਰਦਰਸ਼ਨੀ ਲਈ ਇਕ ਵਿਸ਼ੇਸ਼ ਬੱਸ ਤਿਆਰ ਕਰਵਾਈ ਗਈ ਹੈ। ਇਸ ਬੱਸ ਨੂੰ ਤੇਜਵੀਰ ਸਿੰਘ ਆਰਕੀਟੈਕਟ ਨੇ ਡਿਜ਼ਾਈਨ ਕੀਤਾ ਹੈ ਤੇ ਇਹ ਮੁੰਬਈ ਦੀ ਡੀ.ਸੀ. ਛਾਬੜੀਆ ਕੰਪਨੀ ਵਲੋਂ ਤਿਆਰ ਕੀਤੀ ਗਈ ਹੈ। ਆਧੁਨਿਕ ਤਕਨੀਕ ਰਾਹੀਂ ਤਿਆਰ ਕੀਤੀ ਗਈ ਇਸ ਬੱਸ ਵਿਚ ਵਿਸ਼ੇਸ਼ ਤੌਰ 'ਤੇ ਕੈਮਰਿਆਂ ਤੇ ਡਿਜ਼ੀਟਲ ਸਕਰੀਨ ਵਾਲਾ ਇਕ ਮੀਡੀਆ ਸੈਂਟਰ ਵੀ ਹੈ, ਜਿਸ ਨਾਲ ਦੂਰ ਬੈਠੀਆਂ ਸੰਗਤਾਂ ਸਕਰੀਨ ਰਾਹੀਂ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕਰ ਸਕਣਗੀਆਂ। ਇਸ ਬੱਸ ਰਾਹੀਂ ਵੱਖ-ਵੱਖ ਸ਼ਹਿਰਾਂ ਵਿਚ ਬੈਠੀਆਂ ਸੰਗਤਾਂ ਜੋ ਗੁਰਦੁਆਰਾ ਸਾਹਿਬ ਵਿਚ ਸ਼ਸਤਰਾਂ ਦੇ ਦਰਸ਼ਨ ਕਰਨ ਨਹੀਂ ਆ ਸਕਦੀਆਂ, ਉਹ ਵੀ ਦਰਸ਼ਨ ਕਰ ਸਕਣਗੀਆਂ। ਜਲਦੀ ਇਹ ਬੱਸ ਸੰਗਤਾਂ ਦੀ ਸੇਵਾ ਲਈ ਸ਼ੁਰੂ ਹੋ ਜਾਵੇਗੀ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਬੱਸ ਵਿਚ ਗੁਰੂ ਸਾਹਿਬਾਨ ਦੇ ਸ਼ਸਤਰ ਵੱਖ-ਵੱਖ ਨਗਰਾਂ, ਸ਼ਹਿਰਾਂ ਵਿਚ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ ਸਮੇਂ-ਸਮੇਂ ਲੈ ਜਾਏ ਜਾਣਗੇ।



# ਪਰਵਾਸੀਆਂ ਦੀ ਚੌਥੀ ਪੀੜ੍ਹੀ ਦਾ ਪੰਜਾਬ ਬਾਰੇ ਮੋਹ ਬਰਕਰਾਰ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਲੋਂ ਕਰਵਾਈ ਤੀਜੀ ਤਿੰਨ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਡਾਇਸਪੋਰਾ ਕਾਨਫਰੰਸ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਪਰਵਾਸ ਕਰਕੇ ਗਏ ਪੰਜਾਬੀ ਸਿੱਖਾਂ ਨੂੰ ਅਜੇ ਵੀ ਕਾਫ਼ੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਿਰ ਵੀ ਚੌਥੀ ਪੀੜ੍ਹੀ ਹੋਣ ਦੇ ਬਾਵਜੂਦ ਸਿੱਖ ਪਰਿਵਾਰਾਂ ਵਿਚ ਪੰਜਾਬ ਪ੍ਰਤੀ ਮੋਹ ਕਾਇਮ ਹੈ।

ਵੱਖ-ਵੱਖ ਵਿਦਵਾਨਾਂ ਵਲੋਂ ਆਪੋ-ਆਪਣੇ ਵਿਸ਼ਿਆਂ 'ਤੇ ਖੋਜ ਭਰਪੂਰ ਪੇਸ਼ ਕੀਤੇ 15 ਪੇਪਰਾਂ ਵਿਚ 'ਡਾਇਸਪੋਰਾ ਤੇ ਮੇਜ਼ਬਾਨ ਸੱਭਿਆਚਾਰ: ਅੰਤਰ-ਸੰਵਾਦ' ਵਿਸ਼ੇ ਨਾਲ ਕਾਫ਼ੀ ਇਨਸਾਫ਼ ਕੀਤਾ ਗਿਆ।

ਰੂਸ ਤੋਂ ਆਈ ਡਾ. ਅੱਨਾ ਬੋਚਕੋਵਾਸੀਆ ਨੇ ਦੱਸਿਆ ਕਿ ਰੂਸ ਵਿਚ ਉਨ੍ਹਾਂ ਦੇ ਨੇੜੇ ਇਕ ਗੁਰਦੁਆਰਾ ਹੈ ਜਿਥੇ ਅਫ਼ਗਾਨ ਸਿੱਖਾਂ ਦਾ ਦਬਦਬਾ ਹੈ। ਅੱਜ-ਕੱਲ੍ਹ ਦੇ ਬਦਲਦੇ ਹਾਲਾਤ ਵਿਚ ਵੀ ਸਿੱਖ ਮੁਸ਼ਕਲਾਂ ਵਿਚੋਂ ਗੁਜ਼ਰ ਰਹੇ ਹਨ ਕਿਉਂਕਿ ਉਥੋਂ ਦੇ ਵਸਨੀਕ ਤੇ ਪੁਲਿਸ ਆਪਣੇ ਧਰਮ ਨੂੰ ਵੱਡਾ ਸਮਝਦਿਆਂ ਸਿੱਖਾਂ ਨਾਲ ਵਿਤਕਰਾ ਕਰਦੀ ਹੈ। ਸਿੰਘਾਪੁਰ ਤੋਂ ਆਈ ਡਾ. ਅਰੁਣਜੀਤ ਕੌਰ ਨੇ ਕਿਹਾ ਕਿ ਸਿੰਘਾਪੁਰ ਵਿਚ ਕਾਫ਼ੀ ਸਮਾਂ ਪਹਿਲਾਂ ਉਸ ਦੇ ਪੜ੍ਹਦਾਦੇ ਹੋਰੀਂ ਗਏ ਸਨ। ਚੌਥੀ ਪੀੜ੍ਹੀ ਹੋਣ ਦੇ ਬਾਵਜੂਦ ਵੀ ਅਸੀਂ ਪੰਜਾਬ ਨੂੰ ਭੁੱਲ ਨਹੀਂ ਸਕੇ। ਪਰਵਾਸੀ ਨਾਵਲਕਾਰ ਦਰਸ਼ਨ ਧੀਰ ਨੇ ਕਿਹਾ ਕਿ ਹੁਣ ਗੋਰੇ ਸਾਡੇ ਨਾਲ ਕਾਫ਼ੀ ਚੰਗੀ ਮੇਜ਼ਬਾਨੀ ਕਰਦੇ ਹਨ। ਗੋਰੀਆਂ ਸਾਡੀਆਂ ਨੂੰਹਾਂ ਬਣ ਗਈਆਂ ਹਨ ਪਰ ਜੋ ਸਾਡੇ ਨਾਲ ਦੇ ਡਾਇਸਪੋਰਾ ਹਨ, ਉਹ ਅਜੇ ਵੀ ਰੂੜ੍ਹੀਵਾਦੀ ਰਵਾਇਤਾਂ ਨੂੰ ਜਨਮ ਦੇ ਦਿੰਦੇ ਹਨ। 26/11 ਜਿਹੀਆਂ ਘਟਨਾਵਾਂ ਸਿੱਖਾਂ ਲਈ ਖ਼ਤਰਨਾਕ ਸਾਬਤ ਹੋਈਆਂ ਹਨ। ਦਰਸ਼ਨ ਤਾਤਲਾ ਨੇ ਕਿਹਾ ਕਿ ਜ਼ਿਆਦਾ ਡਾਇਸਪੋਰਾ ਸਿੱਖਾਂ ਵਿਚੋਂ ਹੀ ਹੈ, ਜਿਸ ਦੀ ਵਿਰੋਧਤਾ ਵਰਿਆਮ ਸੰਧੂ ਨੇ ਕਰਦਿਆਂ ਕਿਹਾ ਕਿ ਇਹ ਪੂਰਾ ਸੱਚ ਨਹੀਂ ਹੈ ਪਰ ਕਾਮਾਗਾਟਾਮਾਰੂ ਜਿਹੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਡਾ. ਤਾਤਲਾ ਨੇ ਸਿੱਖਾਂ ਨੂੰ ਜ਼ਿਆਦਾ ਪਰਵਾਸ ਲਿਆਉਣ ਦੀ ਆਪਣੀ ਮੱਦ ਪੱਕੀ ਕੀਤੀ।



ਕਾਨਫ਼ਰੰਸ ਵਿਚ ਪੰਜਾਬੀ ਡਾਇਸਪੋਰਾ ਔਰਤ ਦੇ ਸੰਕਟ ਤੇ ਨਵੀਆਂ ਸੰਭਾਵਨਾਵਾਂ ਦੀ ਗੱਲ ਵੀ ਕੀਤੀ ਗਈ, ਜਿਥੇ ਉਭਰਿਆ ਕਿ ਪੰਜਾਬੀ ਔਰਤ ਹੁਣ ਘੁੰਢ ਕੱਢਣਾ ਛੱਡ ਕੇ ਦੁਨੀਆਂ ਵਿਚ ਆਪਣਾ ਆਪਾ ਜ਼ਾਹਿਰ ਕਰਨ ਵੱਲ ਜ਼ੋਰ ਲਾ ਰਹੀ ਹੈ। ਅਰੁਣਾ ਪੈਪ ਕੈਨੇਡਾ ਨੇ ਪੰਜਾਬੀ ਡਾਇਸਪੋਰਾ ਵਿਚ ਔਰਤਾਂ ਦੇ ਅਚਾਰ ਵਿਹਾਰ ਦੀ ਗੱਲ ਵੀ ਕੀਤੀ, ਡਾਇਸਪੋਰਾ ਔਰਤ ਆਪਣੇ ਪਰਿਵਾਰ ਨੂੰ ਸੰਭਾਲਣ ਲਈ ਬੜੀ ਸ਼ਿੱਦਤ ਨਾਲ ਕੰਮ ਕਰਦੀ ਹੈ, ਪੰਜਾਬ ਵਿਚ ਸਿਰਫ ਭੱਤਾ ਲੈ ਕੇ ਖੇਤਾਂ ਵਿਚ ਜਾਣ ਵਾਲੀ ਔਰਤ ਅੱਜ ਵਿਦੇਸ਼ਾਂ ਵਿਚ ਉਹ ਸਾਰੇ ਕੰਮ ਕਰਦੀ ਹੈ ਜੋ ਪੰਜਾਬ ਵਿਚ ਮਰਦ ਹੀ ਕਰਨਾ ਪਸੰਦ ਕਰਦਾ ਹੈ। ਇਸ ਮੌਕੇ ਕੈਨੇਡਾ ਤੋਂ ਵਿਸ਼ੇਸ਼ ਰੂਪ ਵਿਚ ਪਹੁੰਚੇ ਅਰੁਣਾ ਪੈਪ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜੋ ਪਰਵਾਸੀ ਔਰਤਾਂ ਦੇ ਹੱਕਾਂ ਹਿਤ ਗੌਲਣਯੋਗ ਭੂਮਿਕਾ ਨਿਭਾ ਰਹੇ ਹਨ। ਇਸ ਸਭਾ ਵਿਚ ਵੀ ਉਨ੍ਹਾਂ ਨੇ ਪਰਵਾਸੀ ਪੰਜਾਬੀ ਔਰਤਾਂ 'ਤੇ ਹੁੰਦੀ ਘਰੇਲੂ ਹਿੰਸਾ ਨੂੰ ਇੱਜ਼ਤ, ਅਣਖ ਦੇ ਵਿਸ਼ੇਸ਼ ਹਵਾਲੇ ਨਾਲ ਪੇਸ਼ ਕੀਤਾ।

ਇਨ੍ਹਾਂ ਸੈਸ਼ਨਾਂ ਵਿਚ ਜੋ ਪਰਚੇ ਪੜ੍ਹੇ ਗਏ, ਉਨ੍ਹਾਂ ਵਿਚ ਪਰਵਾਸੀ ਪੰਜਾਬੀ ਡਾਇਸਪੋਰਾ ਦੀ ਪੰਜਾਬੀ ਭਾਸ਼ਾ ਪ੍ਰਤੀ ਪਹੁੰਚ, ਡਾਇਸਪੋਰਾ ਦੇ ਸਿਧਾਂਤਕ ਪਾਸਾਰ, ਪਰਵਾਸੀ ਪੰਜਾਬੀ ਔਰਤਾਂ ਦਾ ਮੇਜ਼ਬਾਨ ਸਭਿਆਚਾਰ ਤੇ ਸਮਾਜ ਨਾਲ ਸੰਵਾਦ ਤੇ ਪਰਵਾਸੀ ਪੰਜਾਬੀ ਫ਼ਿਲਮਾਂ ਤੇ ਮੀਡੀਆ ਦੀ ਭੂਮਿਕਾ ਬਾਰੇ ਵਿਚਾਰ ਪੇਸ਼ ਕੀਤੇ ਗਏ। ਵਿਦਵਾਨਾਂ ਦੀ ਹਾਜ਼ਰੀ ਵਿਚ ਯੂਨੀਵਰਸਿਟੀ ਦੇ ਹੀ ਡਾ. ਰਹਿਮਾਨ ਵਲੋਂ ਤਿਆਰ ਕੀਤਾ ਉਰਦੂ-ਪੰਜਾਬੀ ਕੋਸ਼ ਵੀ ਰਿਲੀਜ਼ ਕੀਤਾ ਗਿਆ। ਸਾਹਿਤ ਅਧਿਐਨ ਵਿਭਾਗ ਨੇ ਨਾਵਲਕਾਰ ਦਰਸ਼ਨ ਧੀਰ ਨੂੰ 21,000 ਰੁਪਏ ਤੇ ਫੁਲਕਾਰੀ ਦੇ ਕੇ ਸਨਮਾਨ ਕੀਤਾ।

# ਗੁਰਦੁਆਰਾ ਸੈਨ ਹੋਜ਼ੇ 'ਚ ਮੇਅਰ ਲਿਕਾਰਡੋ ਅਤੇ ਵਾਈਸ ਮੇਅਰ ਦਾ ਸਨਮਾਨ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਸੈਨ ਹੋਜ਼ੇ ਦੇ ਨਵੇਂ ਬਣੇ ਮੇਅਰ ਮਿਸਟਰ ਸੈਮ ਲਿਕਾਰਡੋ, ਵਾਈਸ ਮੇਅਰ ਰੋਜ ਹਰੇਰਾ ਅਤੇ ਮੇਅਰ ਦੀ ਪਤਨੀ ਦਾ ਗੁਰਦੁਆਰਾ ਸਾਹਿਬ ਵਿਚ ਸਨਮਾਨ ਕੀਤਾ ਗਿਆ। ਗੁਰਦੁਆਰਾ ਸੈਨ ਹੋਜ਼ੇ ਦੇ ਬੁਆਏ ਸਕਾਊਟ ਵਲੋਂ ਅਮਰੀਕੀ ਰਾਸ਼ਟਰੀ ਗੀਤ ਗਾ ਕੇ ਉਨ੍ਹਾਂ ਨੂੰ ਸਲਾਮੀ ਵੀ ਦਿੱਤੀ ਗਈ।

ਇਸ ਮੌਕੇ ਮੇਅਰ ਸੈਮ ਲਿਕਾਰਡੋ ਨੇ ਕਿਹਾ ਕਿ ਸਿੱਖਾਂ ਦੇ ਹਰ ਮਸਲੇ 'ਤੇ ਗੱਲਬਾਤ ਲਈ ਉਨ੍ਹਾਂ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਉਨ੍ਹਾਂ ਸਿੱਖਾਂ ਦੀ ਸਿਟੀ ਨਾਲ ਸਬੰਧਤ ਹਰ ਸਮੱਸਿਆ ਨੂੰ ਹੱਲ ਕਰਨ ਦਾ ਵਾਅਦਾ ਵੀ ਕੀਤਾ। ਮੇਅਰ ਨੇ ਸਿੱਖਾਂ ਨੂੰ ਸੈਨ ਹੋਜ਼ੇ ਪੁਲਿਸ ਵਿਚ ਸਿੱਖੀ ਸਰੂਪ ਵਿਚ ਭਰਤੀ ਹੋਣ ਅਤੇ ਵੱਖ ਵੱਖ ਕਮਿਸ਼ਨਾਂ ਵਿਚ ਆਉਣ ਲਈ ਕਿਹਾ। ਉਨ੍ਹਾਂ ਸਿੱਖ ਭਾਈਚਾਰੇ ਨੂੰ ਹੋਰਨਾਂ ਕੌਮਾਂ ਨਾਲ ਤਾਲਮੇਲ ਅਤੇ ਮਿਲਵਰਤਨ ਕਰਨ ਲਈ ਵੀ ਆਖਿਆ। ਮੇਅਰ ਨਾਲ ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਤੋਂ ਇਲਾਵਾ ਕਾਰੋਬਾਰੀ, ਖਾਸ ਕਰਕੇ ਟੈਕਸੀਆਂ ਵਾਲੇ ਵੀਰ ਸ਼ਾਮਲ ਹੋਏ।





*ਮੇਅਰ ਮਿਸਟਰ ਸੈਮ ਲਿਕਾਰਡੋ ਨੂੰ ਸਿਰੋਪਾਓ ਬਖਸ਼ਿਸ਼ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਹੋਰ ਸੱਜਣ ਅਤੇ (ਸੱਜੇ) ਗੁਰਦੁਆਰਾ ਸਾਹਿਬ ਦੇ ਬਾਹਰ ਮੇਅਰ ਨਾਲ ਸਿੱਖ ਭਾਈਚਾਰੇ ਦੇ ਪਤਵੰਤੇ*

# ਜੀ ਐਚ ਜੀ ਅਕੈਡਮੀ ਨੇ ਕਰਵਾਇਆ ਨਵੇਂ ਸਾਲ ਦੀ ਆਮਦ 'ਤੇ ਸਮਾਗਮ

**ਫਰਿਜ਼ਨੋ (ਬਿਊਰੋ):** ਗੁਰੂ ਹਰਗੋਬਿੰਦ (ਜੀ ਐਚ ਜੀ) ਅਕੈਡਮੀ ਦੇ ਸਮੂਹ ਪਰਿਵਾਰਾਂ, ਬੱਚਿਆਂ ਅਤੇ ਪ੍ਰਬੰਧਕੀ ਬੋਰਡ ਵਲੋਂ ਲੰਘੀ 17 ਜਨਵਰੀ ਨੂੰ ਸਥਾਨਕ ਵੁਰਵਾਰਡ ਪਾਰਕ ਵਿਚ ਨਵੇਂ ਸਾਲ ਦੀ ਆਮਦ 'ਤੇ ਇਕ ਸਮਾਗਮ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਅਕੈਡਮੀ ਦੇ ਸੀਨੀਅਰ ਬੋਰਡ ਮੈਂਬਰ ਬਸੰਤ ਸਿੰਘ ਧਾਲੀਵਾਲ ਨੇ ਸਭ ਨੂੰ ਜੀ ਆਇਆਂ ਆਖਦਿਆਂ ਨਵੇਂ ਸਾਲ ਦੀ ਵਧਾਈ ਦਿੱਤੀ।

ਇਸ ਮੌਕੇ ਗੁਰਦੀਪ ਸਿੰਘ ਸ਼ੇਰਗਿੱਲ ਨੇ

**ਖੇਡ ਮੇਲਾ 14 ਮਾਰਚ ਨੂੰ**

ਆਉਣ ਵਾਲੇ ਪ੍ਰੋਗਰਾਮ 'ਤੇ ਚਾਨਣਾ ਪਾਇਆ। ਹਾਜ਼ਰੀਨ ਦੀ ਸਹਿਮਤੀ ਨਾਲ ਅਕੈਡਮੀ ਦੀ ਸਾਲਾਨਾ ਪਿਕਨਿਕ ਅਤੇ ਵਿਰਾਸਤੀ ਖੇਡ ਮੇਲਾ ਰੋਇਡਿੰਗ ਪਾਰਕ ਵਿਖੇ ਆਉਂਦੀ 14 ਮਾਰਚ ਨੂੰ ਕਰਵਾਇਆ ਜਾਵੇਗਾ। ਸਾਲਾਨਾ ਕੈਂਪ 10 ਜੁਲਾਈ ਤੋਂ 24 ਜੁਲਾਈ ਤੱਕ ਅਤੇ ਅੰਤਰਰਾਸ਼ਟਰੀ ਯੁਵਕ ਮੇਲਾ 25 ਜੁਲਾਈ ਨੂੰ ਹੋਵੇਗਾ। 25 ਅਕਤੂਬਰ ਨੂੰ ਬੰਦੀਛੋੜ ਦਿਵਸ ਮੌਕੇ ਬੱਚਿਆਂ ਦੇ ਕੀਰਤਨ, ਪੰਜਾਬੀ ਲਿਖਣ-ਪੜ੍ਹਨ ਅਤੇ ਭਾਸ਼ਣ ਮੁਕਾਬਲੇ ਹੋਣਗੇ। ਸੁਖਦੇਵ ਸਿੰਘ ਚੀਮਾ, ਰਾਜ ਸੰਗੂ ਅਤੇ ਬੀਬੀ ਤਰਨਜੋਤ ਕੌਰ ਕਲੇਰ ਨੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਦੌਰਾਨ ਹਰ ਕੋਈ ਵਾਲੀਬਾਲ ਖੋ-ਖੋ ਅਤੇ ਹੋਰ ਵਿਰਾਸਤੀ ਖੇਡਾਂ ਦਾ ਅਨੰਦ ਮਾਣ ਰਿਹਾ ਸੀ। 5 ਸਾਲ ਤੋਂ 75 ਸਾਲ ਤੱਕ ਹਰ ਕੋਈ ਆਪੋ ਆਪਣੇ ਹਾਣੀ ਗਰੁਪਾਂ ਵਿਚ ਮਨ ਪ੍ਰਚਾਵਾ ਕਰ ਰਿਹਾ ਸੀ। ਮੇਲੀਆਂ ਲਈ ਖਾਣਾ ਹਾਜ਼ਰ ਪਰਿਵਾਰਾਂ ਵਲੋਂ ਹੀ ਲਿਆਂਦਾ ਗਿਆ ਸੀ। ਵਰਣਨਯੋਗ ਹੈ ਕਿ ਗੁਰੂ ਹਰਗੋਬਿੰਦ ਅਕੈਡਮੀ ਇਕ ਗੈਰ ਮੁਨਾਫਾ ਸੰਸਥਾ ਹੈ ਜੋ ਬੱਚਿਆਂ ਨੂੰ ਸਮਰਪਿਤ ਹੈ ਅਤੇ ਅਕੈਡਮੀ ਦੇ ਯੂਥ ਵਿੰਗ ਵਲੋਂ ਸਾਰੇ ਪ੍ਰੋਗਰਾਮ ਉਲੀਕੇ ਜਾਂਦੇ ਹਨ।

ਸੰਸਥਾ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਵਿਰਾਸਤੀ ਖੇਡ ਮੇਲੇ ਦੀ ਤਿਆਰੀ ਫਰਵਰੀ ਦੇ ਦੂਸਰੇ ਹਫਤੇ ਪੰਜਾਬੀ ਸਕੂਲ ਫਰਿਜ਼ਨੋ ਦੀਆਂ ਗਰਾਊਂਡਾਂ ਵਿਚ ਸ਼ੁਰੂ ਕਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਗੁਰਦੀਪ ਸ਼ੇਰਗਿੱਲ (ਫੋਨ: 559-349-1481) ਜਾਂ ਬਸੰਤ ਸਿੰਘ ਧਾਲੀਵਾਲ (ਫੋਨ: 559-367-6638) ਤੋਂ ਲਈ ਜਾ ਸਕਦੀ ਹੈ।






**H K TRANSPORT INC**

*Division of HK Incorporated*

1401 West Ray St, Indianapolis, IN 46221

Ph: 317-408-3211, web: www.hktransportinc.com



**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ ■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

**ਸੰਪਰਕ ਕਰੋ: ਫੋਨ 317-408-3211**

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



**The Anu Attorney Immigration Law Firm**
**Law offices of Anu Peshawaria**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing


Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਕਾਰਟੂਨਾਂ ਦੀ ਸਲੀਬ

## ਫਲਸਤੀਨੀ ਕਾਰਟੂਨਿਸਟ ਨਾਜੀ ਅਲ-ਅਲੀ ਦੀ ਦੁਨੀਆਂ



ਕਲਾ ਪਰਿਕਰਮਾ


ਫਲਸਤੀਨ ਦੀ ਧਰਤੀ ਉਤੇ ਜੰਮਿਆ ਨਾਜੀ ਸਲੀਮ ਅਲ-ਅਲੀ ਸਮੁੱਚੇ ਅਰਬ ਅਤੇ ਇਜ਼ਰਾਈਲ ਬਾਰੇ ਬਣਾਏ ਆਪਣੇ ਕਾਰਟੂਨਾਂ ਕਰ ਕੇ ਬੜਾ ਮਸ਼ਹੂਰ ਹੋਇਆ। ਉਹਨੇ 40 ਹਜ਼ਾਰ ਤੋਂ ਉਪਰ ਕਾਰਟੂਨ ਬਣਾਏ ਅਤੇ ਵੱਖ-ਵੱਖ ਮੌਕਿਆਂ 'ਤੇ ਵੱਖੋ-ਵੱਖਰੇ ਮੁੱਦਿਆਂ ਉਤੇ ਬੜੀਆਂ ਤਿੱਖੀਆਂ ਚੋਟਾਂ ਕੀਤੀਆਂ। ਇਹ ਚੋਟਾਂ ਇੰਨੀਆਂ ਤਿੱਖੀਆਂ ਸਨ ਕਿ ਵਿਰੋਧੀਆਂ ਨੂੰ ਉਸ ਦੀ ਸਰੀਰਕ ਹੋਂਦ ਤੱਕ ਰੜਕਣ ਲੱਗ ਪਈ; ਤੇ ਆਖਰਕਾਰ ਉਸ ਨੂੰ ਲੰਡਨ ਵਿਚ ਕੁਵੈਤੀ ਅਖ਼ਬਾਰ 'ਅਲ-ਕੱਬਾਸ' ਦੇ ਦਫਤਰ ਦੇ ਬਾਹਰ 22 ਜੁਲਾਈ 1987 ਨੂੰ ਗੋਲੀ ਮਾਰ ਦਿੱਤੀ ਗਈ। ਗੋਲੀ ਸਿੱਧੀ ਉਸ ਦੀ ਪੁੜਪੁੜੀ ਵਿਚ ਲੱਗੀ ਸੀ। ਹਸਪਤਾਲ ਵਿਚ ਉਹ ਬੇਹੋਸ਼ ਪਿਆ ਰਿਹਾ ਅਤੇ ਫਿਰ ਹਫਤੇ ਬਾਅਦ 29 ਅਗਸਤ ਨੂੰ ਉਸ ਦੀ ਮੌਤ ਹੋ ਗਈ। ਇਸ ਕਤਲ ਦੇ ਦੋਸ਼ ਵਿਚ ਬ੍ਰਿਟਿਸ਼ ਪੁਲਿਸ ਨੇ ਯੋਰੋਸ਼ਲਮ (ਇਜ਼ਰਾਈਲ) ਵਿਚ ਜੰਮੇ ਫਲਸਤੀਨੀ ਇਸਮਾਈਲ ਸੋਵਾਨ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਕੋਲੋਂ ਸਬੰਧਤ ਹਥਿਆਰ ਵੀ ਬਰਾਮਦ ਕਰ ਲਿਆ। ਬਾਅਦ ਵਿਚ ਉਹਨੇ ਇੰਕਸ਼ਾਫ਼ ਕੀਤਾ ਕਿ ਉਹ ਫਲਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ (ਪੀ.ਐਲ.ਓ.) ਇਜ਼ਰਾਈਲ ਦੀ ਖੁਫੀਆ ਏਜੰਸੀ ਮੌਸਾਦ, ਦੋਹਾਂ ਲਈ ਕੰਮ ਕਰਦਾ ਸੀ। ਇੰਗਲੈਂਡ ਨੇ ਮੌਸਾਦ ਤੋਂ ਇਸ ਬਾਰੇ ਜਾਣਕਾਰੀ ਲੈਣੀ ਚਾਹੀ, ਪਰ ਇਜ਼ਰਾਇਲ ਨੇ ਇਨਕਾਰ ਕਰ ਦਿੱਤਾ। ਇਹ ਤਕਰਾਰ ਫਿਰ ਇੰਨਾ ਭਖਿਆ ਕਿ ਇੰਗਲੈਂਡ ਨੇ ਇਜ਼ਰਾਈਲ ਦੇ ਤਿੰਨ ਡਿਪਲੋਮੈਟਾਂ ਨੂੰ ਵਾਪਸ ਭੇਜ ਦਿੱਤਾ। ਇਨ੍ਹਾਂ ਵਿਚੋਂ ਇਕ ਡਿਪਲੋਮੈਟ ਅਲ-ਅਲੀ ਦੇ ਕਤਲ ਲਈ ਜ਼ਿੰਮੇਵਾਰ ਦੋ ਡਬਲ ਏਜੰਟਾਂ ਦਾ ਖਾਸ-ਮਖਾਸ ਸੀ। ਪਿਛੋਂ ਇੰਗਲੈਂਡ ਨੇ ਲੰਡਨ ਸਥਿਤ ਮੌਸਾਦ ਦਫਤਰ ਵੀ ਬੰਦ ਕਰਵਾ ਦਿੱਤਾ।

ਅਲ-ਅਲੀ ਦਾ ਜਨਮ ਫਲਸਤੀਨ ਦੇ ਨਿੱਕੇ ਜਿਹੇ ਪਿੰਡ ਅਲ-ਸ਼ਜਾਰਾ ਵਿਖੇ 1938 ਵਿਚ ਹੋਇਆ ਸੀ। 1948 ਵਿਚ ਫਲਸਤੀਨੀਆਂ ਦੇ ਵੱਡੇ ਉਜਾੜੇ ਮੌਕੇ ਉਸ ਨੂੰ ਆਪਣੇ ਪਰਿਵਾਰ ਸਮੇਤ ਉਜੜਨਾ ਪਿਆ। ਉਹ ਲਿਬਨਾਨ, ਲੀਬੀਆ, ਬੈਰੂਤ ਅਤੇ ਸਾਊਦੀ ਅਰਬ ਵਿਚ ਵਿਚਰਦਾ ਰਿਹਾ। 1959 ਵਿਚ ਲਿਬਨਾਨ ਪਰਤ ਕੇ ਉਥੇ 'ਅਰਬ ਨੈਸ਼ਨਿਲਸਟ ਮੂਵਮੈਂਟ' ਵਿਚ ਸਰਗਰਮ ਹਿੱਸਾ ਲਿਆ। ਉਥੇ ਉਹਨੇ ਹੱਥ ਲਿਖਤ ਸਿਆਸੀ ਪਰਚਾ 'ਅਲ-ਸਰਖਾ' (ਚੀਕ) ਵੀ ਛਾਪਣਾ ਸ਼ੁਰੂ ਕੀਤਾ। ਇਹ 1960-61 ਦੀਆਂ ਗੱਲਾਂ ਹਨ। ਫਿਰ ਉਹ ਲਿਬਨਾਨ ਦੀ ਫਾਈਨ ਆਰਟਸ ਅਕੈਡਮੀ ਵਿਚ ਦਾਖਲ ਹੋ ਗਿਆ ਪਰ ਸਿਆਸੀ ਸਰਗਰਮੀਆਂ ਕਾਰਨ ਪੜ੍ਹਾਈ ਜਾਰੀ ਨਾ ਰੱਖ ਸਕਿਆ। ਛੇਤੀ ਹੀ ਉਹ ਟਾਇਰ (ਲਿਬਨਾਨ) ਵਿਖੇ ਪੁੱਜ ਗਿਆ ਅਤੇ ਜਫਰੀਆ ਕਾਲਜ ਵਿਚ ਡਰਾਇੰਗ ਇੰਸਟਰੱਕਰ ਲੱਗ ਗਿਆ। ਉਥੇ ਲੇਖਕ ਅਤੇ ਸਿਆਸੀ ਕਾਰਕੁਨ ਦੁਸਾਨ ਕਿਨਫਾਨੀ ਨੇ ਉਸ ਦੇ ਕਾਰਟੂਨ ਦੇਖੇ ਅਤੇ 25 ਸਤੰਬਰ 1961 ਦੇ 'ਅਲ-ਹੁਰੀਆ' ਅੰਕ ਵਿਚ ਛਪਵਾ ਦਿੱਤੇ। ਇਸ ਪਿੱਛੋਂ ਉਹਦੇ ਕਾਰਟੂਨ ਆਮ ਛਪਣ ਲੱਗ ਪਏ। ਉਸ ਨੇ 'ਅਲ-ਤਾਲੀਆ' ਤੇ 'ਅਲ-ਸਿਆਸਾ' ਅਖਬਾਰਾਂ ਲਈ ਕੰਮ ਕੀਤਾ ਅਤੇ ਫਿਰ 1974 ਵਿਚ 'ਅਲ-ਸ਼ਫੀਦ' ਦੀ ਨੌਕਰੀ ਕਰ ਲਈ। 1982 ਵਿਚ ਜਦੋਂ ਇਜ਼ਰਾਈਲ ਨੇ ਲਿਬਨਾਨ ਉਤੇ ਚੜ੍ਹਾਈ ਕੀਤੀ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਰਿਹਾਈ ਪਿਛੋਂ 1983 ਨੂੰ ਉਹ ਕੁਵੈਤ ਚਲਾ ਗਿਆ ਅਤੇ ਫਿਰ ਆਪਣੀ ਮੌਤ ਤੱਕ 'ਅਲ-ਕਬਾਸ' ਲਈ ਕੰਮ ਕਰਦਾ ਰਿਹਾ।


*-ਗੁਰਬਖਸ਼ ਸਿੰਘ ਸੋਢੀ*



*ਨਾਜੀ ਅਲ-ਅਲੀ ਅਤੇ (ਹੇਠਾਂ) ਉਹਦੇ ਕਾਰਟੂਨਾਂ ਦਾ ਪਾਤਰ ਹੰਦਾਲਾ ਜਿਹੜਾ ਹਰ ਕਾਰਟੂਨ ਵਿਚ ਹਾਜ਼ਰ-ਨਾਜ਼ਰ ਰਹਿੰਦਾ ਹੈ।*










*ਨਾਜੀ ਅਲ-ਅਲੀ ਦੇ ਕੁਝ ਹੋਰ ਕਾਰਟੂਨ ਜਿਨ੍ਹਾਂ ਵਿਚ ਦਰਦ ਵੀ ਹੈ ਤੇ ਆਸ ਦੀ ਕੋਈ ਕਿਰਨ ਵੀ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਫਰਵਰੀ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-154




*ਪਹੀਏ ਉਤੇ ਘੁੰਮੇ ਦੁਨੀਆਂ, ਘੁੰਮਦੀ ਹੈ ਇਕਸਾਰ।*
*ਇਕ ਤਾਂ ਸਾਡੇ ਪੰਧ ਲੰਮੇਰੇ, ਦੂਜੀ ਸਮੇਂ ਦੀ ਮਾਰ।*
*ਚੇਨ ਨੇ ਖੋਹਿਆ ਚੈਨ ਅਸਾਡਾ, ਗੱਲ ਸੁਣ ਰਤਾ ਹੋ ਨੇੜੇ,*
*ਮੰਜ਼ਿਲ ਨੇੜੇ ਆਏ ਜਵਾਨਾ! ਰਤਾ ਵੰਡਾਵੀਂ ਭਾਰ।*

## ਕੈਪਸ਼ਨ ਮੁਕਾਬਲਾ-152



ਵੇਲ ਬੂਟੀਆਂ ਵਾਲੇ ਗੜਬੇ,
ਗਲਾਸ ਕੰਗਣੀ ਵਾਲੇ।
ਥਾਲ, ਛੰਨਾ ਤੇ ਫੁਲਕਾਰੀ,
ਲੱਭਣ ਨਾ ਹੁਣ ਭਾਲੇ।
ਘਰੋਂ ਕੱਢੇ ਅਜਾਇਬ ਘਰ ਗਏ,
ਪਏ ਸ਼ੀਸ਼ਿਆਂ ਵਿਚ ਸੰਭਾਲੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਮਸ਼ੀਨੀ ਯੁਗ ਨੇ ਫੇਰਿਆ ਐਸਾ ਝੁਰਲੂ
ਭੋਗ ਪਾ ਦਿੱਤਾ ਦਸਤਕਾਰੀ ਦਾ।
ਠਠਿਆਰ ਬਣਾਉਣਾ ਭਾਂਡੇ ਭੁੱਲੇ
ਕੁੜੀਆਂ ਕੱਢਣਾ ਕਸੀਦਾ ਫੁਲਕਾਰੀ ਦਾ।
ਭੱਤਾ ਲੈ ਹੁਣ ਖੇਤ ਨਾ ਜਾਵੇ ਜੱਟੀ
ਸੂਹਾ ਸਾਲੂ ਤੇ ਲਵੇ ਫੁਲਕਾਰੀ ਨਾ।
ਸਭ ਕੁਝ ਸ਼ਾਨ ਬਣੇ ਅਜਾਇਬ ਘਰਾਂ ਦੀ
ਜਾਂ ਕਿਸੇ ਹੋਟਲ ਦੀ ਅਲਮਾਰੀ ਦਾ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਚੌਕੜੀ ਮਾਰ ਕੇ ਬੈਠ ਜਾਓ
ਉਕਰੀ ਕਲਾ ਜਿੰਦਾ ਹੈ ਇਥੇ।
ਹੱਥ ਬੁਣਤ ਫੁਲਕਾਰੀ ਉਤੇ
ਫੱਬਦੇ ਹਨ- ਥਾਲ, ਛੰਨਾ, ਗਲਾਸ, ਗੜਬਾ।

ਪਰੋਸੋ ਖਾਣਾ, ਲੱਗਦਾ ਸਾਫ-ਸੁਥਰਾ
ਇਹ ਹੈ ਸ਼ਾਹੀ ਭੋਜ।
ਖਾਣ-ਪੀਣ ਦਾ ਵੀ ਮਜ਼ਾ
ਤ੍ਰਿਪਤੀ ਹੁੰਦੀ ਧੁਰ ਮਨ ਤੀਕ।
ਦੇਖਣੇ ਲਈ ਰੁਤਬਾ ਵੀ ਉਚਾ
ਇਨਸਾਨ ਗਦ ਗਦ ਹੋ ਉਠਦਾ।
ਪਦਾਰਥਕ ਯੁਗ, ਪੇਪਰ ਕੱਪ ਪਲੇਟਾਂ
ਨਹੀਂ ਮਕਾਬਲਾ, ਕਲਾ ਹੈ ਇਥੇ।

*-ਦਰਸ਼ਨਪਾਲ ਦੋਸਾਂਝ*
*darshanpaldo@aol.com*

---

ਉਨੀਂਵੀਂ ਤੇ ਵੀਹਵੀਂ ਸਦੀ ਵਿਚ
ਪਿੱਤਲ-ਕਾਂਸੇ ਦੇ ਭਾਂਡਿਆਂ ਦੀ ਭਰਮਾਰ।
ਹਰ ਘਰ ਦੀ ਸੁਆਣੀ ਕਰਦੀ ਸੀ
ਇਨ੍ਹਾਂ ਬਰਤਨਾਂ ਨਾਲ ਪਿਆਰ।
ਛੇ ਮਹੀਨੇ ਜਾਂ ਸਾਲ ਪਿਛੋਂ
ਕਰਾਉਣੀ ਪੈਂਦੀ ਸੀ ਕਲੀ।
ਇੱਕੀਵੀਂ ਸਦੀ ਦੀ ਸੁਆਣੀ ਨੇ
ਚਾੜ੍ਹ'ਤੀ ਪਿੱਤਲ ਤੇ ਕਾਂਸੇ ਦੀ ਬਲੀ।
ਵਿਰਲੇ ਵਿਰਲੇ ਘਰਾਂ 'ਚ ਲੱਭਦੇ ਹੁਣ
ਪਿੱਤਲ ਦੀ ਪਰਾਤ ਤੇ ਕਾਂਸੇ ਦੇ ਛੰਨੇ।
ਪੇਪਰ ਦੇ ਕੱਪ ਅਤੇ ਪਲੇਟਾਂ ਨੇ
ਭਾਂਡੇ ਕਲੀਆਂ ਵਾਲੇ ਲਾ 'ਤੇ ਬੰਨੇ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

## ਕੈਪਸ਼ਨ ਮੁਕਾਬਲਾ-151

ਭੱਠੀਆਂ ਤੇ ਚੁੱਲ੍ਹੇ ਬਣਾਉਣ ਦਾ
ਕਦੇ ਹੁੰਦਾ ਕੰਮ ਸੀ ਨਿਆਰਾ।
ਹਰ ਘਰ ਦੀ ਸੁਆਣੀ ਨੂੰ
ਇਹ ਹੁੰਦਾ ਸੀ ਪਿਆਰਾ।
ਨਵਾਂ ਆਇਆ ਜ਼ਮਾਨਾ
ਆ ਗਏ ਗੈਸ ਚੁੱਲ੍ਹੇ ਸਿਲੰਡਰ।
ਟਾਵੇਂ ਟਾਵੇਂ ਦਿਸਦੇ ਹੁਣ
ਪੰਜਾਬ 'ਚ ਚੁੱਲ੍ਹੇ ਘਰਾਂ ਅੰਦਰ।
ਝੁੱਗੀ ਝੋਪੜੀ ਵਾਲਿਆਂ ਨੇ
ਕਿਥੋਂ ਗੈਸ ਚੁੱਲ੍ਹਾ ਲਿਆਉਣਾ।
ਤਾਹੀਂਓ ਉਨ੍ਹਾਂ ਨੂੰ ਹੱਥੀਂ ਪਿਆ
ਮਿੱਟੀ ਦਾ ਚੁੱਲ੍ਹਾ ਬਣਾਉਣਾ।

*-ਗੋਰਾ ਪ੍ਰਜਾਪਤ, ਨਿਊ ਯਾਰਕ*

# ਧਰਮਿੰਦਰ ਗਾਖਲ ਭਰਾਵਾਂ ਨੂੰ ਮਿਲਣ ਵਾਟਸਨਵਿਲ ਪਹੁੰਚੇ

ਗਾਖਲ ਬ੍ਰਦਰਜ਼ ਐਂਟਰਟੇਨਮੈਂਟ ਵਲੋਂ ਬਣਾਈ ਜਾ ਰਹੀ ਫਿਲਮ "ਸੈਕੰਡ ਹੈਂਡ ਹਸਬੈਂਡ" ਦੇ ਮੁੱਖ ਕਿਰਦਾਰ ਸਦਾਬਹਾਰ ਹੀਰੋ ਧਰਮਿੰਦਰ ਪਿਛਲੇ ਦਿਨੀਂ ਆਪਣੀ ਅਮਰੀਕਾ ਫੇਰੀ ਦੌਰਾਨ ਵਾਟਸਨਵਿਲ (ਕੈਲੀਫੋਰਨੀਆ) ਵਿਚ ਗਾਖਲ ਭਰਾਵਾਂ ਦੇ ਘਰ ਅਤੇ ਉਨ੍ਹਾਂ ਦੇ ਬਿਜਨਸ "ਏ ਐਂਡ ਆਈ ਟਰੱਕਿੰਗ" ਦੇ ਦਫਤਰ ਪਹੁੰਚੇ। ਇਸ ਮੌਕੇ ਧਰਮਿੰਦਰ ਨੇ ਗਾਖਲ ਭਰਾਵਾਂ- ਅਮੋਲਕ ਸਿੰਘ ਗਾਖਲ (ਚੇਅਰਮੈਨ, ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ), ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਵਲੋਂ ਟਰੱਕਿੰਗ ਸਨਅਤ ਵਿਚ ਕੀਤੀ ਗਈ ਤਰੱਕੀ ਅਤੇ ਉਨ੍ਹਾਂ ਵਲੋਂ ਖੇਡਾਂ ਦੇ ਖੇਤਰ ਵਿਚ ਨਿਭਾਏ ਗਏ ਰੋਲ ਦੀ ਉਚੇਚੀ ਪ੍ਰਸ਼ੰਸਾ ਕੀਤੀ। ਉਨ੍ਹਾਂ ਗਾਖਲ ਭਰਾਵਾਂ ਵਲੋਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਵਾਲੇ ਪਾਸੇ ਲਾਉਣ ਲਈ ਵਿੱਢੀ ਗਈ ਮੁਹਿੰਮ ਨੂੰ ਸਹੀ ਦਿਸ਼ਾ ਵੱਲ ਉਠਾਇਆ ਗਿਆ ਕਦਮ ਕਰਾਰ ਦਿੱਤਾ। ਜ਼ਿਕਰਯੋਗ ਹੈ ਕਿ ਗਾਖਲ ਬ੍ਰਦਰਜ਼ ਐਂਟਰਟੇਨਮੈਂਟ ਵਲੋਂ ਬਣਾਈ ਜਾ ਰਹੀ ਉਪਰੋਕਤ ਫਿਲਮ ਜਲਦ ਹੀ ਰਿਲੀਜ਼ ਹੋਣ ਵਾਲੀ ਹੈ। ਇਥੇ ਪੇਸ਼ ਹਨ, ਧਰਮਿੰਦਰ ਦੀ ਇਸ ਫੇਰੀ ਦੌਰਾਨ ਖਿੱਚੀਆਂ ਗਈਆਂ ਕੁਝ ਤਸਵੀਰਾਂ (ਅਮੋਲਕ ਸਿੰਘ ਗਾਖਲ ਨਾਲ ਫੋਨ: 831-247-4637 ਉਤੇ ਸੰਪਰਕ ਕੀਤਾ ਜਾ ਸਕਦਾ ਹੈ)





















# ਭਗਤੀ, ਸ਼ਕਤੀ ਤੇ ਏਕਤਾ ਦੇ ਪੁਜਾਰੀ ਗੁਰੂ ਰਵਿਦਾਸ

ਜਨਮ ਦਿਨ 'ਤੇ ਵਿਸ਼ੇਸ਼

ਇਤਿਹਾਸ ਦੇ ਉਹ ਪੰਨੇ ਰਹਿੰਦੀ ਦੁਨੀਆਂ ਤੱਕ ਚੰਨ ਵਾਂਗ ਚਮਕਦੇ ਰਹਿਣਗੇ, ਜਿਨ੍ਹਾਂ 'ਤੇ ਭਗਵਾਨ ਦੇ ਦੂਜੇ ਰੂਪ ਦਾ ਚਿਤਰਨ ਕੀਤਾ ਗਿਆ ਹੈ। ਅੱਜ ਤੋਂ ਸਦੀਆਂ ਪਹਿਲਾਂ ਮਨੂੰ ਨੇ ਇਸ ਮਨੁੱਖ ਦੀ ਵੰਡ ਕੰਮ ਦੇ ਆਧਾਰ 'ਤੇ ਕੀਤੀ ਸੀ ਪਰ ਮਜ਼ਬ੍ਹਾਂ ਦੇ ਠੇਕੇਦਾਰਾਂ ਨੇ ਕੰਮ ਨੂੰ ਛੱਡ ਕੇ ਚੰਮ ਦੇ ਆਧਾਰ 'ਤੇ ਮਨੁੱਖ ਨਾਲ ਬੇਇਨਸਾਫੀ ਕਰਨੀ ਸ਼ੁਰੂ ਕਰ ਦਿੱਤੀ। ਇਸੇ ਤਰ੍ਹਾਂ ਜਦੋਂ ਇਸ ਸੰਸਾਰ ਦੇ ਕੁਝ ਲੋਕਾਂ ਨੂੰ ਖੂਹਾਂ ਤੋਂ ਪਾਣੀ ਭਰਨ ਦਾ ਹੱਕ ਨਹੀਂ ਸੀ, ਵਿਦਿਆ ਪ੍ਰਾਪਤ ਕਰਨ ਤੋਂ ਵਰਜਿਤ ਸਨ, ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਂਦਾ ਸੀ ਅਤੇ ਉਨ੍ਹਾਂ ਨਾਲ ਪਸ਼ੂਆਂ ਵਾਲਾ ਸਲੂਕ ਕੀਤਾ

**ਐਸ. ਅਸ਼ੋਕ ਭੌਰਾ**

ਜਾਂਦਾ ਸੀ, ਤਦ ਪਰਮਾਤਮਾ ਨੂੰ ਇਨ੍ਹਾਂ ਦੱਬੀਆਂ ਕੁਚਲੀਆਂ ਕੌਮਾਂ ਦੇ ਦੁੱਖ ਸੁਣਨ ਲਈ ਗੁਰੂ ਰਵਿਦਾਸ ਜੀ ਦੇ ਰੂਪ ਵਿਚ ਆਪ ਆਉਣਾ ਪਿਆ। ਗੁਰੂ ਜੀ ਦਾ ਜਨਮ ਚਮੜੇ ਦਾ ਕੰਮ ਕਰਨ ਵਾਲੇ ਇੱਕ ਸਾਧਾਰਨ ਕਿਰਤੀ ਪਰਿਵਾਰ ਵਿਚ ਸੰਮਤ 1456 ਵਿਚ ਬਨਾਰਸ ਦੇ ਪ੍ਰਸਿੱਧ ਸ਼ਹਿਰ ਕਾਸ਼ੀ ਵਿਖੇ ਮਾਘ ਦੀ ਪੂਰਨਮਾਸ਼ੀ ਨੂੰ ਮਾਤਾ ਕਲਸੀ ਦੀ ਕੁੱਖੋਂ ਪਿਤਾ ਸੰਤੋਖ ਦੇ ਘਰ ਹੋਇਆ।

ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਜਨਮ ਸਮੇਂ ਕਈ ਦਿਨ ਦੁੱਧ ਨਾ ਚੁੰਘਿਆ ਤੇ ਰੋਈ ਗਏ। ਤਦ ਪਿਤਾ ਸੰਤੋਖ ਜੀ ਬਹੁਤ ਘਬਰਾ ਗਏ ਤੇ ਸੋਚਿਆ ਕਿ ਹੋ ਸਕਦਾ ਹੈ ਇਹ ਬਾਲਕ ਇਸ ਕਰਕੇ ਰੋਂਦਾ ਹੋਵੇ ਕਿ ਪਰਮਾਤਮਾ ਨੇ ਇਸ ਨੂੰ ਸਾਡੇ ਗਰੀਬਾਂ ਦੇ ਘਰ ਕਿਉਂ ਭੇਜ ਦਿੱਤਾ ਹੈ? ਅਸੀਂ ਨੀਵੀਂ ਜਾਤ ਦੇ ਚਮਾਰ ਚਮੜੇ ਨਾਲ ਦਿਨ ਰਾਤ ਘੁਲਦੇ ਹਾਂ। ਸੋਚ ਵਿਚਾਰ ਕੇ ਰਾਮਾ ਨੰਦ ਜੀ ਪਾਸ ਗਏ ਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਰਾਮਾ ਨੰਦ ਜੀ ਨੇ ਘਰ ਆ ਕੇ ਵੇਖਿਆ ਤਾਂ ਸਿਰ 'ਤੇ ਹੱਥ ਰੱਖ ਕੇ ਆਪ ਮੁਹਾਰੇ ਬਚਨ ਬਿਲਾਸ ਕਰਨ ਲੱਗ ਪਏ। ਹੇ ਬਾਲਕ! ਰੋਣਾ ਠੀਕ ਨਹੀਂ ਹੈ, ਪੁਰਬਲੇ ਜਨਮ ਦਾ ਫਲ ਹੈ, ਉਹ ਪ੍ਰਾਪਤ ਹੋ ਗਿਆ ਹੈ। ਅੱਗੇ ਸੰਭਲ ਕੇ ਚਲਣਾ। ਜੇਕਰ ਸੰਭਲ ਕੇ ਚਲੇਗਾ ਤਾਂ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ। ਉਸੇ ਵੇਲੇ ਗੁਰੂ ਜੀ ਦੁੱਧ ਚੁੰਘਣ ਲੱਗ ਪਏ।

ਜਿਸ ਕੌਮ ਵਿਚ ਆਪ ਨੇ ਜਨਮ ਲਿਆ ਉਸ ਨੂੰ ਸ਼ੂਦਰ ਕਿਹਾ ਜਾਂਦਾ ਸੀ। ਪਿੰਡੋਂ ਜਾਂ ਸ਼ਹਿਰੋਂ ਬਾਹਰ ਹੀ ਨੀਵੀਆਂ ਥਾਂਵਾਂ 'ਤੇ ਰਹਿਣ ਲਈ ਇਸ ਕੌਮ ਨੂੰ ਮਜ਼ਬੂਰ ਕੀਤਾ ਜਾਂਦਾ ਸੀ। ਗਿਆਨ-ਧਿਆਨ ਕਰਨਾ, ਪੜ੍ਹਨਾ, ਲਿਖਣਾ 'ਤੇ ਚੰਗਾ ਪਹਿਰਾਵਾ ਪਾਉਣਾ ਆਦਿ 'ਤੇ ਪਾਬੰਦੀ ਸੀ। ਵੇਲੇ ਦੀ ਹਾਕਮ ਜਮਾਤ ਅਨੁਸਾਰ ਇਹ ਸੇਵਾਦਾਰ ਕੌਮ ਸੀ। ਇਸ ਤੋਂ ਇਲਾਵਾ ਇਸ ਸਾਮੰਤਸ਼ਾਹੀ ਯੁੱਗ ਵਿਚ ਜਨਤਾ ਚੱਕੀਆਂ ਦੇ ਪੁੜਾਂ ਹੇਠ ਪਿਸ ਰਹੀ ਸੀ। ਇੱਕ ਪਾਸੇ ਵਿਦੇਸ਼ੀ ਹਕੂਮਤ ਦੀ ਗੁਲਾਮੀ, ਦੂਜੇ ਪਾਸੇ ਜਾਤੀ ਵੰਡ, ਛੂਤ-ਛਾਤ ਮਨੁੱਖ ਨੂੰ ਜਨਮ ਤੋਂ ਨੀਵਾਂ ਹੋਣ ਦੀਆਂ ਮਨੌਤਾਂ। ਅਜਿਹੇ ਵੇਲੇ ਗੁਰੂ ਰਵਿਦਾਸ ਜੀ ਦੇ ਜਨਮ ਨਾਲੋਂ ਕਰਮ ਦੇ ਸ੍ਰੇਸ਼ਟਤਾ ਦਾ ਪ੍ਰਮੁੱਖ ਵਿਚਾਰ ਦਿੱਤਾ,

ਰਵਿਦਾਸ ਜਨਮ ਕੇ ਕਾਰਨੇ
ਹੋਤ ਨ ਕੋਊ ਨੀਚ॥
ਨਰ ਕੋ ਨੀਚ ਕਰ ਡਾਰ ਹੈ
ਓਛੇ ਕਰਮ ਕੋ ਕੀਚ॥

ਉਨ੍ਹਾਂ ਨੇ ਉਸ ਵੇਲੇ ਦੇ ਸੁਆਰਥੀ ਮਨੂੰਵਾਦੀ ਖਿਆਲਾਂ ਵਿਚ ਗ੍ਰਸੀ ਬ੍ਰਾਹਮਣਸ਼ਾਹੀ ਨੂੰ ਸਪੱਸ਼ਟ ਕੀਤਾ ਕਿ ਕੋਈ ਵੀ ਮਨੁੱਖ ਜਨਮ ਕਰਕੇ ਨੀਵਾਂ ਨਹੀਂ ਹੁੰਦਾ ਸਗੋਂ ਕਰਮ ਕਰਕੇ ਨੀਵਾਂ ਹੁੰਦਾ ਹੈ। ਗੁਰੂ ਰਵਿਦਾਸ ਜੀ ਨੇ 'ਉਚੀ ਕੁਲ ਕੇ ਕਾਰਣੇ ਬ੍ਰਾਹਮਣ ਕੋਇ ਨਾ ਹੋਇ' ਦੀ ਧਾਰਨਾ ਨੂੰ ਹੋਰ ਵੀ ਸਪੱਸ਼ਟ ਕਰਦੇ ਹੋਏ ਧਾਰਮਿਕ ਜਨੂੰਨੀਆਂ ਨੂੰ ਕਿਹਾ ਕਿ ਮਨੁੱਖ ਇਕੋ ਸਰਬ ਵਿਆਪਕ ਸ਼ਕਤੀ ਦੀ ਕਿਰਤੀ ਹੈ। ਉਸ ਅਨੁਸਾਰ ਕੋਈ ਵੀ ਉਚਾ-ਨੀਵਾਂ, ਛੋਟਾ-ਵੱਡਾ ਨਹੀਂ। ਲਿਖਦੇ ਹਨ,

ਰਵਿਦਾਸ ਦੇ ਹੀ ਬੂੰਦ ਸੇ
ਸਭ ਹੀ ਭਯੋ ਵਿਥਾਰ॥
ਮੂਰਖ ਹੈ ਜੋ ਕਰਤ ਹੈ
ਬਰਨ ਅਬਰਨ ਵਿਚਾਰ॥

ਕਹਿੰਦੇ ਹਨ ਕਿ ਉਸ ਵੇਲੇ ਛੂਤ-ਛਾਤ ਫੈਲਾਉਣ ਵਿਚ ਸਭ ਤੋਂ ਵੱਧ ਹਿੱਸਾ ਬ੍ਰਾਹਮਣ ਜਾਤੀ ਦੇ ਲੋਕਾਂ ਨੇ ਪਾਇਆ। ਉਦੋਂ ਦੇ ਹਾਕਮ ਰਾਜਾ ਨਾਗਰ ਮੱਲ ਨੇ ਇੱਕ ਵਾਰ ਬਹੁਤ ਵੱਡਾ ਯੱਗ ਰਚਾਇਆ ਤੇ ਉਸ ਵਿਚ ਗੁਰੂ ਰਵਿਦਾਸ ਜੀ ਨੂੰ ਵੀ ਬੁਲਾਇਆ ਗਿਆ। ਜਦੋਂ ਬ੍ਰਾਹਮਣਾਂ ਨੇ ਗੁਰੂ ਜੀ ਨੂੰ ਯੱਗ ਵਿਚ ਵੇਖਿਆ ਤਾਂ ਉਨ੍ਹਾਂ ਨੇ ਰੌਲਾ ਪਾ ਦਿੱਤਾ ਕਿ ਸ਼ੂਦਰ ਬ੍ਰਾਹਮਣਾਂ ਵਿਚ ਨਹੀਂ ਬੈਠ ਸਕਦਾ। ਇਸ ਤਰ੍ਹਾਂ ਕਰਨ ਨਾਲ ਅਸਾਂ ਦਾ



ਅਪਮਾਨ ਹੁੰਦਾ ਹੈ, ਧਰਮ ਭ੍ਰਿਸ਼ਟ ਹੋਏਗਾ। ਰਵਿਦਾਸ ਭਾਵੇਂ ਭਗਤੀ ਕਰਦਾ ਹੈ ਪਰ ਜਨਮ ਕਰਕੇ ਤਾਂ ਸ਼ੂਦਰ ਹੈ। ਪਰ ਨਾਗਰ ਮੱਲ ਨੇ ਫਿਰ ਵੀ ਗੁਰੂ ਜੀ ਨੂੰ ਯੱਗ ਛੱਡ ਕੇ ਜਾਣ ਲਈ ਨਾ ਕਿਹਾ। ਜਿਸ 'ਤੇ ਬ੍ਰਾਹਮਣ ਬਹੁਤ ਗੁੱਸੇ ਵਿਚ ਆ ਗਏ ਤੇ ਕਹਿਣ ਲੱਗੇ ਕਿ ਹੇ ਰਾਜਨ! ਤੁਸਾਂ ਪੁਰਾਣੇ ਸ਼ਾਸਤਰਾਂ ਦਾ ਅਪਮਾਨ ਕੀਤਾ ਹੈ, ਸਿਮ੍ਰਿਤੀਆਂ, ਬ੍ਰਾਹਮਣਾਂ ਤੇ ਗ੍ਰੰਥਾਂ ਦਾ ਅਪਮਾਨ ਕੀਤਾ ਹੈ। ਸ਼ੂਦਰ ਦਾ ਕੀ ਕੰਮ ਹੈ? ਕਲਯੁਗ ਆ ਗਿਆ ਹੈ। ਅਸੀਂ ਪ੍ਰਸ਼ਾਦ ਨਹੀਂ ਛਕਾਂਗੇ। ਅਸੀਂ ਜਾਂਦੇ ਹਾਂ। ਗੁਰੂ ਜੀ ਬ੍ਰਾਹਮਣਾਂ ਦੀਆਂ ਇਹ ਗੱਲਾਂ ਸੁਣ ਕੇ ਬਹੁਤ ਮੁਸਕਰਾਏ ਤੇ ਇਹ ਸ਼ਬਦ ਉਚਾਰ ਕੇ ਬ੍ਰਾਹਮਣਾਂ ਨੂੰ ਲਾਜਵਾਬ ਕਰ ਦਿੱਤਾ,

ਖਟ ਕਰਮ ਕੁਲ ਸੰਜੁਗਤੁ ਹੈ ਹਰਿ
ਭਗਤਿ ਹਿਰਦੈ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ॥
ਰੇ ਚਿਤ ਚੇਤਿ ਚੇਤ-ਅਚੇਤ॥
ਕਹਿ ਨਾ ਬਾਲਮੀ ਕਹਿ ਦੇਖ॥
ਕਿਸ ਜਾਤਿ ਕੇ ਪਦਹਿ ਅਪਰਿਓ
ਰਾਮ ਭਗਤਿ ਬਿਸੇਖ॥੧॥ਰਹਾਉ॥
ਸੁਆਨ ਸਤ ਅਜਾਤ ਸਭ ਕੇ
ਕ੍ਰਿਸ ਨ ਲਾਵੈ ਹੇਤ॥
ਲੋਗ ਬਪੁਰ ਕਿਆ ਸਗ ਹੈ
ਤੀਨਿ ਲੋਕ ਪ੍ਰਵੇਸ॥੨॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ
ਗਏ ਹਰਿ ਕੈ ਪਾਸ॥
ਐਸ ਦੁਰਮਤਿ ਨਿਸਤਰੇ ਤੂ
ਕਿਉ ਨਾ ਤਰਿ ਰਵਿਦਾਸ॥

ਇਕ ਵਾਰ ਕੁਝ ਸ਼ਰਧਾਲੂਆਂ ਨੇ ਇਕੱਠੇ ਹੋ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਹੇ ਮਹਾਰਾਜ, ਆਪਣੇ ਰਹਿਣ ਲਈ ਚੰਗਾ ਮੰਦਰ ਬਣਾਉ। ਜੋ ਮਾਇਆ ਆਉਂਦੀ ਹੈ, ਉਸ ਨੂੰ ਭੰਡਾਰਿਆਂ ਵਿਚ ਘੱਟ ਵਰਤੋ ਤਾਂ ਗੁਰੂ ਜੀ ਨੇ ਬਚਨ ਕੀਤਾ,

ਊਚੇ ਮੰਦਰ ਸਾਲ ਰਸੋਈ॥
ਏਕ ਘਰੀ ਫੁਨਿ ਰਹਨੁ ਨ ਹੋਈ॥੧॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥
ਜਲ ਗਇਓ ਘਾਸ
ਰਲਿ ਗਇਓ ਮਾਟੀ॥੧॥ਰਹਾਉ॥
ਭਾਈ ਬੰਧ ਕੁਟੰਬ ਸਹੇਰਾ॥
ਓਇਭੀ ਲਾਗੇ ਕਾਢੁ ਸਵੇਰਾ॥੨॥
ਘਰ ਕੀ ਨਾਰਿ ਉਰਹਿ ਤਨ ਲਾਗੀ॥
ਉਹ ਤਉ ਭੂਤੁ ਭੂਤੁ ਕਰਿ ਭਾਗੀ॥੩॥
ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ ਏਕ
ਰਾਮ ਕਹਿ ਛੂਟਿਆ॥੪॥੩॥

ਭਾਵ ਉਚੇ ਸੋਹਣੇ 'ਤੇ ਰਸੋਈਖਾਨੇ ਆਦਿਕ ਅੰਦਰ ਅੰਤਲੇ ਵੇਲੇ ਇੱਕ ਘੜੀ ਵੀ ਨਹੀਂ ਰਹਿਣਾ ਮਿਲਦਾ। ਇਹ ਪੰਜ ਭੂਤਕ ਸਰੀਰ ਮੌਤ ਰੂਪੀ ਅੱਗ ਦੇ ਅੱਗੇ ਸੁੱਕੇ ਹੋਏ ਘਾਹ ਦੀ ਪੰਡ ਵਾਂਗ ਸੜ ਕੇ ਸੁਆਹ ਹੋ ਜਾਂਦਾ ਹੈ। ਇਸੇ ਤਰ੍ਹਾਂ ਪ੍ਰਾਣ ਨਿਕਲ ਜਾਣ 'ਤੇ ਪਰਿਵਾਰ ਦੇ ਜੀਅ ਇਹੋ ਆਖਦੇ ਹਨ ਕਿ ਇਸ ਨੂੰ ਛੇਤੀ ਛੇਤੀ ਲੈ ਚਲੋ ਨਹੀਂ ਤਾਂ ਮੁਰਦਾ ਖਰਾਬ ਹੋ ਜਾਵੇਗਾ। ਜੀਵਨ ਸਾਥਣ ਘਰਵਾਲੀ ਵੀ ਭੂਤ-ਪਰੇਤ ਆਖਣ ਲੱਗ ਜਾਂਦੀ ਹੈ।

ਗੁਰੂ ਰਵਿਦਾਸ ਜੀ ਨੇ ਆਪਣੇ ਵੇਲੇ ਦੀ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਵਿਵਸਥਾ ਨੂੰ ਵਾਚ ਕੇ ਵੇਲੇ ਦੀ ਅੰਧ ਵਿਸ਼ਵਾਸ ਵਿਚ ਫਸੀ, ਕਰਮ ਕਾਂਡੀ ਵਿਹਲੀ ਅਤੇ ਐਸ਼-ਇਸ਼ਰਤ ਕਰ ਰਹੀ ਸ਼੍ਰੇਣੀ ਦੀਆਂ ਲਤਾੜੀਆਂ ਨੀਵੀਆਂ ਕੌਮਾਂ ਨੂੰ ਆਪ ਅਸਲੀ ਰੂਪ ਵਿਚ ਪੇਸ਼ ਹੋ ਕੇ ਗੁਰਬਾਣੀ ਦੇ ਮਾਧਿਅਮ ਰਾਹੀਂ ਚੇਤਨਾ ਦੇ ਕੇ ਨਿਰਸੁਆਰਥ ਸੱਚੇ ਸੁੱਚੇ ਰਾਜ ਦੀ ਸੋਚ ਦਿੱਤੀ ਹੈ। ਉਹ ਲਿਖਦੇ ਹਨ,

ਬੇਗਮਪੁਰਾ ਸ਼ਹਿਰ ਕੋ ਨਾਉਂ॥
ਦੁਖ ਅੰਦੋਹ ਨਹੀਂ ਤਿਹਿ ਠਾਉਂ॥
ਨ ਤਸਵੀਸ ਖਿਰਾਜ ਨਾ ਮਾਲ॥
ਖਉਫ ਨ ਖਤਾ ਨ ਤਰਸ ਜਵਾਲ॥

ਭਾਵ ਜਿਸ ਰਾਜ ਵਿਚ ਹਰ ਮਨੁੱਖ ਬੇਖੌਫ, ਬਰਾਬਰੀ ਅਤੇ ਚਿੰਤਾ ਰਹਿਤ ਜੀਵਨ ਜਿਉਂ ਸਕਦਾ ਹੋਵੇ, ਕਿਸੇ ਨੂੰ ਆਪਣੀਆਂ ਲੋੜਾਂ- ਕੁੱਲੀ, ਗੁਲੀ ਤੇ ਜੁੱਲੀ ਦਾ ਫਿਕਰ ਨਾ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਵਿਚੋਂ ਚਾਲੀ ਸ਼ਬਦ, ਦੋ ਸਲੋਕ 'ਤੇ ਇੱਕ ਆਰਤੀ ਅੰਕਿਤ ਹਨ। ਗੁਰੂ ਜੀ ਨੇ ਅਨੇਕਾਂ ਧਾਰਮਿਕ ਅਸਥਾਨਾਂ ਦੀ ਯਾਤਰਾ ਕੀਤੀ। ਜਾਤ-ਪਾਤ ਦੇ ਭੇਦ-ਭਾਵ ਮਿਟਾ ਕੇ ਪੈਰਾਂ ਹੇਠ ਲਿਤਾੜੀਆਂ ਜਾ ਰਹੀਆਂ ਕੌਮਾਂ ਨੂੰ ਮਨੁੱਖਤਾ ਦੇ ਇੱਕ ਸਾਂਝੇ ਮਦਾਰੇ 'ਤੇ ਇਕੱਠਾ ਕੀਤਾ। ਮੀਰਾਂ ਬਾਈ ਤੇ ਝਾਲਾਂ ਬਾਈ ਵਰਗੀਆਂ ਰਾਣੀਆਂ ਗੁਰੂ ਜੀ ਦੀਆਂ ਚੇਲੀਆਂ ਬਣੀਆਂ। ਵੱਡੇ ਵੱਡੇ ਰਾਜਿਆਂ ਦਾ ਹੰਕਾਰ ਦੂਰ ਕਰਕੇ ਚਰਨੀ ਲਾਇਆ। 'ਐਸਾ ਚਾਹੂ ਰਾਜ ਮੈਂ ਯਹਾਂ ਮਿਲੇ ਸਭਨ ਕੋ ਅੰਨ' ਦਾ ਉਚਾਰਣ ਕੀਤਾ। ਗੁਰੂ ਰਵਿਦਾਸ ਜੀ 28 ਮਾਘ ਸੁਦੀ ਪੂਰਨਮਾਸ਼ੀ ਸੰਮਤ 1575 ਬਿਕਰਮੀ ਮੁਤਾਬਕ 1518 ਈ: ਨੂੰ ਪੰਜ ਭੂਤਕ ਸਰੀਰ ਤਿਆਗ ਕੇ ਪਾਰ ਬ੍ਰਹਮ ਕੋਲ ਚਲੇ ਗਏ। ਅੱਜ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਦ੍ਰਿੜ ਇਰਾਦੇ ਨਾਲ ਚੱਲਣਾ ਹੀ ਉਨ੍ਹਾਂ ਨੂੰ ਇੱਕ ਸੱਚੀ ਸ਼ਰਧਾਂਜਲੀ ਹੈ।

# ਸ਼ੇਰੇ ਪੰਜਾਬ ਅਕੈਡਮੀ ਚਕਰ ਦੀਆਂ ਸ਼ੇਰਨੀਆਂ

**ਪ੍ਰਿੰ. ਸਰਵਣ ਸਿੰਘ**

ਸ਼ੇਰੇ ਪੰਜਾਬ ਅਕੈਡਮੀ ਚਕਰ ਹੁਣ ਫਿਰ ਚਰਚਾ ਵਿਚ ਹੈ। ਇਸ ਅਕੈਡਮੀ ਨੇ ਪੰਜਾਬ ਦੀ ਮੁੱਕੇਬਾਜ਼ੀ ਦਾ ਮਾਣ ਹੋਰ ਵਧਾਇਆ ਹੈ। 10 ਤੋਂ 17 ਜਨਵਰੀ ਤੱਕ ਸਰਬੀਆ ਵਿਚ ਹੋਏ ਚੌਥੇ ਇੰਟਰਨੈਸ਼ਨਲ ਜੂਨੀਅਰ ਮੁੱਕੇਬਾਜ਼ੀ ਕੱਪ ਵਿਚ ਇਸ ਦੀਆਂ ਦੋ ਮੁੱਕੇਬਾਜ਼ਾਂ ਨੇ ਭਾਰਤ ਲਈ ਦੋ ਤਮਗੇ ਜਿੱਤੇ ਹਨ। ਸੀਨੀਅਰ ਸਰਕਾਰੀ ਸਕੂਲ ਚਕਰ ਵਿਚ ਪੜ੍ਹਦੀਆਂ ਮਨਦੀਪ ਕੌਰ ਸੰਧੂ ਤੇ ਹਰਪ੍ਰੀਤ ਕੌਰ ਸਿੱਧੂ ਨੇ ਸੋਨੇ ਤੇ ਚਾਂਦੀ ਦੇ ਮੈਡਲ ਹਾਸਲ ਕੀਤੇ ਹਨ। ਇਹ ਦੋਵੇਂ ਕੁੜੀਆਂ ਸਾਧਾਰਨ ਕਿਸਾਨ ਘਰਾਂ ਦੀਆਂ ਜੰਮਪਲ ਹਨ ਜਿਨ੍ਹਾਂ ਦੇ ਮਾਪੇ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ। ਕਬੱਡੀ ਦੇ ਖਿਡਾਰੀਆਂ ਤੇ ਖਿਡਾਰਨਾਂ ਨੂੰ ਕਰੋੜਾਂ ਰੁਪਿਆਂ ਦੇ ਇਨਾਮ ਦੇਣ ਵਾਲੀ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੌਮਾਂਤਰੀ ਖੇਡ ਮੁੱਕੇਬਾਜ਼ੀ ਵਿਚ ਕੌਮਾਂਤਰੀ ਪੱਧਰ 'ਤੇ ਤਮਗੇ ਜਿੱਤਣ ਵਾਲੀਆਂ ਬੀਬੀਆਂ ਦਾ ਵੀ ਬਣਦਾ ਸਨਮਾਨ ਕਰੇ। ਇਸ ਨਾਲ ਪੰਜਾਬ ਦੇ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ 'ਤੇ ਪੰਜਾਬ ਦਾ ਮਾਣ ਵਧਾਉਣ ਦਾ ਉਤਸ਼ਾਹ ਮਿਲੇਗਾ।

ਚਕਰ ਦੀ ਸ਼ੇਰੇ ਪੰਜਾਬ ਅਕੈਡਮੀ ਸਰਕਾਰੀ ਸਰਪ੍ਰਸਤੀ ਤੋਂ ਵਾਂਝੀ ਹੀ ਖਿਡਾਰੀਆਂ ਦੀ ਪਨੀਰੀ ਤਿਆਰ ਕਰਦੀ ਆ ਰਹੀ ਹੈ। ਮੁੱਕੇਬਾਜ਼ੀ ਤੇ ਫੁੱਟਬਾਲ ਇਸ ਦੀਆਂ ਮੁੱਖ ਖੇਡਾਂ ਹਨ। ਇਸ ਨੂੰ ਕੈਨੇਡਾ ਵਿਚ ਰਹਿੰਦੇ ਚਕਰ ਦੇ ਮਸੀਹੇ ਅਜਮੇਰ ਸਿੰਘ ਸਿੱਧੂ ਤੇ ਬਲਦੇਵ ਸਿੰਘ ਸਿੱਧੂ, ਚਕਰ ਦੇ ਸਪੂਤ ਡਾ. ਬਲਵੰਤ ਸਿੰਘ ਸੰਧੂ ਦੀ ਨਿਗਰਾਨੀ ਹੇਠ ਚਲਾ ਰਹੇ ਹਨ। ਅਜਮੇਰ ਸਿੰਘ ਦਾ ਦਸੰਬਰ ਵਿਚ ਦੇਹਾਂਤ ਹੋ ਗਿਆ ਹੈ ਜਿਸ ਦਾ ਅਕੈਡਮੀ ਤੇ ਪਿੰਡ ਚਕਰ ਨੂੰ ਵੱਡਾ ਸਦਮਾ ਲੱਗਾ ਹੈ। ਇਸ ਅਕੈਡਮੀ ਦੀ ਪ੍ਰਾਪਤੀ ਰੋਜ਼ਾਨਾ ਦੋ ਸੌ ਤੋਂ ਵੱਧ ਬੱਚੇ-ਬੱਚੀਆਂ ਨੂੰ ਕਸਰਤਾਂ ਕਰਾਉਣਾ ਤੇ ਖੇਡਾਂ ਦੀ ਟ੍ਰੇਨਿੰਗ ਦੇਣਾ ਹੈ। ਖੇਡਾਂ ਦਾ ਸਮਾਨ, ਟ੍ਰੈਕ ਸੂਟ, ਰਨਿੰਗ ਸ਼ੂਅ, ਲੋੜੀਂਦੀ ਰਿਫਰੈਸ਼ਮੈਂਟ, ਕੋਚਿੰਗ ਤੇ ਖੇਡ ਮੁਕਾਬਲਿਆਂ ਲਈ ਲਿਜਾਣ-ਲਿਆਉਣ ਦੇ ਪ੍ਰਬੰਧ ਅਕੈਡਮੀ ਵਲੋਂ ਕੀਤੇ ਜਾਂਦੇ ਹਨ। ਵਿਸ਼ੇਸ਼ ਗੱਲ ਇਹ ਕਿ ਲੜਕੀਆਂ ਵੀ ਲੜਕਿਆਂ ਵਾਂਗ ਹੀ ਖੇਡਾਂ ਵਿਚ ਭਾਗ ਲੈਂਦੀਆਂ ਹਨ।

ਮੁੱਕੇਬਾਜ਼ੀ ਵਰਗੀ ਜੁਝਾਰੂ ਖੇਡ ਵਿਚ ਚਕਰ ਦੀਆਂ ਸ਼ੇਰਨੀਆਂ ਨੇ ਪੰਜਾਬ, ਭਾਰਤ ਤੇ ਕੌਮਾਂਤਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਹਨ। 2006 ਵਿਚ ਸ਼ੁਰੂ ਹੋਈ ਇਸ ਅਕੈਡਮੀ ਦੀ ਪਹਿਲੀ ਮੁੱਕੇਬਾਜ਼ ਸ਼ਵਿੰਦਰ ਕੌਰ 2012 ਦੀ ਜੂਨੀਅਰ ਨੈਸ਼ਨਲ ਬਾਕਸਿੰਗ ਚੈਂਪੀਅਨ ਬਣੀ ਤੇ ਭਾਰਤ ਦੀ ਸਰਬੋਤਮ ਮੁੱਕੇਬਾਜ਼ ਐਲਾਨੀ ਗਈ। ਉਹ ਭਾਰਤੀ ਟੀਮ ਦੀ ਮੈਂਬਰ ਬਣ ਕੇ ਸ੍ਰੀ ਲੰਕਾ ਦਾ ਬਾਕਸਿੰਗ ਕੱਪ ਖੇਡੀ। ਸੁਖਦੀਪ ਚਕਰੀਆ ਨੈਸ਼ਨਲ ਚੈਂਪੀਅਨ ਬਣਿਆ, ਦੇਸ਼ ਦਾ ਸਰਬੋਤਮ ਮੁੱਕੇਬਾਜ਼ ਐਲਾਨਿਆ ਗਿਆ ਜੋ 3 ਸਾਲਾਂ ਤੋਂ ਭਾਰਤ ਵਲੋਂ ਕੌਮਾਂਤਰੀ ਮੁਕਾਬਲੇ ਲੜ ਰਿਹੈ। ਉਸ ਦੀ ਭੈਣ ਪਰਮਿੰਦਰ ਇੰਟਰਵਰਸਿਟੀ ਚੈਂਪੀਅਨ ਬਣੀ ਤੇ ਕੌਮੀ ਪੱਧਰ 'ਤੇ ਮੈਡਲ ਜਿੱਤ ਰਹੀ ਹੈ। ਸ਼ਵਿੰਦਰ ਕੌਰ ਨੇ ਵੀ ਨੈਸ਼ਨਲ ਪੱਧਰ 'ਤੇ ਮੱਲਾਂ ਮਾਰੀਆਂ ਹਨ। ਅਮਨਦੀਪ ਪੰਜਾਬ ਦੀ ਚੈਂਪੀਅਨ ਬਣੀ ਤੇ ਸੀਨੀਅਰ ਨੈਸ਼ਨਲ ਵਿਚ ਜਿੱਤ ਮੰਚ 'ਤੇ ਚੜ੍ਹੀ।

ਅਮਨਦੀਪ ਦੀ ਛੋਟੀ ਭੈਣ ਸਿਮਰਨਜੀਤ ਕੌਰ ਚਕਰ ਨੈਸ਼ਨਲ ਚੈਂਪੀਅਨ ਬਣਨ ਉਪਰੰਤ 2013 ਵਿਚ 'ਦੂਜੀ ਗੋਲਡਨ ਗਲੱਵਜ਼ ਇੰਟਰਨੈਸ਼ਨਲ ਯੂਥ ਬਾਕਸਿੰਗ ਚੈਂਪੀਅਨਸ਼ਿਪ' ਖੇਡਣ ਸਰਬੀਆ ਗਈ। ਸਤੰਬਰ 2013 ਵਿਚ ਉਸ ਨੇ ਬੁਲਗਾਰੀਆ ਵਿਖੇ ਹੋਈ 'ਯੂਥ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ' ਵਿਚੋਂ ਕਾਂਸੀ ਦਾ ਮੈਡਲ ਜਿੱਤਿਆ। ਉਥੇ ਤੇਤੀ ਦੇਸ਼ਾਂ ਦੀਆਂ ਮੁੱਕੇਬਾਜ਼ ਪਹੁੰਚੀਆਂ ਸਨ। ਭਾਰਤ ਦੇ ਦੋ ਮੈਡਲਾਂ ਵਿਚੋਂ ਇਕ ਮੈਡਲ ਚਕਰ ਦੀ ਅਕੈਡਮੀ ਯਾਨਿ ਪੰਜਾਬ ਦਾ ਸੀ। ਇਹ ਵੱਖਰੀ ਗੱਲ ਸੀ ਕਿ ਪੰਜਾਬ ਸਰਕਾਰ ਨੇ ਕਬੱਡੀ ਦੀਆਂ ਖਿਡਾਰਨਾਂ ਨੂੰ ਤਾਂ ਕਾਰਾਂ ਤਕ ਦੇ ਇਨਾਮ ਦਿੱਤੇ ਪਰ ਵਰਲਡ ਬਾਕਸਿੰਗ ਵਿਚ ਤੀਜਾ ਸਥਾਨ ਹਾਸਲ ਕਰਨ ਵਾਲੀ ਚਕਰ ਦੀ ਸ਼ੇਰਨੀ ਨੂੰ ਵਧਾਈ ਵੀ ਨਾ ਦੇ ਸਕੀ।

ਜਿਸ ਮਨਦੀਪ ਕੌਰ ਨੇ ਹੁਣ ਗੋਲਡ ਮੈਡਲ ਜਿੱਤਿਆ ਹੈ, ਉਹ ਅਜੇ ਗਿਆਰਵੀਂ 'ਚ ਪੜ੍ਹਦੀ ਹੈ। ਬੜੀ ਹੋਣਹਾਰ ਖਿਡਾਰਨ ਹੈ ਜਿਸ ਤੋਂ ਵੱਡੀਆਂ ਆਸਾਂ ਹਨ। ਉਹ ਤੀਜੀ ਜਮਾਤ 'ਚ ਪੜ੍ਹਦਿਆਂ ਹੀ ਸ਼ੇਰੇ ਪੰਜਾਬ ਅਕੈਡਮੀ ਵਿਚ ਟ੍ਰੇਨਿੰਗ ਲੈਣ ਲੱਗ ਪਈ ਸੀ। ਉਹ ਤਿੰਨ ਵਾਰ ਨੈਸ਼ਨਲ ਚੈਂਪੀਅਨ ਬਣੀ ਤੇ ਉਸ ਦੀ ਚੋਣ 2020 ਵਿਚ ਹੋਣ ਜਾ ਰਹੀਆਂ ਉਲੰਪਿਕ ਖੇਡਾਂ ਦੀ ਸੰਭਾਵਤ ਮੁੱਕੇਬਾਜ਼ ਵਜੋਂ ਹੋ ਚੁੱਕੀ ਹੈ। ਚਾਂਦੀ ਦਾ ਤਮਗਾ ਜਿੱਤਣ ਵਾਲੀ ਹਰਪ੍ਰੀਤ ਕੌਰ ਵੀ ਏਸ਼ੀਅਨ ਤੇ ਕਾਮਨਵੈਲਥ ਖੇਡਾਂ ਦਾ ਮੈਡਲ ਜਿੱਤਣ ਵਾਲੀ ਮੁੱਕੇਬਾਜ਼ ਬਣ ਸਕਦੀ ਹੈ। ਨੈਸ਼ਨਲ ਪੱਧਰ 'ਤੇ ਚਾਂਦੀ ਦਾ ਤਮਗਾ ਜਿੱਤਣ ਵਾਲੀ ਮਨਪ੍ਰੀਤ ਕੌਰ ਤੇ ਹੋਣਹਾਰ ਮੁੱਕੇਬਾਜ਼ ਮੁਸਕਾਨ ਸਿੱਧੂ ਤੋਂ ਵੀ ਬੜੀਆਂ ਆਸਾਂ ਹਨ।

ਚਕਰ ਦੀ ਸ਼ੇਰੇ ਪੰਜਾਬ ਅਕੈਡਮੀ ਹੋਰਨਾਂ ਖੇਡ ਅਕੈਡਮੀਆਂ ਲਈ ਮਾਡਲ ਹੈ। ਐਨ. ਆਰ. ਆਈ. ਖੇਡ ਪ੍ਰਮੋਟਰਾਂ ਨੂੰ ਚਾਹੀਦਾ ਹੈ ਕਿ ਉਹ ਨਿਰੇ ਕਬੱਡੀ ਟੂਰਨਾਮੈਂਟ ਕਰਾਈ ਜਾਣ ਦੀ ਥਾਂ ਅਜਿਹੀਆਂ ਅਕੈਡਮੀਆਂ ਚਲਾਉਣ। ਪੰਜਾਬ ਸਰਕਾਰ ਨੂੰ ਵੀ ਐਸੀਆਂ ਅਕੈਡਮੀਆਂ ਦਾ ਸਾਥ ਦੇਣਾ ਚਾਹੀਦਾ ਹੈ।

## ਕੁਝ ਸਾਬਕਾ ਪ੍ਰਧਾਨ ਮੰਤਰੀਆਂ ਨੇ ਦੇਸ਼ ਦੀ ਸੁਰੱਖਿਆ ਦਾਅ 'ਤੇ ਲਾਈ: ਪਰੀਕਰ

**ਨਵੀਂ ਦਿੱਲੀ:** ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਇਹ ਕਹਿ ਕੇ ਨਵਾਂ ਵਿਵਾਦ ਛੇੜ ਦਿੱਤਾ ਕਿ ਦੇਸ਼ ਦੇ ਕੁਝ ਸਾਬਕਾ ਪ੍ਰਧਾਨ ਮੰਤਰੀਆਂ ਨੇ ਕੌਮੀ ਸੁਰੱਖਿਆ ਦਾਅ 'ਤੇ ਲਾਈ ਰੱਖੀ। ਇਸ ਵਿਰੁੱਧ ਕਾਂਗਰਸ ਨੇ ਝੰਡਾ ਚੁੱਕ ਲਿਆ ਹੈ ਤੇ ਕਿਹਾ ਹੈ ਕਿ ਮੰਤਰੀ ਇਸ ਦਾ ਸਬੂਤ ਪੇਸ਼ ਕਰੇ ਜਾਂ ਜਨਤਕ ਮੁਆਫ਼ੀ ਮੰਗੇ।

ਰੱਖਿਆ ਮੰਤਰੀ ਨੇ ਇਕ ਹਿੰਦੀ ਹਫਤਾਵਾਰੀ ਰਸਾਲੇ ਦਾ ਵਿਸ਼ੇਸ਼ ਅੰਕ ਜਾਰੀ ਕਰਨ ਮੌਕੇ ਕਿਹਾ, "ਦੇਸ਼ ਦੀ ਸੁਰੱਖਿਆ ਦਾ ਮੁੱਦਾ ਸਭ ਤੋਂ ਉਪਰ ਹੈ, ਪਰ ਕੁਝ ਅਜਿਹੇ ਪ੍ਰਧਾਨ ਮੰਤਰੀ ਸਨ, ਜਿਨ੍ਹਾਂ ਨੇ ਇਸ ਨੂੰ ਦਾਅ 'ਤੇ ਲਾਇਆ।"

# ਬੜੂ ਸਾਹਿਬ ਦੀ ਟੀਮ ਨੇ ਦਿੱਤਾ ਹੋਕਾ

**ਸ਼ਾਰਲਟ, ਨਾਰਥ ਕੈਰੋਲਾਈਨਾ (ਜੁਗਰਾਜ ਗਿੱਲ):** ਇਥੋਂ ਦੇ ਗੁਰਦੁਆਰਾ ਸਾਹਿਬ ਵਿਚ ਕਲਗੀਧਰ ਸੁਸਾਇਟੀ ਬੜੂ ਸਾਹਿਬ (ਭਾਰਤ) ਦੀ ਟੀਮ ਪਹੁੰਚੀ। ਇਸ ਮੌਕੇ ਬੀਬੀ ਅਮਰਪ੍ਰੀਤ ਕੌਰ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕੁਝ ਸਾਲਾਂ ਵਿਚ ਪੰਜਾਬੀ ਭਾਸ਼ਾ ਖਤਮ ਹੋਣ ਬਾਰੇ ਖਬਰਾਂ ਨਸ਼ਰ ਹੋਈਆਂ ਸਨ; ਐਪਰ ਕੁਝ ਮਹਾਂਪੁਰਸ਼ ਇਸ ਅਣਹੋਣੀ ਨੂੰ ਠੱਲ੍ਹ ਪਾਉਣ ਲਈ ਯਤਨਸ਼ੀਲ ਹਨ। ਇਨ੍ਹਾਂ ਮਹਾਂਪੁਰਸ਼ਾਂ ਵਿਚ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲੇ ਬੇਹੱਦ ਸਰਗਰਮ ਹਨ ਅਤੇ 90 ਸਾਲ ਦੀ ਉਮਰ ਵਿਚ ਵੀ ਸੰਸਾਰ ਭਰ ਦਾ ਦੌਰਾ ਕਰ ਕੇ ਪ੍ਰਚਾਰ ਤੇ ਪ੍ਰਸਾਰ ਵਿਚ ਜੁਟੇ ਹੋਏ ਹਨ। ਸੰਤ ਅਤਰ ਸਿੰਘ ਜੀ ਨੇ 100 ਸਾਲ ਪਹਿਲਾਂ ਕਹਿ ਦਿੱਤਾ ਸੀ ਕਿ ਜਿੰਨਾ ਚਿਰ ਆਧੁਨਿਕ ਅਤੇ ਗੁਰਮਤਿ ਸਿੱਖਿਆ ਦਾ ਸੁਮੇਲ ਨਹੀਂ ਹੋਵੇਗਾ, ਤਦ ਤੱਕ ਸਮਾਜ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ ਤੇ ਸਮਾਜ ਬੇਈਮਾਨੀ, ਨਸ਼ਿਆਂ ਤੇ ਪਤਿਤਪੁਣੇ ਵੱਲ ਵਧਦਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਬਾਬਾ ਇਕਬਾਲ ਸਿੰਘ ਨੇ ਉਚ ਅਫਸਰ ਵਾਲੀ ਸਰਕਾਰੀ ਨੌਕਰੀ ਇਮਾਨਦਾਰੀ ਨਾਲ ਕਰਨ ਤੋਂ ਬਾਅਦ, ਰਿਟਾਇਰ ਹੋ ਕੇ ਪਹਿਲਾਂ ਸਿਰਫ 5 ਬੱਚਿਆਂ ਨੂੰ ਪੜ੍ਹਾਉਣ ਲਈ ਇਕ ਕੱਚੇ ਕਮਰੇ ਦਾ ਸਕੂਲ ਸ਼ੁਰੂ ਕੀਤਾ ਸੀ ਅਤੇ ਹੁਣ ਇਹ ਸਕੂਲ ਦਰੱਖਤ ਵਾਂਗ ਫੈਲ ਗਿਆ ਹੈ। ਹੁਣ ਤੱਕ ਉਨ੍ਹਾਂ 129 ਵਧੀਆ ਸਕੂਲ, ਕਾਲਜ ਚਾਲੂ ਕਰਵਾਏ ਹਨ। ਇਨ੍ਹਾਂ ਵਿਚੋਂ ਇਕ ਸਕੂਲ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿਚ ਹੈ, ਬਾਕੀ ਸਾਰੇ 128 ਸਕੂਲ ਪਿੰਡਾਂ ਵਿਚ ਹਨ। ਇਨ੍ਹਾਂ ਸਕੂਲਾਂ ਵਿਚ ਸਿੱਖਿਆ ਲੈ ਰਹੇ ਬੱਚੇ ਆਪਣੇ ਮਾਪਿਆਂ ਅਤੇ ਹੋਰਾਂ ਨੂੰ ਵੀ ਨਸ਼ਿਆਂ ਤੇ ਹੋਰ ਕੁਰਹਿਤਾਂ ਤੋਂ ਵਰਜ ਰਹੇ ਹਨ। ਇਕ ਪੇਂਡੂ ਬੱਚਾ ਇਨ੍ਹਾਂ ਵਿਚੋਂ ਇਕ ਸਕੂਲ ਵਿਚ ਪੜ੍ਹ ਕੇ ਦੁਨੀਆਂ ਦੀ ਪ੍ਰਸਿੱਧ ਪ੍ਰਯੋਗਸ਼ਾਲਾ 'ਨਾਸਾ' ਵਿਚ ਵਿਗਿਆਨੀ ਹੈ। ਇਕ ਬੱਚਾ ਆਈ.ਏ.ਐਸ. ਹੈ। ਸੀ.ਆਈ.ਡੀ. (ਪੰਜਾਬ) ਨੇ ਸਰਕਾਰੀ ਰਿਪੋਰਟ ਵਿਚ ਲਿਖਿਆ ਹੈ ਕਿ ਇਨ੍ਹਾਂ ਸਕੂਲਾਂ ਦੇ 25 ਮੀਲ ਦੇ ਘੇਰੇ ਵਿਚ ਨਸ਼ਿਆਂ ਤੇ ਜੁਰਮਾਂ ਨੂੰ ਸਕੂਲਾਂ ਦੀ ਸਿੱਖਿਆ ਕਾਰਨ ਠੱਲ੍ਹ ਪੈ ਰਹੀ ਹੈ।

ਮੰਚ ਸੰਚਾਲਕਾ ਬੀਬੀ ਰਵੀਦੀਪ ਕੌਰ ਮੁਕਤਾ (ਜੋ ਸਭ ਤੋਂ ਪਹਿਲੇ ਪੰਜ ਵਿਦਿਆਰਥੀਆਂ ਵਿਚੋਂ ਇਕ ਹੈ), ਨੇ ਦੱਸਿਆ ਕਿ ਬੜੂ ਸਾਹਿਬ ਦੇ 129 ਸਕੂਲਾਂ ਤੋਂ ਇਲਾਵਾ ਦੋ ਯੂਨੀਵਰਸਿਟੀਆਂ, ਤਿੰਨ ਨਸ਼ਾ ਛੁਡਾਊ ਕੇਂਦਰ, ਇਕ ਹਸਪਤਾਲ ਤੇ 2500 ਪੇਂਡੂ ਅਧਿਆਪਕ ਸਿਖਲਾਈ ਸਿੱਖਿਆ ਕੇਂਦਰਾਂ ਵਿਚੋਂ ਕੁਝ ਚਾਲੂ ਹਨ ਤੇ ਕੁਝ ਉਸਾਰੀ ਅਧੀਨ ਹਨ। ਸਾਲ 2020 ਤੱਕ 500 ਸਕੂਲ ਬਣਾ ਕੇ ਚਾਲੂ ਕਰਨ ਦਾ ਟੀਚਾ ਹੈ ਜਿਨ੍ਹਾਂ ਵਿਚ ਦੂਜੇ ਸਿੱਖਿਆ ਬੋਰਡ ਅਤੇ ਕਾਨਵੈਂਟ ਸਿੱਖਿਆ ਨਾਲ ਜੁੜੇ ਸਕੂਲਾਂ ਤੋਂ ਘੱਟ ਫੀਸ ਲੈ ਕੇ ਵਧੀਆ ਸਿੱਖਿਆ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਨੇੜੇ ਤਲਵੰਡੀ ਸਾਬੋ ਕੀ ਮੰਡੀ ਵਿਚ ਗੁਰੂ ਕੀ ਕਾਸ਼ੀ ਆਧੁਨਿਕ ਯੂਨੀਵਰਸਿਟੀ ਉਸਾਰੀ ਅਧੀਨ ਹੈ। ਇਸ ਦਾ ਬਜਟ 500 ਕਰੋੜ ਰੁਪਏ ਹੈ ਜਿਸ ਵਿਚੋਂ 100 ਕਰੋੜ ਰੁਪਏ ਬੈਂਕ ਤੋਂ ਕਰਜ਼ਾ ਲਿਆ ਗਿਆ ਹੈ। ਪਹਿਲਾ ਫੇਜ਼ ਮੁਕੰਮਲ ਹੋਣ ਪਿਛੋਂ ਸਰਕਾਰ ਤੋਂ ਮਨਜ਼ੂਰੀ ਮਿਲ ਚੁੱਕੀ ਹੈ। ਇਸ ਯੂਨੀਵਰਸਿਟੀ 'ਚ ਗੁਰੂ ਗ੍ਰੰਥ ਸਾਹਿਬ ਨੂੰ ਦੁਨੀਆਂ ਦੀ ਹਰ ਭਾਸ਼ਾ 'ਚ ਛਾਪ ਕੇ ਸੰਸਾਰ ਨੂੰ ਗੁਰਬਾਣੀ ਤੇ ਸਿੱਖ ਧਰਮ ਨਾਲ ਜੋੜਿਆ ਜਾਵੇਗਾ; ਨਸ਼ਿਆਂ, ਪਤਿਤਪੁਣੇ ਤੇ ਬੇਈਮਾਨੀ ਤੋਂ ਰੋਕਿਆ ਜਾਵੇਗਾ।

ਬੀਬੀ ਮੁਕਤਾ ਨੇ ਦੱਸਿਆ ਕਿ 6450 ਪਿੰਡਾਂ ਦੇ 60,000 ਪੇਂਡੂ ਬੱਚੇ 129 ਸਕੂਲਾਂ ਵਿਚ ਪੜ੍ਹ ਰਹੇ ਹਨ। ਇਹੀ ਨਹੀਂ, 4162 ਅਧਿਆਪਕ ਦੇਸ਼-ਵਿਦੇਸ਼ ਵਿਚ ਵਾਲੰਟੀਅਰ ਹਨ। ਅਕਾਲ ਯੂਨੀਵਰਸਿਟੀ (ਗੁਰੂ ਕੀ ਕਾਸ਼ੀ, ਤਲਵੰਡੀ ਸਾਬੋ) ਨੂੰ ਸੰਤ ਅਤਰ ਸਿੰਘ ਮਸਤੂਆਣਾ ਟਰੱਸਟ ਨੇ 42 ਏਕੜ ਜ਼ਮੀਨ ਦਾਨ ਦਿੱਤੀ ਹੈ। ਬੜੂ ਸਾਹਿਬ ਟੀਮ ਨੇ ਸੰਗਤ ਨੂੰ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਾਨ ਦੇਣ ਦੀ ਬੇਨਤੀ ਕੀਤੀ। ਹੋਰ ਜਾਣਕਾਰੀ ਲਈ www.barusahib.org ਜਾਂ ਰਵੀਦੀਪ ਕੌਰ ਮੁਕਤਾ (972-693-1077) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਿੱਖਿਆ ਵਿਭਾਗ ਵਲੋਂ ਸਰਕਾਰੀ ਸਕੂਲਾਂ ਬਾਰੇ ਰਿਪੋਰਟ ਸ਼ੱਕੀ ਕਰਾਰ

**ਚੰਡੀਗੜ੍ਹ:** ਪੰਜਾਬ ਦਾ ਸਿੱਖਿਆ ਵਿਭਾਗ, 'ਐਨੂਅਲ ਸਟੇਟਸ ਆਫ਼ ਐਜੂਕੇਸ਼ਨ ਰਿਪੋਰਟ' (ਅਸਰ) ਵਲੋਂ ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਡਿੱਗ ਰਹੇ ਮਿਆਰ ਦੀ ਅਧਿਐਨ ਰਿਪੋਰਟ ਨੂੰ ਮੰਨਣ ਲਈ ਤਿਆਰ ਨਹੀਂ ਤੇ ਇਸ ਬਾਰੇ ਸੱਚ ਜਾਣਨ ਲਈ ਆਪਣੇ ਪੱਧਰ 'ਤੇ ਅਧਿਐਨ ਕਰਵਾਏਗਾ। ਸੂਬੇ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨਾਲ ਮੀਟਿੰਗ ਦੌਰਾਨ ਸੈਂਟਰ ਹੈਡ ਟੀਚਰਾਂ ਨੇ 'ਅਸਰ' ਵਲੋਂ ਕੀਤੇ ਅਧਿਐਨ ਨੂੰ ਸਕੂਲ ਮੁਖ਼ੀਆਂ ਨੇ ਤਰਕਹੀਣ ਕਰਾਰ ਦਿੱਤਾ ਹੈ।

ਸਕੂਲ ਮੁਖੀਆਂ ਦੀ ਦਲੀਲ ਤੋਂ ਬਾਅਦ ਸਿੱਖਿਆ ਮੰਤਰੀ ਡਾ. ਚੀਮਾ ਨੇ ਸਕੂਲਾਂ ਵਿਚ ਪੜ੍ਹਾਈ ਦੇ ਮਿਆਰ ਬਾਰੇ ਸਿੱਖਿਆ ਵਿਭਾਗ ਵਲੋਂ ਆਪਣੇ ਪੱਧਰ 'ਤੇ ਅਧਿਐਨ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ। ਸਿੱਖਿਆ ਮੰਤਰੀ ਨੇ ਇਸ ਫ਼ੈਸਲੇ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਮੁੱਢਲੇ ਤੌਰ 'ਤੇ ਮੁਹਾਲੀ ਜ਼ਿਲ੍ਹੇ ਦੇ 20 ਸਕੂਲਾਂ ਦੀ ਚੋਣ ਕਰਕੇ 'ਅਸਰ' ਦੇ ਆਧਾਰ 'ਤੇ ਕੀਤੇ ਅਧਿਐਨ ਦੇ ਮੁਤਾਬਕ ਰਿਪੋਰਟ ਤਿਆਰ ਕਰਨ ਦੀ ਹਦਾਇਤ ਕੀਤੀ ਗਈ ਹੈ। ਸਿੱਖਿਆ ਮੰਤਰੀ ਅਨੁਸਾਰ ਸਰਕਾਰੀ ਸਕੂਲਾਂ ਦੇ ਮੁਖੀਆਂ ਨੇ ਆਖਿਆ ਹੈ ਕਿ 'ਅਸਰ' ਵਲੋਂ ਜਿਸ ਤਰ੍ਹਾਂ ਦੇ ਤੱਥ ਸਾਹਮਣੇ ਲਿਆਂਦੇ ਗਏ ਹਨ ਉਹ ਸੱਚਾਈ ਤੋਂ ਦੂਰ ਹਨ। ਸਿੱਖਿਆ ਮੰਤਰੀ ਵਲੋਂ 'ਅਸਰ' ਦੀ ਰਿਪੋਰਟ ਆਉਣ ਤੋਂ ਬਾਅਦ ਸੈਂਟਰ ਹੈੱਡ ਟੀਚਰਾਂ ਨਾਲ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਦੇ ਮੁੱਦੇ 'ਤੇ ਮੀਟਿੰਗ ਬੁਲਾਈ ਗਈ ਸੀ। ਬਹੁ ਗਿਣਤੀ ਸਕੂਲ ਮੁਖੀਆਂ ਨੇ ਜਦੋਂ ਇਸ ਰਿਪੋਰਟ ਨੂੰ ਚੁਣੌਤੀ ਦੇ ਦਿੱਤੀ ਤਾਂ ਸਿੱਖਿਆ ਮੰਤਰੀ ਨੇ ਆਖਿਆ ਕਿ ਇਸ ਰਿਪੋਰਟ ਦੀ ਪੁਸ਼ਟੀ ਕਰਨ ਲਈ ਵਿਭਾਗ ਵਲੋਂ ਅਧਿਐਨ ਕਰਵਾਇਆ ਜਾਣਾ ਚਾਹੀਦਾ ਹੈ। ਡਾ. ਚੀਮਾ ਨੇ ਆਖਿਆ ਕਿ ਮੁਹਾਲੀ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਗਈ ਹੈ ਕਿ ਸਿੱਖਿਆ ਦੇ ਮਿਆਰ ਸਬੰਧੀ ਅਧਿਐਨ ਲਈ ਇਕ ਟੀਮ ਬਣਾਈ ਜਾਵੇ ਤੇ ਇਸ ਲਈ ਜ਼ਿਲ੍ਹੇ ਦੇ 20 ਦਿਹਾਤੀ ਸਕੂਲਾਂ ਦੀ ਚੋਣ ਕੀਤੀ ਜਾਵੇ। ਸ੍ਰੀ ਚੀਮਾ ਨੇ ਆਖਿਆ ਕਿ ਹੋਰਨਾਂ ਜ਼ਿਲ੍ਹਿਆਂ ਵਿਚ ਵੀ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਦਾ ਗਠਨ ਕਰਕੇ ਇਸ ਤਰ੍ਹਾਂ ਦਾ ਅਧਿਐਨ ਕਰਾਇਆ ਜਾਵੇਗਾ। ਉਨ੍ਹਾਂ ਆਖਿਆ ਕਿ 'ਅਸਰ' ਬਿਨਾਂ ਸ਼ੱਕ ਕੌਮੀ ਪੱਧਰ ਦੀ ਵੱਕਾਰੀ ਸੰਸਥਾ ਹੈ ਪਰ ਜੇਕਰ ਸਕੂਲ ਮੁਖੀਆਂ ਤੇ ਅਧਿਆਪਕਾਂ ਨੇ ਅਧਿਐਨ ਰਿਪੋਰਟ 'ਤੇ ਸਵਾਲ ਖੜ੍ਹਾ ਕੀਤਾ ਹੈ ਉਸ ਦੀ ਪੁਸ਼ਟੀ ਕਰਨੀ ਵਿਭਾਗ ਦੀ ਜ਼ਿੰਮੇਵਾਰੀ ਬਣਦੀ ਹੈ।

ਜ਼ਿਕਰਯੋਗ ਹੈ ਕਿ 'ਅਸਰ' ਨੇ ਹਾਲ ਹੀ ਪੰਜਾਬ ਦੇ ਸਰਕਾਰ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਦੀ ਤਸਵੀਰ ਪੇਸ਼ ਕਰਦਿਆਂ ਦਾਅਵਾ ਕੀਤਾ ਸੀ ਕਿ 12.1 ਫੀਸਦੀ ਬੱਚੇ ਅੱਖਰਾਂ ਦੀ ਪਛਾਣ ਨਹੀਂ ਕਰ ਸਕਦੇ। ਇਸੇ ਤਰ੍ਹਾਂ 11.9 ਫੀਸਦੀ ਬੱਚਿਆਂ ਤੋਂ 1 ਤੋਂ 9 ਅੰਕ ਤੱਕ ਦੀ ਪਛਾਣ ਨਹੀਂ ਹੁੰਦੀ। ਸਰਕਾਰੀ ਸਕੂਲਾਂ ਵਿਚ ਅੱਠਵੀਂ ਜਮਾਤ ਵਿਚ ਪੜ੍ਹ ਰਹੇ 32.5 ਫੀਸਦੀ ਬੱਚੇ ਤਾਂ ਅੰਗਰੇਜ਼ੀ ਦੇ ਸ਼ਬਦਾਂ ਦੇ ਅਰਥ ਵੀ ਨਹੀਂ ਜਾਣਦੇ ਤੇ 22.1 ਫੀਸਦੀ ਬੱਚਿਆਂ ਨੂੰ ਵਾਕਾਂ ਦੇ ਅਰਥ ਪਤਾ ਹੀ ਨਹੀਂ। ਜੇਕਰ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਬੱਚਿਆਂ ਦੀ ਔਸਤ ਦੇਖੀ ਜਾਵੇ ਤਾਂ 40.6 ਫੀਸਦੀ ਬੱਚਿਆਂ ਨੂੰ ਸ਼ਬਦਾਂ ਦੇ ਅਰਥਾਂ ਬਾਰੇ ਕੋਈ ਗਿਆਨ ਨਹੀਂ ਤੇ 30.2 ਫੀਸਦੀ ਬੱਚਿਆਂ ਨੂੰ ਵਾਕਾਂ ਦੇ ਅਰਥਾਂ ਦੀ ਸਮਝ ਨਹੀਂ ਹੈ। 'ਅਸਰ' ਵਲੋਂ ਸਮੁੱਚੇ ਸੂਬਿਆਂ ਦੀ ਸਿੱਖਿਆ ਦੇ ਮਿਆਰ ਦੀ ਅਧਿਐਨ ਕੀਤਾ ਗਿਆ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਪੰਜਾਬ ਵਿਚ ਸਿੱਖਿਆ ਦਾ ਮਿਆਰ ਹਰ ਸਾਲ ਡਿੱਗ ਰਿਹਾ ਹੈ।

## ਸਿੱਖਿਆ ਵਿਭਾਗ ਵਿਚ ਨਹੀਂ ਚੱਲੇਗੀ ਫਰਲੋ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਵਿਭਾਗ ਵਿਚ ਹੁਣ ਫਰਲੋ ਨਹੀਂ ਚੱਲਣ ਵਾਲੀ ਕਿਉਂਕਿ ਵਿਭਾਗ ਵਲੋਂ ਅਧਿਆਪਕਾਂ ਦੀ 'ਆਨ ਡਿਊਟੀ' ਲਿਖ ਕੇ ਕੀਤੀ ਜਾਣ ਵਾਲੀ ਰਵਾਨਗੀ ਖ਼ਤਮ ਕਰਦਿਆਂ ਮੂਵਮੈਂਟ ਰਜਿਸਟਰ ਲਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਸਿੱਖਿਆ ਵਿਭਾਗ ਨੇ ਇਹ ਕਦਮ ਅਧਿਆਪਕਾਂ ਦੀ ਸਕੂਲਾਂ ਵਿਚ ਹਾਜ਼ਰੀ ਯਕੀਨੀ ਬਣਾਉਣ ਲਈ ਕੀਤਾ ਹੈ ਜਿਸ ਤਹਿਤ ਬੇਲੋੜੇ ਕੰਮਾਂ ਲਈ ਆਨ ਡਿਊਟੀ ਹੋਣ 'ਤੇ ਮੁਕੰਮਲ ਰੋਕ ਲਗਾ ਦਿੱਤੀ ਹੈ ਤੇ ਅਤਿ ਜ਼ਰੂਰੀ ਕੰਮ ਹੋਣ ਦੀ ਸੂਰਤ ਵਿਚ ਹੀ ਕੋਈ ਵੀ ਅਧਿਆਪਕ ਜਾਂ ਮੁਲਾਜ਼ਮ ਆਪਣੇ ਤੋਂ ਸੀਨੀਅਰ ਅਧਿਕਾਰੀ ਤੋਂ ਇਜਾਜ਼ਤ ਲੈ ਕੇ ਮੂਵਮੈਂਟ ਰਜਿਸਟਰ ਵਿਚ 'ਆਨ ਡਿਊਟੀ' ਦਾ ਵੇਰਵਾ ਪਾ ਕੇ ਹੀ ਕਿਸੇ ਕੰਮ ਲਈ ਸਕੂਲ ਤੋਂ ਬਾਹਰ ਜਾ ਸਕੇਗਾ। ਜੇਕਰ ਮੁੱਖ ਅਧਿਆਪਕ ਜਾਂ ਪ੍ਰਿੰਸੀਪਲ ਨੇ ਜਾਣਾ ਹੋਵੇ ਤਾਂ ਉਹ ਸਬੰਧਤ ਡੀ.ਈ.ਓ. ਤੋਂ ਫ਼ੋਨ ਸੰਦੇਸ਼ ਰਾਹੀਂ ਆਗਿਆ ਲੈ ਕੇ ਜਾਵੇਗਾ।


ਤੰਦੂਰੀਏ ਅਤੇ ਕੱਰੀ ਕੁੱਕ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

4-6



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL

EQUAL HOUSING OPPORTUNITY

REALTOR



Gurbans Singh Gill
Realtor
DRE#01227109

15 Years Experiance
in Real Estate

e-mail: gurbans@gotracy.com

Gurbans Gill

Office 209-835-4545

Direct 209-815-1869

Fax: 209-836-0706

www.gotracy.com

1486 W 11th Street, Tracy, CA 95376



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪੈਰ ਪਸਾਰ ਰਹੀ 'ਵਿਕਾਸ' ਦੀ ਦਹਿਸ਼ਤਗਰਦੀ

ਬੂਟਾ ਸਿੰਘ
ਫੋਨ: 91-94634-74342

ਮੋਦੀ ਹਕੂਮਤ ਦਾ 'ਵਿਕਾਸ' ਦਾ ਮੂਲ-ਮੰਤਰ ਹੈ ਧੱਕੇਸ਼ਾਹੀ ਵਰਤ ਕੇ ਖੁੱਲ੍ਹੀ ਮੰਡੀ ਦੇ ਆਰਥਿਕ ਮਾਡਲ ਦੀ ਅਮਲਦਾਰੀ ਵਿਚ ਤੇਜ਼ੀ ਅਤੇ ਫ਼ੁਰਤੀ ਲਿਆਉਣਾ। ਕਾਰਪੋਰੇਟ ਪੱਖੀ ਧੜਾ-ਧੜ ਫ਼ੈਸਲੇ ਇਸ ਦੀ ਤਸਦੀਕ ਹਨ। ਮੋਦੀ ਨੇ ਸੱਤਾਨਸ਼ੀਨ ਹੁੰਦੇ ਸਾਰ ਹੀ 11 ਲੱਖ ਕਰੋੜ ਦੇ ਪ੍ਰਾਜੈਕਟਾਂ ਨੂੰ ਤੁਰੰਤ ਅਮਲੀ ਰੂਪ ਦੇਣ ਦਾ ਐਲਾਨ ਕੀਤਾ ਸੀ। ਮਹਿਜ਼ ਦੋ ਦਿਨਾਂ ਅੰਦਰ ਹੀ, ਰੁਕੇ ਹੋਏ 160 ਵਿਚੋਂ 133 ਪ੍ਰਾਜੈਕਟਾਂ ਨੂੰ ਜੰਗਲੀ ਜੀਵਨ ਕੌਮੀ ਬੋਰਡ ਵਲੋਂ ਤੁਰੰਤ ਹਰੀ ਝੰਡੀ ਦੇਣ ਅਤੇ ਪਹਿਲੇ ਮਹੀਨੇ ਹੀ ਕੁਦਰਤੀ ਚੌਗਿਰਦਾ ਤੇ ਜੰਗਲਾਤ ਮੰਤਰਾਲੇ ਵਲੋਂ 175 ਪ੍ਰਾਜੈਕਟਾਂ ਨੂੰ ਮਨਜ਼ੂਰੀ ਸਮੇਤ ਹੁਣ ਤਕ ਮੋਦੀ ਹਕੂਮਤ 110 ਅਰਬ ਡਾਲਰ ਦੇ 197 ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇ ਚੁੱਕੀ ਹੈ। ਉਸ ਨੂੰ ਸੱਤਾ ਵਿਚ ਲਿਆਉਣ ਦਾ ਕਾਰਪੋਰੇਟ ਮਨਸ਼ਾ ਇਹੀ ਸੀ। ਨਿਊਜ਼ ਏਜੰਸੀ 'ਰਾਇਟਰਜ਼' ਦੀ ਤਾਜ਼ਾ ਰਿਪੋਰਟ ਅਨੁਸਾਰ ਮੋਦੀ ਨੇ 'ਪ੍ਰਾਜੈਕਟ ਨਿਗਰਾਨੀ ਗਰੁਪ' ਨੂੰ ਸਿੱਧੇ ਤੌਰ 'ਤੇ ਆਪਣੇ ਅਧਿਕਾਰ ਵਿਚ ਲੈ ਲਿਆ ਹੈ ਜੋ ਪਹਿਲਾਂ ਕੈਬਨਿਟ ਸਕੱਤਰੇਤ ਕੋਲ ਸੀ। ਇਹ 300 ਅਰਬ ਡਾਲਰ ਦੇ ਫਾਸਟ-ਟਰੈਕ ਪੂੰਜੀ-ਨਿਵੇਸ਼ ਲਈ ਕੀਤਾ ਗਿਆ ਹੈ। ਪੌਸਕੋ ਵਰਗੇ ਜਿਨ੍ਹਾਂ ਵਿਵਾਦਗ੍ਰਸਤ ਪ੍ਰਾਜੈਕਟਾਂ (12 ਅਰਬ ਡਾਲਰ ਦਾ ਹੁਣ ਤਕ ਦਾ ਸਭ ਤੋਂ ਵੱਡਾ ਸਿੱਧਾ ਵਿਦੇਸ਼ੀ ਪੂੰਜੀ-ਨਿਵੇਸ਼ ਪ੍ਰਾਜੈਕਟ) ਨੂੰ ਮਨਜ਼ੂਰੀ ਦਾ ਅਮਲ ਲਟਕਿਆ ਹੋਇਆ ਸੀ, ਉਹ ਹੁਣ ਨਿਰਵਿਘਨ ਅੱਗੇ ਵਧੇਗਾ। ਇਸ ਬਾਬਤ ਕਾਰਪੋਰੇਟ ਸਰਮਾਏਦਾਰੀ ਦੀ ਸੰਸਥਾ 'ਐਸੋਚੈਮ' ਦਾ ਪ੍ਰਤੀਕਰਮ ਗ਼ੌਰਤਲਬ ਹੈ: "ਬੀਤੇ ਛੇ-ਸੱਤ ਮਹੀਨਿਆਂ ਵਿਚ ਕਾਰੋਬਾਰ ਦਾ ਭਰੋਸਾ ਯਕੀਨਨ ਵਧਿਆ ਹੈ ਪਰ ਇਸ ਭਰੋਸੇ ਨੂੰ ਹੁਣ ਪ੍ਰਾਜੈਕਟ ਮਨਜ਼ੂਰ ਕਰਨ, ਪੂੰਜੀ-ਨਿਵੇਸ਼ ਦਾ ਗੇੜ ਫਟਾਫਟ ਚਾਲੂ ਕਰਨ ਅਤੇ ਖ਼ਪਤਕਾਰੀ ਮੰਗ ਨੂੰ ਹੁਲਾਰੇ 'ਚ ਬਦਲਣ ਦੀ ਲੋੜ ਹੈ।"

ਆਲਮੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਵਲੋਂ ਧਾੜਵੀ ਲੁੱਟਮਾਰ ਦਾ ਵਿਸਤਾਰ ਹੁਣ ਉਨ੍ਹਾਂ ਖੇਤਰਾਂ ਤਕ ਵੀ ਹੋ ਰਿਹਾ ਹੈ ਜਿਨ੍ਹਾਂ ਵਿਚ ਅਜੇ ਕਿਸੇ ਕਾਰਨ 'ਵਿਕਾਸ' (ਦਰਅਸਲ ਵਿਨਾਸ਼) ਦਾ ਰੱਥ ਨਹੀਂ ਪਹੁੰਚਿਆ ਸੀ। ਇਸ ਦਾ ਮਤਲਬ ਹੈ, ਉਥੇ ਘੋਰ ਹਕੂਮਤੀ ਦਮਨ ਦਾ ਵਿਸਤਾਰ ਜਿਸ ਦਾ ਸਾਹਮਣਾ ਛੱਤੀਸਗੜ੍ਹ, ਝਾਰਖੰਡ, ਉੜੀਸਾ, ਤਿਲੰਗਾਨਾ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਸਮੇਤ 10 ਸੂਬਿਆਂ ਦੇ ਆਵਾਮ ਅਪਰੇਸ਼ਨ ਗ੍ਰੀਨ ਹੰਟ, ਸਲਵਾ ਜੁਡਮ ਅਤੇ ਹੋਰ ਨਾਂਵਾਂ ਹੇਠ ਕਈ ਸਾਲਾਂ ਤੋਂ ਕਰ ਰਹੇ ਹਨ। ਇਹ ਨਿਰਾ ਦਮਨ ਦਾ ਭੂਗੋਲਿਕ ਵਿਸਤਾਰ ਹੀ ਨਹੀਂ ਸਗੋਂ ਇਸ ਦੀ ਮਾਰ, ਤਬਾਹੀ ਅਤੇ ਵਹਿਸ਼ਤ ਡਾ. ਮਨਮੋਹਨ ਸਿੰਘ ਹਕੂਮਤ ਦੇ ਜ਼ਮਾਨੇ ਤੋਂ ਵੀ ਘੋਰ ਹੋਵੇਗੀ, ਕਿਉਂਕਿ ਮੋਦੀ ਹਕੂਮਤ ਦੇ ਏਜੰਡੇ ਉਪਰ ਤਰਜੀਹੀ ਕੰਮ ਉਨ੍ਹਾਂ ਸੀਮਤ ਕਾਨੂੰਨੀ ਪੇਸ਼ਬੰਦੀਆਂ ਦੇ ਅੜਿੱਕੇ ਦੂਰ ਕਰਨਾ ਹੈ ਜੋ ਖਾਣਾਂ/ਸਨਅਤੀ/ਵਿਸ਼ੇਸ਼ ਆਰਥਿਕ ਜ਼ੋਨ (ਸੇਜ਼) ਦੇ ਪ੍ਰਾਜੈਕਟਾਂ ਲਈ ਜ਼ਮੀਨ ਹਾਸਲ ਕਰਨ ਨਾਲ ਹੋਣ ਵਾਲੇ ਉਜਾੜੇ ਅਤੇ ਜੰਗਲ/ਪੌਣ-ਪਾਣੀ/ਜੰਗਲੀ ਜੀਵਨ ਦੇ ਨੁਕਸਾਨ ਨੂੰ ਧਿਆਨ 'ਚ ਰੱਖਦਿਆਂ ਕੀਤੀਆਂ ਗਈਆਂ ਸਨ। ਇਨ੍ਹਾਂ ਕਾਰਨ ਕੇਂਦਰੀ ਤੇ ਸੂਬਾਈ ਹੁਕਮਰਾਨਾਂ ਨੂੰ ਕਈ ਤਰ੍ਹਾਂ ਦੀ ਰਸਮੀ 'ਕਲੀਅਰੈਂਸ' ਅਤੇ ਮਨਜ਼ੂਰੀਆਂ ਲੈਣੀਆਂ ਪੈਂਦੀਆਂ ਸਨ। ਭੋਂ ਪ੍ਰਾਪਤੀ ਕਾਨੂੰਨ 'ਚ ਹਾਲੀਆ ਸੋਧਾਂ ਦਾ ਮਨੋਰਥ ਇਹੀ ਹੈ।

ਮਹਾਰਾਸ਼ਟਰ ਵਿਚ ਮੋਦੀ ਨੇ ਚੋਣਾਂ ਤੋਂ ਪਹਿਲਾਂ ਪੂੰਜੀ-ਨਿਵੇਸ਼ਕਾਰਾਂ ਨੂੰ ਯਕੀਨ ਦਿਵਾਇਆ ਸੀ ਕਿ ਉਸ ਦੀ ਹਕੂਮਤ ਸੇਜ਼ ਨੀਤੀ ਨਾਲ ਸਬੰਧਤ ਕੁਲ ਟੈਕਸ ਰੋਕਾਂ ਹਟਾ ਦੇਵੇਗੀ। ਮਹਾਰਾਸ਼ਟਰ ਕੋਲ ਵਿਸ਼ੇਸ਼ ਆਰਥਿਕ ਖੇਤਰ ਬਣਾਏ ਜਾਣ ਲਈ ਸਭ ਤੋਂ ਵੱਧ ਤਜਵੀਜ਼ਾਂ ਹਨ। ਨਾਸਿਕ ਵਿਚ 'ਇੰਡੀਆਬੁਲਜ਼' ਵਲੋਂ 14,650 ਕਰੋੜ ਦੇ ਬਹੁ-ਪੈਦਾਵਾਰੀ 'ਸੇਜ਼' ਦੀ ਤਜਵੀਜ਼ ਦਾ ਰੀਵਿਊ ਸ਼ੁਰੂ ਵੀ ਹੋ ਗਿਆ ਹੈ। ਬਹੁਤ ਸਾਰੇ ਹੋਰ 'ਸੇਜ਼' ਪੱਛਮੀ ਘਾਟ ਖੇਤਰ ਵਿਚ ਬਣਾਏ ਜਾਣਗੇ ਜੋ ਪੌਣਪਾਣੀ ਦੇ ਤਵਾਜ਼ਨ ਦੇ ਪੱਖੋਂ ਬਹੁਤ ਹੀ ਸੰਵੇਦਨਸ਼ੀਲ ਤੇ ਅਹਿਮ ਖੇਤਰ ਹੈ।

17 ਅਗਸਤ ਨੂੰ ਨਵੀ ਮੁੰਬਈ ਵਿਚ 6000 ਕਰੋੜੀ ਬੰਦਰਗਾਹ ਆਧਾਰਤ ਬਹੁ-ਪੈਦਾਵਾਰੀ 'ਸੇਜ਼' ਦਾ ਨੀਂਹ ਪੱਥਰ ਰੱਖਦਿਆਂ ਮੋਦੀ ਨੇ ਐਲਾਨ ਕੀਤਾ, "ਮੈਂ ਆਪਣੇ ਮੰਤਰਾਲੇ ਨੂੰ ਇਸ ਨੀਤੀ ਦੇ ਅਮਲ ਵਿਚ ਆਉਂਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਕਹਿ ਦਿੱਤਾ ਹੈ।" ਪੱਛਮੀ ਘਾਟ ਬਾਰੇ ਡਾ. ਮਾਧਵ ਗਾਡਗਿਲ ਕਮੇਟੀ ਦੀਆਂ ਸਿਫ਼ਾਰਸ਼ਾਂ ਬਾਰੇ ਕਿਹਾ, "ਕੁਛ ਪੁਰਾਣੀਆਂ ਬਿਮਾਰੀਆਂ ਦਾ ਇਲਾਜ ਨਵੇਂ ਡਾਕਟਰ ਹੀ ਕਰਦੇ ਹਨ।" ਭਾਵ ਹੁਣ ਉਨ੍ਹਾਂ ਸਿਫ਼ਾਰਸ਼ਾਂ ਨੂੰ ਮੰਨਣਾ ਜ਼ਰੂਰੀ ਨਹੀਂ। ਇਹ ਇਸ਼ਾਰਾ ਸੀ ਕਿ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਕੁਦਰਤੀ ਦੌਲਤ ਦੀ ਲੁੱਟਮਾਰ ਦਾ ਕੁਝ ਬੰਦਸ਼ਾਂ ਤੇ ਅੜਿੱਕੇ ਵਾਲਾ ਦਸਤੂਰ ਹੁਣ ਮੋਦੀ ਮਾਡਲ ਵਿਚ ਬੇਰੋਕ-ਟੋਕ ਚੱਲੇਗਾ।

ਲਿਹਾਜ਼ਾ, ਹਿੰਦੁਸਤਾਨ ਦੇ ਦੱਖਣ-ਪੱਛਮੀ ਸਮੁੰਦਰੀ ਕੰਢੇ ਉਪਰਲੀ 1600 ਕਿਲੋਮੀਟਰ ਲੰਮੀ ਪਰਬਤ-ਮਾਲਾ, ਇਸ ਦੀ ਹਰ ਕੁਦਰਤੀ ਜ਼ਿੰਦਗੀ ਅਤੇ ਇਥੇ ਕੁਦਰਤ ਨਾਲ ਇਕਸੁਰ ਆਦਿਵਾਸੀ ਭਾਈਚਾਰਿਆਂ ਦੀ ਸਦੀਵੀ ਹੋਂਦ ਖ਼ਤਰੇ ਦੇ ਮੂੰਹ ਆ ਗਈ ਹੈ। ਇਹ ਪਰਬਤ ਹਿਮਾਲੀਆ ਤੋਂ ਵੀ ਪੁਰਾਣੇ ਹਨ। ਇਸ ਖੇਤਰ ਦਾ ਰਕਬਾ ਭਾਵੇਂ ਮੁਲਕ ਦੇ ਭੂਗੋਲਿਕ ਰਕਬੇ ਦਾ ਮਹਿਜ਼ 2 ਫ਼ੀਸਦੀ ਹੀ ਹੈ ਪਰ ਇਸ ਦੀ ਬਨਸਪਤੀ ਅਤੇ ਜੀਵ-ਜੰਤੂਆਂ ਦੀ ਭਰਪੂਰ ਵੰਨ-ਸੁਵੰਨਤਾ ਕਮਾਲ ਦੀ ਹੈ। ਇਸੇ ਕੁਦਰਤੀ ਅਮੀਰੀ ਦੇ ਮੱਦੇਨਜ਼ਰ ਪਿੱਛੇ ਜਿਹੇ ਯੂਨੈਸਕੋ ਨੇ ਇਸ ਖੇਤਰ ਨੂੰ ਆਲਮੀ ਵਿਰਾਸਤੀ ਜਗ੍ਹਾ ਵਜੋਂ ਮਾਨਤਾ ਦਿੱਤੀ ਸੀ।

ਕੁਦਰਤੀ ਚੌਗਿਰਦੇ ਦੇ ਇਨ੍ਹਾਂ ਸਰੋਕਾਰਾਂ ਨੂੰ ਮੁੱਖ ਰੱਖਦਿਆਂ ਮਸ਼ਹੂਰ ਚੌਗਿਰਦਾ ਵਿਗਿਆਨੀ ਮਾਧਵ ਗਾਡਗਿਲ ਨੇ 'ਵਿਕਾਸ ਪ੍ਰਾਜੈਕਟਾਂ' ਦੇ ਮਾੜੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਆਪਣੀ ਰਿਪੋਰਟ ਪੇਸ਼ ਕੀਤੀ ਸੀ। ਉਸ ਨੇ ਆਪਣੇ ਅਧਿਐਨ ਵਿਚ ਮਹਾਰਾਸ਼ਟਰ ਦੇ ਪਣ-ਬਿਜਲੀ ਪ੍ਰਾਜੈਕਟਾਂ, ਖਾਣ-ਖੋਦਾਈ, ਬਿਜਲੀ ਦੀ ਪੈਦਾਵਾਰ, ਪਰਮਾਣੂ ਬਿਜਲੀ ਪਲਾਂਟਾਂ ਅਤੇ ਵਾਤਾਵਰਨ ਨੂੰ ਪਲੀਤ ਕਰਨ ਵਾਲੀਆਂ ਸਨਅਤਾਂ ਦੁਆਰਾ ਅਤੇ ਗੋਆ ਵਿਚ ਸਰਗਰਮ ਖਾਣ-ਮਾਫ਼ੀਆ ਵਲੋਂ ਕੀਤੀ ਜਾ ਰਹੀ ਚੌਗਿਰਦੇ ਦੀ ਭਾਰੀ ਤਬਾਹੀ ਅਤੇ ਬਰਬਾਦੀ ਬਾਰੇ ਡੂੰਘੀ ਫ਼ਿਕਰਮੰਦੀ ਦਿਖਾਈ। ਰਿਪੋਰਟ ਨੇ ਕੁਦਰਤੀ ਚੌਗਿਰਦੇ, ਪੀਣ ਵਾਲੇ ਪਾਣੀ, ਖੇਤੀਬਾੜੀ, ਆਦਿਵਾਸੀ ਹੋਂਦ, ਜੀਵ ਵੰਨ-ਸੁਵੰਨਤਾ, ਜ਼ਮੀਨ ਦੀ ਵਰਤੋਂ ਵਗੈਰਾ ਦੇ ਪੱਖ ਤੋਂ ਹੋਏ ਤੇ ਹੋਣ ਵਾਲੇ ਨੁਕਸਾਨ ਨੂੰ ਬਾਰੀਕੀ ਨਾਲ ਕਲਮਬੰਦ ਕੀਤਾ। ਉਸ ਨੇ ਮੁਕਾਮੀ (ਲੋਕਲ) ਲੋਕਾਂ ਨਾਲ ਕੀਤੀ ਜਾ ਰਹੀ ਧੋਖੇਬਾਜ਼ੀ ਬਾਰੇ ਵੀ ਸਵਾਲ ਉਠਾਏ। ਮਸਲਨ ਗੋਆ ਜਿਥੇ 1992 ਵਿਚ ਕੱਚੇ ਲੋਹੇ ਦੀਆਂ ਖਾਣਾਂ ਦੀ ਧਾੜਵੀਆਂ ਵਾਂਗ ਖੁਦਾਈ ਦੀ ਸਾਲਾਨਾ ਪੈਦਾਵਾਰ 1 ਕਰੋੜ 21 ਲੱਖ ਮੀਟਰਿਕ ਟਨ ਸੀ, ਉਹ 2009 ਵਿਚ 4 ਕਰੋੜ 11 ਲੱਖ ਮੀਟਰਿਕ ਟਨ ਤਕ ਜਾ ਪਹੁੰਚੀ। ਪਿਛਲੇ ਪੰਜ ਸਾਲਾਂ ਵਿਚ ਇਹ ਵਾਧਾ 2 ਕਰੋੜ ਮੀਟਰਿਕ ਟਨ ਸੀ। ਗ਼ੈਰ-ਕਾਨੂੰਨੀ ਖਾਣ-ਖੁਦਾਈ ਨਾਲ ਕੱਢਿਆ ਕੱਚਾ ਲੋਹਾ ਇਕ ਕਰੋੜ ਮੀਟਰਿਕ ਟਨ ਦੇ ਕਰੀਬ ਹੈ। ਜੋ 100 ਫ਼ੀਸਦੀ ਬਾਹਰ ਭੇਜਿਆ ਜਾ ਰਿਹਾ ਹੈ, 89 ਫ਼ੀਸਦੀ ਚੀਨ ਨੂੰ ਅਤੇ 8 ਫ਼ੀਸਦੀ ਜਪਾਨ ਨੂੰ। ਰਿਪੋਰਟ ਜ਼ੋਰ ਦਿੰਦੀ ਹੈ ਕਿ "ਚਾਲੂ ਅਤੇ ਤਜਵੀਜ਼ਤ ਖਾਣ-ਖੋਦਾਈ, ਸਨਅਤੀ ਅਤੇ ਬਿਜਲੀ ਪ੍ਰੋਜੈਕਟਾਂ ਦੀਆਂ ਸਰਗਰਮੀਆਂ ਖੇਤੀਬਾੜੀ, ਬਾਗ਼ਵਾਨੀ ਅਤੇ ਮੱਛੀ-ਪਾਲਣ ਦੇ ਰਵਾਇਤੀ ਆਰਥਿਕ ਅਮਲ ਦੇ ਖ਼ਿਲਾਫ਼ ਹਨ।" ਰਿਪੋਰਟ ਨੇ ਰਤਨਾਗਿਰੀ ਜ਼ਿਲ੍ਹੇ ਵਿਚ ਸੈਰ-ਸਪਾਟਾ ਕੇਂਦਰ ਬਣਾਉਣ ਦੇ ਨਾਂ ਹੇਠ ਕਿਸਾਨਾਂ ਤੋਂ ਹਾਸਲ ਕੀਤੀ ਜ਼ਮੀਨ ਉਪਰ ਕੋਲਾ ਆਧਾਰਤ ਬਿਜਲੀ ਪਲਾਂਟ ਲਗਾਉਣ, ਫਿਨੋਲੈਕਸ ਕੰਪਨੀ ਵਲੋਂ ਮਛੇਰਿਆਂ ਨੂੰ ਮੱਛੀਆਂ ਫੜਨ ਤੋਂ ਰੋਕਣ ਦੀ ਤਫ਼ਸੀਲ ਦਿੰਦੇ ਹੋਏ ਮੰਗ ਕੀਤੀ ਕਿ ਇਸ ਸਮੁੱਚੇ ਖੇਤਰ ਨੂੰ 'ਕੁਦਰਤੀ ਚੌਗਿਰਦੇ ਪੱਖੋਂ ਸੰਵੇਦਨਸ਼ੀਲ ਖੇਤਰ' ਕਰਾਰ ਦਿੱਤਾ ਜਾਵੇ। ਕਮੇਟੀ ਨੇ ਇਸ ਖੇਤਰ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡ ਕੇ ਪਹਿਲੀ ਸ਼੍ਰੇਣੀ ਵਾਲੇ ਖੇਤਰ ਵਿਚ ਬਿਲਕੁਲ ਕੋਈ ਪ੍ਰਾਜੈਕਟ ਨਾ ਲਾਉਣ ਅਤੇ ਲੱਗੇ ਹੋਏ ਪ੍ਰਾਜੈਕਟ 2016 ਤਕ ਪੜਾਅਵਾਰ ਬੰਦ ਕਰਨ, ਦੂਜੀ ਸ਼੍ਰੇਣੀ ਵਾਲੇ ਖੇਤਰ ਲਈ ਵੀ ਹਰ ਤਰ੍ਹਾਂ ਦੇ ਨਵੇਂ ਪ੍ਰਾਜੈਕਟਾਂ ਬਾਰੇ ਇਹੀ ਨੀਤੀ ਲਾਗੂ ਕਰਨ ਜਦਕਿ ਤੀਜੀ ਸ਼੍ਰੇਣੀ ਵਾਲੇ ਖੇਤਰ ਵਿਚ ਸਖ਼ਤ ਕਾਇਦੇ-ਕਾਨੂੰਨਾਂ ਤਹਿਤ ਅਜਿਹੇ ਪ੍ਰਾਜੈਕਟਾਂ/ਆਰਥਿਕ ਸਰਗਰਮੀਆਂ ਦੀ ਇਜਾਜ਼ਤ ਦੇਣ ਦੀ ਸਿਫਾਰਸ਼ ਕੀਤੀ।



**_ਮਹਾਰਾਸ਼ਟਰ ਵਿਚ ਮੋਦੀ ਨੇ ਚੋਣਾਂ ਤੋਂ ਪਹਿਲਾਂ ਪੂੰਜੀ ਨਿਵੇਸ਼ਕਾਰਾਂ ਨੂੰ ਯਕੀਨ ਦਿਵਾਇਆ ਸੀ ਕਿ ਉਸ ਦੀ ਹਕੂਮਤ 'ਸੇਜ਼' ਨੀਤੀ ਨਾਲ ਸਬੰਧਤ ਕੁਲ ਟੈਕਸ ਰੋਕਾਂ ਹਟਾ ਦੇਵੇਗੀ। ਮਹਾਰਾਸ਼ਟਰ ਕੋਲ ਵਿਸ਼ੇਸ਼ ਆਰਥਿਕ ਖੇਤਰ ਬਣਾਏ ਜਾਣ ਲਈ ਸਭ ਤੋਂ ਵੱਧ ਤਜਵੀਜ਼ਾਂ ਹਨ।_**

ਕੇਰਲ, ਤਾਮਿਲਨਾਡੂ, ਕਰਨਾਟਕ, ਗੋਆ, ਮਹਾਂਰਾਸ਼ਟਰ ਅਤੇ ਗੁਜਰਾਤ ਦੀਆਂ ਸਰਕਾਰਾਂ ਨੇ ਇਕਜੁੱਟ ਹੋ ਕੇ ਇਸ ਰਿਪੋਰਟ ਨੂੰ ਰੱਦ ਕਰਨ ਦੀ ਮੰਗ ਕੀਤੀ। ਕੇਰਲ ਵਿਧਾਨ ਸਭਾ ਨੇ ਤਾਂ ਇਸ ਬਾਰੇ ਸਰਵਸੰਮਤੀ ਨਾਲ ਮਤਾ ਵੀ ਪਾਸ ਕੀਤਾ। ਮਨਮੋਹਨ ਸਿੰਘ ਦੀ ਹਕੂਮਤ ਨੇ ਇਹ ਰਿਪੋਰਟ ਜਨਤਕ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ। ਉਲਟਾ ਇਸ ਦਾ ਰੀਵਿਊ ਕਰਨ ਲਈ ਇਸਰੋ ਦੇ ਸਾਬਕਾ ਚੇਅਰਮੈਨ ਪੁਲਾੜ ਵਿਗਿਆਨੀ ਕੇ. ਕਸਤੂਰੀਰੰਗਨ ਅਗਵਾਈ ਵਿਚ 'ਆਹਲਾ ਮਿਆਰੀ ਵਰਕਿੰਗ ਗਰੁਪ' ਥਾਪ ਦਿੱਤਾ। ਇਸ ਗਰੁਪ ਨੇ ਆਰਥਿਕ ਫ਼ੈਸਲਿਆਂ ਵਿਚ ਮੁਕਾਮੀ ਭਾਈਚਾਰਿਆਂ ਦੀ ਫ਼ੈਸਲਾਕੁਨ ਭੂਮਿਕਾ ਵਰਗੇ ਜਮਹੂਰੀ ਤੱਤ ਵਾਲੇ ਗਾਡਗਿਲ ਕਮੇਟੀ ਦੇ ਸੁਝਾਅ ਇਕੋ-ਟੱਕ ਖਾਰਜ ਕਰ ਦਿੱਤੇ ਅਤੇ ਮਹਿਜ਼ 37 ਫ਼ੀਸਦੀ ਰਕਬੇ ਨੂੰ ਹੀ ਸੰਵੇਦਨਸ਼ੀਲ ਦਰਸਾ ਕੇ ਬਾਕੀ ਖੇਤਰ ਕਾਰਪੋਰੇਟਾਂ ਦੀ ਖੁੱਲ੍ਹੀ ਲੁੱਟਮਾਰ ਲਈ ਖੋਲ੍ਹ ਦੇਣ ਦੀ ਸਿਫਾਰਸ਼ ਕੀਤੀ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਸਾਫ਼ ਕਹਿ ਦਿੱਤਾ ਕਿ ਇਨ੍ਹਾਂ ਨਵੀਆਂ ਸਿਫ਼ਾਰਸ਼ਾਂ ਨਾਲ ਪ੍ਰਾਜੈਕਟਾਂ ਨੂੰ ਕਲੀਅਰੈਂਸ ਦੇਣ ਸਮੇਂ ਗਾਡਗਿਲ ਕਮੇਟੀ ਦੀ ਰਿਪੋਰਟ ਦੀ ਪਾਲਣਾ ਕਰਨੀ ਜ਼ਰੂਰੀ ਨਹੀਂ। ਇਹ ਹੈ ਮੋਦੀ ਦੇ 'ਨਵੇਂ ਡਾਕਟਰਾਂ' ਦਾ ਪੁਰਾਣੀਆਂ ਬਿਮਾਰੀਆਂ ਦਾ ਇਲਾਜ!

ਸੁਭਾਵਿਕ ਹੈ ਕਿ ਬੁਰੇ ਹਾਲਾਤ ਵਿਚ ਨਿਗੂਣੇ ਸਾਧਨਾਂ ਨਾਲ ਗੁਜ਼ਾਰਾ ਕਰ ਰਹੇ ਲੋਕਾਂ ਨੂੰ ਉਜਾੜਿਆ ਜਾਵੇਗਾ ਤਾਂ ਉਹ ਹਰ ਸੰਭਵ ਢੰਗਾਂ ਨਾਲ ਇਸ ਦਾ ਵਿਰੋਧ ਵੀ ਕਰਨਗੇ। ਹੁਣ ਪੱਛਮੀ ਘਾਟ ਦੀ ਇਹੀ ਹੋਣੀ ਹੈ। ਲਿਹਾਜ਼ਾ ਜੋ ਅਪਰੇਸ਼ਨ ਗਰੀਨ ਹੰਟ ਹੁਣ ਤਕ ਮੁੱਖ ਤੌਰ 'ਤੇ ਕੇਂਦਰੀ ਤੇ ਪੂਰਬੀ ਆਦਿਵਾਸੀ ਖੇਤਰਾਂ ਤੱਕ ਮਹਿਦੂਦ ਸੀ, 'ਵਿਕਾਸ' ਦੀ ਉਹ ਦਹਿਸ਼ਤਗਰਦੀ ਹੁਣ ਪੱਛਮੀ ਘਾਟ ਖੇਤਰ ਵਿਚ ਆ ਪਹੁੰਚੀ ਹੈ। ਕੇਰਲ ਅਤੇ ਕਰਨਾਟਕ ਵਿਚ ਅਪਰੇਸ਼ਨ ਸ਼ੁਰੂ ਵੀ ਹੋ ਚੁੱਕਾ ਹੈ। ਵਾਇਨਾਦ, ਕਨੂਰ, ਮਲਾਪੁਰਮ ਅਤੇ ਕਾਸਾਰਗੌੜ ਜ਼ਿਲ੍ਹਿਆਂ ਦੇ ਜੰਗਲਾਂ ਦੇ ਵਿਆਪਕ 'ਨਕਸਲ ਵਿਰੋਧੀ' ਅਪਰੇਸ਼ਨ ਵਿਚ ਹੋਰ ਤੇਜ਼ੀ ਲਿਆਉਣ ਲਈ ਖ਼ਾਸ ਕਮਾਂਡੋ ਫੋਰਸ 'ਥੰਡਰ ਬੋਲਟ ਕੇਰਲ' ਬਣਾਈ ਗਈ ਹੈ ਜੋ ਕੋਬਰਾ, ਜੈਗੂਆਰ, ਗਰੇਅ ਹਾਊਂਡਜ਼, ਸੀ-60 ਕਮਾਂਡੋਜ਼ ਵਰਗੀਆਂ ਨਕਸਲ ਵਿਰੋਧੀ ਖ਼ੂੰਖਾਰ ਤਾਕਤਾਂ ਵਿਚ ਨਵਾਂ ਵਾਧਾ ਹੈ। ਇਸੇ ਤਰ੍ਹਾਂ ਕਰਨਾਟਕਾ ਵਿਚ ਪੈਂਦੀ ਪੱਛਮੀ ਘਾਟ ਦੀ ਸੰਘਣੀ ਜੰਗਲੀ ਪੱਟੀ ਦੋ ਸਾਲ ਤੋਂ ਦਮਨ ਦੀ ਮਾਰ ਹੇਠ ਹੈ। ਕੇਰਲ ਹਕੂਮਤ ਨੇ ਆਪਣੀਆਂ 'ਬਗ਼ਾਵਤ ਵਿਰੋਧੀ ਮੁਹਿੰਮਾਂ' ਲਈ ਜੰਗਲੀ ਪੱਟੀਆਂ ਵਿਚ ਛੱਤੀਸਗੜ੍ਹ ਦੀ ਤਰਜ਼ 'ਤੇ ਸਲਵਾ ਜੁਡਮ ਚਲਾਉਣ ਦੀਆਂ ਯੋਜਨਾਵਾਂ ਐਲਾਨੀਆਂ ਹਨ ਜਿਨ੍ਹਾਂ ਤਹਿਤ ਆਦਿਵਾਸੀਆਂ ਨੂੰ 500 ਰੁਪਏ ਦਿਹਾੜੀ ਦੇ ਹਿਸਾਬ ਹੋਮ ਗਾਰਡਜ਼ ਅਤੇ 'ਮੁਖ਼ਬਰ' ਭਰਤੀ ਕਰਨ ਦੀ ਯੋਜਨਾ ਹੈ। ਪੁਲਿਸ ਅਤੇ ਜੰਗਲਾਤ ਮਹਿਕਮੇ ਨੇ ਮਿਲ ਕੇ 'ਕਮਿਊਨਿਟੀ ਪੋਲਿਸਿੰਗ' ਦੇ ਨਾਂ ਹੇਠ 'ਜੰਗਲ ਪੱਧਰ ਉਤੇ ਚੌਕਸੀ ਕਮੇਟੀਆਂ' ਜਾਂ 'ਜਾਗਰਿਤਾ ਸਮਿਤੀਆਂ' ਦੀ ਸਾਂਝੀ ਸਕੀਮ ਚਲਾਈ ਹੈ, ਜੋ ਸਲਵਾ ਜੁਡਮ ਵਾਂਗ ਆਦਿਵਾਸੀਆਂ ਨੂੰ ਆਦਿਵਾਸੀਆਂ ਨਾਲ ਲੜਾ ਕੇ ਖਾਣ-ਖੁਦਾਈ ਅਤੇ ਸਨਅਤ ਮਾਫ਼ੀਆ ਦੇ ਪ੍ਰਾਜੈਕਟਾਂ ਲਈ ਜ਼ਮੀਨਾਂ ਖਾਲੀ ਕਰਾਏਗੀ।

22 ਦਸੰਬਰ ਨੂੰ ਕੇਰਲ ਪੁਲਿਸ ਵਲੋਂ ਪਾਲਾਕਡ ਵਿਚ ਦੋ ਵਿਦਿਆਰਥੀਆਂ ਨੂੰ ਕੇ.ਐਫ.ਸੀ. ਦੀ ਫੂਡ ਆਊਟਲੈਟ ਅਤੇ ਜੰਗਲਾਤ ਦਫ਼ਤਰ ਉਪਰ ਮਾਓਵਾਦੀ ਹਮਲੇ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਕੇ ਯੂ.ਏ.ਪੀ.ਏ. ਕਾਨੂੰਨ ਹੇਠ ਪਰਚੇ ਦਰਜ ਕੀਤੇ ਗਏ। ਪੁਲਿਸ ਦਾ ਦਾਅਵਾ ਹੈ ਕਿ ਕੇ.ਐਫ.ਸੀ. ਅਤੇ ਜੰਗਲਾਤ ਦਫ਼ਤਰ ਉਪਰ ਹਥਿਆਰਬੰਦ ਮਾਓਵਾਦੀਆਂ ਨੇ ਹਮਲਾ ਕਰ ਕੇ ਭੰਨਤੋੜ ਕੀਤੀ ਅਤੇ ਉਥੇ ਪਰਚੇ ਸੁੱਟ ਕੇ ਚਲੇ ਗਏ। ਇਨ੍ਹੀਂ ਦਿਨੀਂ ਕੇਰਲਾ ਦੇ 'ਮਾਓਵਾਦ ਪ੍ਰਭਾਵਤ ਖੇਤਰਾਂ' ਵਿਚ ਪੁਲਿਸ ਛਾਪੇ ਅਤੇ ਗ੍ਰਿਫ਼ਤਾਰੀਆਂ ਜ਼ੋਰਾਂ 'ਤੇ ਹਨ। ਲੇਖਕਾਂ, ਪੱਤਰਕਾਰਾਂ ਅਤੇ ਬੁੱਧੀਜੀਵੀ ਹਲਕਿਆਂ ਵਿਚੋਂ ਮਾਓਵਾਦੀਆਂ ਦੇ ਹਮਦਰਦ ਲੱਭ ਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ, ਉਨ੍ਹਾਂ ਦੇ ਘਰਾਂ ਵਿਚ ਛਾਪੇ ਮਾਰਨ, ਗ੍ਰਿਫ਼ਤਾਰ ਕਰ ਕੇ ਤੰਗ-ਪ੍ਰੇਸ਼ਾਨ ਕਰਨਾ ਆਮ ਗੱਲ ਹੈ। 22 ਦਸੰਬਰ ਨੂੰ ਮਲਿਆਲਮ ਪਰਚੇ 'ਕੇਰਲੀਯਾਮ' ਦੇ ਦਫ਼ਤਰ ਉਪਰ ਛਾਪਾ ਮਾਰ ਕੇ ਇਸ ਦੇ ਤਿੰਨ ਸਟਾਫ਼ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਮਾਜਕ ਕਾਰਕੁਨਾਂ ਵਲੋਂ ਜ਼ੋਰਦਾਰ ਆਵਾਜ਼ ਉਠਾਏ ਜਾਣ 'ਤੇ ਇਨ੍ਹਾਂ ਨੂੰ ਰਿਹਾ ਕਰਨਾ ਪਿਆ।

ਮੋਦੀ ਦੇ ਵਿਕਾਸ ਦੇ ਦਮਗਜਿਆਂ ਦੇ ਇਹ ਉਹ ਤੱਥ ਹਨ ਜਿਨ੍ਹਾਂ ਬਾਰੇ ਕਾਰਪੋਰੇਟ ਮੀਡੀਆ ਨੂੰ ਖ਼ਾਮੋਸ਼ ਰਹਿਣਾ ਹੀ ਚੰਗਾ ਲੱਗਦਾ ਹੈ।

# ਨਸ਼ੇੜੀ ਲੋਕਤੰਤਰ...

ਸਰਦਾਰਾ ਸਿੰਘ ਜੌਹਲ

ਜਦੋਂ 1947 ਵਿਚ ਆਜ਼ਾਦੀ ਮਿਲਣ ਅਤੇ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਉਜੜ ਕੇ ਆਏ ਤਾਂ ਜੋ ਨੂਰਮਹਿਲ ਨੇੜੇ ਦੇ ਪਿੰਡ ਵਿਚ ਸਾਨੂੰ ਆਰਜ਼ੀ ਤੌਰ 'ਤੇ ਜ਼ਮੀਨ ਅਲਾਟ ਹੋਈ, ਉਸ ਵਿਚ ਇਕ ਏਕੜ ਖੇਤ ਐਸਾ ਸੀ ਜਿਸ ਵਿਚ ਪੋਸਤ (ਡੋਡੇ) ਬੀਜਣ ਦਾ ਲਾਈਸੈਂਸ ਸੀ। ਜਦੋਂ ਤੱਕ ਪੋਸਤ ਬੀਜਣ 'ਤੇ ਪੰਜਾਬ ਵਿਚ ਪਾਬੰਦੀ ਨਹੀਂ ਲੱਗੀ, ਅਸੀਂ ਪੋਸਤ ਬੀਜਦੇ ਰਹੇ। ਸਾਡੇ ਘਰ ਦੀ ਬੈਠਕ ਦਾ ਕਮਰਾ ਜੋ ਤਕਰੀਬਨ 30 ਫੁੱਟ ਲੰਬਾ ਅਤੇ 14 ਫੁੱਟ ਚੌੜਾ ਸੀ, ਡੋਡਿਆਂ ਦੀਆਂ ਧਾਂਕਾਂ ਨਾਲ ਭਰਿਆ ਹੁੰਦਾ ਸੀ, ਪਰ ਮਜ਼ੇ ਦੀ ਗੱਲ ਇਹ ਹੈ ਕਿ ਸਾਡੇ ਟੱਬਰ ਵਿਚੋਂ ਕੋਈ ਪੋਸਤੀ ਨਹੀਂ ਹੋਇਆ। ਸਾਡੇ ਆਂਢ-ਗੁਆਂਢ ਵਿਚੋਂ ਵੀ ਕੋਈ ਪੋਸਤੀ ਨਹੀਂ ਹੋਇਆ ਅਤੇ ਨਾ ਹੀ ਕੋਈ ਪਿੰਡ ਵਿਚੋਂ ਪੋਸਤੀ ਹੋਇਆ। ਸਾਡੇ ਉਸ ਪਿੰਡ ਵਿਚੋਂ ਸਿਰਫ ਇਕ ਅਮਲੀ ਹੁੰਦਾ ਸੀ ਜੋ ਅਫੀਮ ਖਾਂਦਾ ਸੀ ਪਰ ਜਦ ਪੰਜਾਬ ਵਿਚ ਪੋਸਤ ਦੀ ਖੇਤੀ 'ਤੇ ਰੋਕ ਲੱਗ ਗਈ, ਡੋਡੇ ਮਿਲਣੇ ਔਖੇ ਹੋ ਗਏ ਤਾਂ ਪੋਸਤੀ ਪੈਦਾ ਹੋਣੇ ਸ਼ੁਰੂ ਹੋ ਗਏ। ਕਿਉਂ? ਕਿਉਂਕਿ ਪੋਸਤ ਦੀ ਤਸਕਰੀ ਸ਼ੁਰੂ ਹੋ ਗਈ। ਜੋ ਬੰਦਾ ਤਸਕਰੀ ਕਰਦਾ ਹੈ, ਉਹ ਉਸ ਵਸਤੂ ਵਾਸਤੇ ਮੰਗ ਵੀ ਪੈਦਾ ਕਰਦਾ ਹੈ ਜਿਸ ਲਈ ਬਹੁਤ ਢੰਗ ਅਪਣਾਏ ਜਾਂਦੇ ਹਨ। ਸਭ ਤੋਂ ਵੱਡਾ ਨਿਸ਼ਾਨਾ ਨੌਜਵਾਨਾਂ ਉੱਤੇ ਹੁੰਦਾ ਹੈ। ਸਕੂਲ-ਕਾਲਜਾਂ ਦੇ ਅੱਲੜ੍ਹ ਬੱਚੇ-ਨੌਜਵਾਨ ਸੌਖੇ ਹੀ ਫਸਾਏ ਜਾਂਦੇ ਹਨ, ਖਾਸ ਕਰ ਕੇ ਦਿਹਾਤੀ ਖੇਤਰਾਂ ਵਿਚ।

ਹੋਰ ਮਿਸਾਲ ਹੈ ਭੰਗ ਦੀ। ਪੰਜਾਬ ਦੀਆਂ ਸੜਕਾਂ 'ਤੇ ਆਪ-ਮੁਹਾਰੇ ਭੰਗ ਦੇ ਪੌਦੇ ਪੈਦਾ ਹੋਏ ਆਮ ਮਿਲ ਜਾਂਦੇ ਹਨ, ਕੋਈ ਪਾਬੰਦੀ ਨਹੀਂ, ਪਰ ਭੰਗੀ ਬਹੁਤ ਘੱਟ ਹਨ। ਕਿਉਂ ਜੋ ਇਸ ਵਸਤੂ ਦੀ ਤਸਕਰੀ ਨਹੀਂ ਅਤੇ ਕੋਈ ਤਸਕਰੀ ਕਰਨ ਵਾਲਾ ਨਹੀਂ ਜੋ ਇਸ ਨੂੰ ਪ੍ਰਮੋਟ ਕਰੇ ਜਾਂ ਇਸ ਦੀ ਮੰਗ ਪੈਦਾ ਕਰੇ।

ਨਾਲ ਦੇ ਪ੍ਰਾਂਤ ਹਰਿਆਣਾ ਵਿਚ ਬੰਸੀ ਲਾਲ ਸਰਕਾਰ ਸਮੇਂ ਸ਼ਰਾਬ ਉਤੇ ਪਾਬੰਦੀ ਲਾ ਦਿੱਤੀ ਗਈ ਸੀ, ਤਸਕਰ ਪੈਦਾ ਹੋ ਗਏ। ਭੁਕਾਨਿਆਂ ਵਿਚ ਪਿੰਡ-ਪਿੰਡ ਘਰ ਦੀ ਕੱਢੀ ਸ਼ਰਾਬ ਵਿਕਣੀ ਸ਼ੁਰੂ ਹੋ ਗਈ। ਅੱਗੇ ਲੋਕ ਠੇਕੇ ਤੋਂ ਜਾ ਕੇ ਲਿਆਉਂਦੇ ਸੀ, ਹੁਣ ਡਲਿਵਰੀ ਘਰੇ ਹੀ ਮਿਲਣੀ ਸ਼ੁਰੂ ਹੋ ਗਈ। ਤਸਕਰੀ ਅਤੇ ਪ੍ਰਮੋਸ਼ਨ ਨਾਲ-ਨਾਲ ਚਲਦੇ ਹਨ। ਨਾਲ ਲਗਦੇ ਪ੍ਰਾਂਤਾਂ ਨੇ ਠੇਕੇ ਹਰਿਆਣੇ ਦੀਆਂ ਸਰਹੱਦਾਂ ਦੇ ਨਾਲ ਖੋਲ੍ਹ ਦਿੱਤੇ। ਚਾਰਪਾਈਆਂ ਅਤੇ ਬਿਸਤਰਿਆਂ ਦਾ ਵੀ ਨਾਲ ਹੀ ਪ੍ਰਬੰਧ ਕਰ ਦਿੱਤਾ। ਪਹਿਲਾਂ ਲੋਕ ਸ਼ਰਾਬ ਪੀ ਕੇ ਜਾਂ ਲੈ ਕੇ ਘਰੀਂ ਚਲੇ ਜਾਂਦੇ ਸਨ, ਹੁਣ ਠੇਕੇ 'ਤੇ ਹੀ ਪੀ ਕੇ ਲੇਟ ਜਾਂਦੇ ਸਨ, ਕਿਉਂਕਿ ਸ਼ਰਾਬ ਪੀਤੀ ਹੋਣ ਕਰ ਕੇ ਘਰ ਜਾਂਦਿਆਂ ਹੀ ਪੁਲਿਸ ਫੜ ਲੈਂਦੀ ਸੀ। ਆਖਰ ਮਜਬੂਰ ਹੋ ਕੇ ਹਰਿਆਣੇ ਨੇ ਸ਼ਰਾਬਬੰਦੀ ਵਾਪਸ ਲੈ ਲਈ।

ਮੈਂ ਇਸਲਾਮਿਕ ਮੁਲਕ ਇਰਾਨ ਵਿਚ ਦੇਖਿਆ, ਕਿਸੇ ਵੀ ਦੋਸਤ ਦੇ ਘਰ ਜਾਓ; ਉਥੇ ਵਿਸਕੀ, ਬੀਅਰ ਆਦਿ ਪੇਸ਼ ਕਰਦੇ ਸਨ, ਜਦੋਂਕਿ ਸ਼ਰਾਬ 'ਤੇ ਪੂਰੀ ਪਾਬੰਦੀ ਸੀ ਅਤੇ ਬਾਹਰੋਂ ਆਏ ਬੰਦੇ ਸ਼ਰਾਬ ਦੀ ਸ਼ੀਸ਼ੀ ਵੀ ਨਹੀਂ ਲਿਆ ਸਕਦੇ ਸਨ। ਇਹ ਸ਼ਰਾਬ ਵਿਸਕੀ-ਬੀਅਰ ਆਦਿ ਤਸਕਰੀ ਰਾਹੀਂ ਦੇਸ਼ ਵਿਚ ਲਿਆਈ ਜਾਂਦੀ ਸੀ। ਰਸੂਖਦਾਰ ਸਿਆਸੀ ਲੋਕਾਂ ਦੀ ਮਾਰਫਤ ਅਤੇ ਟੈਲੀਫੋਨ ਕੀਤਿਆਂ ਘਰ ਬੈਠੇ-ਬਿਠਾਏ ਹੀ ਮਿਲਦੀ ਸੀ। ਮਤਲਬ ਇਹ ਹੋਇਆ ਕਿ ਕਿਸੇ ਵੀ ਚੀਜ਼ 'ਤੇ ਪਾਬੰਦੀ ਲਗਾ ਦਿਓ, ਤਾਂ ਇਕ ਤਾਂ ਉਸ ਚੀਜ਼ ਬਾਰੇ ਉਤਸੁਕਤਾ ਵਧ ਜਾਂਦੀ ਹੈ ਅਤੇ ਦੂਜਾ ਉਸ ਦੀ ਤਸਕਰੀ ਸ਼ੁਰੂ ਹੋ ਜਾਂਦੀ ਹੈ। ਤਸਕਰੀ ਨਾਲ ਪ੍ਰਮੋਸ਼ਨ ਜਾਂ ਉਸ ਚੀਜ਼ ਦੀ ਮੰਗ ਪੈਦਾ ਕਰਨ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ।

ਇਹ ਤਸਕਰੀ ਜਾਂ ਤਾਂ ਸਿਆਸੀ ਆਗੂ ਆਪਣੇ ਅਸਰ-ਰਸੂਖ ਥੱਲੇ ਕਰਵਾਉਂਦੇ ਨੇ, ਜਾਂ ਤਸਕਰ ਆਪਣਾ ਨੈੱਟਵਰਕ ਪੈਦਾ ਕਰ ਲੈਂਦੇ ਨੇ। ਪੰਜਾਬ ਇਸ ਦੀ ਢੁਕਵੀਂ ਮਿਸਾਲ ਹੈ ਇਸ ਪੱਖੋਂ। ਜਦ ਪੋਸਤ 'ਤੇ ਪਾਬੰਦੀ ਲੱਗੀ ਤਾਂ ਪੋਸਤੀ ਵਧ ਗਏ। ਪੋਸਤ ਮਹਿੰਗਾ ਹੁੰਦਾ ਗਿਆ ਤਾਂ ਪੋਸਤ ਦੇ ਮਲ਼ ਕੇ ਕੱਢੇ ਪਾਣੀ ਦੀ ਥਾਂ ਪੋਸਤੀ ਸਿੱਧੀ ਭੁੱਕੀ ਹੀ ਖਾਣ ਲੱਗ ਪਏ। ਜਿਉਂ-ਜਿਉਂ ਹੋਰ ਮਹਿੰਗੀ ਹੁੰਦੀ ਗਈ, ਨਸ਼ੇੜੀ ਹੋਰ ਸਸਤੇ ਨਸ਼ਿਆਂ ਅਤੇ ਗੋਲੀਆਂ, ਕੈਪਸੂਲਾਂ 'ਤੇ ਆ ਗਏ। ਉਹ ਮਿਲਣੋਂ ਬੰਦ ਹੋ ਕੇ ਚੋਰੀ-ਛੁਪੇ ਮਿਲਣ ਨਾਲ ਮਹਿੰਗੇ ਹੋ ਗਏ ਤਾਂ ਨਸ਼ੇੜੀ ਚਿੱਟੇ 'ਤੇ ਆ ਗਏ। ਤਸਕਰਾਂ ਦੀ ਮੌਜ ਬਣ ਗਈ।

ਸਭ ਤੋਂ ਵੱਡੀ ਗੱਲ, ਇਨ੍ਹਾਂ ਨਸ਼ਿਆਂ ਨੂੰ ਹੱਲਾਸ਼ੇਰੀ ਚੋਣਾਂ ਵੇਲੇ ਮਿਲਦੀ ਹੈ, ਜਦ ਉਮੀਦਵਾਰ ਵੋਟਾਂ ਖਾਤਰ ਮੁਫਤ ਸ਼ਰਾਬ, ਡੋਡੇ ਅਤੇ ਨਸ਼ੇ ਵੰਡਦੇ ਹਨ। ਟਰੱਕਾਂ ਦੇ ਟਰੱਕ ਡੋਡਿਆਂ ਦੇ, ਹਜ਼ਾਰਾਂ ਦੀ ਗਿਣਤੀ ਵਿਚ ਸ਼ਰਾਬ ਦੀਆਂ ਪੇਟੀਆਂ ਅਤੇ ਹੋਰ ਨਸ਼ੇ ਫੜੇ ਵੀ ਜਾਂਦੇ ਨੇ, ਪਰ ਉਨ੍ਹਾਂ 'ਤੇ ਕੀ ਕਾਰਵਾਈ ਹੁੰਦੀ ਹੈ, ਜਾਂ ਕਿਸੇ 'ਤੇ ਕੋਈ ਐਕਸ਼ਨ ਹੁੰਦਾ ਹੈ ਜਾਂ ਨਹੀਂ, ਇਹ ਜਾਣਕਾਰੀ ਕਿਸੇ ਵਕਤ ਵੀ ਜਨਤਾ ਦੇ ਸਾਹਮਣੇ ਨਹੀਂ ਆਉਂਦੀ। ਕੋਈ ਉਮੀਦਵਾਰ ਜਾਂ ਉਸ ਦੀ ਉਮੀਦਵਾਰੀ 'ਤੇ ਕੋਈ ਅਸਰ ਨਹੀਂ ਪੈਂਦਾ। ਹੁਣ ਤਾਂ ਤਸਕਰੀ ਦੀ ਕਮਾਈ ਨਾਲ ਵੋਟਾਂ ਬਟੋਰਨ ਲਈ ਹੋਰ ਨਸ਼ੇ ਅਤੇ ਪੈਸੇ ਵੰਡੇ ਜਾਂਦੇ ਹਨ। ਲੋਕਾਂ ਨੂੰ ਵਿਕਾਊ ਵਸਤਾਂ ਬਣਾ ਕੇ ਰੱਖ ਦਿੱਤਾ ਹੈ, ਕਿਉਂਕਿ ਬਹੁ-ਗਿਣਤੀ ਜਨਤਾ ਅਨਪੜ੍ਹਾਂ ਵਰਗੀ ਹੈ ਅਤੇ ਨਸ਼ਿਆਂ 'ਤੇ ਲਾ ਦਿੱਤੀ ਗਈ ਹੈ। ਸਮਝੋ ਸਾਡਾ ਲੋਕਤੰਤਰ ਹੀ ਨਸ਼ੇੜੀ ਹੋ ਗਿਆ ਹੈ।

ਮਜ਼ੇ ਦੀ ਗੱਲ ਇਹ ਹੈ ਕਿ ਪੋਸਤ ਰਾਜਸਥਾਨ ਵਿਚ ਪੈਦਾ ਕੀਤਾ ਜਾਂਦਾ ਹੈ, ਉਥੇ ਠੇਕਿਆਂ 'ਤੇ ਮਿਲਦਾ ਹੈ, ਪਰ ਪੋਸਤੀ ਪੰਜਾਬ ਵਿਚ ਹਨ। ਇਸੇ ਤਰ੍ਹਾਂ ਚਿੱਟਾ ਹਿਮਾਚਲ ਦੀਆਂ ਫੈਕਟਰੀਆਂ ਵਿਚ ਬਣਿਆ ਤੇ ਨਸ਼ੇੜੀ ਪੰਜਾਬ ਵਿਚ ਹੋ ਗਏ। ਰਾਜਸਥਾਨ ਅਤੇ ਗੁਜਰਾਤ ਦੀ ਸਰਹੱਦ ਵੀ ਉਸੇ ਤਰ੍ਹਾਂ ਪਾਕਿਸਤਾਨ ਨਾਲ ਲਗਦੀ ਹੈ ਪਰ ਤਸਕਰੀ ਪੰਜਾਬ ਵਿਚ ਦੀ ਹੁੰਦੀ ਹੈ। ਇਹ ਇਸ ਕਰ ਕੇ ਹੈ ਕਿ ਪੰਜਾਬ ਵਿਚ ਤਸਕਰੀ ਦਾ ਪ੍ਰਕੋਪ ਹੈ ਅਤੇ ਤਸਕਰ ਸਿਆਸੀ ਸੱਤਾ ਦੀ ਛਾਵੇਂ ਆਪਣਾ ਨੈੱਟਵਰਕ ਬਣਾਈ ਬੈਠੇ ਹਨ ਜਿਨ੍ਹਾਂ ਨੂੰ ਨੱਥ ਪਾਉਣੀ ਅਸੰਭਵ ਹੋਈ ਪਈ ਹੈ। ਹੁਣ ਆਸ ਤਾਂ ਸਿਰਫ ਹਾਈ ਕੋਰਟਾਂ ਅਤੇ ਸੁਪਰੀਮ ਕੋਰਟਾਂ 'ਤੇ ਹੀ ਰਹਿ ਗਈ ਹੈ। ਨਹੀਂ ਤਾਂ ਥੱਲਿਓਂ ਲੈ ਕੇ ਉੱਪਰ ਕੇਂਦਰ ਤੱਕ ਪਹੁੰਚ ਹੈ, ਇਨ੍ਹਾਂ ਤਸਕਰਾਂ ਦੇ ਨੈੱਟਵਰਕ ਦੀ। ਨਹੀਂ ਤਾਂ ਜਿਵੇਂ ਪੰਜਾਬ ਦਾ ਲੋਕਤੰਤਰ ਹੀ ਨਸ਼ੇੜੀ ਹੋ ਗਿਆ ਹੈ, ਦੂਜੇ ਪ੍ਰਾਂਤ ਵੀ ਛੇਤੀ ਹੀ ਇਸ ਦੀ ਮਾਰ ਹੇਠ ਆ ਸਕਦੇ ਹਨ।

# ਯੁੱਗ ਪੁਰਸ਼ ਜਗਦੇਵ ਸਿੰਘ ਜੱਸੋਵਾਲ ਦੀਆਂ ਆਖਰੀ ਘੜੀਆਂ




ਐਸ. ਅਸ਼ੋਕ ਭੌਰਾ

ਕੁਝ ਲੋਕ ਚੰਗੇ ਕੱਪੜੇ ਪਾ ਕੇ, ਜੇਬ ਪੈਸਿਆਂ ਨਾਲ ਭਰ ਕੇ ਜ਼ਿੰਦਗੀ ਦੇ ਅਰਥ ਲੱਭਣ ਦੀ ਗਲਤੀ ਕਰਨ ਲੱਗੇ ਹੋਏ ਹਨ, ਜਦੋਂਕਿ ਜ਼ਿੰਦਗੀ ਕੁਝ ਕਰ ਕੇ ਹੀ ਸਮਝ ਆਉਣੀ ਹੁੰਦੀ ਹੈ। ਇਹ ਵੀ ਸੱਚ ਹੈ ਕਿ ਜਿਨ੍ਹਾਂ ਲੋਕਾਂ ਨੇ ਸਾਰੀ ਉਮਰ ਕੀਤਾ ਕੁਝ ਨਹੀਂ ਹੁੰਦਾ, ਉਹ ਈਰਖਾ ਦਾ ਭਰਿਆ ਗਲਾਸ ਪੀ ਕੇ ਆਲੋਚਨਾ ਦੇ ਡਕਾਰ ਮਾਰਨ ਲੱਗੇ ਹੁੰਦੇ ਹਨ। ਅਸਲ ਵਿਚ ਮੂਰਖ ਲੋਕ ਸਿਆਣੇ ਬੰਦਿਆਂ ਦੀਆਂ ਕਬਰਾਂ ਨੂੰ ਲੱਤਾਂ ਮਾਰਨ ਵਿਚ ਵੀ ਫਖਰ ਮਹਿਸੂਸ ਕਰੀ ਜਾਂਦੇ ਹਨ। ਜਗਦੇਵ ਸਿੰਘ ਜੱਸੋਵਾਲ ਬਾਰੇ ਗੱਲ ਕਰਨੀ ਸੌਖੀ ਨਹੀਂ, ਐਵੇਂ ਗੱਲਾਂ ਕਰਨ ਵਾਲਾ ਉਹਦੀ ਤਿਲਕਵੀ ਸ਼ਖਸੀਅਤ ਤੋਂ ਤਿਲਕ ਕੇ ਡਿਗ ਸਕਦਾ ਹੈ।

ਆਪਣੀ ਜ਼ਿੰਦਗੀ ਦੇ ਕਰੀਬ ਚਾਲੀ ਸਾਲ ਗੀਤ-ਸੰਗੀਤ, ਢਾਡੀਆਂ, ਕਵੀਸ਼ਰਾਂ, ਸਭਿਆਚਾਰ ਤੇ ਲੋਕ ਕਲਾ ਦੇ ਲੇਖੇ ਲਾਉਣ ਵਾਲੇ ਜੱਸੋਵਾਲ ਨੂੰ ਸਭਿਆਚਾਰਕ ਰਾਜਦੂਤ ਸਮੇਤ ਕਿੰਨੇ ਵੀ ਅਲੰਕਾਰ ਦੇ ਦਈਏ, ਉਹਦੀ ਆਪਣੀ ਜ਼ਿੰਦਗੀ ਸੁਖਾਲੀ ਨਹੀਂ ਰਹੀ। ਆਖਰੀ ਮੁਲਕਾਤ ਵਿਚ ਉਹਦੇ ਮੂੰਹੋਂ ਨਿਕਲਿਆ ਵਾਕ ਮੇਰੇ ਚੇਤੇ ਵਿਚ ਵਸਿਆ ਰਹੇਗਾ। ਉਹ ਆਖ ਰਿਹਾ ਸੀ, 'ਮੈਂ ਵਕੀਲ ਬਣ ਗਿਆ ਪਰ ਵਕਾਲਤ ਨਾ ਕਰ ਹੋਈ। ਸਭਿਆਚਾਰ ਦਾ ਅਜਿਹਾ ਤਾਪ ਚੜ੍ਹਿਆ ਜੋ ਸਾਰੀ ਜ਼ਿੰਦਗੀ ਉਤਰ ਨਹੀਂ ਸਕਿਆ ਪਰ ਮੈਂ ਸੁਖਾਲਾ ਇਕ ਦਿਨ ਵੀ ਨਹੀਂ ਕੱਟਿਆ। ਕਈ ਮੂੰਹ ਧੋਣ ਤੋਂ ਪਹਿਲਾਂ ਹੀ ਉਲਾਂਭਿਆਂ ਦੀ ਗੰਦੀ ਹਵਾੜ ਮਾਰਦੇ ਰਹੇ, ਪਰ ਮੈਂ ਆਪਣੇ ਕਾਰਜ ਤੋਂ ਪਿਛੇ ਨਹੀਂ ਹਟਿਆ।'

ਜੇ ਵੇਖਿਆ ਜਾਵੇ ਤਾਂ ਪੈਂਤੀ ਸਾਲਾਂ ਤੋਂ ਵੱਧ ਉਮਰ ਹੈ ਪ੍ਰੋ. ਮੋਹਨ ਸਿੰਘ ਮੇਲੇ ਦੀ। ਛਪਾਰ ਵਰਗੇ ਸਿਆਸੀ ਬਣ ਚੁੱਕੇ ਮੇਲੇ ਐਵੇਂ ਨਹੀਂ ਇਸ ਮੇਲੇ ਨੇ ਢਾਏ। ਉਹਨੇ ਸੈਂਕੜੇ ਕਲਾਤਮਿਕ ਸ਼ਖਸੀਅਤਾਂ ਨੂੰ ਮਾਣ ਦਿੱਤਾ। ਰਾਗੀਆਂ, ਢਾਡੀਆਂ, ਕਵੀਸ਼ਰਾਂ ਤੋਂ ਲੈ ਕੇ ਬੜੇ ਗਾਇਕਾਂ ਦੀ ਬਾਂਹ ਫੜੀ। ਸਪੇਰੇ ਤੇ ਨਚਾਰ ਵੀ ਉਹਨੇ ਇਸ ਮੇਲੇ 'ਤੇ ਸਨਮਾਨਤ ਕਰ ਦਿੱਤੇ। ਨੁਕਸ ਤਾਂ ਉਹ ਵੀ ਕੱਢ ਦਿੰਦੇ ਹਨ ਜਿਨ੍ਹਾਂ ਦੀ ਘਰ ਵਿਚ ਪੁੱਛ ਨਾ ਹੋਵੇ, ਜਿਹੜੇ ਸਿਰਫ਼ ਅੰਨ ਨੂੰ ਹੀ ਬੁਖਾਰ ਚੜ੍ਹਾਈ ਰੱਖਦੇ ਹਨ। ਹਾਂ, ਕਈ ਵਾਰ ਉਹ ਅੱਧੀ ਰਾਤ ਨੂੰ ਪ੍ਰੋ. ਮੋਹਨ ਸਿੰਘ ਮੇਲੇ 'ਤੇ ਚੀਕ-ਚਹਾੜਾ ਪਾਉਂਦੇ ਲੋਕਾਂ ਅੱਗੇ ਵੱਸ ਨਾ ਚਲਦਾ ਵੇਖ ਖਿਝ ਕੇ ਆਖ ਦਿੰਦਾ ਸੀ, 'ਲਓ ਮੈਂ ਚੱਲਿਆਂ, ਹੁਣ ਚੜ੍ਹਾ ਲਓ ਕਲਯੁੱਗ ਦਾ ਪਟਾ।'

ਜਿਹੜੇ ਕਿਸੇ ਮੰਗਤੇ ਨੂੰ ਰੁਪਈਆ ਦੇਣ ਵੇਲੇ ਵੀਹ ਗੱਲਾਂ ਤੇ ਸਵਾਲ ਕਰਦੇ ਹਨ, ਉਹ ਜੱਸੋਵਾਲ ਦੀ ਇਸ ਸੋਚ ਵੱਲ ਵੇਖਣ। ਜਦੋਂ ਕਿਤੇ ਉਹਦੇ ਨਾਲ ਕੋਈ ਸੰਘਰਸ਼ ਕਰ ਰਿਹਾ ਕਲਾਕਾਰ




ਸਾਲ 2005 ਵਿਚ ਆਪਣਾ 70ਵਾਂ ਜਨਮ ਦਿਨ ਅੰਮ੍ਰਿਤਸਰ ਵਿਚ ਮਨਾਉਣ ਵੇਲੇ ਗੁਰਮੀਤ ਬਾਵਾ, ਕਿਰਪਾਲ ਬਾਵਾ ਨਾਲ

ਹੁੰਦਾ, ਤੇ ਸਬੱਬੀਂ ਅੱਗਿਓਂ ਕੋਈ ਪੈਸੇ ਵਾਲਾ ਮਿਲ ਪਵੇ ਤਾਂ ਉਹਦੀ ਇੱਛਾ ਦੇਖੋ...! 'ਪਾ ਦੇ ਪਾ ਦੇ ਇਸ ਗਰੀਬ ਦੀ ਜੇਬ ਵਿਚ ਦੋ ਸੌ-ਸੌ ਦੇ। ਰੋਟੀ ਖਾ ਲਊ, ਗੁਣ ਗਾਊ ਤੇਰਾ।'...ਤੇ ਆਪਣੀ ਜੇਬ ਉਹਨੇ ਕਿਸੇ ਅੱਗੇ ਅੱਡੀ ਨਹੀਂ ਸੀ। ਜਿਹੜੇ ਕਦੇ ਗਾਹੇ-ਬਗਾਹੇ ਉਹਦੇ ਘਰ ਗਏ ਹੋਣਗੇ, ਉਹ ਜਾਣਦੇ ਹਨ ਕਿ ਉਹ ਪ੍ਰਾਹੁਣਚਾਰੀ ਕਿਵੇਂ ਕਰਦਾ ਸੀ। ਉਹਦੇ ਘਰੋਂ ਭੁੱਖਾ ਤਾਂ ਕੀ, ਰੱਜਿਆ ਵੀ ਦੋ ਪ੍ਰਸ਼ਾਦੇ ਛਕ ਕੇ ਜਾਂਦਾ ਸੀ।

ਦੀਦਾਰ ਸੰਧੂ ਦੇ ਮੇਲੇ 'ਤੇ ਉਹਦੇ ਪਿੰਡ ਭਰੋਵਾਲਾ ਦੀ ਘਟਨਾ ਤੁਹਾਡੇ ਨਾਲ ਸਾਂਝੀ ਕਰਦਾ ਹਾਂ।

ਦੀਦਾਰ ਸੰਧੂ ਨਾਲ 'ਲੈ ਚੱਲ ਮੁੰਡਿਆ ਵੇ ਨਾਲ, ਜਿੰਦਾ ਮੇਰੀ ਤਾਂ ਬਚਦੀ' ਜਾਂ 'ਨਾ ਕਰ ਮੈਨੂੰ ਪਿਆਰ' ਵਰਗੇ ਦੋ-ਗਾਣੇ ਗਾਉਣ ਵਾਲੀ ਸਨੇਹ ਲਤਾ ਕਰਨਲ ਨਾਲ ਵਿਆਹ ਹੋਣ ਕਰ ਕੇ ਗਾਇਕੀ ਦੀ ਮਾਰਕਿਟ ਵਿਚੋਂ ਲੋਪ ਹੋ ਗਈ। ਦੋ ਦਹਾਕਿਆਂ ਬਾਅਦ ਉਹ ਸੁਭੈਕੀ ਮੇਲੇ 'ਤੇ ਆ ਗਈ। ਉਹਦੇ ਬੱਚੇ ਹੈਰਾਨ ਕਿ ਉਨ੍ਹਾਂ ਦੀ ਮਾਂ ਦਾ ਇੰਨਾ ਨਾਂ ਸੀ ਕਿ ਤਵਿਆਂ 'ਤੇ ਫੋਟੋ ਛਪਦੀਆਂ ਸਨ ਉਹਦੀਆਂ। ਮੇਲੇ ਤੋਂ ਬਾਅਦ ਜੱਸੋਵਾਲ ਨੇ ਦੀਦਾਰ ਦੇ ਗੁਆਂਢੀ ਪਰਿਵਾਰ ਦੇ ਘਰ ਖਾਣਾ ਤਿਆਰ ਕਰਾ ਲਿਆ। ਨਾਲ ਹੀ ਆਖ'ਤਾ ਕਿ ਘੀ-ਸ਼ੱਕਰ ਵੀ ਖੁੱਲ੍ਹਾ ਰਲਾ ਦਿਓ। ਖਾਣਾ ਤਾਂ ਖੁਆ'ਤਾ, ਪਰ ਘਰਵਾਲਿਆਂ ਨੂੰ ਘੀ-ਸ਼ੱਕਰ ਦਾ ਚੇਤਾ ਭੁੱਲ ਗਿਆ। ਜੱਸੋਵਾਲ ਪਾਵੇ ਰੌਲਾ, 'ਲਿਆਓ ਘੀ-ਸ਼ੱਕਰ।' ਸਾਰੇ ਹੱਥ-ਹੂੱਥ ਧੋ ਕੇ ਬੈਠ ਗਏ, ਜਦ ਨੂੰ ਆ ਗਿਆ ਦੇਸੀ ਘਿਓ ਵਿਚ ਤਰਦੀ ਸ਼ੱਕਰ ਦਾ ਨੱਕੋ-ਨੱਕ ਭਰਿਆ ਥਾਲ। ਛੇ ਜਣਿਆਂ ਨੂੰ ਦੋ ਕਿਲੋ ਸ਼ੱਕਰ ਉਹਨੇ



ਸ. ਜੱਸੋਵਾਲ (ਐਨ ਖੱਬੇ) ਮਾਹਿਲਪੁਰ ਦੇ ਇਕ ਸਮਾਗਮ 'ਤੇ ਸ਼ਮਸ਼ੇਰ ਸੰਧੂ, ਬੀਬੀ ਪ੍ਰਕਾਸ਼ ਕੌਰ ਹਮਦਰਦ ਹੋਰਾਂ ਨਾਲ

ਇਹ ਕਹਿੰਦਿਆਂ ਖੁਆ'ਤੀ- 'ਮਾਣ ਰੱਖੋ ਮਾਣ ਰੱਖੋ। ਬੀਬਾ, ਚੰਡੀਗੜ੍ਹ ਇਹ ਨਜ਼ਾਰੇ ਕਿਥੇ ਲੱਭਣੇ ਨੇ।' ਛਾਹ ਵੇਲੇ ਘਰ ਆਉਣ ਵਾਲੇ ਨੂੰ ਉਹ ਪਿਆਜ਼ ਵਾਲੀ ਮਿੱਸੀ ਰੋਟੀ, ਦਹੀਂ ਦਾ ਕੌਲਾ ਤੇ ਲੱਸੀ ਦੀ ਗੜਵੀ ਤੋਂ ਬਿਨਾਂ ਜਾਣ ਨਹੀਂ ਸੀ ਦਿੰਦਾ। ਦੁਪਹਿਰੇ ਉਹਦਾ ਬਹੁਤਾ ਕਰ ਕੇ ਬਾਹਰ ਹੁੰਦਾ ਸੀ ਤੇ ਆਥਣੇ ਉਹ ਤੇਰਵਾਂ ਰਤਨ ਛਕਾ ਹੀ ਦਿੰਦਾ ਸੀ। ਬਹੁਤੇ ਲੋਕਾਂ ਦਾ ਭਰਮ ਮੈਂ ਦੂਰ ਕਰ ਦਿਆਂ ਕਿ ਗੁਰਦੇਵ ਨਗਰ ਲੁਧਿਆਣਾ ਵਿਚਲਾ ਘਰ ਉਹਨੇ ਯੂਨੀਵਰਸਿਟੀ ਲੇਖੇ ਲੱਗੀ ਜ਼ਮੀਨ ਦੇ ਮੁੱਲ ਨਾਲ ਬਣਾਇਆ ਸੀ। ਇਸ ਤੋਂ ਵੱਧ ਨਾ ਉਹਦੇ ਕੋਲ ਕੋਈ ਪਲਾਟ ਸੀ, ਨਾ ਬੈਂਕ ਬੈਲੈਂਸ। ਕਮਾਈ ਉਹਨੇ ਸਿਰਫ ਨਾਂ ਦੀ ਕੀਤੀ ਸੀ। ਐਵੇਂ ਕੋਈ ਉਠ ਕੇ ਲੱਖ ਕਹੀ ਜਾਵੇ, ਉਹਦੇ ਵਰਗਾ ਬਣਨਾ ਬਹੁਤ ਔਖਾ ਹੈ। ਉਹਨੇ ਖਰਾਬ ਹਾਲਾਤ ਵਿਚ ਵੀ ਮੇਲੇ ਲਾ ਕੇ ਪੰਜਾਬੀਆਂ ਦੇ ਉਦਾਸ ਚਿਹਰਿਆਂ 'ਤੇ ਰੌਣਕ ਲਿਆਉਣ ਦਾ ਲਗਾਤਾਰ ਯਤਨ ਕੀਤਾ। ਉਹਨੂੰ ਲਗਾਤਾਰ ਧਮਕੀਆਂ ਆਉਂਦੀਆਂ ਰਹੀਆਂ, ਪਰ ਉਹ ਡਰਿਆ ਸਿਰਫ਼ ਇਕ ਵਾਰ ਹੀ ਦੇਖਿਆ ਮੈਂ...

...ਜਿਸ ਦਿਨ ਦੁੱਗਰੀ ਚਮਕੀਲੇ ਤੇ ਅਮਰਜੋਤ ਦਾ ਭੋਗ ਸੀ, ਉਹ ਤਤਕਾਲੀ ਡਿਪਟੀ ਕਮਿਸ਼ਨਰ ਐਸ.ਐਸ. ਬਰਾੜ ਤੋਂ ਬਾਅਦ ਬੋਲਿਆ ਅਤੇ ਮਾਈਕ 'ਤੇ ਰੋ ਪਿਆ- 'ਓ ਕੁਰਾਹੇ ਪਏ ਮੁੰਡਿਓ! ਜੇ ਚਮਕੀਲੇ ਤੇ ਅਮਰਜੋਤ, ਦੋ ਨਿਹੱਥਿਆਂ ਨੂੰ ਮਾਰ ਕੇ ਤੁਸੀਂ ਖਾਲਿਸਤਾਨ ਬਣਾਉਣਾ ਚਾਹੁੰਦੇ ਹੈ, ਤਾਂ ਮਾਰੋਂ ਗੋਲੀ ਬਾਪੂ ਦੇ...ਮੈਂ ਹਾਂ ਇਨ੍ਹਾਂ ਦਾ ਬਾਪੂ...ਜਗਦੇਵ ਸਿੰਘ ਜੱਸੋਵਾਲ।' ਉਸ ਦਿਨ ਉਹਨੇ ਮੈਨੂੰ ਘਰ ਨਾ ਜਾਣ ਦਿੱਤਾ। ਗੁਰਭਜਨ ਗਿੱਲ, ਪ੍ਰਗਟ ਗਰੇਵਾਲ ਅਸੀਂ ਦੇਰ ਰਾਤ ਤੱਕ ਉਹਦੇ ਘਰ ਗੁਰਦੇਵ ਨਗਰ ਬੈਠੇ ਰਹੇ। ਉਦਣ ਉਹਨੂੰ ਮੈਂ ਪਹਿਲੀ ਵਾਰ ਇੰਨਾ ਓਦਰਿਆ ਵੇਖਿਆ ਸੀ। ਕਰੀਬ ਦੋ ਵਜੇ ਤੜਕੇ ਉਹ ਮੇਰੇ ਕੋਲੋਂ ਉਠ ਕੇ ਆਪਣੇ ਕਮਰੇ ਵਿਚ ਗਿਆ, ਪਰ ਚਾਰ ਵਜੇ ਫਿਰ ਬੂਹਾ ਖੜਕਾਉਣ ਲੱਗ ਪਿਆ-'ਅਸ਼ੋਕ ਉਠ, ਉਠ ਨਹਾ ਲੈ।' ਮੈਂ ਕਿਹਾ-'ਹਾਲੇ ਤਾਂ ਚਾਰ ਵਜੇ ਆ।' ਉਹ ਅੱਖਾਂ ਭਰ ਕੇ ਬੋਲਿਆ-'ਚੱਲ ਨਾ ਨਹਾ, ਪਰ ਮੇਰੀ ਸੁਣ!'...ਤੇ ਤੁਸੀਂ ਵੀ ਸੁਣ ਲਵੋ ਉਹਦਾ ਉਹ ਸੰਵਾਦ...'ਹਾਲੇ ਮੇਰੀ ਅੱਖ ਹੀ ਲੱਗੀ ਸੀ ਮਸਾਂ ਕਿ ਫੋਨ ਖੜਕ ਪਿਆ...ਮੈਂ ਬਥੇਰਾ ਕਿਹਾ, ਛੱਡ ਪਰੇ ਨਾ ਚੁੱਕ; ਪਰ ਤੇਰੀ ਆਂਟੀ ਸੁਰਜੀਤ ਨੇ ਕੰਨ ਨੂੰ ਲਾ ਲਿਆ ਚੌਂਗਾ। ਕੋਈ ਕਹਿ ਰਿਹਾ ਸੀ, ਜੱਸੋਵਾਲ ਨੂੰ ਨਹੀਂ ਛੱਡਣਾ। ਚਮਕੀਲੇ ਦੇ ਭੋਗ 'ਤੇ ਸਾਡੇ ਖਿਲਾਫ਼ ਬੋਲ ਕੇ ਆਇਆ। ਉਹ ਅੱਗਿਓਂ ਜੱਟਾਂ ਵਾਲੀ ਆਕੜ ਵਿਖਾਉਣ ਲੱਗ ਪਈ- ਆ ਜਾ, ਮੈਂ ਵੀ ਜੱਟੀ ਨ੍ਹੀਂ...ਦੇਖਾਂ ਤੈਨੂੰ...ਭਾਈ ਮੈਂ ਤਾਂ ਆ ਗਿਆ ਉਠ ਕੇ, ਉਹ ਹਾਲੇ ਵੀ ਉਲਝੀ ਪਈ ਐ...।'

ਅਗਲੇ ਦਿਨ ਅਸੀਂ ਚੰਡੀਗੜ੍ਹ ਗਏ, ਕਾਰ ਮੈਂ ਚਲਾ ਰਿਹਾ ਸੀ। ਪਿਛੇ ਬੈਠੇ ਗੰਨਮੈਨਾਂ ਨੇ ਵੀ ਕਈ ਵਾਰ ਹੁੰਗਾਰਾ ਦਿੱਤਾ, ਪਰ ਉਹ ਸਾਰਾ ਦਿਨ ਚੁੱਪ ਹੀ ਰਿਹਾ। ਘਰ ਉਤਰਨ ਲੱਗਿਆਂ ਇਕ ਹੀ ਗੱਲ ਆਖੀ-'ਪਤਾ ਨਹੀਂ ਹੁਣ ਇਹ ਅਸਾਲਟਾਂ ਕੀਹਨੂੰ-ਕੀਹਨੂੰ ਨਿਗਲ ਲੈਣਗੀਆਂ।'

ਲੋਕਾਂ ਦੇ ਇਕੱਠ ਨੂੰ ਆਪਣੀ ਬੁੱਕਲ ਵਿਚ ਸਮੋ ਲੈਣ ਤੋਂ ਜਦੋਂ ਪੰਜਾਬੀ ਭਵਨ ਨੇ ਹੱਥ ਖੜ੍ਹੇ ਕੀਤੇ, ਤਾਂ ਉਹ ਪ੍ਰੋ. ਮੋਹਨ ਸਿੰਘ ਮੇਲਾ ਉਥੋਂ ਕੱਢ ਕੇ ਨਹਿਰ ਕਿਨਾਰੇ ਪੱਖੋਵਾਲ ਰੋਡ 'ਤੇ ਲੈ ਆਇਆ; ਅਸੀਂ ਹਾਲਾਂਕਿ ਇਸ ਗੱਲ ਦੇ ਹੱਕ ਵਿਚ ਨਹੀਂ ਸਾਂ, ਪਰ ਉਹ ਨਾ ਮੰਨਿਆ। ਫਿਰ ਉਹ ਇਹ ਆਖ ਕੇ ਮੇਲਾ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਲਿਜਾਣ ਲੱਗ ਪਿਆ ਕਿ ਇਸ ਦਾ ਬੀਜ ਸਮੁੱਚੀ ਪੰਜਾਬੀਅਤ ਦੀ ਹਵਾ ਵਿਚ ਖਿਲਾਰਨਾ ਹੈ, ਪਰ ਸੱਚ ਇਹ ਸੀ ਕਿ ਮੇਲਾ ਜਰਕ ਖਾ ਗਿਆ। ਅਕਤੂਬਰ ਮਹੀਨੇ ਦੀ 19 ਤੇ 20 ਤਾਰੀਖ ਨੂੰ ਲੁਧਿਆਣੇ ਲਾਗਲੇ ਪਿੰਡਾਂ ਵਿਚ ਵਿਆਹਾਂ ਦੀਆਂ ਤਾਰੀਖਾਂ ਬਦਲਦੇ ਰਹੇ। ਕੁਝ ਸੰਚਾਰ ਸਾਧਨਾਂ ਨੇ ਖਾ ਲਿਆ। ਅਮਰੀਕਾ ਆ ਕੇ ਉਹ ਹੋਰ ਓਦਰ ਗਿਆ, ਉਨੇ ਕੁ ਲੋਕ ਵੇਖ ਕੇ ਜਿੰਨੇ ਕੁ ਕਦੇ ਇਹ ਮੇਲਾ ਵੇਖਣ ਲਈ ਲੁਧਿਆਣੇ ਬੱਸ ਅੱਡੇ 'ਤੇ ਇਕ ਬੱਸ ਵਿਚੋਂ ਉਤਰਦੇ ਹੁੰਦੇ ਸਨ!

ਚਾਰ ਕੁ ਸਾਲ ਪਹਿਲਾਂ ਜਦੋਂ ਮੈਂ ਇੰਡੀਆ ਗਿਆ, ਅੱਧੀ ਰਾਤ ਨੂੰ ਉਹ ਅਚਾਨਕ ਘਰੇ ਆ ਗਿਆ। ਲੱਠੇ ਵਰਗਾ ਸਵਾ ਛੇ ਫੁੱਟਾ ਸਰੀਰ ਉਦੋਂ ਥੋੜ੍ਹਾ ਝੜ ਗਿਆ ਸੀ। ਉਹ ਕੁਝ ਵੀ ਖਾਣ-ਪੀਣ ਤੋਂ ਪਹਿਲਾਂ ਬੋਲ ਪਿਆ, 'ਅਸ਼ੋਕ, ਹੁਣ ਮੇਲਾ ਫਿਰ ਪੰਜਾਬੀ ਭਵਨ ਵਿਚ ਲਿਆਉਣਾ ਪਵੇਗਾ।' 'ਕਿਉਂ?' ਦੇ ਜੁਆਬ ਵਿਚ ਕਹਿਣ ਲੱਗਾ-'ਤਰਨ ਤਾਰਨ ਮੇਲਾ ਲਾ ਕੇ ਆਇਆ ਹਾਂ...ਮੇਲੇ ਵਿਚੋਂ ਰੂਹ ਖਤਮ ਹੋ ਰਹੀ ਹੈ, ਪ੍ਰਬੰਧ ਠੀਕ ਨਹੀਂ ਰਹੇ। ਪਿਛਲੇ ਸਾਲ ਸ਼ਾਮ ਚੁਰਾਸੀ ਵਿਚ ਸਰਤਾਜ ਨੂੰ ਵੀ ਸੱਦਿਆ, ਪਰ ਧਰਮ ਦੀਆਂ ਵੇਲਾਂ ਫਿਰ ਵੀ ਨਾ ਲੱਗੀਆਂ। ਹੁਣ ਤੂੰ ਆਏਂ ਕਰ, ਪੰਦਰਾਂ ਕੁ ਹਜ਼ਾਰ ਰੁਪਿਆ ਲਿਆ, ਗੱਡੀ ਵਿਚ ਤੇਲ ਜੋਗੇ ਵੀ ਪੈਸੇ ਨਹੀਂ...ਆਹ ਦੇਖ ਗੀਝਾ, ਤੇ ਉਹਨੇ ਨਾਲ ਹੀ ਕਮੀਜ਼ ਦੀ ਬੱਖੀ ਵਾਲੀ ਜੇਬ ਪੁੱਠੀ ਕਰ ਦਿੱਤੀ। ਮੇਰੇ ਕੋਲ ਦਸ ਹਜ਼ਾਰ ਸੀ, ਉਹ ਫੜਾ ਕੇ ਮੈਂ ਪੁੱਛਿਆ- 'ਘੁੱਟ?' ਉਹ ਹੱਸ ਪਿਆ-'ਵੱਢਤਾ ਫਾਹਾ ਇਹਦਾ।' 'ਤੇ ਤੂੰ?' ਮੈਂ ਸ਼ਾਇਰੀ ਸੁਣਾਉਣ ਲੱਗ ਪਿਆ:

ਕਦੇ ਕਦਾਈਂ ਪੀ ਲੈਂਦਾ ਸੀ,
ਫੇਰ ਕਿਸੇ ਦਾ ਕੀ ਲੈਂਦਾ ਸੀ।
ਆਪਣੀ ਮੌਤੇ ਮਰ ਜਾਂਦਾ ਸੀ,
ਆਪਣੀ ਮੌਤੇ ਜੀਅ ਲੈਂਦਾ ਸੀ।
ਸੱਚੀਂ ਹੀ ਸਹੁੰ ਖਾ ਕੇ ਕਹਿੰਨਾ,
ਹੁਣ ਮੈਂ ਪੀਣੀ ਛੱਡ ਦਿੱਤੀ ਏ।
ਛੇ ਕੁ ਮਹੀਨੇ ਹੋ ਗਏ ਹੁਣ ਤਾਂ,
ਘਰ 'ਚੋਂ ਜ਼ਹਿਮਤ ਕੱਢ ਦਿੱਤੀ ਏ...

...ਤੇ ਚਾਰ ਕੁ ਮਹੀਨੇ ਪਹਿਲਾਂ ਜਦੋਂ ਆਪਣੀ ਭਤੀਜੀ ਦੇ ਘਰ ਮਿਲਿਆ, ਤਾਂ ਸੁੱਖ-ਸਾਂਦ ਤੋਂ ਉਰ੍ਹਾਂ ਹੀ ਕਹਿਣ ਲੱਗਾ-'ਪੀਂਦਾ ਹੁੰਨਾ?' ਮੈਂ ਹੱਸ ਕੇ ਕਿਹਾ, 'ਸੁੰਘਦਾ ਵੀ ਨਹੀਂ।' ਮੇਰਾ ਹੱਥ ਫੜ ਕੇ ਬੋਲਿਆ-'ਇਸ ਕਲਿਹਣੀ ਨੂੰ ਵੇਖ ਕੇ ਰਾਹ ਹੀ ਬਦਲ ਲਿਆ ਕਰ।'

ਕਈ ਵਾਰ ਦਿਲ ਦੀਆਂ ਗੱਲਾਂ ਤਾਂ ਤਸਵੀਰਾਂ ਨਾਲ ਹੋ ਜਾਂਦੀਆਂ ਹਨ, ਪਰ ਕਿਸੇ ਨਾਲ ਫੋਟੋ ਖਿਚਾ ਕੇ ਕੋਈ ਦਾਅਵਾ ਕਰੇ ਕਿ ਮੈਂ ਉਸ ਨੂੰ ਜਾਣ ਲਿਆ ਹੈ ਤਾਂ ਇਹ ਅਗਿਆਨਤਾ ਹੀ ਹੋਵੇਗੀ। ਹੈਰਾਨੀ ਇਸ ਗੱਲ ਦੀ ਹੈ ਕਿ ਕਈ ਲੋਕ ਜੱਸੋਵਾਲ ਨਾਲ ਫੋਟੋ ਖਿਚਾ ਕੇ ਹੀ ਉਸ ਨੂੰ ਜਾਨਣ ਦੇ ਦਾਅਵੇ ਕਰ ਰਹੇ ਹਨ; ਜਦੋਂਕਿ ਉਹਦੀ ਕਰਨ ਦੀ ਸਮਰੱਥਾ, ਲਗਨ ਤੇ ਹਿੰਮਤ ਦੇ ਭੇਤ ਸਾਨੂੰ ਵੀ ਉਹਦੇ ਨਾਲ ਤੀਹ-ਪੈਂਤੀ ਸਾਲ ਗੁਜ਼ਾਰ ਕੇ ਨਹੀਂ ਆਏ।

ਪਿਛਲੇ ਸਾਲ ਅਗਸਤ ਮਹੀਨੇ ਕਨਸੋਅ ਪਈ ਸੀ ਕਿ ਜੱਸੋਵਾਲ ਅਮਰੀਕਾ ਆ ਰਿਹਾ ਹੈ ਜਾਂ ਉਹਨੂੰ ਕਿਸੇ ਬਹਾਨੇ ਲਿਆਉਣ ਦੇ ਯਤਨ ਹੋ ਰਹੇ ਹਨ। ਉਹਦੇ ਲੰਮਾ ਸਮਾਂ ਹਪਸਤਾਲ ਵਿਚ ਦਾਖ਼ਲ ਰਹਿਣ ਕਾਰਨ ਹਾਲਾਤ ਨਹੀਂ ਸਨ ਲਗਦੇ ਕਿ ਉਹ ਆਵੇਗਾ। ਸਿਹਤ ਵੀ ਉਹਨੂੰ ਵੱਡੇ ਸਫ਼ਰ ਲਈ ਸ਼ਾਇਦ ਹੁੰਗਾਰਾ ਨਾ ਭਰ ਰਹੀ ਹੋਵੇ। ਮੈਂ ਵੀ ਅਜਿਹਾ ਕਰਨ ਤੋਂ ਉਹਨੂੰ ਰੋਕ ਰਿਹਾ ਸੀ; ਗੁਰਭਜਨ ਗਿੱਲ ਵੀ, ਪ੍ਰਗਟ ਗਰੇਵਾਲ ਵੀ; ਪਰ ਉਹ ਸ਼ਾਇਦ ਰਿਸ਼ਤੇਦਾਰੀਆਂ ਨਿਭਾਉਣ ਦੇ ਚੱਕਰ ਵਿਚ ਸਾਰਿਆਂ ਨੂੰ ਬਿਨਾਂ ਦੱਸੇ ਹੀ ਆ ਗਿਆ। ਉਹਦੀ ਮੇਰੇ ਨਾਲ ਅਮਰੀਕਾ ਫੇਰੀ ਦੀ ਮੁਲਕਾਤ ਦੇ ਅੰਸ਼ ਥੀਏਟਰ ਦੇ ਇਕ ਸੀਨ ਵਾਂਗ ਤੁਹਾਡੇ ਅੱਗੇ ਪੇਸ਼ ਕਰ ਰਿਹਾ ਹਾਂ:

ਜਗਦੇਵ ਸਿੰਘ ਜੱਸੋਵਾਲ ਦੇ ਇਕ ਮਿੱਤਰ ਦਾ ਮੈਨੂੰ ਫੋਨ ਆਇਆ, 'ਬਾਈ ਜੀ ਪਰਸੋਂ ਨੂੰ ਆ ਰਹੇ ਆ, ਵੀਜ਼ਾ ਮਿਲ ਗਿਆ।'

'ਸਾਨੂੰ ਬਿਨਾਂ ਦੱਸੇ ਹੀ? ਸਿਹਤ ਠੀਕ ਨਹੀਂ ਸੀ, ਉਹਨੂੰ ਸਫ਼ਰ ਨਹੀਂ ਕਰਨਾ ਚਾਹੀਦਾ ਸੀ।'

ਖੈਰ! ਉਹਨੇ ਇਕ ਸ਼ਖਸ ਦਾ ਮੈਨੂੰ ਨੰਬਰ ਦਿੱਤਾ ਜਿਸ ਨੂੰ ਸ਼ਾਇਦ ਸਾਰੀ ਜਾਣਕਾਰੀ ਸੀ। ਮੈਂ ਉਹਨੂੰ ਫੋਨ ਮਿਲਾਇਆ, ਪਰ ਉਹ ਜੱਸੋਵਾਲ ਦੀ ਗੱਲ ਨਾਲੋਂ ਆਪਣਾ ਕਾਰੋਬਾਰ ਵੱਧ ਮਹੱਤਤਾ ਨਾਲ ਦੱਸ ਰਿਹਾ ਸੀ। ਆਖਣ ਲੱਗਾ, 'ਫਲਾਈਟ ਸੈਨ ਫਰਾਂਸਿਸਕੋ ਸਵਾ ਦਸ ਵਜੇ ਲੱਗੇਗੀ, ਤੁਸੀਂ ਆ ਜਾਣਾ।' ਇਸੇ ਵੀਰ ਨੇ ਉਸ ਦਿਨ ਫੋਨ ਕੀਤਾ ਕਿ ਅਸੀਂ ਚੱਲਣ ਲੱਗੇ ਹਾਂ, ਤੁਸੀਂ ਚੱਲ ਪਓ। ਮੈਂ ਫੁੱਲਾਂ ਦਾ ਗੁਲਦਸਤਾ ਲੈ ਕੇ ਏਅਰਪੋਰਟ ਆਪਣੇ ਮਿੱਤਰ ਧਰਮਪਾਲ ਝੰਮਟ ਨਾਲ ਦਸ ਵਜੇ ਪੁੱਜ ਗਿਆ। ਫਲਾਈਟ ਵਕਤ ਸਿਰ ਸੀ। ਜਦੋਂ ਮੈਂ ਉਸੇ ਨੂੰ ਫਿਰ ਪੁੱਛਿਆ ਕਿ ਪੁੱਜ ਗਿਆ ਹਾਂ, ਤੁਸੀਂ ਕਿਥੇ ਕੁ ਹੋ?...ਤਾਂ ਉਹਦਾ ਜਵਾਬ ਇਨ-ਬਿਨ ਦੱਸ ਰਿਹਾਂ: 'ਲੰਮੇ ਸਫਰ ਤੋਂ ਆਏ ਹਨ, ਪੱਗਾਂ ਢਿੱਲੀਆਂ ਹੋਈਆਂ ਹੋਣਗੀਆਂ। ਅਸੀਂ ਫੈਸਲਾ ਕੀਤਾ ਹੈ ਕਿ ਏਅਰਪੋਰਟ 'ਤੇ ਦੂਜਾ ਬੰਦਾ ਕੋਈ ਨਹੀਂ ਮਿਲੇਗਾ। ਅਸੀਂ ਹਾਲੇ ਰਾਹ ਵਿਚ ਹਾਂ।'

ਮੈਂ ਗੁੱਸੇ ਵਿਚ ਗੁਲਦਸਤਾ ਡਸਟਬਿਨ ਵਿਚ ਸੁੱਟ ਦਿੱਤਾ ਕਿ ਮੈਂ ਜੱਸੋਵਾਲ ਨਾਲ ਤੀਹ ਸਾਲ ਪਿਉ-ਪੁੱਤ ਵਾਂਗ ਗੁਜ਼ਾਰੇ ਹਨ, ਇਹ ਮੈਨੂੰ 'ਦੂਜਾ' ਦੱਸ ਰਿਹਾ ਹੈ।

ਦਸ ਮਿੰਟ ਬਾਅਦ ਮੈਂ ਫਿਰ ਫੋਨ ਮਿਲਾਇਆ, ਕਹਿਣ ਲੱਗਾ, 'ਅਸੀਂ ਜੱਸੋਵਾਲ ਨੂੰ ਲੈ ਕੇ ਨਿਕਲ ਗਏ ਹਾਂ, ਤੁਹਾਡਾ ਸੁਨੇਹਾ ਦੇ ਦਿਆਂਗੇ।'

'ਅਰਾਈਵਲ ਅੱਗੇ ਤਾਂ ਮੈਂ ਖੁਦ ਖੜ੍ਹਾ ਸੀ, ਜੱਸੋਵਾਲ ਕਿਤੇ ਕੰਧ ਟੱਪ ਗਿਆ?' ਮੈਂ ਮਨ ਵਿਚ ਇਹ ਸੋਚਦਿਆਂ ਵਾਪਸ ਆ ਗਿਆ ਕਿ ਚਲੋ ਹੁਣ ਇਥੇ ਨਹੀਂ, ਲੁਧਿਆਣੇ ਹੀ ਮਿਲਾਂਗਾ।

ਕੁਝ ਦਿਨਾਂ ਬਾਅਦ ਜੱਸੋਵਾਲ ਦਾ ਸੁਨੇਹਾ ਮਿਲਿਆ, 'ਅਸ਼ੋਕ, ਮੈਨੂੰ ਜਿਵੇਂ-ਕਿਵੇਂ ਮਿਲ। ਮੈਂ ਉਦਾਸ ਹਾਂ।'

ਮੈਂ ਫਿਰ 'ਕੱਲਾ ਨਹੀਂ, ਜਗਦੇਵ ਭੰਡਾਲ ਨੂੰ ਨਾਲ ਲੈ ਕੇ ਕੈਮਰਿਆਂ ਸਮੇਤ ਟਰੇਸੀ ਉਹਦੀ ਭਤੀਜੀ ਮਨਜੀਤ ਕੌਰ ਭੋਲੀ ਤੇ ਪ੍ਰਾਹੁਣੇ ਸੋਹਨ ਸਿੰਘ ਨਾਗਰਾ ਦੇ ਘਰ 'ਗਲੋਬਲ ਪੰਜਾਬ' ਲਈ ਮੁਲਾਕਾਤ ਕਰਨ ਗਿਆ।

ਉਹ ਵਾਸ਼ਰੂਮ ਵਿਚੋਂ ਨਿਕਲ ਕੇ ਗਲ ਲਗਦਿਆਂ ਬੋਲਿਆ, 'ਅਸ਼ੋਕ, ਤੈਨੂੰ ਮਿਲੇ ਬਿਨਾਂ ਜਾਣਾ ਸ਼ਾਇਦ ਮੌਤ ਵਰਗਾ ਸੀ। ਮੈਨੂੰ ਆਪਣੇ ਕੁਝ ਫੈਸਲਿਆਂ 'ਤੇ ਗੁੱਸਾ ਵੀ ਹੈ ਤੇ ਪਛਤਾਵਾ ਵੀ।'

ਮੈਂ ਕੁਝ ਭੇਟਾ ਦਿੱਤੀ, ਤਾਂ ਹਉਕਾ ਲਿਆ, 'ਤੂੰ ਤਾਂ ਮੇਰਾ ਬਹੁਤ ਵੱਡਾ ਸਰਮਾਇਆ ਏਂ। ਲੋਕ ਮੈਨੂੰ ਬਿਮਾਰ ਵੇਖ ਕੇ ਕਹਿੰਦੇ ਨੇ, ਮੈਂ ਦੁਖੀ ਹੋਵਾਂਗਾ ਪਰ ਮੈਂ ਸਾਰੀ ਉਮਰ ਔਖੀ ਬਹੁਤ ਕੱਟੀ ਹੈ, ਮੇਰੀ ਦਿਲੀ ਇੱਛਾ ਹੈ...ਤੇਰੇ ਪਿੰਡ ਵੀ ਪ੍ਰੋ. ਮੋਹਨ ਸਿੰਘ ਮੇਲਾ ਲਾਵਾਂ। ਤੂੰ ਹਿੰਮਤੀ ਐਂ ਸਾਰੇ ਧੋਣੇ ਧੋ ਦਏਂਗਾ।'

ਅਸੀਂ ਹਉਕਿਆਂ ਵਿਚ ਵਿਛੜ ਗਏ। ਮਲਕੀਤ ਦਾਖੇ ਦਾ ਫੋਨ ਨਿਊਯਾਰਕ ਤੋਂ ਆਇਆ, 'ਅਸ਼ੋਕ, ਜੱਸੋਵਾਲ ਤੈਨੂੰ ਚੇਤੇ ਕਰੀ ਜਾਂਦੈ।'

ਪਰ ਦੁੱਖ ਹੈ ਕਿ ਕੋਠੇ ਜਿੱਡਾ ਦਲੇਰ ਮਨੁੱਖ ਫਿਰ ਅਗਲੇ ਦੋ ਮਹੀਨਿਆਂ ਵਿਚ ਖਪ ਕੇ ਸਾਥੋਂ ਬਾਂਹ ਛੁਡਾ ਗਿਆ।

ਅੱਖਾਂ ਫਿਰ ਭਰ ਰਹੀਆਂ ਨੇ, ਕੁਝ ਹੋਰ ਨਹੀਂ ਕਹਾਂਗਾ, ਇਹ ਦਿਲ ਦੀ ਜ਼ੁਬਾਨ ਹੀ ਤਾਂ ਹੁੰਦੀਆਂ ਨੇ।

ਜਗਦੇਵ ਸਿੰਘ ਸਾਰੀ ਉਮਰ ਜਾਗਦਾ ਰਿਹਾ, ਉਹਨੇ ਘੁਰਾੜੇ ਨਹੀਂ ਮਾਰੇ ਤੇ ਘੁਰਾੜੇ ਮਾਰਨ ਵਾਲੇ ਉਹਨੂੰ ਜਾਨਣ ਦੀ ਗੁਸਤਾਖੀ ਫਿਰ ਵੀ ਕਰੀ ਜਾਂਦੇ ਹਨ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਮਨੁੱਖੀ ਕਿਰਦਾਰ

ਰਾਂਝੇ ਨੂੰ ਕੀ ਕਹੀਏ ਏਥੇ ਹੀਰ ਬਦਲਦੀ ਵੇਖੀ ਆ।
ਕਈ ਹਿੰਮਤ ਹਾਰ ਕੇ ਬੈਠੇ ਸੀ ਤਕਦੀਰ ਬਦਲਦੀ ਵੇਖੀ ਆ।
ਫੂਕ ਦਿੱਤੇ ਸਭ ਰਿਸ਼ਤੇ ਦੱਸੋ ਕੀ ਨੇ ਸਾਂਝਾਂ ਰਹਿ ਗਈਆਂ,
ਰੱਖੜੀ ਵਾਲੇ ਦਿਨ ਭੈਣ ਵੀ ਵੀਰ ਬਦਲਦੀ ਵੇਖੀ ਆ।
ਨਹੀਂ ਆਉਣਾ ਹੁਣ ਕ੍ਰਿਸ਼ਨ ਮੁਰਾਰੀ, ਇਹ ਵੀ ਉਹ ਜਾਣ ਗਈ,
ਆਪਣੇ ਹੱਥੀਂ ਦਰੋਪਤੀ ਹੀ ਹੁਣ ਚੀਰ ਬਦਲਦੀ ਵੇਖੀ ਆ।
ਗੁੱਟ ਰਹਿੰਦੇ ਸੀ ਨਸ਼ੇ 'ਚ ਜਿਹੜੇ ਧਨ-ਦੌਲਤ ਤੇ ਸ਼ੋਹਰਤ ਨਾਲ
ਇਨ੍ਹਾਂ ਅੜੇ-ਅਮੀਰਾਂ ਦੀ ਅਖੀਰ ਬਦਲਦੀ ਵੇਖੀ ਆ।
ਮੁੱਲਾਂ, ਭਾਈ, ਬ੍ਰਾਹਮਣ ਰੱਬ ਨਾਲ ਉਲਝੇ ਰਹੇ ਰੋਜ਼ਾਨਾ ਹੀ,
ਲਾਲਚ ਪਿਛੇ ਇਹ ਦੁਨੀਆਂ ਗੁਰੂ ਪੀਰ ਬਦਲਦੀ ਵੇਖੀ ਆ।
ਸੋਹਣੀ ਦੇ ਹੱਥ ਘੜਾ ਰਿਹਾ ਨਾ, ਮਿਰਜੇ ਹੇਠਾਂ ਬੱਕੀ ਨਹੀਂ,
ਜੰਡ ਆਖ ਕੇ ਸਾਹਿਬਾਂ ਨਿੱਤ ਕਰੀਰ ਬਦਲਦੀ ਵੇਖੀ ਆ।
ਜਦ ਦੇ ਬੰਦੇ ਜ਼ਹਿਰੀਲੇ ਵੱਧ ਹੋ ਚੱਲੇ ਨੇ ਜ਼ਹਿਰਾਂ ਤੋਂ,
ਪਿੱਟਦੇ ਰਹਿ ਗਏ ਸੱਪ ਦੀ ਅਸੀਂ ਲਕੀਰ ਬਦਲਦੀ ਵੇਖੀ ਆ।
ਰਾਤ ਗਈ ਤੇ ਘੁੱਟ ਕੇ ਜੱਫੀ ਪਾਈ ਪੱਗ ਵਟਾ ਕੇ ਸੀ,
ਸੁਭ੍ਹਾ ਹੋਈ 'ਤੇ 'ਭੌਰੇ' ਸਭ ਤਸਵੀਰ ਬਦਲਦੀ ਵੇਖੀ ਆ।

ਗੁਰਮਤਿ ਗਿਆਨ

# ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ



ਡਾ. ਗੁਰਨਾਮ ਕੌਰ, ਕੈਨੇਡਾ

ਰਾਗ ਗਉੜੀ ਵਾਰ ਮਹਲਾ ਪੰਜਵਾਂ ਦੇ ਇਸ ਸਲੋਕ ਵਿਚ ਗੁਰੂ ਅਰਜਨ ਦੇਵ ਦੱਸਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ ਸਦਾ ਮਾਇਆ ਦੀ ਚਿੰਤਾ ਲੱਗੀ ਰਹਿੰਦੀ ਹੈ, ਉਸ ਦੀ ਮਾਇਆ ਦੀ ਭੁੱਖ ਕਦੇ ਵੀ ਪੂਰੀ ਨਹੀਂ ਹੁੰਦੀ ਭਾਵੇਂ ਬਾਹਰੋਂ ਦੇਖਣ ਨੂੰ ਉਹ ਸੁਖੀ ਅਤੇ ਸੰਤੁਸ਼ਟ ਜਾਪਦਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਅਕਾਲ ਪੁਰਖ ਦੇ ਨਾਮ ਦੇ ਸਿਮਰਨ ਤੋਂ ਬਿਨਾ ਕਿਸੇ ਦੇ ਵੀ ਦੁੱਖ ਮਿਟਦੇ ਨਹੀਂ, ਦੂਰ ਨਹੀਂ ਹੁੰਦੇ- ਭਾਵ ਮਨੁੱਖ ਦੇ ਦੁੱਖਾਂ ਦੀ ਦਵਾ ਅਕਾਲ ਪੁਰਖ ਦਾ ਨਾਮ ਹੈ ਕਿਉਂਕਿ ਇਹ ਮਨੁੱਖ ਦੇ ਮਨ ਨੂੰ ਚਿੰਤਾਵਾਂ ਤੋਂ ਮੁਕਤ ਕਰਦਾ ਹੈ,

ਅੰਤਰਿ ਚਿੰਤਾ ਨੈਣੀ ਸੁਖੀ
ਮੂਲਿ ਨ ਉਤਰੈ ਭੁਖ॥
ਨਾਨਕ ਸਚੇ ਨਾਮ ਬਿਨੁ
ਕਿਸੈ ਨ ਲਥੋ ਦੁਖੁ॥੧॥ (ਪੰਨਾ ੩੧੯)

ਅਗਲੇ ਸਲੋਕ ਵਿਚ ਗੁਰੂ ਅਰਜਨ ਦੇਵ ਮਨੁੱਖ ਨੂੰ ਆਗਾਹ ਕਰਦੇ ਹਨ ਕਿ ਜਿਹੜੇ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਰੂਪੀ ਸੌਦਾ ਨਹੀਂ ਲੱਦਿਆ ਅਰਥਾਤ ਨਾਮ ਨੂੰ ਆਪਣੇ ਮਨ ਵਿਚ ਨਹੀਂ ਵਸਾਇਆ ਅਤੇ ਸੱਚ ਪੱਲੇ ਨਹੀਂ ਬੰਨ੍ਹਿਆ- ਉਨ੍ਹਾਂ ਦੇ ਟੋਲਿਆਂ ਦੇ ਟੋਲੇ ਲੁੱਟੇ ਗਏ ਸਮਝੋ ਪਰ ਉਨ੍ਹਾਂ ਦੇ ਸ਼ਾਬਾਸ਼! ਉਹ ਧੰਨਤਾ ਦੇ ਪਾਤਰ ਹਨ ਜਿਨ੍ਹਾਂ ਨੇ ਗੁਰੂ ਦੇ ਰਾਹੀਂ, ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਉਸ ਅਕਾਲ ਪੁਰਖ ਦੀ ਪਛਾਣ ਕਰ ਲਈ ਹੈ- ਭਾਵ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਹੀ ਮਨੁੱਖ ਅਕਾਲ ਪੁਰਖ ਦੀ ਪਛਾਣ ਕਰਦਾ ਹੈ, ਉਸ ਨਾਲ ਸਾਂਝ ਪਾਉਂਦਾ ਹੈ ਅਤੇ ਸੱਚ ਨਾਲ ਜੁੜਦਾ ਹੈ। ਗੁਰੂ ਦੀ ਅਗਵਾਈ ਤੋਂ ਬਿਨਾ ਮਨੁੱਖ ਦੇ ਚੰਗੇ ਗੁਣ ਮਾਇਆ ਰਾਹੀਂ ਲੁੱਟੇ ਜਾਂਦੇ ਹਨ,

ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ॥
ਨਾਨਕ ਸੇ ਸਾਬਾਸਿ
ਜਿਨ੍ਹੀ ਗੁਰ ਮਿਲਿ ਇਕੁ ਪਛਾਣਿਆ॥੨॥
(ਪੰਨਾ ੩੧੯)

ਬਾਣੀ ਅਨੁਸਾਰ ਮਨੁੱਖ ਦੇ ਵਿਅਕਤੀਤਵ ਦੇ ਵਿਕਾਸ ਲਈ, ਆਪਣੇ ਅੰਦਰ ਸਤਿ, ਸੰਤੋਖ ਅਤੇ ਸੇਵਾ ਆਦਿ ਦੇ ਚੰਗੇ ਗੁਣ ਪੈਦਾ ਕਰਕੇ ਅਕਾਲ ਪੁਰਖ ਨਾਲ ਉਸ ਦੇ ਨਾਮ ਸਿਮਰਨ ਰਾਹੀਂ ਸਾਂਝ ਪੈਦਾ ਕਰਨ ਲਈ ਗੁਰਮੁਖਾਂ ਦੀ ਸੰਗਤਿ ਸਭ ਤੋਂ ਸਮਰੱਥ ਸਾਧਨ ਹੈ। ਪੰਜਵੀਂ ਪਉੜੀ ਵਿਚ ਗੁਰੂ ਅਰਜਨ ਦੇਵ ਇਸੇ ਸਿਧਾਂਤ ਦੀ ਪ੍ਰੋੜਤਾ ਕਰਦਿਆਂ ਫਰਮਾਉਂਦੇ ਹਨ ਕਿ ਜਿਸ ਸਥਾਨ 'ਤੇ ਗੁਰਮੁਖਿ ਲੋਕ, ਪਰਮਾਤਮਾ ਦਾ ਨਾਮ ਸਿਮਰਨ ਕਰਦੇ ਸਤਿਸੰਗਤੀ ਮਨੁੱਖ ਬੈਠਦੇ ਹਨ, ਇਕੱਤਰ ਹੁੰਦੇ ਹਨ ਉਹ ਸਥਾਨ ਸੋਹਣਾ/ਸੁੰਦਰ ਹੋ ਜਾਂਦਾ ਹੈ ਕਿਉਂਕਿ ਉਥੇ ਬੈਠ ਕੇ ਉਹ ਉਸ ਸਰਬ ਕਲਾ ਸਮਰੱਥ ਵਾਹਿਗੁਰੂ ਦਾ ਸਿਮਰਨ ਕਰਦੇ ਹਨ ਜਿਸ ਦੇ ਨਾਮ ਸਿਮਰਨ ਰਾਹੀਂ ਉਨ੍ਹਾਂ ਦੇ ਮਨ ਵਿਚੋਂ ਹਰ ਤਰ੍ਹਾਂ ਦੀ ਬੁਰਾਈ ਖਤਮ ਹੋ ਜਾਂਦੀ ਹੈ।

ਅਕਾਲ ਪੁਰਖ ਹਰ ਤਰ੍ਹਾਂ ਦੇ ਵਿਕਾਰਾਂ ਵਿਚ ਡਿਗੇ ਹੋਇਆਂ ਨੂੰ ਬਾਹਰ ਕੱਢ ਲੈਂਦਾ ਹੈ, ਇਹ ਗੱਲ ਸੰਤ ਜਨ ਵੀ ਆਖਦੇ ਹਨ ਅਤੇ ਵੇਦ ਆਦਿ ਗਿਆਨ ਦੀਆਂ ਪੁਸਤਕਾਂ ਵੀ ਕਹਿੰਦੀਆਂ ਹਨ (ਵੇਦ ਦਾ ਅਰਥ ਗਿਆਨ ਵੀ ਹੁੰਦਾ ਹੈ)। ਅਕਾਲ ਪੁਰਖ ਆਪਣੇ ਭਗਤਾਂ ਨੂੰ ਸਦਾ ਪਿਆਰ ਕਰਦਾ ਆਇਆ ਹੈ, ਇਹ ਉਸ ਦਾ ਸੁਭਾ ਹੈ, ਜੋ ਸਦਾ ਇਸੇ ਤਰ੍ਹਾਂ ਹੀ ਵਰਤਦਾ ਆਇਆ ਹੈ, ਉਸ ਦਾ ਬਿਰਦ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਉਸ ਦੇ ਨਾਮ ਦੀ ਦਾਤ ਲਈ ਅਰਦਾਸ ਕਰਦੇ ਹਨ, ਜੋ ਉਨ੍ਹਾਂ ਨੂੰ ਮਨ, ਤਨ ਵਿਚ ਪਿਆਰਾ ਲੱਗਦਾ ਹੈ, ਚੰਗਾ ਲੱਗਦਾ ਹੈ,

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥
ਓਇ ਸੇਵਨਿ ਸੰਮ੍ਰਿਥੁ ਆਪਣਾ
ਬਿਨਸੈ ਸਭੁ ਮੰਦਾ॥
ਪਤਿਤ ਉਧਾਰਣ ਪਾਰਬ੍ਰਹਮ
ਸੰਤ ਬੇਦੁ ਕਹੰਦਾ॥
ਭਗਤਿ ਵਛਲੁ ਤੇਰਾ ਬਿਰਦੁ ਹੈ
ਜੁਗਿ ਜੁਗਿ ਵਰਤੰਦਾ॥
ਨਾਨਕੁ ਜਾਚੈ ਏਕੁ ਨਾਮੁ
ਮਨਿ ਤਨਿ ਭਾਵੰਦਾ॥੫॥ (ਪੰਨਾ ੩੧੯)

ਅੱਗੇ ਸਲੋਕ ਵਿਚ ਅੰਮ੍ਰਿਤ ਵੇਲੇ ਦਾ ਜ਼ਿਕਰ ਕੀਤਾ ਹੈ ਜੋ ਅਧਿਆਤਮਕ ਨਜ਼ਰੀਏ ਤੋਂ ਪਰਮਾਤਮਾ ਨਾਲ ਜੁੜਨ ਦਾ ਸਭ ਤੋਂ ਵਧੀਆ ਸਮਾਂ ਮੰਨਿਆ ਜਾਂਦਾ ਹੈ ਕਿਉਂਕਿ ਇਸ ਸਮੇਂ ਵਾਤਾਵਰਨ ਵਿਚ ਪੂਰੀ ਸ਼ਾਂਤੀ ਹੁੰਦੀ ਹੈ ਅਤੇ ਮਨੁੱਖ ਕੁਦਰਤ ਦੇ ਰੰਗਾਂ ਨੂੰ ਆਪਣੇ ਅੰਤਰ ਮਨ ਨਾਲ ਪੂਰੀ ਤਰ੍ਹਾਂ ਮਹਿਸੂਸ ਕਰ ਸਕਦਾ ਹੈ। ਅੰਮ੍ਰਿਤ ਵੇਲੇ ਪੰਛੀ ਆਪਣੀਆਂ ਆਵਾਜ਼ਾਂ ਨਾਲ ਸਵੇਰ ਹੋਣ ਦਾ ਸੁਨੇਹਾ ਦਿੰਦੇ ਹਨ ਖਾਸ ਕਰਕੇ ਚਿੜੀਆਂ ਵਰਗੇ ਪੰਛੀ ਜਿਨ੍ਹਾਂ ਦੇ ਚਹਿਕਣ ਤੋਂ ਅੰਮ੍ਰਿਤ ਵੇਲਾ ਹੋਣ ਦਾ ਅਹਿਸਾਸ ਜਾਗਦਾ ਹੈ। ਚਿੜੀਆਂ ਦੇ ਚਹਿਕਣ ਨਾਲ ਜਦੋਂ ਜਦੋਂ ਅੰਮ੍ਰਿਤ ਵੇਲਾ ਹੋਣ ਦਾ ਸੰਕੇਤ ਹੁੰਦਾ ਹੈ, ਬਹੁਤ ਲਹਿਰਾਂ ਉਠ ਰਹੀਆਂ ਹਨ ਤਾਂ ਰੱਬ ਦੇ ਭਗਤਾਂ ਦੇ ਮਨ ਅੰਦਰ ਪਰਮਾਤਮਾ ਦਾ ਸਿਮਰਨ ਕਰਨ ਦੀ ਲਹਿਰ ਉਠਦੀ ਹੈ ਅਤੇ ਉਹ ਅਚਰਜ ਸਮਾਂ ਬੰਨ੍ਹ ਲੈਂਦੇ ਹਨ।

ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਸੁਹਾਵਣੇ ਸਮੇਂ ਦਾ ਭਗਤਾਂ ਲਈ ਮਹੱਤਵ ਦੱਸਦੇ ਹਨ ਕਿ ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ ਮਨੁੱਖਾਂ ਨੂੰ ਪਰਮਾਤਮਾ ਦੇ ਨਾਮ ਨਾਲ ਪ੍ਰੇਮ ਹੁੰਦਾ ਹੈ, ਉਹ ਇਸ ਪਹੁ-ਫੁਟਾਲੇ ਦੇ ਵੇਲੇ ਕੁਦਰਤਿ ਦੇ ਸੁਹਣੇ ਰੰਗਾਂ ਦੇ ਨਜ਼ਾਰੇ, ਉਸ ਦੇ ਅਚਰਜ ਕੌਤਕਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਲਿਆਉਂਦੇ ਹਨ ਅਤੇ ਮਨ ਵਿਚ ਵਸਾਉਂਦੇ ਹਨ,

ਚਿੜੀ ਚੁਹਕੀ ਪਹੁ ਫੁਟੀ
ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ
ਨਾਨਕ ਨਾਮਹਿ ਰੰਗ॥੧॥ (ਪੰਨਾ ੩੧੯)

ਇਸ ਤੋਂ ਅਗਲੇ ਸਲੋਕ ਵਿਚ ਘਰ ਜਾਂ ਮੰਦਰ ਵਿਚ ਖੁਸ਼ੀ ਕਿਵੇਂ ਆਉਂਦੀ ਹੈ, ਦਾ ਬਿਆਨ ਕਰਦਿਆਂ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਜਿਸ ਘਰ ਜਾਂ ਮੰਦਰ ਵਿਚ ਪਰਮਾਤਮਾ ਨੂੰ ਯਾਦ ਕੀਤਾ ਜਾਂਦਾ ਹੈ, ਅਕਾਲ ਪੁਰਖ ਨੂੰ ਆਪਣੇ ਚੇਤਿਆਂ ਵਿਚ ਵਸਾਇਆ ਜਾਂਦਾ ਹੈ, ਉਸ ਘਰ ਮੰਦਰ ਵਿਚ ਹੀ ਅਸਲੀ ਖੁਸ਼ੀ ਦਾ ਵਾਸਾ ਹੁੰਦਾ ਹੈ। ਉਸ ਦੀ ਯਾਦ ਤੋਂ ਬਿਨਾ ਸਾਰੀਆਂ ਖੁਸ਼ੀਆਂ ਅਤੇ ਵਡਿਆਈਆਂ ਅਤੇ ਮਿੱਤਰ ਖੋਟੇ ਹਨ,

ਘਰ ਮੰਦਰ ਖੁਸੀਆ ਤਹੀ
ਜਹ ਤੂ ਆਵਹਿ ਚਿਤਿ॥
ਦੁਨੀਆ ਕੀਆ ਵਡਿਆਈਆ
ਨਾਨਕ ਸਭਿ ਕੁਮਿਤ॥੨॥ (ਪੰਨਾ ੩੧੯)

ਛੇਵੀਂ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਤੱਥ ਦਾ ਬਿਆਨ ਕੀਤਾ ਹੈ ਕਿ ਅਸਲੀ ਅਤੇ ਸੱਚੀ ਰਾਸ-ਪੂੰਜੀ ਅਰਥਾਤ ਅਸਲੀ ਧੰਨ ਅਕਾਲ ਪੁਰਖ ਦਾ ਨਾਮ ਹੈ ਕਿਉਂਕਿ ਇਹ ਸਦਾ ਕਾਇਮ ਰਹਿਣ ਵਾਲਾ ਹੈ (ਇਸ ਪੂੰਜੀ ਨੂੰ ਕੋਈ ਖੋਹ ਜਾਂ ਚੁਰਾ ਨਹੀਂ ਸਕਦਾ) ਪਰ ਇਸ ਗੱਲ ਦਾ ਗਿਆਨ ਬਹੁਤ ਘੱਟ ਮਨੁੱਖਾਂ ਨੂੰ ਹੁੰਦਾ ਹੈ, ਕਿਸੇ ਵਿਰਲੇ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਪਰ ਇਹ ਪੂੰਜੀ, ਇਹ ਧੰਨ ਮਿਲਦਾ ਉਸ ਨੂੰ ਹੈ ਜਿਸ 'ਤੇ ਵਾਹਿਗੁਰੂ ਦੀ ਮਿਹਰ ਹੁੰਦੀ ਹੈ। ਜਿਸ ਮਨੁੱਖ 'ਤੇ ਇਹ ਮਿਹਰ ਹੋ ਜਾਂਦੀ ਹੈ ਅਤੇ ਉਸ ਨੂੰ ਨਾਮ ਦੀ ਦਾਤ ਮਿਲ ਜਾਂਦੀ ਹੈ, ਉਹ ਵਾਹਿਗੁਰੂ ਦੇ ਪ੍ਰੇਮ ਰੰਗ ਵਿਚ ਰੰਗਿਆ ਜਾਂਦਾ ਹੈ ਅਤੇ ਉਸ ਦਾ ਮਨ ਅਤੇ ਤਨ- ਦੋਵੇਂ ਖੇੜੇ ਵਿਚ ਆ ਜਾਂਦੇ ਹਨ। ਗੁਰਮੁਖਾਂ ਦੀ ਸੰਗਤਿ ਵਿਚ ਉਹ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦਾ ਹੈ ਅਤੇ ਉਸ ਦੇ ਅੰਦਰੋਂ ਵਿਕਾਰ ਖਤਮ ਹੋ ਜਾਂਦੇ ਹਨ। ਗੁਰੂ ਸਾਹਿਬ ਇਹ ਤੱਥ ਦ੍ਰਿੜ ਕਰਵਾਉਂਦੇ ਹਨ ਕਿ ਅਸਲੀ ਜੀਵਨ ਉਹ ਮਨੁੱਖ ਹੀ ਜਿਉਂਦਾ ਹੈ ਜਿਸ ਨੇ ਉਸ ਇੱਕ ਵਾਹਿਗੁਰੂ ਨੂੰ ਪਛਾਣਿਆ ਹੈ,

ਹਰਿ ਧਨੁ ਸਚੀ ਰਾਸਿ ਹੈ
ਕਿਨੈ ਵਿਰਲੈ ਜਾਤਾ॥
ਤਿਸੈ ਪਰਾਪਤਿ ਭਾਇਰਹੁ
ਜਿਸੁ ਦੇਇ ਬਿਧਾਤਾ॥
ਮਨ ਤਨ ਭੀਤਰਿ ਮਉਲਿਆ
ਹਰਿ ਰੰਗਿ ਜਨੁ ਰਾਤਾ॥
ਸਾਧਸੰਗਿ ਗੁਣ ਗਾਇਆ
ਸਭਿ ਦੋਖਹ ਖਾਤਾ॥
ਨਾਨਕ ਸੋਈ ਜੀਵਿਆ
ਜਿਨਿ ਇਕੁ ਪਛਾਤਾ॥੬॥ (ਪੰਨਾ ੩੧੯)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਨੂੰ ਸਮਝਾਉਣ ਲਈ ਰੋਜ਼ਾਨਾ ਜੀਵਨ ਅਤੇ ਕੁਦਰਤਿ ਵਿਚੋਂ ਅਨੇਕਾਂ ਦ੍ਰਿਸ਼ਟਾਂਤ ਲਏ ਗਏ ਹਨ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਹੈ। 'ਅੱਕ' ਇੱਕ ਜੰਗਲੀ ਬੂਟਾ ਹੈ ਜੋ ਆਮ ਹੀ ਉਗਿਆ ਹੁੰਦਾ ਹੈ ਅਤੇ ਉਸ ਨੂੰ ਕੱਕੜੀਆਂ ਲੱਗਦੀਆਂ ਹਨ ਜਿਨ੍ਹਾਂ ਵਿਚ ਰੇਸ਼ਮ ਵਰਗੀ ਮੁਲਾਇਮ ਰੂੰ ਹੁੰਦੀ ਹੈ। ਇਥੇ ਗੁਰੂ ਅਰਜਨ ਦੇਵ ਅੱਕ ਨੂੰ ਲੱਗੀਆਂ ਕੱਕੜੀਆਂ ਦੀ ਗੱਲ ਕਰਦੇ ਹਨ ਕਿ ਜਦੋਂ ਤੱਕ ਉਹ ਬੂਟੇ ਨੂੰ ਲੱਗੀਆਂ ਹੁੰਦੀਆਂ ਹਨ, ਉਦੋਂ ਤੱਕ ਸੋਹਣੀਆਂ ਹਨ ਅਤੇ ਸਾਬਤ-ਸਬੂਤ ਵੀ ਹਨ। ਜਦੋਂ ਉਹ ਬੂਟੇ ਨਾਲੋਂ ਝੜ ਜਾਂਦੀਆਂ ਹਨ ਤਾਂ ਫੰਬਾ-ਫੰਬਾ ਹੋ ਕੇ ਚਾਰ ਚੁਫੇਰੇ ਖਿਲਰ ਜਾਂਦੀਆਂ ਹਨ ਅਤੇ ਹਵਾ ਵਿਚ ਉਡੀਆਂ ਫਿਰਦੀਆਂ ਹਨ। ਇਥੇ ਇਸ ਦਾ ਭਾਵ ਹੈ ਕਿ ਜਿਵੇਂ ਟਾਹਣੀ ਨਾਲੋਂ ਟੁੱਟ ਕੇ ਕੱਕੜੀਆਂ ਦਾ ਵਜੂਦ ਖਿਲਰ ਜਾਂਦਾ ਹੈ ਅਤੇ ਤੂੰਬਾ ਤੂੰਬਾ ਹੋ ਕੇ ਉਡਣ ਲੱਗ ਪੈਂਦੀਆਂ ਹਨ, ਇਸੇ ਤਰ੍ਹਾਂ ਅਕਾਲ ਪੁਰਖ ਦੇ ਚਰਨਾਂ ਨਾਲੋਂ ਟੁੱਟਿਆ ਹੋਇਆ ਮਨ ਅਨੇਕ ਕਿਸਮ ਦੀ ਭਟਕਣ ਵਿਚ ਭਟਕਦਾ ਰਹਿੰਦਾ ਹੈ,

ਖਖੜੀਆ ਸੁਹਾਵੀਆ
ਲਗੜੀਆ ਅਕ ਕੰਠਿ॥
ਬਿਰਹ ਵਿਛੋੜਾ ਧਣੀ
ਨਾਨਕ ਸਹਸੈ ਗੰਠਿ॥੧॥ (ਪੰਨਾ ੩੧੯)

ਇਸੇ ਖਿਆਲ ਨੂੰ ਅਗਲੇ ਸਲੋਕ ਵਿਚ ਪਰਗਟ ਕੀਤਾ ਹੈ ਕਿ ਜਿਹੜੇ ਮਨੁੱਖ ਪਰਮਾਤਮਾ ਨੂੰ ਵਿਸਾਰ ਦਿੰਦੇ ਹਨ, ਉਸ ਨੂੰ ਯਾਦ ਨਹੀਂ ਰੱਖਦੇ ਉਨ੍ਹਾਂ ਜੀਵਾਂ ਨੂੰ ਮਰਿਆਂ ਬਰਾਬਰ ਹੀ ਸਮਝ ਲੈਣਾ ਚਾਹੀਦਾ ਹੈ ਪਰ ਉਹ ਚੰਗੀ ਤਰ੍ਹਾਂ ਮਰ ਵੀ ਨਹੀਂ ਸਕਦੇ (ਕਿਉਂਕਿ ਸਰੀਰਕ ਤੌਰ 'ਤੇ ਉਹ ਜਿੰਦਾ ਹੁੰਦੇ ਹਨ ਪਰ ਆਤਮਕ ਤੌਰ 'ਤੇ ਮਰ ਚੁੱਕੇ ਹੁੰਦੇ ਹਨ)। ਜਿਹੜੇ ਲੋਕ ਅਕਾਲ ਪੁਰਖ ਵਲੋਂ ਬੇਮੁੱਖ ਹੋ ਜਾਂਦੇ ਹਨ ਅਰਥਾਤ ਪਰਮਾਤਮਾ ਨੂੰ ਯਾਦ ਨਹੀਂ ਰੱਖਦੇ, ਉਹ ਇਸ ਤਰ੍ਹਾਂ ਹਨ ਜਿਵੇਂ ਸੂਲੀ ਉਤੇ ਚਾੜ੍ਹੇ ਹੋਏ ਚੋਰ ਹੁੰਦੇ ਹਨ,

ਵਿਸਾਰੇਦੇ ਮਰਿ ਗਏ
ਮਰਿ ਭਿ ਨ ਸਕਹਿ ਮੂਲਿ॥
ਵੇਮੁਖ ਹੋਏ ਰਾਮ ਤੇ
ਜਿਉ ਤਸਕਰ ਉਪਰਿ ਸੂਲਿ॥੨॥

ਅਗਲੀ ਪਉੜੀ ਵਿਚ ਦੱਸਿਆ ਹੈ ਕਿ ਉਹ ਇੱਕ ਅਕਾਲ ਪੁਰਖ ਜੋ ਕਦੇ ਨਾ ਨਾਸ ਹੋਣ ਵਾਲੀ ਹਸਤੀ ਹੈ, ਸਦੀਵੀ ਕਾਇਮ ਰਹਿਣ ਵਾਲੀ ਹਸਤੀ ਹੈ, ਹੀ ਸਾਰੇ ਸੁੱਖਾਂ ਦਾ ਖਜ਼ਾਨਾ ਹੈ, ਸੁੱਖਾਂ ਦਾ ਭੰਡਾਰ ਹੈ। ਉਹ ਅਕਾਲ ਪੁਰਖ ਧਰਤੀ ਦੇ ਵਿਚ, ਧਰਤੀ ਦੇ ਉਤੇ ਅਤੇ ਧਰਤੀ ਦੇ ਹੇਠਾਂ ਹਰ ਥਾਂ ਮੌਜੂਦ ਹੈ ਅਤੇ ਉਸ ਨੂੰ ਸ੍ਰਿਸ਼ਟੀ ਦੀ ਹਰ ਰਚਨਾ ਵਿਚ ਸਮਾਇਆ ਹੋਇਆ ਜਾਣਿਆ ਜਾਂਦਾ ਹੈ। ਉਹ ਅਕਾਲ ਪੁਰਖ ਉਚ-ਨੀਚ, ਹਰ ਇੱਕ ਛੋਟੇ ਤੋਂ ਵੱਡੇ ਜੀਵ ਵਿਚ ਇੱਕ ਸਮਾਨ ਵਿਆਪਕ ਹੈ ਅਰਥਾਤ ਇੱਕੋ ਜਿਹਾ ਵਰਤ ਰਿਹਾ ਹੈ (ਭਾਵ ਸਾਰੇ ਜੀਵ ਉਸ ਪਰਮਾਤਮਾ ਤੋਂ ਬਣੇ ਹਨ, ਇਸ ਲਈ ਕੋਈ ਵੀ ਮਨੁੱਖ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ ਹੈ)। ਮਿੱਤਰ, ਸਾਥੀ, ਪੁੱਤਰ, ਸਕੇ-ਸਬੰਧੀ, ਭਾਈ-ਬੰਦ ਸਾਰੇ ਮਨੁੱਖ ਉਸ ਇੱਕ ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਹਨ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਿਸ ਮਨੁੱਖ ਤੇ ਗੁਰੂ ਤੁੱਠ ਪਏ ਅਤੇ ਨਾਮ ਦੀ ਬਖਸ਼ਿਸ਼ ਕਰੇ ਉਹ ਮਨੁੱਖ ਪਰਮਾਤਮਾ ਦੇ ਨਾਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ, ਉਸ ਨੇ ਅਕਾਲ ਪੁਰਖ ਦੇ ਨਾਮ ਦਾ ਰੰਗ ਮਾਣਿਆ ਹੈ,

ਸੁਖ ਨਿਧਾਨੁ ਪ੍ਰਭੁ ਏਕੁ ਹੈ
ਅਬਿਨਾਸੀ ਸੁਣਿਆ॥
ਜਲਿ ਥਲਿ ਮਹੀਅਲਿ ਪੂਰਿਆ
ਘਟਿ ਘਟਿ ਹਰਿ ਭਣਿਆ॥
ਊਚ ਨੀਚ ਸਭ ਇਕ ਸਮਾਨਿ
ਕੀਟ ਹਸਤੀ ਬਣਿਆ॥
ਮੀਤ ਸਖਾ ਸੁਤ ਬੰਧਿਪੋ
ਸਭਿ ਤਿਸ ਦੇ ਜਣਿਆ॥
ਤੁਸਿ ਨਾਨਕੁ ਦੇਵੈ ਜਿਸੁ ਨਾਮੁ
ਤਿਨਿ ਹਰਿ ਰੰਗੁ ਮਣਿਆ॥੭॥
(ਪੰਨਾ ੩੨੦)

ਇਸ ਤੋਂ ਅੱਗੇ ਉਨ੍ਹਾਂ ਜੀਵਾਂ ਦੀ ਗੱਲ ਕੀਤੀ ਹੈ ਜਿਹੜੇ ਹਰ ਸਵਾਸ ਨਾਲ ਅਕਾਲ ਪੁਰਖ ਨੂੰ ਯਾਦ ਰੱਖਦੇ ਹਨ। ਦੱਸਿਆ ਹੈ ਕਿ ਜਿਹੜੇ ਮਨੁੱਖਾਂ ਨੂੰ ਸਾਹ ਲੈਂਦਿਆਂ, ਖਾਂਦਿਆਂ ਵੀ ਅਕਾਲ ਪੁਰਖ ਨਹੀਂ ਭੁੱਲਦਾ ਭਾਵ ਜਿਹੜੇ ਹਰ ਸਮੇਂ ਉਸ ਨੂੰ ਯਾਦ ਰੱਖਦੇ ਹਨ ਅਤੇ ਪਰਮਾਤਮਾ ਦਾ ਨਾਮ ਰੂਪੀ ਮੰਤਰ ਜਿਨ੍ਹਾਂ ਦੇ ਮਨ ਵਿਚ ਵੱਸ ਗਿਆ ਹੈ, ਉਹ ਮਨੁੱਖ ਧੰਨ ਹਨ ਅਤੇ ਉਹ ਮਨੁੱਖ ਪੂਰੇ ਸੰਤ ਹਨ,

ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ
ਪੂਰਨੁ ਸੋਈ ਸੰਤੁ॥੧॥ (ਪੰਨਾ ੩੧੯)

ਉਪਰਲੇ ਸਲੋਕ ਵਿਚ ਹਰ ਸਾਹ ਨਾਲ, ਹਰ ਕੰਮ ਕਰਦੇ ਸਮੇਂ ਅਕਾਲ ਪੁਰਖ ਨੂੰ ਯਾਦ ਰੱਖਣ ਵਾਲੇ ਮਨੁੱਖਾਂ ਦੀ ਗੱਲ ਕੀਤੀ ਹੈ। ਇਸ ਸਲੋਕ ਵਿਚ ਬਿਲਕੁਲ ਇਸ ਦੇ ਵਿਪਰੀਤ ਚੱਲਣ ਵਾਲੇ ਮਨੁੱਖਾਂ ਦੀ ਗੱਲ ਕੀਤੀ ਹੈ ਜਿਹੜੇ ਆਪਣੇ ਖਾਣ ਤੋਂ ਬਿਨਾਂ ਕੁਝ ਹੋਰ ਚੇਤੇ ਨਹੀਂ ਰੱਖਦੇ। ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੇ ਕੋਈ ਮਨੁੱਖ ਅੱਠੇ ਪਹਿਰ ਅਰਥਾਤ ਹਰ ਸਮੇਂ ਖਾਣ ਦੇ ਦੁੱਖ ਵਿਚ ਹੀ ਭਟਕਦਾ ਫਿਰੇ, ਆਪਣੇ ਢਿੱਡ ਦੀ ਅੱਗ ਬੁਝਾਉਣ ਦੇ ਆਹਰ ਹੀ ਲੱਗਿਆ ਰਹੇ ਅਤੇ ਗੁਰੂ ਜਾਂ ਪੈਗੰਬਰ ਦੇ ਰਾਹੀਂ ਰੱਬ ਨੂੰ ਯਾਦ ਨਾ ਕਰੇ ਤਾਂ ਅੰਤ ਨੂੰ ਉਸ ਨੇ ਦੋਜ਼ਕ ਦੀ ਅੱਗ ਵਿਚ ਹੀ ਪੈਣਾ ਹੈ,

ਅਠੇ ਪਹਰ ਭਉਦਾ ਫਿਰੈ
ਖਾਵਣ ਸੰਦੜੈ ਸੂਲਿ॥
ਦੋਜਕਿ ਪਉਦਾ ਕਿਉ ਰਹੈ
ਜਾ ਚਿਤਿ ਨ ਹੋਇ ਰਸੂਲਿ॥੨॥
(ਪੰਨਾ ੩੧੯-੨੦)

ਅੱਠਵੀਂ ਪਉੜੀ ਵਿਚ ਪੰਚਮ ਪਾਤਸ਼ਾਹ ਨੇ ਪ੍ਰਾਣੀਆਂ ਨੂੰ ਉਨ੍ਹਾਂ ਨੂੰ ਸੇਵਣ ਲਈ ਕਿਹਾ ਹੈ ਜਿਨ੍ਹਾਂ ਤੋਂ ਨਾਮ ਦੀ ਦਾਤ ਮਿਲ ਸਕਦੀ ਹੈ, ਜਿਨ੍ਹਾਂ ਦੇ ਪੱਲੇ ਨਾਮ ਹੈ। ਇਸ ਨਾਮ ਦੇ ਆਸਰੇ ਮਨੁੱਖ ਦਾ ਜੀਵਨ ਇਸ ਸੰਸਾਰ 'ਤੇ ਰਹਿੰਦਿਆਂ ਸੁਖੀ ਅਤੇ ਸੌਖਾ ਹੁੰਦਾ ਹੈ ਅਤੇ ਇਹ ਨਾਮ ਅਗਲੀ ਦੁਨੀਆਂ ਵਿਚ ਵੀ ਮਨੁੱਖ ਦੇ ਨਾਲ ਜਾਂਦਾ ਹੈ। ਕਹਿਣ ਤੋਂ ਭਾਵ ਹੈ ਕਿ ਦੁਨੀਆਂ ਦੀਆਂ ਬਾਕੀ ਸਭ ਨਿਆਮਤਾਂ ਮਨੁੱਖ ਦੇ ਇਸ ਦੁਨੀਆਂ ਤੋਂ ਜਾਣ ਵੇਲੇ ਇਥੇ ਹੀ ਰਹਿ ਜਾਂਦੀਆਂ ਹਨ। ਨਾਮ ਅਜਿਹੀ ਵਸਤੂ ਹੈ ਜੋ ਮਨੁੱਖ ਦੇ ਇਸ ਦੁਨੀਆਂ ਤੋਂ ਰੁਖਸਤ ਹੋਣ ਵੇਲੇ ਵੀ ਨਾਲ ਜਾਂਦੀ ਹੈ। ਇਸ ਨਾਮ ਦਾ ਪੱਕਾ ਥੰਮ ਗੱਡ ਕੇ ਸੱਚ ਧਰਮ ਭਾਵ ਸਦਾ ਕਾਇਮ ਰਹਿਣ ਵਾਲੇ ਧਰਮ ਦਾ ਘਰ ਬਣਾਉ, ਸਤਿਸੰਗਤਿ ਸਥਾਪਤ ਕਰੋ। ਉਸ ਅਕਾਲ ਪੁਰਖ ਦਾ ਓਟ ਆਸਰਾ ਲਵੋ ਜੋ ਦੀਨ ਅਤੇ ਦੁਨੀਆਂ ਨੂੰ ਸਹਾਰਾ ਦੇਣ ਵਾਲਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਮਨੁੱਖ ਨੇ ਉਸ ਅਕਾਲ ਪੁਰਖ ਦੇ ਚਰਨ ਫੜ੍ਹੇ ਹਨ, ਉਸ ਦਾ ਆਸਰਾ ਲਿਆ ਹੈ, ਉਹ ਰੱਬ ਦੀ ਦਰਗਾਹ ਮੱਲੀ ਰੱਖਦਾ ਹੈ,

ਤਿਸੈ ਸਰੇਵਹੁ ਪ੍ਰਾਣੀਹੋ
ਜਿਸ ਦੈ ਨਾਉ ਪਲੈ॥
ਐਥੈ ਰਹਹੁ ਸੁਹੇਲਿਆ
ਅਗੈ ਨਾਲਿ ਚਲੈ॥
ਘਰੁ ਬੰਧਹੁ ਸਚ ਧਰਮ ਕਾ
ਗਡਿ ਥੰਮੁ ਅਹਲੈ॥
ਓਟ ਲੈਹੁ ਨਾਰਾਇਣੈ
ਦੀਨ ਦੁਨੀਆ ਝਲੈ॥
ਨਾਨਕ ਪਕੜੇ ਚਰਣ ਹਰਿ
ਤਿਸੁ ਦਰਗਹ ਮਲੈ॥੮॥ (ਪੰਨਾ ੩੨੦)

ਗੁਰਬਾਣੀ ਗਿਆਨ

# ਹਸਤ ਪੁਨੀਤ ਹੋਹਿ ਤਤਕਾਲ

**ਗਉੜੀ ਗੁਆਰੇਰੀ ਮਹਲਾ ੫**

ਹਸਤ ਪੁਨੀਤ ਹੋਹਿ ਤਤਕਾਲ॥
ਬਿਨਸਿ ਜਾਹਿ ਮਾਇਆ ਜੰਜਾਲ॥
ਰਸਨਾ ਰਮਹੁ ਰਾਮ ਗੁਣ ਨੀਤ॥
ਸੁਖੁ ਪਾਵਹੁ ਮੇਰੇ ਭਾਈ ਮੀਤ॥੧॥
ਲਿਖੁ ਲੇਖਣਿ ਕਾਗਦਿ ਮਸਵਾਣੀ॥
ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥
ਇਹ ਕਾਰਜਿ ਤੇਰੇ ਜਾਹਿ ਬਿਕਾਰ॥
ਸਿਮਰਤ ਰਾਮ ਨਾਹੀ ਜਮ ਮਾਰ॥
ਧਰਮ ਰਾਇ ਕੇ ਦੂਤ ਨ ਜੋਹੈ॥
ਮਾਇਆ ਮਗਨ ਨ ਕਛੂਐ ਮੋਹੈ॥੨॥
ਉਧਰਹਿ ਆਪਿ ਤਰੈ ਸੰਸਾਰੁ॥
ਰਾਮ ਨਾਮ ਜਪਿ ਏਕੰਕਾਰੁ॥
ਆਪਿ ਕਮਾਉ ਅਵਰਾ ਉਪਦੇਸ॥
ਰਾਮ ਨਾਮ ਹਿਰਦੈ ਪਰਵੇਸ॥੩॥
ਜਾ ਕੈ ਮਾਥੈ ਏਹੁ ਨਿਧਾਨੁ॥
ਸੋਈ ਪੁਰਖੁ ਜਪੈ ਭਗਵਾਨੁ॥
ਆਠ ਪਹਰ ਹਰਿ ਹਰਿ ਗੁਣ ਗਾਉ॥
ਕਹੁ ਨਾਨਕ ਹਉ ਤਿਸੁ ਬਲਿ ਜਾਉ॥੪॥

ਪੰਜਵੇਂ ਗੁਰਦੇਵ ਪਿਤਾ ਜੀ ਉਪਦੇਸ਼ ਕਰਦੇ ਆਖਦੇ ਹਨ- ਹੇ ਭਾਈ! ਜਦ ਤੂੰ ਆਪਣੇ ਹੱਥਾਂ ਨਾਲ ਪ੍ਰਭੂ ਦਾ ਨਾਮ ਲਿਖੇਂਗਾ, ਤਾਂ ਉਸੇ ਵੇਲੇ ਹੀ ਤੇਰੇ ਹੱਥ ਪਵਿੱਤਰ ਹੋ ਜਾਣਗੇ; ਬਿਨਸਿ ਜਾਹਿ ਮਾਇਆ ਜੰਜਾਲ, ਤੇ ਤੇਰੇ ਮਾਇਆ ਅਤੇ ਮੋਹ ਦੇ ਸਾਰੇ ਹੀ ਫਾਹੇ ਦੂਰ ਹੋ ਜਾਣਗੇ; ਰਸਨਾ ਰਮਹੁ ਰਾਮ ਗੁਣ ਨੀਤ, ਹੇ ਵੀਰ! ਹੇ ਮਿਤਰ ਜੀਉ! ਆਪਣੀ ਜੀਭਾ ਨਾਲ ਉਸ ਮਿਹਰਵਾਨ ਪਰਮੇਸ਼ਰ ਦੇ ਗੁਣ ਗਾਉਂਦਾ ਰਿਹਾ ਕਰ; ਸੁਖੁ ਪਾਵਹੁ ਮੇਰੇ ਭਾਈ ਮੀਤ, ਉਸ ਤਾਰਨਹਾਰ ਪ੍ਰੀਤਮ ਦੀ ਸਿਫਤਿ ਸਾਲਾਹ ਕਰ ਕੇ ਤੂੰ ਸਦਾ ਹੀ ਆਤਮਿਕ ਸੁੱਖ ਪਾਵੇਂਗਾ।

ਲਿਖੁ ਲੇਖਣਿ ਕਾਗਦਿ ਮਸਵਾਣੀ॥
ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥

ਇਸ ਪਾਵਨ ਸ਼ਬਦ ਦੀ ਰਹਾਉ ਵਾਲੀ ਪੰਕਤੀ, ਜਿਸ ਵਿਚ ਸਾਰੇ ਸ਼ਬਦ ਦਾ ਸਾਰ ਅੰਸ਼ ਹੈ, ਵਿਚ ਗੁਰਦੇਵ ਜੀ ਆਖਦੇ ਹਨ- ਲਿਖੁ ਲੇਖਣਿ, ਕਾਗਦਿ ਮਸਵਾਣੀ, ਹੇ ਮੇਰੇ ਭਾਈ ਮਿਤਰ ਜੀਉ! ਜੇ ਲਿਖਣਾ ਹੈ ਤਾਂ ਆਪਣੀ ਸੁਰਤਿ ਦੀ ਕਲਮ ਨੂੰ ਲੈ ਕੇ ਆਪਣੀ ਕਰਨੀ ਦੇ ਕਾਗਜ਼ ਉਤੇ ਮਨ ਰੂਪੀ ਦਵਾਤ ਵਿਚੋਂ ਸਿਆਹੀ ਲੈ ਕੇ ਉਸ ਪ੍ਰਭੂ ਪਰਮਾਤਮਾ ਦਾ ਸੋਹਣਾ ਨਾਮ ਲਿਖ; ਰਾਮ ਨਾਮ ਹਰਿ ਅੰਮ੍ਰਿਤ ਬਾਣੀ, ਇਸ ਸੰਸਾਰ ਵਿਚ ਰਹਿੰਦਿਆਂ ਉਚਾ-ਸੁੱਚਾ ਆਤਮਿਕ ਜੀਵਨ ਦੇਣ ਲਈ ਪ੍ਰਭੂ ਦੀ ਸਿਫਤਿ ਸਾਲਾਹ ਦੀ ਬਾਣੀ ਲਿਖ।

ਇਹ ਕਾਰਜਿ ਤੇਰੇ ਜਾਹਿ ਬਿਕਾਰ॥
ਸਿਮਰਤ ਰਾਮ ਨਾਹੀ ਜਮ ਮਾਰ॥
ਧਰਮ ਰਾਇ ਕੇ ਦੂਤ ਨ ਜੋਹੈ॥
ਮਾਇਆ ਮਗਨ ਨ ਕਛੂਐ ਮੋਹੈ॥੨॥

ਸਤਿਗੁਰੂ ਪਿਤਾ ਜੀ ਬਖਸ਼ਿਸ਼ ਕਰਦੇ ਆਖ ਰਹੇ ਹਨ- ਇਹ ਕਾਰਜਿ ਤੇਰੇ ਜਾਹਿ ਬਿਕਾਰ, ਹੇ ਭਾਈ! ਇਹ ਕਾਰਜ ਕਰ ਕੇ ਤੇਰੇ ਅੰਦਰੋਂ ਸਾਰੇ ਹੀ ਵਿਕਾਰ ਜਿਹੇ ਦੂਰ ਨੱਸ ਜਾਣਗੇ; ਸਿਮਰਤ ਰਾਮ ਨਾਹੀ ਜਮ ਮਾਰ, ਉਸ ਮਿਹਰਵਾਨ ਪਰਮੇਸ਼ਰ ਦੇ ਨਾਮ ਦਾ ਸਿਮਰਨ ਕੀਤਿਆਂ ਤੈਨੂੰ ਕਦੀ ਵੀ ਜਮਾਂ ਦੀ ਮਾਰ ਨਹੀਂ ਪਵੇਗੀ; ਧਰਮ ਰਾਇ ਕੇ ਦੂਤ ਨ ਜੋਹੈ, ਹੇ ਮਿਤਰ! ਕਾਮ, ਕ੍ਰੋਧ, ਲੋਭ, ਮੋਹ, ਹੰਕਾਰ- ਇਹ ਪੰਜੇ ਚੋਰ ਜੋ ਜੀਵ ਨੂੰ ਆਪਣੇ ਜਾਲ ਵਿਚ ਫਸਾ ਕੇ ਧਰਮਰਾਜ ਦੇ ਵੱਸ ਪਾ ਦਿੰਦੇ ਹਨ, ਤੇਰੇ ਵੱਲ ਦੇਖ ਵੀ ਨਾ ਸਕਣਗੇ। ਤੈਨੂੰ ਮਾਇਆ ਦਾ ਮੋਹ ਵੀ ਪੋਹ ਨਾ ਸਕੇਗਾ।

ਉਧਰਹਿ ਆਪਿ ਤਰੈ ਸੰਸਾਰੁ॥
ਰਾਮ ਨਾਮ ਜਪਿ ਏਕੰਕਾਰੁ॥
ਆਪਿ ਕਮਾਉ ਅਵਰਾ ਉਪਦੇਸ॥
ਰਾਮ ਨਾਮ ਹਿਰਦੈ ਪਰਵੇਸ॥੩॥

ਹੇ ਭਾਈ! ਜੇ ਤੂੰ ਇਕ ਓਅੰਕਾਰ ਨੂੰ ਸਿਮਰਦਾ ਰਹੇਂਗਾ, ਅਕਾਲ ਪੁਰਖ ਦਾ ਨਾਮ ਜਪੇਂਗਾ, ਉਧਰਹਿ ਆਪਿ ਤਰੈ ਸੰਸਾਰੁ, ਤਾਂ ਪ੍ਰਭੂ ਦਾ ਨਾਮ ਸਿਮਰਨ ਕੀਤਿਆਂ ਤੇਰਾ ਉਧਾਰ ਹੋ ਜਾਵੇਗਾ, ਤੇਰੀ ਸੰਗਤਿ ਕਰ ਕੇ ਇਹ ਸੰਸਾਰ ਭੀ ਵਿਕਾਰਾਂ ਦੇ ਭਿਆਨਕ ਸਮੁੰਦਰ ਤੋਂ ਪਾਰ ਹੋ ਜਾਵੇਗਾ; ਆਪਿ ਕਮਾਉ ਅਵਰਾ ਉਪਦੇਸ, ਤੂੰ ਆਪ ਭੀ ਉਸ ਪਰਮਾਤਮਾ ਦੇ ਨਾਮ ਸਿਮਰਨ ਦੀ ਕਮਾਈ ਕਰ ਅਤੇ ਹੋਰਾਂ ਨੂੰ ਵੀ ਉਪਦੇਸ਼ ਦੇਹ; ਰਾਮ ਨਾਮ ਹਿਰਦੈ ਪਰਵੇਸ, ਉਸ ਪ੍ਰਭੂ ਦਾ ਸੋਹਣਾ ਨਾਮ ਆਪਣੇ ਅੰਦਰ ਵਸਾ ਲੈ।

ਜਾ ਕੈ ਮਾਥੈ ਏਹੁ ਨਿਧਾਨੁ॥
ਸੋਈ ਪੁਰਖੁ ਜਪੈ ਭਗਵਾਨੁ॥
ਆਠ ਪਹਰ ਹਰਿ ਹਰਿ ਗੁਣ ਗਾਉ॥
ਕਹੁ ਨਾਨਕ ਹਉ ਤਿਸੁ ਬਲਿ ਜਾਉ॥੪॥

ਜਾ ਕੈ ਮਾਥੈ ਏਹੁ ਨਿਧਾਨੁ, ਪਰ ਹੇ ਭਾਈ! ਉਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਸਿਮਰਨ ਉਹੀ ਵਡਭਾਗਾ ਜੀਵ ਕਰਦਾ ਹੈ ਜਿਸ ਦੇ ਮੱਥੇ ਉਤੇ ਪ੍ਰਭੂ ਦੀ ਕਿਰਪਾ ਨਾਲ ਨਾਮ ਧਨ ਦਾ ਖਜ਼ਾਨਾ ਪ੍ਰਾਪਤ ਕਰਨ ਦਾ ਲੇਖ ਲਿਖਿਆ ਹੋਇਆ ਹੁੰਦਾ ਹੈ; ਆਠ ਪਹਰ ਹਰਿ ਹਰਿ ਗੁਣ ਗਾਉ, ਜਿਹੜਾ ਵਡਭਾਗਾ ਜੀਵ ਅੱਠੇ ਪਹਿਰ ਹੀ ਉਸ ਹਰੀ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਾ ਰਹਿੰਦਾ ਹੈ, ਨਾਨਕ ਉਸ ਪ੍ਰਭੂ ਦੇ ਪਿਆਰੇ ਤੋਂ ਸਦਾ ਬਲਿਹਾਰ ਜਾਂਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

**ਪੰਥਕ ਮਸਲੇ**

# ਮਸਲਾ ਕੈਲੰਡਰ ਦਾ

*ਨਾਨਕਸ਼ਾਹੀ ਕੈਲੰਡਰ ਘੜਨ ਦਾ ਉਪਰਾਲਾ ਕੈਲੰਡਰ ਵਿਗਿਆਨੀ ਸ. ਪਾਲ ਸਿੰਘ ਪੁਰੇਵਾਲ ਵਲੋਂ 1994 ਵਿਚ ਅਰੰਭ ਕੀਤਾ ਗਿਆ ਜਿਸ ਉਪਰ ਵਿਚਾਰ-ਵਟਾਂਦਰੇ ਅਤੇ ਸੈਮੀਨਾਰ ਵਗੈਰਾ ਕਰਵਾਉਣ ਪਿਛੋਂ ਇਸ ਨੂੰ ਅੰਤਿਮ ਰੂਪ ਦਿੱਤਾ ਗਿਆ। ਇਸ ਕੈਲੰਡਰ ਨੂੰ 2003 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੁਝ ਤਾਰੀਖਾਂ ਵਿਚ ਅਦਲ-ਬਦਲ ਕਰਨ ਪਿਛੋਂ ਅਕਾਲ ਤਖਤ ਸਾਹਿਬ ਦੀ ਪ੍ਰਵਾਨਗੀ ਨਾਲ ਲਾਗੂ ਕੀਤਾ ਗਿਆ। ਤਾਰੀਖਾਂ ਵਿਚ ਇਸ ਅਦਲ-ਬਦਲ ਨੂੰ ਨਾਨਕਸ਼ਾਹੀ ਕੈਲੰਡਰ ਨੂੰ ਮੂਲ ਰੂਪ ਵਿਚ ਲਾਗੂ ਕਰਨ ਦੇ ਹਮਾਇਤੀਆਂ ਨੇ ਹਿੰਦੂਵਾਦੀ ਸ਼ਕਤੀਆਂ ਦੇ ਦਬਾਓ ਹੇਠ ਲਾਗੂ ਕੀਤਾ ਗਿਆ ਮਿਲਗੋਭਾ ਕੈਲੰਡਰ ਐਲਾਨਿਆ। ਨਾਨਕਸ਼ਾਹੀ ਕੈਲੰਡਰ ਲਾਗੂ ਕੀਤੇ ਜਾਣ ਦੇ ਸਮੇਂ ਤੋਂ ਹੀ ਇਸ ਬਾਰੇ ਸ਼ੁਰੂ ਹੋਇਆ ਵਿਵਾਦ ਅੱਜ ਵੀ ਜਾਰੀ ਹੈ। ਮਿਸੀਸਾਗਾ, ਕੈਨੇਡਾ ਵਾਸੀ ਸ. ਹਜ਼ਾਰਾ ਸਿੰਘ ਨੇ ਇਸ ਕੈਲੰਡਰ ਬਾਰੇ ਇਕ ਵੱਖਰੇ ਨੁਕਤੇ ਤੋਂ ਇਸ ਲੇਖ ਵਿਚ ਵਿਚਾਰ ਉਸਾਰੀ ਕੀਤੀ ਹੈ। ਪੰਜਾਬ ਟਾਈਮਜ਼ ਦਾ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਅਸੀਂ ਇਹ ਲੇਖ ਅਹਿਮ ਮਸਲਿਆਂ ਉਤੇ ਉਸਾਰੂ ਬਹਿਸ ਛੇੜਨ ਦੀ ਆਪਣੀ ਨੀਤੀ ਕਾਰਨ ਛਾਪ ਰਹੇ ਹਾਂ। ਇਸ ਸਬੰਧੀ ਆਏ ਹੋਰ ਉਸਾਰੂ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

**ਹਜ਼ਾਰਾ ਸਿੰਘ ਮਿਸੀਸਾਗਾ, ਕੈਨੇਡਾ**
**ਫੋਨ: (905)-795-3428**

ਨਾਨਕਸ਼ਾਹੀ ਕੈਲੰਡਰ ਦਾ ਮਸਲਾ ਅਸਲ ਵਿਚ ਕੁਝ ਵੀ ਨਹੀਂ ਹੈ ਪਰ ਉਲਝ ਜਾਣ ਕਾਰਨ ਵੱਡਾ ਪਹਾੜ ਬਣਿਆ ਪਿਆ ਹੈ। ਨਾਨਕਸ਼ਾਹੀ ਕੈਲੰਡਰ ਦੇ ਬਾਨੀ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਦੇ ਯਤਨਾਂ ਸਦਕਾ ਹੁਣ ਕੈਲੰਡਰ ਵਿਗਿਆਨੀਆਂ ਦੀ ਤਾਂ ਭਰਮਾਰ ਹੋਈ ਪਈ ਹੈ ਪਰ ਕੈਲੰਡਰ ਦੀ ਫਾਹੀ ਗਲੋਂ ਲੱਥਣ ਦੀ ਥਾਂ ਸਾਹ ਲੈਣਾ ਵੀ ਔਖਾ ਕੀਤਾ ਹੋਇਆ। ਬਰਖਾਸਤਗੀ ਦੇ ਕਾਰਨ ਤਾਂ ਹੋਰ ਵੀ ਹੋਣਗੇ ਪਰ ਜਥੇਦਾਰ ਨੰਦਗੜ ਦੇ ਸਮੱਰਥਕ ਨੰਦਗੜ ਦੀ ਬਰਖਾਸਤਗੀ ਦਾ ਕਾਰਨ ਕੈਲੰਡਰ ਦੀ ਕੀਤੀ ਹਮਾਇਤ ਦੱਸ ਕੇ ਜਥੇਦਾਰ ਨੂੰ ਨਾਨਕਸ਼ਾਹੀ ਕੈਲੰਡਰ ਖਾਤਿਰ ਕੁਰਬਾਨੀ ਕਰਨ ਵਾਲਾ ਯੋਧਾ ਆਖ ਰਹੇ ਹਨ। ਮੁੱਕਦੀ ਗੱਲ, ਕੈਲੰਡਰ ਦਾ ਮਸਲਾ ਇੱਕ ਵਾਰ ਫਿਰ ਇਸ ਤਰ੍ਹਾਂ ਉਭਰਿਆ ਹੈ ਜਿਵੇ ਕਿ ਇਸ ਤੋਂ ਗੰਭੀਰ ਕੋਈ ਹੋਰ ਮੁੱਦਾ ਹੋਏ ਹੀ ਨਾਂ। ਸਿੱਖ ਜਗਤ ਵਾਸਤੇ ਨਾਂ ਸੁਲਝਣ ਵਾਲੀ ਇਸ ਮਾਮੂਲੀ ਅੜਾਉਣੀ ਦੇ ਕੁਝ ਪੱਖ ਇਸ ਤਰ੍ਹਾਂ ਹਨ:

ਸਿੱਖ ਆਪਣੇ ਬਹੁਤੇ ਪੁਰਬ ਦੇਸੀ ਮਹੀਨਿਆਂ ਅਨੁਸਾਰ ਹੀ ਮਨਾਉਂਦੇ ਸਨ। ਇਸ ਕਾਰਨ ਇਨ੍ਹਾਂ ਦੀਆਂ ਤਾਰੀਖਾਂ ਬਦਲਦੀਆਂ ਰਹਿੰਦੀਆਂ ਸਨ। ਦੇਸੀ ਮਹੀਨਿਆਂ ਮੁਤਾਬਕ ਚੱਲਣ ਕਾਰਨ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਅੰਗ੍ਰੇਜ਼ੀ ਕੈਲੰਡਰ ਅਨੁਸਾਰ ਕਦੇ ਤਾਂ ਸਾਲ ਵਿਚ ਦੋ ਵਾਰ ਆ ਜਾਂਦਾ ਅਤੇ ਕਦੇ ਇੱਕ ਵਾਰ ਵੀ ਨਾ ਆਉਂਦਾ। ਆਮ ਸਿੱਖਾਂ ਨੂੰ ਤਾਰੀਖਾਂ ਦਾ ਇਹ ਭੰਬਲਭੂਸਾ ਨਾ ਚੰਗਾ ਲਗਦਾ। ਇਸ ਅਸੁਵਿਧਾ ਕਾਰਨ ਦੇਸ਼ ਵਿਦੇਸ਼ ਦੇ ਸਿੱਖਾਂ ਦੀ ਭਾਵਨਾ ਸੀ ਕਿ ਸਾਲ ਵਿਚ ਮਨਾਏ ਜਾਣ ਵਾਲੇ ਇਨ੍ਹਾਂ ਪੁਰਬਾਂ ਦੀਆਂ ਤਾਰੀਖਾਂ ਇੱਕ ਵਾਰ ਪੱਕੀਆਂ ਕਰ ਲਈਆਂ ਜਾਣ। ਇਸ ਤਰ੍ਹਾਂ ਤਾਰੀਖਾਂ ਮੁਕੱਰਰ ਕਰ ਲਏ ਜਾਣ ਨਾਲ ਸਾਰੇ ਸੰਸਾਰ ਵਿਚ ਸਿੱਖਾਂ ਦੇ ਦਿਹਾੜੇ ਮਨਾਉਣ ਸਬੰਧੀ ਤਾਰੀਖਾਂ ਦਾ ਭੰਬਲਭੂਸਾ ਸਦਾ ਵਾਸਤੇ ਖਤਮ ਹੋ ਜਾਣਾ ਸੀ। ਜਦ 1994 ਦੇ ਆਸ ਪਾਸ ਐਡਮੰਟਨ ਵਾਸੀ ਸ. ਪੁਰੇਵਾਲ ਨੇ ਐਸਾ ਉਪਰਾਲਾ ਕਰਨ ਦਾ ਬੀੜਾ ਚੁੱਕਿਆ ਤਾਂ ਸਭ ਨੇ ਜੀ ਆਇਆਂ ਕਿਹਾ। ਤਾਰੀਖਾਂ ਵਾਲੇ ਮਸਲੇ ਦੇ ਹੱਲ ਲਈ ਇਤਿਹਾਸਕਾਰਾਂ, ਬੁੱਧੀਜੀਵੀਆਂ ਦੀ ਕਮੇਟੀ ਬਣੀ ਜਿਨ੍ਹਾਂ ਇਤਿਹਾਸਕ ਦਸਤਾਵੇਜ਼ ਖੰਗਾਲ ਕੇ ਦੇਸੀ ਮਹੀਨਿਆਂ ਦੀਆਂ ਤਾਰੀਖਾਂ ਅਨੁਸਾਰ ਅੰਗਰੇਜ਼ੀ ਤਾਰੀਖਾਂ ਲੱਭੀਆਂ ਜਿਸ ਵਿਚ ਸ. ਪੁਰੇਵਾਲ ਨੇ ਆਪਣੀ ਕੈਲੰਡਰ ਵਿਗਿਆਨ ਦੀ ਮੁਹਾਰਤ ਦਾ ਭਰਪੂਰ ਯੋਗਦਾਨ ਪਾਇਆ। ਪਰ ਕੈਲੰਡਰ ਦਾ ਪ੍ਰਾਜੈਕਟ ਅਹਿਮ ਸਿੱਖ ਦਿਨਾਂ ਦੀਆਂ ਤਾਰੀਖਾਂ ਨੀਯਤ ਕਰਨ ਤੱਕ ਸੀਮਿਤ ਨਾ ਰਹਿ ਕੇ ਗੁਰਬਾਣੀ ਦਾ ਰੁੱਤਾਂ ਅਨੁਸਾਰ ਤਾਲਮੇਲ ਬਿਠਾਉਣ ਅਤੇ ਵੱਖਰੇ ਕੈਲੰਡਰ ਰਾਹੀਂ ਵੱਖਰੀ ਹਸਤੀ ਦੇ ਨਿਰਮਾਣ ਤੱਕ ਵਧਾ ਲਿਆ ਗਿਆ ਜਿਸ ਦੀ ਪੂਰਤੀ ਲਈ ਸ. ਪੁਰੇਵਾਲ ਨੇ ਘਾਲਣਾ ਘਾਲ ਕੇ ਨਵੇ ਚੇਤ, ਵੈਸਾਖ ਘੜੇ। ਇਸ ਤਰ੍ਹਾਂ ਕੁਝ ਦਿਨਾਂ ਦੀਆਂ ਤਾਰੀਖਾਂ ਪੱਕੀਆਂ ਕਰਨ ਵਾਲਾ ਪ੍ਰਾਜੈਕਟ ਇੱਕ ਨਵੇਂ ਕੈਲੰਡਰ ਘੜਨ ਵਾਲਾ ਵੱਡਾ ਪ੍ਰਾਜੈਕਟ ਬਣ ਗਿਆ ਜਿਸ ਵਾਸਤੇ ਕਈ ਮੀਟਿੰਗਾਂ ਅਤੇ ਸੈਮੀਨਾਰ ਕਰਨੇ ਪਏ ਪਰ ਤਿੰਨ ਦਿਨਾਂ (ਦੀਵਾਲੀ, ਗੁਰੂ ਨਾਨਕ ਪੁਰਬ ਅਤੇ ਹੋਲੇ) ਨੂੰ ਪੁਰਾਣੀਆਂ ਰਵਾਇਤਾਂ ਅਨੁਸਾਰ ਹੀ ਰੱਖਦੇ ਹੋਏ 2003 ਵਿਚ ਸ਼੍ਰੋਮਣੀ ਕਮੇਟੀ ਨੇ ਲਾਗੂ ਕਰ ਦਿੱਤਾ। ਇਸ ਮਿਲਗੋਭਾ ਕੈਲੰਡਰ ਨੂੰ ਹੀ ਮੂਲ ਨਾਨਕਸ਼ਾਹੀ ਕੈਲੰਡਰ ਵਜੋਂ ਜਾਣਿਆ ਜਾਂਦਾ ਹੈ।

ਕੀ ਸੀ 2003 ਵਾਲਾ ਕੈਲੰਡਰ? ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਬਹੁਤੇ ਸਿੱਖ ਦਿਨਾਂ ਦੀ ਤਾਰੀਖਾਂ ਤਾਂ ਪੱਕੀਆਂ ਕਰ ਦਿੱਤੀਆਂ ਸਨ ਪਰ ਦੀਵਾਲੀ, ਗੁਰੂ ਨਾਨਕ ਪੁਰਬ ਅਤੇ ਹੋਲੇ ਮੁਹੱਲੇ ਦੀਆਂ ਤਾਰੀਖਾਂ ਪੱਕੀਆਂ ਨਹੀਂ ਸਨ ਕੀਤੀਆਂ ਗਈਆਂ ਕਿਉਂਕਿ ਕੈਲੰਡਰ ਕਮੇਟੀ ਅਨੁਸਾਰ ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਕਾਰਨ ਇਨ੍ਹਾਂ ਦਿਨਾਂ ਨੂੰ ਪਹਿਲਾਂ ਵਾਂਗ ਹੀ ਰੱਖਣਾ ਯੋਗ ਸੀ ਪਰ ਬਾਕੀ ਦਿਹਾੜੇ ਅੰਗਰੇਜ਼ੀ ਕੈਲੰਡਰ ਮੁਤਾਬਕ ਹਰ ਸਾਲ ਪੱਕੀਆਂ ਤਾਰੀਖਾਂ ਨੂੰ ਮਨਾਉਣ ਦਾ ਫੈਸਲਾ ਕਰਕੇ ਇੱਕ ਮਿਲਗੋਭਾ ਕੈਲੰਡਰ ਪ੍ਰਵਾਨ ਕਰ ਲਿਆ। 3 ਦਿਨਾਂ ਦੀਆਂ ਤਾਰੀਖਾਂ ਬਦਲਦੀਆਂ ਹੋਣ ਕਾਰਨ ਹਰ ਸਾਲ ਹੀ ਕੋਈ ਨਾਂ ਵਿਵਾਦ ਖੜ੍ਹਾ ਹੋਣ ਲੱਗ ਪਿਆ। ਇਸ ਬਾਰੇ ਆਮ ਸਹਿਮਤੀ ਕਦੇ ਵੀ ਨਾ ਬਣੀ। ਹੈਰਾਨੀ ਦੀ ਗੱਲ ਸੀ ਕਿ ਨਾਨਕ ਦੇ ਨਾਂ ਤੇ ਘੜੇ ਕੈਲੰਡਰ ਵਿਚ ਗੁਰੂ ਨਾਨਕ ਦਾ ਜਨਮ ਦਿਨ ਵੀ ਪੁਰਾਣੀ ਰੀਤ ਮੁਤਾਬਕ ਹੀ ਰਹਿਣ ਦਿੱਤਾ ਗਿਆ।

ਇਸ ਕੈਲੰਡਰ ਵਿਚ ਰਵਾਇਤੀ ਚੇਤ, ਵੈਸਾਖ ਨਾਲੋਂ ਵੱਖਰੇ ਚੇਤ ਵੈਸਾਖ ਵੀ ਘੜੇ ਗਏ। ਨਾਨਕਸ਼ਾਹੀ ਸਾਲ 1 ਚੇਤ (14 ਮਾਰਚ) ਤੋਂ ਸ਼ੁਰੂ ਹੋ ਕੇ 30 ਫੱਗਣ ਤੱਕ (13 ਮਾਰਚ) ਪੂਰੇ 365 ਦਿਨਾਂ ਦਾ ਬਣਾ ਦਿੱਤਾ ਗਿਆ। ਅੰਗਰੇਜ਼ੀ ਕੈਲੰਡਰ ਵਾਂਗ ਹੀ ਲੀਪ ਦਾ ਸਾਲ 366 ਦਿਨਾਂ ਦਾ ਮਿਥ ਲਿਆ ਗਿਆ। ਇਸ ਤਰ੍ਹਾਂ ਤਾਰੀਖਾਂ ਪੱਕੀਆਂ ਕਰਨ ਲੱਗਿਆਂ ਪੰਜਾਬ ਦੇ ਸੱਭਿਆਚਾਰ ਵਿਚ ਦੋ ਤਰ੍ਹਾਂ ਦੇ ਦੇਸੀ ਮਹੀਨੇ ਪ੍ਰਚਲਿਤ ਹੋ ਗਏ। ਇੱਕ ਰਵਾਇਤੀ ਚੇਤ, ਵੈਸਾਖ ਅਤੇ ਦੂਸਰਾ ਨਾਨਕਸ਼ਾਹੀ ਕੈਲੰਡਰ ਵਾਲਾ। ਇਸ ਕਾਰਨ ਸੰਗਰਾਂਦਾਂ ਦਾ ਨਵਾਂ ਭੰਬਲਭੂਸਾ ਪੈਦਾ ਹੋ ਗਿਆ। ਕਹਿਣ ਨੂੰ ਤਾਂ ਸਿੱਖੀ ਵਿਚ ਸੰਗਰਾਂਦਾਂ ਆਦਿ ਦੀ ਕੋਈ ਥਾਂ ਨਹੀਂ ਪਰ ਨਾਨਕਸ਼ਾਹੀ ਕੈਲੰਡਰ ਵਿਚ ਵੀ ਸੰਗਰਾਂਦ, ਪੂਰਨਮਾਸ਼ੀ ਅਤੇ ਮੱਸਿਆ ਦੀਆਂ ਤਾਰੀਖਾਂ ਵੀ ਬਾਕਾਇਦਾ ਸ਼ਾਮਿਲ ਕੀਤੀਆਂ ਗਈਆਂ। ਭਾਵੇਂ ਇਸ ਮਿਲਗੋਭਾ ਕੈਲੰਡਰ ਨੇ ਤਾਰੀਖਾਂ ਪੱਕੀਆਂ ਕਰਨ ਵਾਲਾ ਮਸਲਾ ਵੀ ਪੂਰੀ ਤਰ੍ਹਾਂ ਹੱਲ ਨਹੀਂ ਸੀ ਕੀਤਾ, ਫਿਰ ਵੀ ਕਈ ਸਿੱਖ ਹਲਕੇ ਇਸ ਕੈਲੰਡਰ ਨੂੰ ਵੱਖਰੀ ਸਿੱਖ ਹਸਤੀ ਦੇ ਪ੍ਰਤੀਕ ਵਜੋਂ ਦੇਖ ਕੇ ਖੁਸ਼ ਸਨ। ਇਸ ਕੈਲੰਡਰ ਰਾਹੀਂ ਉਹ ਗੁਰਬਾਣੀ ਅਤੇ ਮੌਸਮਾਂ ਦੇ ਤਾਲਮੇਲ ਵਿਚ ਪੈਦਾ ਹੋਣ ਵਾਲੇ ਸੰਭਾਵੀ ਵਿਗਾੜ ਦੇ ਤੌਖਲੇ ਦਾ ਮਸਲਾ ਵੀ ਹੱਲ ਹੋਇਆ ਸਮਝ ਕੇ ਇੱਕ ਸੁਖਦ ਅਹਿਸਾਸ ਮਹਿਸੂਸ ਕਰ ਰਹੇ ਸਨ। ਐਸੇ ਸੱਜਣ 14 ਮਾਰਚ (ਪਹਿਲੀ ਚੇਤ) ਨੂੰ ਸਿੱਖਾਂ ਦਾ ਨਵਾਂ ਸਾਲ ਉਤਸ਼ਾਹ ਨਾਲ ਮਨਾਉਣ ਦੀਆਂ ਅਪੀਲਾਂ ਕਰਦੇ ਸਨ ਪਰ ਇਹ ਕਿਸੇ ਨੇ ਵੀ ਸਪੱਸ਼ਟ ਨਹੀਂ ਕੀਤਾ ਕਿ ਸਿੱਖਾਂ ਵਾਸਤੇ ਅਹਿਮੀਅਤ 14 ਮਾਰਚ ਦੀ ਹੈ ਜਾਂ ਪਹਿਲੀ ਚੇਤ ਦੀ। ਨਵੇਂ ਸਾਲ ਦਾ ਗੁਰੂ ਨਾਨਕ ਜਾਂ ਸਿੱਖ ਇਤਿਹਾਸ ਦੀ ਕਿਸੇ ਵੱਡੀ ਘਟਨਾ ਨਾਲ ਵੀ ਕੋਈ ਸਬੰਧ ਨਾ ਜੋੜਿਆ ਗਿਆ।

ਸ. ਪੁਰੇਵਾਲ ਕੈਲੰਡਰ ਦੇ ਮਾਹਿਰ ਸਨ। ਜਿਨ੍ਹਾਂ ਦਾ ਮੁੱਖ ਕੰਮ ਬਿਕਰਮੀ ਕੈਲੰਡਰ ਦੀਆਂ ਤਾਰੀਖਾਂ ਮੁਤਾਬਕ ਈਸਵੀ ਕੈਲੰਡਰ ਦੀਆਂ ਤਾਰੀਖਾਂ ਲੱਭਣਾ ਹੋਣਾ ਚਾਹੀਦਾ ਸੀ ਪਰ ਉਨ੍ਹਾਂ ਇੱਕ ਨਵਾਂ ਤੌਖਲਾ ਪ੍ਰਚਲਿਤ ਕਰ ਦਿੱਤਾ ਕਿ ਜਿਸ ਤਰ੍ਹਾਂ ਬਿਕਰਮੀ ਕੈਲੰਡਰ ਦੀਆਂ ਤਾਰੀਖਾਂ ਬਦਲ ਰਹੀਆਂ ਹਨ, ਉਸ ਕਾਰਨ ਕੋਈ 13 ਹਜ਼ਾਰ ਸਾਲਾਂ ਬਾਅਦ ਪੋਹ ਦਾ ਮਹੀਨਾ ਗਰਮੀਆਂ ਵਿਚ ਅਤੇ ਹਾੜ ਦਾ ਮਹੀਨਾ ਸਰਦੀਆਂ ਵਿਚ ਆਉਣ ਲੱਗ ਪਏਗਾ। ਇਸ ਕਾਰਨ ਗੁਰਬਾਣੀ ਵਿਚ ਰੁੱਤਾਂ ਦੇ ਆਏ ਜ਼ਿਕਰ ਗਲਤ ਹੋ ਜਾਣਗੇ। ਗੁਰਬਾਣੀ ਤਾਂ ਪੋਹ ਦੇ ਠੰਢੇ ਅਤੇ ਹਾੜ ਮਹੀਨੇ ਦੇ ਤਪਣ ਦੀ ਗੱਲ ਕਰੇਗੀ ਪਰ ਅਸਲ ਵਿਚ ਪੋਹ ਗਰਮ ਹੋਏਗਾ ਅਤੇ ਹਾੜ ਠੰਢਾ। ਇਸ ਲਈ ਗੁਰਬਾਣੀ ਦਾ ਰੁੱਤਾਂ ਨਾਲ ਤਾਲਮੇਲ ਬਣਾਈ ਰੱਖਣ ਲਈ ਬਾਰਾਂ ਮਾਹਾ ਅੰਦਰ ਆਏ ਮਹੀਨਿਆਂ ਦੀ ਲੰਬਾਈ ਨੀਯਤ ਕਰਕੇ ਇੱਕ ਨਵਾਂ ਕੈਲੰਡਰ ਘੜਨਾ ਪਏਗਾ (ਕੌਣ ਕਹਿੰਦਾ ਸਿੱਖ ਦੂਰ ਅੰਦੇਸ਼ ਨਹੀਂ ਹਨ!)। ਸ. ਪੁਰੇਵਾਲ ਦੇ ਇਸ ਤੌਖਲੇ ਕਾਰਨ ਬਹੁਤੇ ਸਿੱਖ ਧੁਰ ਅੰਦਰ ਤੱਕ ਹਿੱਲ ਗਏ ਜਿਨ੍ਹਾਂ ਵਿਚ ਡਾ. ਦਰਸ਼ਨ ਸਿੰਘ ਚੰਡੀਗੜ੍ਹ ਅਤੇ ਡਾ. ਬਲਵੰਤ ਸਿੰਘ ਢਿੱਲੋਂ ਵਰਗੇ ਯੂਨਵਰਸਿਟੀਆਂ ਦੇ ਪ੍ਰੋਫੈਸਰ ਵਿਦਵਾਨ ਵੀ ਸ਼ਾਮਿਲ ਸਨ। ਹੁਣ ਸਭ ਨੂੰ ਤਾਰੀਖਾਂ ਪੱਕੀਆਂ ਕਰਨ ਵਾਲੀ ਸਮੱਸਿਆ ਤਾਂ ਭੁੱਲ ਗਈ ਪਰ ਗੁਰਬਾਣੀ ਦੇ ਝੂਠੇ ਪੈ ਜਾਣ ਦਾ ਡਰ ਸਤਾਉਣ ਲੱਗ ਪਿਆ। ਇਸ ਡਰ ਦੀ ਤੀਬਰਤਾ ਅਜੇ ਤੱਕ ਘਟੀ ਨਹੀਂ। 16 ਜਨਵਰੀ 2015 ਨੂੰ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਇਸੇ ਡਰ ਦੇ ਪ੍ਰਭਾਵ ਹੇਠ ਕਹਿ ਰਹੇ ਸਨ ਕਿ ਜੇ ਨਾਨਕਸ਼ਾਹੀ ਕੈਲੰਡਰ ਲਾਗੂ ਨਹੀਂ ਕਰਦੇ ਤਾਂ ਗੁਰਬਾਣੀ ਝੂਠੀ ਹੋ ਜਾਏਗੀ ਅਤੇ ਜੇ ਗੁਰਬਾਣੀ ਝੂਠੀ ਹੋ ਗਈ ਤਾਂ ਸਾਡੇ ਪੱਲੇ ਕੀ ਰਹਿ ਗਿਆ? ਆਪਣੀ ਜਾਚੇ ਜਥੇਦਾਰ ਨੰਦਗੜ੍ਹ ਗੁਰਬਾਣੀ ਨੂੰ ਝੂਠੀ ਪੈਣ ਤੋਂ ਬਚਾਉਣ ਦੇ ਯਤਨ ਕਰ ਰਹੇ ਹਨ ਪਰ ਗੁਰਬਾਣੀ ਦੇ ਝੂਠੇ ਪੈ ਜਾਣ ਦੇ ਡਰ ਤੋਂ ਕਾਇਲ ਲੋਕ ਇਹ ਨਹੀਂ ਸਮਝਦੇ ਕਿ ਇਸ ਤਰਕ ਮੁਤਾਬਕ ਤਾਂ ਫਿਰ ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚ ਗੁਰਬਾਣੀ ਪਹਿਲਾਂ ਹੀ ਝੂਠੀ ਪੈ ਚੁੱਕੀ ਹੈ ਕਿਉਂਕਿ ਉਥੇ ਨਾ ਤਾਂ ਪੋਹ ਮਹੀਨੇ ਠੰਢ ਪੈਂਦੀ ਹੈ ਅਤੇ ਨਾ ਹੀ ਹਾੜ ਮਹੀਨੇ ਗਰਮੀ। ਇਸੇ ਤਰ੍ਹਾਂ ਦੱਖਣੀ ਭਾਰਤ ਵਿਚ ਪੋਹ ਠੰਢਾ ਨਹੀਂ ਹੁੰਦਾ ਅਤੇ ਹਿਮਾਚਲ ਵਿਚ ਹਾੜ ਨਹੀਂ ਤਪਦਾ। ਇਸੇ ਤਰ੍ਹਾਂ ਕੱਤੇ ਨੂੰ ਬੀਜਾਈਆਂ ਅਤੇ ਵੈਸਾਖ ਨੂੰ ਵਾਢੀਆਂ ਦੀ ਦਲੀਲ ਦਿੱਤੀ ਜਾਂਦੀ ਹੈ। ਇਹ ਵੀ ਠੀਕ ਨਹੀਂ, ਕਿਉਂਕਿ ਕੈਨੇਡਾ ਵਿਚ ਬੀਜਾਈਆਂ ਵੈਸਾਖ ਜੇਠ ਅਤੇ ਵਾਢੀਆਂ ਅੱਸੂ ਕੱਤੇ ਵਿਚ ਹੁੰਦੀਆਂ ਹਨ, ਇਸ ਲਈ ਕੈਨੇਡਾ ਦੇ ਇਲਾਕੇ ਵਿਚ ਵੀ ਗੁਰਬਾਣੀ ਝੂਠੀ ਪੈ ਜਾਂਦੀ ਹੈ।

ਹੁਣ ਇੱਥੇ ਕਿਹੜਾ ਕੈਲੰਡਰ ਵਰਤਿਆ ਜਾਏ? ਕੀ ਗੁਰਬਾਣੀ ਇੱਕ ਖਾਸ ਇਲਾਕੇ ਲਈ ਹੈ? ਅਸਲ ਵਿਚ ਇਹ ਨਿਰਮੂਲ ਤੌਖਲਾ ਗੁਰਬਾਣੀ ਦੇ ਵਡੇਰੇ ਸੱਚ ਨੂੰ ਆਪਣੀ ਸੀਮਿਤ ਸਮਝ ਦੇ ਮੇਚ ਦਾ ਬਣਾਉਣ ਕਾਰਨ ਪੈਦਾ ਹੋਇਆ ਜਿਸ ਦਾ ਮੂਲ ਕਾਰਨ ਕੈਲੰਡਰ ਦੇ ਮਾਹਿਰ ਨੂੰ ਗੁਰਬਾਣੀ ਦਾ ਵੀ ਮਾਹਿਰ ਮੰਨ ਲਏ ਜਾਣ ਦੀ ਕੀਤੀ ਗਈ ਉਕਾਈ ਸੀ। ਇਹ ਜ਼ਰੂਰੀ ਨਹੀਂ ਕਿ ਹਸਪਤਾਲ ਦੀ ਵਧੀਆ ਇਮਾਰਤ ਬਣਾਉਣ ਵਾਲਾ ਇਮਾਰਤਸਾਜ਼ ਮਾਹਿਰ ਡਾਕਟਰ ਵੀ ਹੋਏ। ਸ. ਪੁਰੇਵਾਲ ਕੈਲੰਡਰ ਦੇ ਗਿਆਤਾ ਸਨ ਨਾ ਕਿ ਗੁਰਮਿਤ ਦੇ। ਸੋ, ਗੁਰਬਾਣੀ ਨੂੰ ਰੁੱਤਾਂ ਅਨਸਾਰ ਠੀਕ ਰੱਖਣ ਦੇ ਗਲਤ ਨੁਕਤੇ ਨੇ ਨਵਾਂ ਕੈਲੰਡਰ ਘੜਨ ਦੀ ਲੋੜ ਪੈਦਾ ਕਰ ਦਿੱਤੀ, ਜਿਸ ਦੀ ਕੋਈ ਜ਼ਰੂਰਤ ਹੈ ਹੀ ਨਹੀਂ ਸੀ ਕਿਉਂਕਿ ਗੁਰਬਾਣੀ ਦਾ ਸੱਚ ਸਰਬਵਿਆਪੀ ਹੈ, ਇਸ ਨੂੰ ਇੱਕ ਖਿੱਤੇ ਤੱਕ ਸੀਮਤ ਕਰਕੇ ਦੇਖਣਾ ਜਾਂ ਸਮਝਣਾ ਨਾਦਾਨੀ ਹੈ ਪਰ ਸ. ਪੁਰੇਵਾਲ ਵਲੋਂ ਇਸ ਤੌਖਲੇ ਨੂੰ ਲੋੜੋਂ ਵੱਧ ਤੂਲ ਦਿੱਤੇ ਜਾਣ ਕਾਰਨ ਚੰਗੇ ਭਲੇ ਬੁੱਧੀਜੀਵੀ ਵੀ ਇਸ ਡਰ ਦੇ ਸ਼ਿਕਾਰ ਹੋ ਗਏ ਅਤੇ ਅਜੇ ਵੀ ਇਸ ਭੈਅ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਰਹੇ।


ਸਿੱਖਾਂ ਦਾ ਇੱਕ ਵਰਗ ਇਸ ਕੈਲੰਡਰ ਨੂੰ ਸਿੱਖਾਂ ਦੀ ਵੱਖਰੀ ਪਛਾਣ ਦਾ ਪ੍ਰਤੀਕ ਸਮਝ ਕੇ ਇਸ ਨੂੰ "ਹਮ ਹਿੰਦੂ ਨਹੀਂ" ਦਾ ਆਖਰੀ ਐਲਾਨ ਜਾਣਦਾ ਹੈ। ਉਨ੍ਹਾਂ ਵਾਸਤੇ ਤਾਰੀਖਾਂ ਦੇ ਝਮੇਲੇ ਤੋਂ ਮੁਕਤ ਹੋਣਾ ਇੰਨਾ ਅਹਿਮ ਨਹੀਂ ਜਿੰਨਾ ਸਿੱਖਾਂ ਦਾ ਹਿੰਦੂਆਂ ਨਾਲੋਂ ਨਾੜੂਆ ਕੱਟੇ ਜਾਣ ਦੇ ਯਤਨ ਕਰਨਾ। ਉਨ੍ਹਾਂ ਲਈ ਇਹ ਜ਼ਰੂਰੀ ਨਹੀਂ ਕਿ ਕੈਲੰਡਰ ਵਿਚ ਕੀ ਹੋਏ, ਉਹ ਸਿਰਫ ਵੱਖਰਾ ਕੈਲੰਡਰ ਚਾਹੁੰਦੇ ਹਨ ਭਾਵੇਂ ਇਹ ਕੇਵਲ ਕਹਿਣ ਨੂੰ ਹੀ ਹੋਏ, ਜਿਵੇਂ ਹਿੰਦੂ ਮੈਰਿਜ ਐਕਟ ਦੇ ਤੱਤ ਨਾਲ ਬਹੁਤਾ ਲੈਣ-ਦੇਣ ਨਹੀਂ ਪਰ ਨਾਂ ਨਾਲ ਖਿਝ ਹੈ। ਇਸ ਲਈ ਵੱਖਰਾ ਅਨੰਦ ਮੈਰਿਜ ਐਕਟ ਹੋਣਾ ਚਾਹੀਦਾ ਹੈ ਜਿਸ ਦਾ ਪੂਰਾ ਤੱਤ ਭਾਵੇਂ ਹਿੰਦੂ ਐਕਟ ਵਾਲਾ ਹੀ ਕਿਉਂ ਨਾ ਹੋਏ। ਇਸ ਸੋਚ ਦੇ ਸਿੱਖਾਂ ਵਾਸਤੇ ਕੈਲੰਡਰ ਤਾਰੀਖਾਂ ਦਾ ਸਾਧਨ ਘੱਟ ਪਰ ਵੱਖਰੀ ਪਛਾਣ ਦਾ ਸੁਖਦ ਅਹਿਸਾਸ ਕਰਾਉਣ ਵਾਲਾ ਜ਼ਿਆਦਾ ਹੈ। ਪਰ ਕੋਈ ਵੀ ਇਹ ਨਹੀਂ ਸੋਚਦਾ ਕਿ ਵੱਖਰੀ ਪਛਾਣ ਬਣਾਉਣ ਲਈ ਵੱਖਰੇ ਕੈਲੰਡਰ ਦੀ ਥਾਂ ਕੁਝ ਦਿਨ ਵੱਖਰੇ ਮਨਾਉਣ ਦਾ ਹੀਆ ਵੀ ਕਰਨਾ ਪਏਗਾ। ਮਿਸਾਲ ਵਜੋਂ, ਘੱਟੋ ਘੱਟ ਦਰਬਾਰ ਸਾਹਿਬ ਅੰਦਰ ਦੀਵਾਲੀ ਮਨਾਉਣੀ ਬੰਦ ਕਰਨੀ ਪਏਗੀ, ਗੁਰੂ ਨਾਨਕ ਦਾ ਪੁਰਬ ਪੂਰਨਮਾਸ਼ੀ ਨਾਲੋਂ ਤੋੜਨਾ ਪਏਗਾ, ਹੋਲੇ ਦਾ ਦਿਨ ਨੀਯਤ ਕਰਨਾ ਪਏਗਾ ਅਤੇ ਖਾਲਸੇ ਦਾ ਸਾਜਨਾ ਦਿਵਸ ਵਿਸਾਖੀ ਨਾਲੋਂ ਤੋੜਨ ਦਾ ਜੇਰਾ ਕਰਨਾ ਪਵੇਗਾ। ਐਸਾ ਨਾ ਕਰਨ ਦੀ ਸੂਰਤ ਵਿਚ ਕੰਧ 'ਤੇ ਟੰਗਿਆ ਕੋਈ ਵੀ ਕੈਲੰਡਰ ਵੱਖਰੀ ਪਛਾਣ ਦਾ ਪ੍ਰਤੀਕ ਨਹੀਂ ਹੋ ਸਕਦਾ ਕਿਉਂਕਿ ਪਛਾਣ ਅਮਲਾਂ ਨਾਲ ਬਣਦੀ ਹੈ ਨਾ ਕਿ ਕੈਲੰਡਰਾਂ ਨਾਲ। ਉਂਜ ਵੀ ਮਿਲਗੋਭਾ ਕਿਸਮ ਦਾ ਕੈਲੰਡਰ ਵੱਖਰੀ ਪਛਾਣ ਕਾਇਮ ਕਰਨ ਦੀ ਸਮਰੱਥਾ ਨਹੀਂ ਰੱਖਦਾ। ਜਿਸ ਕੈਲੰਡਰ ਵਿਚ 3 ਦਿਨ ਪੱਕੇ ਨਾ ਕੀਤੇ ਹੋਣ, ਉਸ ਕਾਰਨ ਵੱਖਰੇ ਬਖੇੜੇ ਤਾਂ ਖੜੇ ਹੋ ਸਕਦੇ ਹਨ ਪਰ ਵੱਖਰੀ ਪਛਾਣ ਪੈਦਾ ਨਹੀਂ ਹੋ ਸਕਦੀ।

ਕੀ ਵੱਖਰੇ ਕੈਲੰਡਰ ਦੀ ਲੋੜ ਹੈ ਵੀ? ਕੈਲੰਡਰ ਦੁਨਿਆਵੀ ਕਾਰਜਾਂ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਲਈ ਤਾਰੀਖਾਂ ਦੀ ਜਾਣਕਾਰੀ ਦਾ ਸਾਧਨ ਹਨ। ਸਿੱਖਾਂ ਦੇ ਸਭ ਕਾਰਜ ਪ੍ਰਚਲਿਤ ਈਸਵੀ ਕੈਲੰਡਰ ਦੀ ਵਰਤੋਂ ਨਾਲ ਰਾਸ ਆ ਸਕਦੇ ਹਨ। ਇਸ ਲਈ ਨਵੇਂ ਕੈਲੰਡਰ ਦੀ ਘਾੜਤ ਘੜਨ ਦੀ ਜ਼ਰੂਰਤ ਹੀ ਨਹੀਂ ਸੀ। ਇੰਜ ਲਗਦਾ ਹੈ ਜਿਵੇਂ ਸ. ਪੁਰੇਵਾਲ ਨੇ ਰੁੱਤਾਂ ਅਤੇ ਗੁਰਬਾਣੀ ਦਾ ਤਾਲਮੇਲ ਵਿਗੜ ਜਾਣ ਦਾ ਖੌਫ ਖੜਾ ਕਰਕੇ ਨਵਾਂ ਕੈਲੰਡਰ ਘੜਨ ਦੀ ਲੋੜ ਮਹਿਸੂਸ ਕਰਵਾ ਕੇ ਗੰਜਿਆਂ ਨੂੰ ਕੰਘੀਆਂ ਵੇਚਣ ਵਾਲੀ ਗੱਲ ਕੀਤੀ ਹੋਏ। ਵੱਖਰੀ ਪਛਾਣ ਵਾਲਾ ਮਸਲਾ ਵੀ ਨਵੇਂ ਕੈਲੰਡਰ ਦੇ ਖਲਜਗਣ 'ਚ ਪੈਣ ਤੋਂ ਬਿਨਾ ਸਹਿਜੇ ਹੀ ਹੱਲ ਕੀਤਾ ਜਾ ਸਕਦਾ ਹੈ। ਜੇ ਸਾਰਾ ਜ਼ੋਰ ਲਾ ਕੇ ਕੈਲੰਡਰ ਬਣਾ ਵੀ ਲਿਆ ਜਾਵੇ ਤਾਂ ਇਸ ਦੀ ਰੋਜ਼ਾਨਾ ਜ਼ਿੰਦਗੀ ਵਿਚ ਤਾਂ ਵਰਤੋਂ ਫਿਰ ਵੀ ਨਹੀਂ ਹੋ ਸਕੇਗੀ। ਅਸੀਂ ਸਾਰੇ ਕਾਰ ਵਿਹਾਰ ਤਾਂ ਈਸਵੀ ਕੈਲੰਡਰ ਮੁਤਾਬਕ ਹੀ ਕਰਦੇ ਹਾਂ ਅਤੇ ਕਰਦੇ ਰਹਾਂਗੇ।


ਕੈਲੰਡਰ ਵਿਵਾਦ ਦੇ ਦੁਰਪ੍ਰਭਾਵ? ਕੈਲੰਡਰ ਦੀ ਨਿਰਮੂਲ ਅਤੇ ਬੇਲੋੜੀ ਬਹਿਸ ਵਿਚ ਕੋਈ 20 ਸਾਲ ਦਾ ਸਮਾਂ ਅਤੇ ਸ਼ਕਤੀ ਹੀ ਵਿਅਰਥ ਨਹੀਂ ਗਈ ਸਗੋਂ ਇਸ ਵਿਵਾਦ ਕਾਰਨ ਭਾਈਚਾਰੇ ਵਿਚ ਇੱਕ ਹੋਰ ਵੰਡ ਪੈਦਾ ਹੋ ਗਈ। ਖਰਾਬ ਰਹੇ ਹਾਲਾਤ ਦੌਰਾਨ ਜਦੋਂ ਬੰਦੂਕ ਨੇ ਅਕਲ ਅੱਗੇ ਲਾਈ ਹੋਈ ਸੀ, ਉਦੋਂ ਹੀ ਸਿੱਖ ਪੰਥ ਦੇ ਵਿਹੜੇ ਵਿਚ ਬੌਧਿਕ ਰੇਗਿਸਤਾਨ ਪਸਰਨਾ ਸ਼ੁਰੂ ਹੋ ਚੁੱਕਾ ਸੀ ਜੋ ਕਿ ਕੈਲੰਡਰ ਵਰਗੇ ਨਿਗੂਣੇ ਮੁੱਦਿਆਂ ਦੇ ਮੋਢੇ ਚੜ੍ਹ ਕੇ ਹੋਰ ਦੂਣ ਸਵਾਇਆ ਹੋ ਗਿਆ ਹੈ। ਇਸ ਸਮੇਂ ਨੂੰ ਕਿਸੇ ਚੰਗੀ ਭਵਿੱਖੀ ਨੀਤੀ ਦੀ ਘਾੜਤ ਲੇਖੇ ਲਾਇਆ ਜਾ ਸਕਦਾ ਸੀ।

ਹੱਲ ਕੀ ਹੈ? ਕੈਲੰਡਰ ਨਾਲ ਕੋਈ ਵੱਡੀ ਸਮੱਸਿਆ ਜੁੜੀ ਹੋਈ ਨਹੀਂ ਸੀ। ਬੁਨਿਆਦੀ ਤਕਲੀਫ ਤਾਰੀਖਾਂ ਦਾ ਬਦਲਦੇ ਰਹਿਣ ਕਾਰਨ ਆ ਰਹੀਆਂ ਮਾਮੂਲੀ ਦਿੱਕਤਾਂ ਸਨ, ਜਿਨ੍ਹਾਂ ਦੇ ਹੱਲ ਲਈ ਹਰ ਸਾਲ ਮਨਾਏ ਜਾਣ ਵਾਲੇ 10-12 ਅਹਿਮ ਦਿਨਾਂ ਦੀਆਂ ਤਾਰੀਖਾਂ ਪੱਕੀਆਂ ਕਰ ਲਈਆਂ ਜਾਣੀਆਂ ਚਾਹੀਦੀਆਂ ਸਨ ਅਤੇ ਬਾਕੀ ਸਭ ਕੁਝ ਸਥਾਨਕ ਲੋਕਾਂ ਨੂੰ ਆਪੋ ਆਪਣੀ ਸਹੂਲਤ ਮੁਤਾਬਕ ਕਰ ਲੈਣ ਲਈ ਕਹਿ ਦੇਣਾ ਚਾਹੀਦਾ ਸੀ। ਜਿਵੇਂ ਕਿ ਗੁਰੂਆਂ ਦੇ ਪੁਰਬ ਤਾਂ ਸਾਰੇ ਸੰਸਾਰ ਵਿਚ ਮਨਾਏ ਜਾਂਦੇ ਹਨ, ਇਸ ਲਈ ਇਹ ਤਾਰੀਖਾਂ ਪੱਕੀਆਂ ਹੋ ਜਾਣ ਨਾਲ ਸਭ ਨੂੰ ਸੌਖਾ ਹੋ ਜਾਏਗਾ ਪਰ ਬਾਬੇ ਬੁੱਢੇ ਦਾ ਜਨਮ ਦਿਨ ਤਾਂ ਸਾਰੇ ਸੰਸਾਰ ਵਿਚ ਨਹੀਂ ਮਨਾਇਆ ਜਾਂਦਾ, ਇਸ ਲਈ ਐਸੇ ਦਿਨਾਂ ਦੀਆਂ ਤਾਰੀਖਾਂ ਪੱਕੀਆਂ ਕਰਨ 'ਤੇ ਜ਼ੋਰ ਲਾਉਣ ਨਾਲੋਂ ਸਥਾਨਕ ਲੋਕਾਂ ਉਪਰ ਛੱਡ ਦੇਣਾ ਯੋਗ ਹੋਏਗਾ। ਗੁਰਬਾਣੀ ਦਾ ਰੁੱਤਾਂ ਨਾਲ ਤਾਲਮੇਲ ਬਿਠਾਉਣ ਲਈ ਕੈਲੰਡਰ ਬਣਾਉਣ ਵਾਲਾ ਫੁਰਨਾ ਗੈਰ ਸਿਧਾਂਤਕ ਹੋਣ ਕਾਰਨ ਛੱਡ ਦੇਣਾ ਵਾਜਿਬ ਹੋਏਗਾ।

ਜਿਨ੍ਹਾਂ ਵੱਖਰੀ ਪਛਾਣ ਦੇ ਯਤਨ ਕਰਨੇ ਹਨ, ਉਨ੍ਹਾਂ ਲਈ ਵੱਖਰਾ ਕੈਲੰਡਰ ਯੋਗ ਰਾਹ ਸਾਬਿਤ ਨਹੀਂ ਹੋਇਆ। ਵੱਖਰੀ ਪਛਾਣ ਲਈ ਵੱਡੇ ਯਤਨ ਕਰਨੇ ਪੈਣਗੇ। ਜਿਨ੍ਹਾਂ ਵਿਚ ਲੋਕਾਂ ਨੂੰ ਵੱਡੀਆਂ ਤਬਦੀਲੀਆਂ, ਜਿਵੇਂ ਦੀਵਾਲੀ, ਪੂਰਨਮਾਸ਼ੀ, ਮੱਸਿਆ ਆਦਿ ਤੋਂ ਮੁਕਤ ਹੋਣ, ਗੁਰੂ ਨਾਨਕ ਦਾ ਪੁਰਬ ਪੁਰਨਮਾਸ਼ੀ ਨਾਲੋਂ ਅਲੱਗ ਕਰਨ, ਖਾਲਸੇ ਦਾ ਸਾਜਨਾ ਦਿਵਸ ਵਿਸਾਖੀ ਨਾਲੋਂ ਅਲੱਗ ਕਰਨ, ਹੋਲੇ ਦਾ ਦਿਨ ਮੁਕੱਰਰ ਕਰਨ ਅਤੇ ਘੱਟੋ ਘੱਟ ਦਰਬਾਰ ਸਾਹਿਬ ਅੰਦਰ ਦੀਵਾਲੀ ਮਨਾਉਣਾ ਬੰਦ ਕਰਨ ਆਦਿ ਵਾਸਤੇ ਤਿਆਰ ਕਰਨਾ ਹੋਏਗਾ ਕਿਉਂਕਿ ਵੱਖ ਪਛਾਣ ਵੱਖਰੇ ਕਰਮਾਂ ਨਾਲ ਬਣਦੀ ਹੈ ਨਾ ਕਿ ਕੰਧ 'ਤੇ ਟੰਗੇ ਕਿਸੇ ਕੈਲੰਡਰ ਨਾਲ।



ਹਮਾਸ ਦਾ ਬੇਟਾ-4




***ਫਲਸਤੀਨੀਆਂ ਦੀ ਜੁਝਾਰੂ ਜਥੇਬੰਦੀ 'ਹਮਾਸ' ਦੇ ਮੋਢੀ ਲੀਡਰਾਂ ਵਿਚੋਂ ਇਕ, ਸ਼ੇਖ ਹਸਨ ਯੂਸਫ ਦੇ ਪੁੱਤਰ ਮੋਸਾਬ ਹਸਨ ਯੂਸਫ (ਜਨਮ 1978) ਨੇ ਆਪਣੀ ਸਵੈ-ਜੀਵਨੀ 'ਸਨ ਆਫ ਹਮਾਸ' ਵਿਚ ਬੜੇ ਅਹਿਮ ਖੁਲਾਸੇ ਕੀਤੇ ਹਨ। ਫਲਸਤੀਨ ਲਈ ਜੂਝ ਰਹੇ ਲੋਕਾਂ ਨੇ ਇਸ ਕਿਤਾਬ ਨੂੰ ਮੁੱਢੋਂ-ਸੁੱਢੋਂ ਰੱਦ ਕੀਤਾ ਹੈ ਪਰ ਪੱਛਮੀ ਜਗਤ ਨੇ ਇਸ ਦਾ ਭਰਵਾਂ ਸਵਾਗਤ ਕੀਤਾ ਹੈ। ਮੋਸਾਬ ਅੱਜ ਕੱਲ੍ਹ ਅਮਰੀਕਾ ਵਿਚ ਰਹਿ ਰਿਹਾ ਹੈ। ਇਜ਼ਰਾਈਲ ਲਈ ਜਾਸੂਸੀ ਕਰਨ ਬਾਰੇ ਉਸ ਦੇ ਕਿੱਸੇ ਚਰਚਾ ਵਿਚ ਰਹੇ ਹਨ। ਸਾਲ 2012 ਵਿਚ ਛਪੀ ਇਸ ਕਿਤਾਬ ਦੇ ਆਧਾਰ 'ਤੇ ਉਘੇ ਸਿੱਖ ਚਿੰਤਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਹ ਖਾਸ ਟਿੱਪਣੀ ਕੀਤੀ ਹੈ। ਇਸ ਲੇਖ ਵਿਚ ਉਨ੍ਹਾਂ ਇਸ ਕਿਤਾਬ, ਲੇਖਕ ਮੋਸਾਬ ਹਸਨ ਯੂਸਫ, ਫਲਸਤੀਨ ਅਤੇ ਇਜ਼ਰਾਈਲ ਬਾਬਤ ਤੱਥ ਉਜਾਗਰ ਕੀਤੇ ਹਨ। ਪਹਿਲਾਂ ਤੁਸੀਂ ਪੜ੍ਹ ਚੁੱਕੇ ਹੋ ਕਿ ਸ਼ਾਂਤ ਸੁਭਾਅ ਵਾਲਾ ਸ਼ੇਖ ਹਸਨ ਯੂਸਫ ਹੌਲੀ-ਹੌਲੀ ਜਹਾਦ ਵੱਲ ਸਰਕ ਜਾਂਦਾ ਹੈ ਅਤੇ ਮਗਰ ਮਗਰ ਉਸ ਦਾ ਪੁੱਤਰ ਮੋਸਾਬ ਹਸਨ ਯੂਸਫ ਵੀ ਤੁਰ ਰਿਹਾ ਹੈ। ਫਿਰ ਇਕ ਦਿਨ ਮੋਸਾਬ, ਹਮਾਸ ਵਲੋਂ ਵਿੱਢੇ ਜਹਾਦ ਦੀਆਂ ਤੱਦੀਆਂ ਦੇਖ-ਸੁਣ ਕੇ ਵਿਲਕ ਉਠਦਾ ਹੈ ਅਤੇ ਹਰ ਤਰ੍ਹਾਂ ਦੀ ਹਿੰਸਾ ਦੇ ਖਿਲਾਫ ਹੋ ਜਾਂਦਾ ਹੈ। ਇਹੀ ਨਹੀਂ, ਉਹ ਇਜ਼ਰਾਈਲ ਦੇ ਖੁਫੀਆ ਏਜੰਟ ਕਪਤਾਨ ਲੋਈ ਨਾਲ ਰਲ ਕੇ ਹਮਾਸ ਬਾਰੇ ਸਾਰੀ ਸੂਹ ਇਜ਼ਰਾਈਲ ਨੂੰ ਦੇਈ ਜਾਂਦਾ ਹੈ। -ਸੰਪਾਦਕ***

# ਫਲਸਤੀਨ ਦਾ ਸ਼ਰਾਰਤੀ ਬੱਚਾ

ਹਮਾਸ ਦਾ ਲੱਕ ਤੋੜਨ ਵਿਚ ਇਜ਼ਰਾਈਲ ਨਹੀਂ, ਯਾਸਰ ਅਰਾਫਾਤ ਕਾਮਯਾਬ ਹੋ ਗਿਆ। ਲੀਡਰ ਜਾਂ ਮਾਰੇ ਗਏ ਜਾਂ ਬੰਦੀ ਬਣਾ ਲਏ। ਰਿਹਾ ਹੋਏ ਮੁੰਡੇ ਥੱਕ ਕੇ ਘਰ ਬੈਠ ਗਏ। ਇਥੋਂ ਤਕ ਕਿ ਸ਼ੇਖ ਹਸਨ ਸਿਆਸਤ ਤੋਂ ਕਿਨਾਰਾ ਕਰ ਕੇ ਮਸਜਿਦ ਅਤੇ ਅਧਿਆਪਨ ਦੇ ਕੰਮੀਂ ਲੱਗ ਗਿਆ।

25 ਜੁਲਾਈ 2000 ਨੂੰ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਪ੍ਰਧਾਨਗੀ ਹੇਠ ਕੈਂਪ ਡੇਵਿਡ ਨਾਮ ਦਾ ਸਿਖਰ ਸੰਮੇਲਨ ਹੋਇਆ ਜਿਸ ਵਿਚ ਯਾਸਰ ਅਰਾਫਾਤ ਤੇ ਇਜ਼ਰਾਈਲ ਦਾ ਪ੍ਰਧਾਨ ਮੰਤਰੀ ਬਰਾਕ ਸ਼ਾਮਲ ਹੋਏ। ਬਰਾਕ ਨੇ ਪੇਸ਼ਕਸ਼ ਕੀਤੀ ਕਿ ਵੈਸਟ ਬੈਂਕ ਦਾ 90%, ਸਾਰੀ ਗਾਜ਼ਾ ਪੱਟੀ ਇਲਾਕਾ ਤੇ ਪੂਰਬੀ ਯੋਰੋਸ਼ਲਮ ਇਸ ਦੀ ਰਾਜਧਾਨੀ ਵਜੋਂ ਫਲਸਤੀਨ ਵਾਸਤੇ ਛੱਡਣ ਲਈ



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਤਿਆਰ ਹਾਂ। ਉਜੜ ਚੁਕੇ ਲੋਕਾਂ ਨੂੰ ਰਾਹਤ ਦੇਣ ਲਈ ਕੌਮਾਂਤਰੀ ਫੰਡ ਬਜਟ ਵਿਚ ਰੱਖਿਆ ਜਾਵੇਗਾ। ਇਸ ਪੇਸ਼ਕਸ਼ ਨਾਲ ਫਲਸਤੀਨ ਵਿਚ ਸਥਾਈ ਅਮਨ ਹੋ ਸਕਦਾ ਸੀ ਪਰ ਯਾਸਰ ਅਰਾਫਾਤ ਮੰਨਿਆ ਨਹੀਂ। ਉਸ ਦੀ ਮੰਗ ਸੀ, 1967 ਤੋਂ ਪਹਿਲਾਂ ਕਬਜ਼ੇ ਵਾਲਾ ਸਾਰਾ ਫਲਸਤੀਨ ਛੱਡੋ। ਉਸ ਨੂੰ ਪਤਾ ਸੀ, ਉਸ ਦੀ ਇਹ ਮੰਗ ਮੰਨੀ ਨਹੀਂ ਜਾਵੇਗੀ। ਉਸ ਕੋਲ ਬੇਸ਼ੁਮਾਰ ਧਨ ਆ ਰਿਹਾ ਸੀ, ਉਹ ਵੱਡਾ ਸਿਆਸੀ ਲੀਡਰ ਹੋ ਗਿਆ ਸੀ, ਸੰਧੀ ਕਰ ਕੇ ਉਸ ਦੀ ਸ਼ਾਨੋ-ਸ਼ੌਕਤ ਮੱਧਮ ਪੈ ਜਾਏਗੀ। ਗਰਮਦਲੀਆਂ ਵਿਚ ਉਹ ਹੋਰ ਬਹਾਦਰ ਸਾਬਤ ਹੋ ਗਿਆ ਜਿਸ ਨੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਅੰਗੂਠਾ ਦਿਖਾ ਦਿੱਤਾ ਯਾਨਿ ਉਹ ਸਾਰੀ ਦੁਨੀਆਂ ਵਿਰੁਧ ਲੜਨ ਲਈ ਤਿਆਰ ਹੈ। ਟੀ.ਵੀ. ਉਪਰ ਉਸ ਦਾ ਭਾਸ਼ਣ ਇਸ ਸ਼ੈਲੀ ਵਿਚ ਸੀ ਜਿਵੇਂ ਉਹ ਫਲਸਤੀਨ ਦਾ ਚੀ ਗਵੇਰਾ ਹੋਵੇ। ਉਸ ਦੀ ਸ਼ੁਹਰਤ ਦੀ ਭੁੱਖ ਕਦੀ ਮੰਦੀ ਨਹੀਂ ਪਈ। ਉਹ ਚਾਹੁੰਦਾ ਸੀ, ਇਤਿਹਾਸਕ ਪਾਠ ਪੋਥੀਆਂ ਵਿਚ ਹੀਰੋ ਵਾਂਗ ਉਸ ਦੇ ਕਾਰਨਾਮੇ ਲਿਖੇ ਹੋਣ। ਉਹ ਫਲਸਤੀਨੀ ਖੂਨ ਵਗਣਾ ਰੋਕ ਸਕਦਾ ਸੀ, ਰੋਕਿਆ ਨਹੀਂ।

ਯੋਰੋਸ਼ਲਮ ਵਿਚਲੀ ਅਲ-ਅਕਸ ਮਸਜਿਦ ਫਲਸਤੀਨੀਆਂ ਲਈ ਬੜੀ ਪਵਿਤਰ ਥਾਂ ਹੈ। ਖਬਰ ਨਸ਼ਰ ਹੋਈ ਕਿ ਇਜ਼ਰਾਈਲ ਦਾ ਜਰਨੈਲ ਸ਼ਾਰੋਂ ਇਸ ਮਸਜਿਦ ਵਿਚ ਜਾਏਗਾ। ਸ਼ੇਖ ਹਸਨ ਨੇ ਬਿਆਨ ਦਿੱਤਾ ਕਿ ਸ਼ਾਰੋਂ ਨੂੰ ਮਸਜਿਦ ਵਿਚ ਜਾਣ ਤੋਂ ਰੋਕਾਂਗੇ। ਉਥੇ ਮੌਕੇ 'ਤੇ ਮੋਸਾਬ ਨਾਲ ਸ਼ੇਖ ਪੁੱਜਾ। ਮਿਥੇ ਸਮੇਂ 'ਤੇ ਸ਼ਾਰੋਂ ਇਕ ਹਜ਼ਾਰ ਕਮਾਂਡੋਆਂ ਨਾਲ ਆਇਆ, ਦਰਵਾਜ਼ੇ ਵਿਚ ਸ਼ੇਖ ਉਸ ਨੂੰ ਰੋਕਣ ਲਈ ਹਾਜ਼ਰ ਸੀ। ਉਹ ਅੰਦਰ ਗਿਆ ਹੀ ਨਹੀਂ, ਬੱਸ ਦਰਵਾਜ਼ੇ 'ਤੇ ਨਜ਼ਰ ਮਾਰੀ ਅਤੇ ਪਰਤ ਗਿਆ। ਪਿਉ-ਪੁੱਤਰ ਆਪਣੇ ਪਿੰਡ ਵੱਲ ਕਾਰ ਵਿਚ ਰਵਾਨਾ ਹੋ ਗਏ। ਰਸਤੇ ਵਿਚ ਮੋਸਾਬ ਨੇ ਪੁੱਛਿਆ, "ਇਹ ਕੀ ਹੋਇਆ ਅੱਬੂ?" ਅੱਬੂ ਹੱਸ ਪਿਆ, "ਵੱਡੀ ਖੇਡ ਖੇਡੀ ਗਈ। ਹੁਣ ਯਾਸਰ ਅਰਾਫਾਤ ਸ਼ਬਦਾਂ ਦੇ ਅੰਗਿਆਰ ਬਰਸਾਏਗਾ, ਹਿੰਸਾ ਵਧੇਗੀ ਤੇ ਹਿੰਸਾ ਦਾ ਦੋਸ਼ ਮੇਰੇ ਉਪਰ, ਹਮਾਸ ਉਪਰ ਮੜ੍ਹੇਗਾ।"

"ਫਿਰ ਤੁਸੀਂ ਕਿਉਂ ਇਸ ਤਾਣੀ ਵਿਚ ਉਲਝੇ?"

"ਮੈਂ ਸ਼ਾਰੋਂ ਨੂੰ ਰੋਕਣ ਨਾ ਜਾਂਦਾ ਤਾਂ ਇਸ ਦਾ ਅਰਥ ਹੋਣਾ ਸੀ ਯਹੂਦੀ ਜੋ ਮਰਜ਼ੀ ਮਸਜਿਦਾਂ ਵਿਚ ਕਰਦੇ ਫਿਰਨ, ਫਲਸਤੀਨੀਆਂ ਵਿਚ ਰੋਕਣ ਦੀ ਤਾਕਤ ਈ ਨਹੀਂ ਰਹੀ।"

ਉਹੀ ਗੱਲ ਹੋਈ। ਲੋਕ ਗੁੱਸੇ ਵਿਚ ਆ ਗਏ, ਹਿੰਸਾ ਮੁੜ ਸ਼ੁਰੂ ਹੋ ਗਈ। ਨਵਾਂ ਅਲ-ਅਕਸ ਸ਼ਹੀਦ ਗਰੁਪ ਹੋਂਦ ਵਿਚ ਆ ਗਿਆ। ਮੋਸਾਬ ਨੇ ਦ੍ਰਿੜ ਇਰਾਦਾ ਕਰ ਲਿਆ ਕਿ ਹਿੰਸਾ, ਪ੍ਰਤੀਹਿੰਸਾ ਰੋਕੇਗਾ। ਯਾਸਰ ਅਰਾਫਾਤ ਦੀ ਯਹੂਦੀਆਂ ਨੂੰ ਫਿਰ ਲੋੜ ਪੈ ਗਈ ਕਿ ਹਿੰਸਾ ਦਬਾਏ। ਅਲ-ਅਕਸ ਗਰੁਪ ਨੇ ਕਾਰ-ਬੰਬਾਂ, ਬੱਸ-ਬੰਬਾਂ, ਮਨੁੱਖੀ-ਬੰਬਾਂ ਦੀ ਹਨ੍ਹੇਰੀ ਲਿਆ ਦਿੱਤੀ। ਇਜ਼ਰਾਈਲ ਦੀ ਪੁਲਿਸ ਦੇ ਖੁਫੀਆ ਵਿੰਗ ਨੂੰ ਕੁਝ ਨਹੀਂ ਸੀ ਸੁੱਝ ਰਿਹਾ।

ਇਕ ਦਿਨ ਕਪਤਾਨ ਲੋਈ ਨੇ ਮੋਸਾਬ ਨੂੰ ਬੁਲਾਇਆ ਤੇ ਕਿਹਾ, "ਖਬਰ ਮਿਲੀ ਹੈ ਕਿ ਮਾਹਿਰ ਉਦੇ ਨਾਂ ਦੇ ਬੰਦੇ ਕੋਲ ਕੁਝ ਅਜਨਬੀ ਆਉਂਦੇ-ਜਾਂਦੇ ਹਨ। ਪਤਾ ਕਰ ਉਹ ਕੌਣ ਹਨ ਤੇ ਉਦੇ ਨਾਲ ਉਨ੍ਹਾਂ ਦਾ ਕੀ ਲਿੰਕ ਹੈ। ਸਿਰਫ ਤੂੰ ਇਹ ਕਰ ਸਕਦੈਂ।" ਮੋਸਾਬ ਉਦੇ ਨੂੰ ਜਾਣਦਾ ਸੀ। ਉਹ ਹਮਾਸ ਦੀ ਸੈਨਾ ਦਾ ਕਮਾਂਡਰ ਸੀ। ਜੇਲ੍ਹਾਂ ਵਿਚਲਾ ਟਾਰਚਰ ਉਸ ਦੀ ਆਗਿਆ ਨਾਲ ਹੁੰਦਾ ਸੀ, ਉਸ ਨੂੰ ਰਿਪੋਰਟ ਭੇਜੀ ਜਾਂਦੀ ਹੁੰਦੀ। ਸ਼ਾਇਦ ਆਤਮਘਾਤੀ ਦਸਤੇ ਵੀ ਉਸੇ ਦੇ ਸਨ।

ਮੋਸਾਬ ਨੇ ਕਾਰ ਸਟਾਰਟ ਕੀਤੀ ਤੇ ਉਦੇ ਦੀ ਦੋ-ਮੰਜ਼ਲੀ ਕੋਠੀ ਤੋਂ ਰਤਾ ਹਟ ਕੇ ਉਸ ਦੇ ਗੇਟ ਵੱਲ ਦੇਖਣ ਲੱਗਾ। ਅੱਧੇ ਕੁ ਘੰਟੇ ਬਾਅਦ ਏ.ਕੇ. ਸੰਤਾਲੀ ਰਫਲਾਂ ਹੱਥਾਂ ਵਿਚ ਫੜੀ ਕਈ ਜਣੇ ਬਾਹਰ ਨਿਕਲੇ ਤੇ ਹਰੇ ਰੰਗ ਦੀ ਜਿਪਸੀ ਵਿਚ ਸਵਾਰ ਹੋ ਕੇ ਤੁਰ ਗਏ। ਮੋਸਾਬ ਨੇ ਆਪਣੀ ਕਾਰ ਰਤਾ ਕੁ ਹਟਵੀਂ ਪਿਛੇ-ਪਿਛੇ ਲਾ ਲਈ ਪਰ ਥੋੜ੍ਹੀ ਦੇਰ ਬਾਅਦ ਉਹ ਗੁੰਮ ਹੋ ਗਏ। ਜਿਪਸੀ ਉਪਰ ਇਜ਼ਰਾਈਲੀ ਟੈਗ ਚਿਪਕਾਏ ਹੋਏ ਸਨ। ਹੁਣ ਮੋਸਾਬ ਨੂੰ ਅਕਲ ਆਈ ਕਿ ਇਹ ਤਾਂ ਬਹੁਤ ਵੱਡੇ ਪੱਧਰ ਦਾ ਕੰਮ ਸੀ ਜੋ ਉਹਨੇ ਇਕੱਲੇ ਨੇ ਹੀ ਵਿੱਢ ਲਿਆ ਹੈ। ਇਸ ਵਾਸਤੇ ਤਾਂ ਸੈਟੇਲਾਈਟ ਕੈਮਰੇ, ਹੈਲੀਕਾਪਟਰ ਦੀ ਨਿਗਰਾਨੀ ਤੇ ਹਥਿਆਰਬੰਦ ਬੰਦਿਆਂ ਦਾ ਗ੍ਰੋਹ ਮੁਕਾਬਲੇ ਲਈ ਚਾਹੀਦਾ ਹੈ। ਸ਼ੱਕ ਪੈ ਜਾਂਦਾ ਤਾਂ ਅਗਲਿਆਂ ਗੋਲੀ ਮਾਰ ਦੇਣੀ ਸੀ। ਗੁੰਮ ਹੋਣ ਦਾ ਅਫਸੋਸ ਤਾਂ ਹੋਇਆ ਪਰ ਖੁਸ਼ ਵੀ ਹੋਇਆ ਕਿ ਜਾਨ ਬਚੀ।

ਅਗਲੀ ਸਵੇਰ ਉਹ ਸਰਵਿਸ ਸਟੇਸ਼ਨ 'ਤੇ ਕਾਰ ਧੁਆਣ ਗਿਆ। ਕਮਾਲ, ਉਹੀ ਹਰੀ ਜਿਪਸੀ, ਉਹੀ ਕੱਲ੍ਹ ਵਾਲੇ ਬੰਦੇ ਜਿਪਸੀ ਧੁਆ ਰਹੇ। ਇਹ ਕੋਈ ਖੁਦਾਈ ਕ੍ਰਿਸ਼ਮਾ ਹੈ? ਇਨ੍ਹਾਂ ਨੂੰ ਤਾਂ ਮੋਸਾਬ ਜਾਣਦਾ ਹੈ, ਇਹ ਯਾਸਰ ਅਰਾਫਾਤ ਦੇ ਅੰਗ ਰੱਖਿਅਕ ਹਨ। ਉਹ ਅੱਬਾ ਨਾਲ ਕਿਸੇ ਮੀਟਿੰਗ ਲਈ ਜਾਂਦਾ, ਇਹ ਅਰਾਫਾਤ ਦੇ ਪਿਛੇ ਖਲੋਤੇ ਹੁੰਦੇ। ਜਦੋਂ ਉਹ ਚਲੇ ਗਏ, ਸਰਵਿਸ ਸਟੇਸ਼ਨ ਵਾਲੇ ਤੋਂ ਪੁੱਛਿਆ, "ਤੁਸੀਂ ਇਨ੍ਹਾਂ ਨੂੰ ਜਾਣਦੇ ਹੋ?" ਕੋਈ ਹੋਰ ਇਹ ਸਵਾਲ ਪੁੱਛਦਾ ਤਾਂ ਸਰਵਿਸਮੈਨ ਸ਼ਾਇਦ ਟਾਲ ਦਿੰਦਾ ਪਰ ਸ਼ੇਖ ਹਸਨ ਦੇ ਬੇਟੇ ਨੂੰ ਦੱਸਣਾ ਜ਼ਰੂਰੀ ਹੈ, "ਇਹ ਅਰਾਫਾਤ ਦੀ ਫੋਰਸ ਹੈ, ਇਥੇ ਬਿਟੂਨੀਆਂ ਵਿਚ ਰਹਿੰਦੇ ਹਨ।" ਮੋਸਾਬ ਹੋਰ ਵੀ ਉਲਝਣ ਵਿਚ ਪੈ ਗਿਆ, ਉਦੇ ਕੋਲ ਇਨ੍ਹਾਂ ਨੂੰ ਕੀ ਕੰਮ? ਇਹ ਅਰਾਫਾਤ ਕੋਲ ਰਹਿਣ ਦੀ ਥਾਂ ਸ਼ੇਖ ਹਸਨ ਦੇ ਘਰ ਨੇੜੇ ਕਿਉਂ ਰਹਿੰਦੇ ਨੇ? ਮੋਸਾਬ ਬਿਟੂਨੀਆਂ



*ਇਜ਼ਰਾਈਲ ਦਾ ਜਰਨੈਲ ਸ਼ਾਰੋਂ ਜੋ ਪਿਛੋਂ ਰਾਸ਼ਟਰਪਤੀ ਵੀ ਬਣਿਆ।*



*ਸਾਲ 2000 ਵਿਚ ਕੈਂਪ ਡੇਵਿਡ ਸਿਖਰ ਸੰਮੇਲਨ ਦੌਰਾਨ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਇਜ਼ਰਾਈਲੀ ਪ੍ਰਧਾਨ ਮੰਤਰੀ ਈਹੁਦ ਬਰਾਕ (ਖੱਬੇ) ਤੇ ਫਲਸਤੀਨੀ ਆਗੂ ਯਾਸਰ ਅਰਾਫਾਤ।*

ਇਲਾਕੇ ਵੱਲ ਡ੍ਰਾਈਵ ਕਰਦਾ ਗਿਆ, ਉਹੀ ਜਿਪਸੀ ਇਕ ਘਰ ਦੇ ਬਾਹਰ ਖੜ੍ਹੀ ਦੇਖੀ। ਪਰੇ ਹਟ ਕੇ ਕਪਤਾਨ ਲੋਈ ਨਾਲ ਫੋਨ ਮਿਲਾਇਆ ਤੇ ਕਿਹਾ, "ਅਜਨਬੀ ਲੱਭ ਲਏ ਹਨ।" ਇਸੇ ਕਾਰ ਵਿਚੋਂ ਕਈ ਵਾਰ ਵੈਸਟ ਬੈਂਕ ਤੇ ਫਾਇਰਿੰਗ ਹੋਈ ਸੀ। ਸਾਰੀ ਗੱਲ ਸਾਫ ਹੋ ਗਈ। ਅਲ-ਅਕਸ ਗਰੁਪ ਜਿਹੜਾ ਮਾਰੋ-ਮਾਰ ਕਰਦਾ ਫਿਰਦਾ ਸੀ, ਯਾਸਰ ਅਰਾਫਾਤ ਦੇ ਕਮਾਂਡੋ ਹਨ। ਵਾਰਦਾਤਾਂ ਆਪ ਕਰਵਾ ਰਿਹੈ, ਪਾਈ ਜਾ ਰਿਹੈ ਹਮਾਸ ਦੇ ਖਾਤੇ 'ਚ। ਸੁਰਾਗ ਮਿਲ ਗਿਆ। ਹੁਣ ਖੌਫਨਾਕ ਬੰਬਾਰੀ ਬੰਦ ਹੋਏਗੀ, ਸੱਪ ਦੀ ਸਿਰੀ ਮਿਧੀ ਜਾਏਗੀ।

ਸੱਦਾਮ ਹੁਸੈਨ ਨੇ ਫਲਸਤੀਨੀਆਂ ਨੂੰ ਸਾਢੇ ਤਿੰਨ ਕਰੋੜ ਡਾਲਰ ਸਹਾਇਤਾ ਫੰਡ ਦਿੱਤਾ। ਜਿਹੜਾ ਲੜਦਾ ਮਾਰਿਆ ਗਿਆ, ਉਸ ਦੇ ਪਰਿਵਾਰ ਨੂੰ ਦਸ ਹਜ਼ਾਰ ਡਾਲਰ ਤੇ ਮਨੁੱਖੀ ਬੰਬ ਦੇ ਪਰਿਵਾਰ ਨੂੰ ਪੱਚੀ ਹਜ਼ਾਰ ਡਾਲਰ।

ਪਹਿਲੀ ਜੂਨ 2001 ਨੂੰ ਬੱਚਿਆਂ ਦੀ ਇਕ ਟੋਲੀ ਡਿਸਕੋ ਦੇਖਣ ਵਾਸਤੇ ਟਿਕਟਾਂ ਲੈਣ ਲਈ ਖਲੋਤੀ ਸੀ। ਸਾਰੇ ਖੁਸ਼। ਹੱਸ ਰਹੇ, ਮਜ਼ਾਕ ਕਰ ਰਹੇ। ਬਹੁਤੇ ਰੂਸ ਵਿਚੋਂ ਆਏ ਰਫਿਊਜੀਆਂ ਦੇ ਬੱਚੇ ਸਨ। ਇਸ ਕਤਾਰ ਵਿਚ ਸੱਯਦ ਹੋਤਾਰੀ ਨਾਮ ਦਾ ਇਕ ਮੁੰਡਾ ਵੀ ਬੰਬ ਬੰਨ੍ਹੀ ਖਲੋਤਾ ਸੀ। ਬੰਬ ਚਲਾ ਦਿੱਤਾ, 21 ਮੌਤਾਂ ਹੋਈਆਂ ਤੇ 132 ਜ਼ਖਮੀ। ਇਸ ਮੁੰਡੇ ਦੇ ਪਿਉ ਨੂੰ ਗਵਾਂਢੀ ਨੇ ਵਧਾਈ ਦਿੱਤੀ, ਪਿਉ ਨੇ ਕਿਹਾ, "ਮੇਰੇ ਤਿੰਨ ਮੁੰਡੇ ਹੋਰ ਨੇ, ਮੇਰੀ ਇੱਛਾ ਹੈ ਕਿ ਉਹ ਵੀ ਦੇਸ ਅਤੇ ਦੀਨ ਲਈ ਇਵੇਂ ਸ਼ਹੀਦ ਹੋਣ।"

ਹਮਾਸ ਦੇ ਲੀਡਰ ਇਕ-ਇਕ ਕਰ ਕੇ ਪੁਲਿਸ ਨੇ ਮਾਰਨੇ ਸ਼ੁਰੂ ਕਰ ਦਿੱਤੇ। ਸਾਰੇ ਅੰਡਰਗਰਾਊਂਡ ਹੋ ਗਏ। ਮੋਸਾਬ ਨੇ ਕਿਹਾ, "ਅੱਬੂ ਤੁਹਾਡਾ ਘਰ ਵਿਚ ਰਹਿਣਾ ਠੀਕ ਨਹੀਂ, ਮੈਂ ਤੁਹਾਨੂੰ ਕਿਸੇ ਸਹੀ ਟਿਕਾਣੇ 'ਤੇ ਰੱਖਾਂਗਾ।" ਅੱਬੂ ਨੇ ਪਹਿਲੋਂ ਇਨਕਾਰ ਕੀਤਾ, ਫਿਰ ਮੰਨ ਗਿਆ। ਮੋਸਾਬ ਅੱਬੂ ਨੂੰ ਬਚਾਉਣਾ ਚਾਹੁੰਦਾ ਸੀ, ਖੁਫੀਆ ਪੁਲਿਸ ਵੀ ਉਸ ਨੂੰ ਬਚਾਉਣਾ ਚਾਹੁੰਦੀ ਸੀ, ਕਿਉਂਕਿ ਮੋਸਾਬ ਰਾਹੀਂ ਸੂਚਨਾ ਮਿਲ ਰਹੀ ਸੀ। ਇਕ ਹੋਟਲ ਵਿਚ ਕਮਰਾ ਲੈ ਦਿੱਤਾ। ਮੈਨੇਜਰ ਨੂੰ ਸੂਚਨਾ ਗੁਪਤ ਰੱਖਣ ਲਈ ਕਹਿ ਦਿੱਤਾ, ਤੇ ਨਾਲੇ ਕਿਹਾ ਕਿ ਹਰ ਰੋਜ਼ ਕਮਰਾ ਬਦਲਣਾ ਹੋਵੇਗਾ। ਹੁਣ ਅੱਬੂ ਦਾ ਬਾਹਰਲੀ ਦੁਨੀਆਂ ਨਾਲ ਸੰਪਰਕ ਕੇਵਲ ਮੋਸਾਬ ਰਾਹੀਂ ਸੀ।

ਮੋਸਾਬ ਨੇ ਰਫਲ ਲੈ ਲਈ ਤੇ ਅੱਬੂ ਦੀ ਥਾਂ ਹਮਾਸ ਦੀਆਂ ਗਤੀਵਿਧੀਆਂ ਕੰਟਰੋਲ ਕਰਨ ਲੱਗਾ। ਮਰਨ ਉਪਰੰਤ ਮਨੁੱਖੀ ਬੰਬਾਂ ਦੀ ਪਛਾਣ ਤਾਂ ਹੋ ਜਾਂਦੀ ਪਰ ਬੰਬ ਬਣਦੇ ਕਿਥੇ ਹਨ, ਬਣਾਉਂਦਾ ਕੌਣ ਹੈ, ਕਿਸੇ ਨੂੰ ਪਤਾ ਨਹੀਂ। ਅਮਰੀਕਾ ਦੀ ਸੀ.ਆਈ.ਏ. ਨੇ ਪਤਾ ਲਾ ਲਿਆ। ਅਬਦੁੱਲਾ ਬੁਗਤੀ ਤੇ ਬਿਲਾਲ ਬੁਗਤੀ ਸਨ। ਸਿਰਨਾਵਾਂ ਅਰਾਫਾਤ ਨੂੰ ਦੇ ਦਿੱਤਾ, ਦੋਵੇਂ ਗ੍ਰਿਫਤਾਰ ਕਰ ਲਏ। ਅਰਾਫਾਤ ਉਨ੍ਹਾਂ ਨੂੰ ਫੜਨ ਦੀ ਬਜਾਇ ਤਮਗੇ ਦੇਣੇ ਚਾਹੁੰਦਾ ਸੀ ਪਰ ਅਮਰੀਕਾ ਤੋਂ ਭਾਰੀ ਫੰਡ ਲੈਂਦਾ ਸੀ, ਟਾਲ ਕਿਵੇਂ ਸਕਦਾ ਸੀ!

ਗਿਆਰਾਂ ਸਤੰਬਰ 2001 ਨੂੰ ਅਲ-ਕਾਇਦਾ ਨੇ ਚਾਰ ਜੈਟ ਜਹਾਜ ਅਗਵਾ ਕਰ ਕੇ ਦੋ ਵਾਸ਼ਿੰਗਟਨ ਦੇ ਵਿਸ਼ਵ ਟਰੇਡ ਸੈਂਟਰਾਂ ਵਿਚ ਮਾਰੇ, ਇਕ ਸਮਰਸੈਟ ਕਾਉਂਟੀ ਵਿਚ ਤੇ ਇਕ ਖੇਤਾਂ ਵਿਚ ਡੇਗਿਆ। ਕੁੱਲ 2973 ਬੰਦੇ ਮਰੇ। ਫਲਸਤੀਨੀ ਬੱਚਿਆਂ ਨੇ ਗਾਜ਼ਾ ਪੱਟੀ ਵਿਚ ਇਸ ਘਟਨਾ 'ਤੇ ਜਸ਼ਨ ਮਨਾਏ। ਸਾਰੀ ਦੁਨੀਆਂ ਅਤਿਵਾਦ ਦੇ ਖਾਤਮੇ ਲਈ ਇਕ ਹੋ ਗਈ।

ਮਾਰਚ 2002 ਦੀ ਇਕ ਰਾਤ ਮੋਸਾਬ ਦੇ ਘਰ ਕੁਝ ਅਜਨਬੀ ਆਏ। ਦਰਵਾਜ਼ਾ ਖੜਕਾਇਆ, ਮੋਸਾਬ ਨੇ ਬੂਹਾ ਖੋਲ੍ਹਣ ਤੋਂ ਪਹਿਲਾ ਪੁੱਛਿਆ, "ਕੀ ਗੱਲ ਹੈ?" ਉਨ੍ਹਾਂ ਕਿਹਾ, "ਸ਼ੇਖ ਹਸਨ ਦਾ ਪਤਾ ਟਿਕਾਣਾ ਦੱਸੋ, ਮਿਲਣੈ।" ਮੋਸਾਬ ਨੇ ਪੁੱਛਿਆ, "ਕੀ ਕੰਮ ਹੈ?" ਉਨ੍ਹਾਂ ਕਿਹਾ, "ਅਸੀਂ ਪੰਜ ਮਨੁੱਖੀ ਬੰਬ ਹਾਂ, ਜਾਰਡਨ ਤੋਂ ਆਏ ਹਾਂ। ਜਿਥੇ ਅਸੀਂ ਰੁਕਣਾ ਸੀ, ਸਾਡਾ ਉਹ ਬੰਦਾ ਗ੍ਰਿਫਤਾਰ ਕਰ ਲਿਆ।" ਮੋਸਾਬ ਨੇ ਦਰਵਾਜ਼ਾ ਖੋਲ੍ਹ ਕੇ ਅੰਦਰ ਲੰਘਾ ਲਏ। ਉਨ੍ਹਾਂ ਦੱਸਿਆ, "ਸਾਡੀ ਕਾਰ ਵਿਚ ਬਹੁਤ ਸਾਰੇ ਬੰਬ ਅਤੇ ਹੋਰ ਵਿਸਫੋਟਕ ਸਮੱਗਰੀ ਹੈ, ਉਹ ਵੀ ਸਹੀ ਥਾਂ 'ਤੇ ਛੁਪਾਉਣੀ ਹੈ।" ਮੋਸਾਬ ਨੇ ਕਾਰ ਆਪਣੇ ਗੈਰਜ ਵਿਚ ਲੁਕਾ ਦਿੱਤੀ, ਉਨ੍ਹਾਂ ਨੂੰ ਖਾਣ-ਪੀਣ ਲਈ ਪੈਸੇ ਵੀ ਦਿੱਤੇ। ਹੋਟਲ ਵਿਚ ਠਹਿਰਨ ਚਲੇ ਗਏ। ਮੋਸਾਬ ਨੇ ਕਪਤਾਨ ਲੋਈ ਨਾਲ ਗੱਲ ਕੀਤੀ, ਉਹ ਦੰਗ ਰਹਿ ਗਿਆ। ਚੱਲਣ ਤੋਂ ਪਹਿਲਾਂ ਆਤਮਘਾਤੀ ਬੰਬ ਪਹਿਲੀ ਵਾਰ ਮਿਲੇ। ਪ੍ਰਧਾਨ ਮੰਤਰੀ ਨੇ ਪੁਲਿਸ ਨੂੰ ਆਗਿਆ ਦੇ ਦਿੱਤੀ ਕਿ ਮਾਰ ਦਿਉ। ਮੋਸਾਬ ਅੜ ਗਿਆ, "ਨਹੀਂ, ਮੈਂ ਕਤਲਾਂ ਦੇ ਖਿਲਾਫ ਆਂ, ਚਾਹੇ ਕਿਸੇ ਵਲੋਂ ਕਿਉਂ ਨਾ ਹੋਣ। ਮੈਨੂੰ ਪਤੈ ਇਹ ਖਤਰਨਾਕ ਨੇ ਪਰ ਇਨ੍ਹਾਂ ਨੂੰ ਪਤਾ ਈ ਨੀ ਇਹ ਕੀ ਕਰ ਰਹੇ ਨੇ।"

"ਕੀ ਕਿਹਾ? ਸਾਨੂੰ ਹੁਕਮ ਦੇ ਰਿਹੈਂ ਮੋਸਾਬ?" ਕਪਤਾਨ ਲੋਈ ਨੇ ਪੁੱਛਿਆ।

"ਨਹੀਂ ਹੁਕਮ ਨਹੀਂ, ਜੇ ਤੁਸੀਂ ਮੇਰੀ ਗੱਲ ਨਾ ਮੰਨੀ, ਮੈਂ ਤੁਹਾਡੇ ਨਾਲੋਂ ਰਾਬਤਾ ਤੋੜ ਲਵਾਂਗਾ। ਮੈਂ ਬਾਈਬਲ ਪੜ੍ਹ ਰਿਹਾਂ। ਅੱਲਾ ਕਤਲਾਂ ਦੀ ਆਗਿਆ ਦੇ ਦਿੰਦੈ, ਯਸੂ ਨਹੀਂ ਦਿੰਦਾ।"

ਪੁਲਿਸ ਨੂੰ ਮੰਨਣਾ ਪਿਆ, ਕਿਉਂਕਿ ਮੋਸਾਬ ਨੂੰ ਗੁਆਉਣਾ ਹਾਨੀਕਾਰਕ ਹੋਵੇਗਾ। ਮੋਸਾਬ ਨੇ ਉਨ੍ਹਾਂ ਦੇ ਕਮਰੇ ਵਿਚ ਮਾਈਕ ਟਿਕਾ ਦਿੱਤੇ ਜਿਹੜੇ ਕਿਸੇ ਨੂੰ ਨਹੀਂ ਸਨ ਦਿਸਦੇ। ਉਨ੍ਹਾਂ ਦੀ ਹਰ ਗੱਲ ਖੁਫੀਆ ਪੁਲਿਸ ਅਤੇ ਮੋਸਾਬ ਸੁਣ ਰਹੇ ਸਨ, ਰਿਕਾਰਡ ਕਰ ਰਹੇ ਸਨ। ਉਨ੍ਹਾਂ ਵਿਚੋਂ ਹਰ ਕੋਈ ਚਾਹੁੰਦਾ ਸੀ ਕਿ ਸਭ ਤੋਂ ਪਹਿਲਾਂ ਉਹ ਮਰੇ ਤਾਂ ਕਿ ਦੋਸਤਾਂ ਦੀ ਮੌਤ ਦਾ ਦੁੱਖ ਨਾ ਹੋਵੇ। ਗੱਲਾਂ ਕਰਦੇ-ਕਰਦੇ ਸੌਂ ਗਏ। ਘੁਰਾੜਿਆਂ ਦੀਆਂ ਆਵਾਜ਼ਾਂ ਆਉਣ ਲੱਗੀਆਂ। ਸਭ ਨੇ ਬੰਬ ਵਾਲੀ ਬੈਲਟ ਲੱਕ ਦੁਆਲੇ ਬੰਨ੍ਹੀ ਹੋਈ ਸੀ। ਰਤਾ ਕੁ ਬੇਧਿਆਨੀ ਹੋਈ, ਉਹ ਬੰਬ ਚਲਾਉਣ ਵਿਚ ਸਕਿੰਟ ਲਾਉਣਗੇ। ਸੜਕ ਵਾਲੇ ਪਾਸੇ ਬਾਲਕੋਨੀ ਵਿਚ ਖੁੱਲ੍ਹਦਾ ਦਰਵਾਜ਼ਾ ਉਡਾਉਣ ਵਾਸਤੇ ਬੰਬ ਰੱਖ ਦਿੱਤਾ। ਇਸ਼ਾਰਾ ਹੋਇਆ, ਬੰਬ ਚੱਲਿਆ, ਦਰਵਾਜ਼ਾ ਟੁੱਟਿਆ ਤੇ ਕਮਾਂਡੋ ਟੁੱਟ ਕੇ ਪੈ ਗਏ। ਇਕ ਮੁੰਡੇ ਨੇ ਬੰਦੂਕ ਚੁੱਕੀ ਤੇ ਉਪਰੋਂ ਹੇਠ ਛਾਲ ਮਾਰ ਦਿੱਤੀ। ਧਰਤੀ ਉਤੇ ਪੁੱਜਣ ਤੋਂ ਪਹਿਲਾਂ ਹਵਾ ਵਿਚ ਹੀ ਉਹ ਗੋਲੀਆਂ ਨਾਲ ਛਲਣੀ ਹੋ ਗਿਆ। ਹੱਥ ਪਿਛੇ ਬੰਨ੍ਹੀ ਜਦੋਂ ਪੁਲਿਸ ਉਨ੍ਹਾਂ ਚਾਰਾਂ ਨੂੰ ਲਿਜਾ ਰਹੀ ਸੀ, ਇਕ ਨੇ ਕਿਹਾ, "ਮੋਸਾਬ ਨੇ ਕਾਰਾ ਕਰਵਾਇਐ।" ਮੋਸਾਬ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਹੁਣ ਉਹ ਵੀ ਬਚ ਨਹੀਂ ਸਕੇਗਾ।

ਕਪਤਾਨ ਲੋਈ ਨੇ ਹੱਲ ਲੱਭ ਲਿਆ, ਕਿਹਾ, "ਇਨ੍ਹਾਂ ਚਾਰਾਂ ਵਿਚੋਂ ਤਿੰਨ ਨੂੰ ਜੇਲ੍ਹ ਬੰਦ ਕਰਾਂਗੇ, ਇਕ ਨੂੰ ਆਪਣੇ ਘਰ ਜਾਣ ਦੀ ਆਗਿਆ ਦਿਆਂਗੇ; ਖਬਰ ਦਿਆਂਗੇ ਕਿ ਜਿਸ ਬੰਦੇ ਨੇ ਫੜਵਾਏ, ਉਸ ਨੂੰ ਮੁਆਫ ਕਰ ਦਿੱਤਾ।" ਮੋਸਾਬ ਨੂੰ ਬਚਾਉਣਾ ਪੁਲਿਸ ਲਈ ਅਹਿਮ ਸੀ, ਜੇਲ੍ਹ ਵਿਚ ਠੀਕ ਰਹੇ ਪਰ ਉਹ ਮੰਨਦਾ ਨਹੀਂ ਸੀ, ਕਿਉਂਕਿ ਅੱਬਾ ਦੀ ਜਾਨ ਨੂੰ ਘੱਟ ਖਤਰਾ ਨਹੀਂ ਸੀ, ਉਹ ਇਕੱਲਾ ਅੱਬੂ ਦਾ ਸਹਾਰਾ ਹੈ।

ਕਪਤਾਨ ਲੋਈ ਨੇ ਕਿਹਾ, "ਦੂਜਾ ਤਰੀਕਾ ਇਹ ਹੈ ਕਿ ਸਾਬਤ ਕਰੀਏ, ਮੋਸਾਬ ਖਤਰਨਾਕ ਖਾੜਕੂ ਹੈ। ਉਸ ਦੀ ਗ੍ਰਿਫਤਾਰੀ ਦਾ ਡਰਾਮਾ ਰਿਕਾਰਡ ਕਰ ਕੇ ਟੀ.ਵੀ. 'ਤੇ ਦਿਖਾਇਆ ਜਾਵੇ। ਸਭ ਕੁਝ ਤੈਅ ਹੋ ਗਿਆ। ਮੋਸਾਬ ਮਾਂ ਕੋਲ ਜਾਏ, ਘਰੋਂ ਗ੍ਰਿਫਤਾਰੀ ਦਿਖਾਉਣੀ ਹੋਵੇਗੀ ਪਰ ਪਲੈਨ ਮੁਤਾਬਕ ਫੌਜ ਦੇ ਘਰ ਪੁੱਜਣ ਤੋਂ ਪਹਿਲਾਂ ਮੋਸਾਬ ਕਿਧਰੇ ਨਿਕਲ ਜਾਏਗਾ। ਉਸ ਦੇ ਘਰ ਦੇ ਬਾਹਰ ਹਵਾਈ ਫਾਇਰਿੰਗ ਹੋਏਗੀ, ਲਾਊਡ ਸਪੀਕਰ ਵਿਚ ਕਿਹਾ ਜਾਏਗਾ ਕਿ ਹੱਥ ਖੜ੍ਹੇ ਕਰ ਕੇ ਮੋਸਾਬ ਬਾਹਰ ਆਏ। ਇਹ ਸਾਰਾ ਡਰਾਮਾ ਦੁਨੀਆਂ ਨੇ ਦੇਖਿਆ। ਮੋਸਾਬ ਆਪਣੇ ਪਿਤਾ ਦੀ ਹਿਫਾਜ਼ਤ ਕਰੇ, ਫੌਜ ਤੋਂ ਬਚ ਕੇ ਰਹੇ, ਤੇ ਲੋੜੀਂਦੀ ਸੂਚਨਾ ਕਪਤਾਨ ਲੋਈ ਨੂੰ ਦਿੰਦਾ ਰਹੇ।

ਆਖਰ ਹਾਲਾਤ ਖਤਰਨਾਕ ਹੋ ਗਏ। ਖਾੜਕੂਆਂ ਦੀਆਂ ਕਈ ਟੋਲੀਆਂ ਸਨ ਜੋ ਇਕ ਦੂਜੀ 'ਤੇ ਇਤਬਾਰ ਨਹੀਂ ਸਨ ਕਰਦੀਆਂ। ਫੌਜ ਅਤੇ ਪੁਲਿਸ ਵਿਚ ਸ਼ਰੀਕੇਬਾਜ਼ੀ ਸੀ। ਮੋਸਾਬ ਅਤੇ ਅੱਬੂ ਦਾ ਲੁਕ ਛੁਪ ਕੇ ਰਹਿਣਾ ਘਾਤਕ ਸਾਬਤ ਹੋ

***(ਅਗਲੇ ਸਫੇ 'ਤੇ ਜਾਰੀ)***

ਸਕਦਾ ਸੀ। ਮੋਸਾਬ ਨੇ ਕਪਤਾਨ ਲੋਈ ਨਾਲ ਗੱਲ ਕੀਤੀ। ਉਹ ਵੀ ਸਹਿਮਤ ਸੀ ਕਿ ਦੋਵਾਂ ਦੀ ਹਿਫਾਜ਼ਤ ਵਾਸਤੇ ਗ੍ਰਿਫਤਾਰੀ ਕਰਨੀ ਪਵੇਗੀ। ਮੋਸਾਬ ਨੇ ਮਾਂ ਨੂੰ ਕਿਹਾ, "ਅੰਮੀ, ਅੱਬੂ ਨੂੰ ਮਿਲ ਆਉ।" ਸਿਰਨਾਵਾਂ ਦੇ ਦਿੱਤਾ। ਮਾਂ ਦੇ ਪਿਛੇ ਪੁਲਿਸ ਲੱਗ ਗਈ। ਫੌਜ ਆ ਗਈ, ਸਾਇਰਨ ਵੱਜ ਗਏ। ਐਲਾਨ ਹੋਇਆ, ਕੋਈ ਘਰੋਂ ਬਾਹਰ ਨਾ ਨਿਕਲੇ। ਕੀ ਹੋ ਰਿਹੈ, ਦੇਖਣ ਲਈ ਇਕ ਬੰਦਾ ਝਾਕਿਆ। ਫੌਜੀ ਨੇ ਕਿਹਾ, "ਅੰਦਰ ਹੋ ਜਾ, ਮਰ ਜਾਏਂਗਾ।" ਇਹ ਬੰਦਾ ਬੁਗਤੀ ਸੀ ਜਿਸ ਨੇ ਅਣਗਿਣਤ ਇਜ਼ਰਾਈਲੀ ਕਤਲ ਕਰਵਾਏ ਸਨ ਪਰ ਫੌਜੀ ਉਹਨੂੰ ਜਾਣਦੇ ਨਹੀਂ ਸਨ, ਨਾ ਹੀ ਬੁਗਤੀ ਨੂੰ ਪਤਾ ਸੀ ਸ਼ੇਖ ਹਸਨ ਉਹਦੇ ਨੇੜੇ ਰਹਿ ਰਿਹੈ। ਕੁਝ ਦਿਨਾਂ ਪਿਛੋਂ ਮੋਸਾਬ ਨੂੰ ਫੜ ਲਿਆ। ਪਿਉ ਪੁਤਰ ਤਫਤੀਸ਼ ਕੇਂਦਰ 'ਚ ਇਕੱਠੇ ਕਰ ਦਿੱਤੇ। ਨਾ ਸਖਤੀ ਕਰਨੀ ਸੀ, ਨਾ ਪੁੱਛ-ਗਿੱਛ। ਅੱਬੂ ਨੂੰ ਇਸ ਨਾਟਕ ਦਾ ਕੋਈ ਇਲਮ ਨਹੀਂ।

ਜੇਲ੍ਹ ਵਿਚ ਈਸਾਈ ਨਜ਼ਰਬੰਦ ਆਮਨਾ ਮਿਲਿਆ। ਉਸ ਦਾ ਯਹੂਦੀ ਪਿਤਾ ਯੂਨੀਵਰਸਿਟੀ ਵਿਚ ਪ੍ਰੋਫੈਸਰ ਸੀ। ਮੋਸਾਬ ਨੇ ਪੁੱਛਿਆ, "ਇਥੇ ਕਿਵੇਂ?" ਉਸ ਨੇ ਦੱਸਿਆ, "ਮੈਂ ਯਹੂਦੀ ਸਾਂ, ਮੇਰੀ ਪਤਨੀ ਈਸਾਈ ਹੈ, ਦੋ ਬੱਚੇ ਹਨ। ਨਵੀਂ ਬਾਈਬਲ ਦਾ ਅਸਰ ਵੀ ਸੀ ਤੇ ਮੇਰੀ ਪਤਨੀ ਦਾ ਵੀ, ਮੈਂ ਈਸਾਈ ਹੋ ਗਿਆ। ਮੁੰਡਿਆਂ ਲਈ ਤਿੰਨ ਸਾਲ ਤੇ ਕੁੜੀਆਂ ਲਈ ਦੋ ਸਾਲ ਫੌਜ ਦੀ ਨੌਕਰੀ ਇਜ਼ਰਾਈਲ ਵਿਚ ਲਾਜ਼ਮੀ ਹੈ। ਮੈਨੂੰ ਭਰਤੀ ਦਾ ਨੋਟਿਸ ਮਿਲਿਆ। ਫਿਰ ਦੂਜਾ ਨੋਟਿਸ, ਫਿਰ ਤੀਜਾ। ਮੈਂ ਸਿਵਲੀਅਨ ਲੋਕਾਂ ਨੂੰ ਮਾਰ ਨਹੀਂ ਸਕਦਾ। ਜੇ ਕੋਈ ਕਹੇ ਕਿ ਦੌੜੇ ਜਾਂਦੇ ਬੱਚੇ ਦੇ ਸਿਰ ਵਿਚ ਨਹੀਂ, ਲੱਤ ਵਿਚ ਗੋਲੀ ਮਾਰ, ਮੈਂ ਇਹ ਵੀ ਨਹੀਂ ਕਰ ਸਕਦਾ। ਹੁਕਮ-ਅਦੂਲੀ ਦੇ ਦੋਸ਼ ਵਿਚ ਅੰਦਰ ਕਰ ਦਿੱਤਾ।" ਮੋਸਾਬ ਲਈ ਅਜੀਬ ਸਥਿਤੀ ਸੀ, ਕੋਈ ਈਸਾਈ ਇਸ ਲਈ ਬੰਦੀ ਹੈ ਕਿਉਂਕਿ ਇਜ਼ਰਾਈਲ ਨਾਲ ਮਿਲ ਕੇ ਨਹੀਂ ਚੱਲਦਾ। ਮੋਸਾਬ ਵੀ ਬੰਦੀ ਹੈ ਬੇਸ਼ਕ ਦੋਵਾਂ ਦੇ ਕਾਰਨ ਵੱਖ-ਵੱਖ ਹਨ। ਮੋਸਾਬ ਯਹੂਦੀਆਂ ਨੂੰ ਬਚਾ ਰਿਹਾ ਸੀ, ਆਮਨਾ ਫਲਸਤੀਨੀ ਮੁਸਲਮਾਨਾਂ ਨੂੰ।

ਛੇ ਮਹੀਨਿਆਂ ਦੀ ਸਜ਼ਾ ਸੁਣਾ ਕੇ ਮੋਸਾਬ ਨੂੰ ਜੇਲ੍ਹ ਭੇਜ ਦਿੱਤਾ। ਜਿਸ ਜੇਲ੍ਹ ਵਿਚ ਭੇਜਿਆ, ਉਹ ਮਾਰੂਥਲ ਵਿਚ ਸੀ ਜਿਥੇ ਗਿੱਦੜਾਂ, ਬਘਿਆੜਾਂ ਅਤੇ ਚੀਤਿਆਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ। ਇਸ ਜੇਲ੍ਹ ਵਿਚੋਂ ਕੈਦੀਆਂ ਦੇ ਭੱਜਣ ਦੀਆਂ ਵਾਰਦਾਤਾਂ ਕਈਆਂ ਨੇ ਸੁਣਾਈਆਂ ਪਰ ਬਚ ਕੇ ਕੋਈ ਘਰ ਪੁਜਾ ਹੋਵੇ, ਨਹੀਂ ਸੁਣਿਆ। ਗਰਮੀਆਂ ਵਿਚ ਤੰਦੂਰ ਤੇ ਸਰਦੀਆਂ ਵਿਚ ਬਰਫਾਨੀ ਠੱਕਾ।

ਇਕ ਸਵੇਰ ਮੋਸਾਬ ਨੇ ਦੋ ਕੈਦੀ ਚਾਹ ਬਣਾਉਂਦੇ ਦੇਖੇ। ਉਹ ਕਿਤਾਬਾਂ ਦੇ ਬਾਲਣ ਨਾਲ ਅੱਗ ਮਚਾ ਰਹੇ ਸਨ। ਇਕ ਡੱਬੇ ਵਿਚ ਰੈਡਕਰਾਸ ਵਲੋਂ ਭੇਜੇ ਨਾਵਲਾਂ ਤੇ ਕਹਾਣੀਆਂ ਦੀਆਂ ਕਿਤਾਬਾਂ ਸਨ। ਮੋਸਾਬ ਨੂੰ ਗੁੱਸਾ ਆਇਆ ਤੇ ਡੱਬਾ ਚੁੱਕ ਲਿਆ। ਇਕ ਕੈਦੀ ਨੇ ਕਿਹਾ, "ਚਾਹ ਬਣਾਉਣੀ ਐ ਤਾਂ ਪੰਜ ਚਾਰ ਲੈ ਜਾ, ਸਾਰਾ ਡੱਬਾ ਕਿਉਂ ਧੂਹ ਰਿਹੈਂ?" ਮੋਸਾਬ ਨੇ ਕਿਹਾ, "ਤੁਹਾਡੇ ਲਈ ਬਾਲਣ ਦਾ ਪ੍ਰਬੰਧ ਕਰ ਦਿਆਂਗਾ। ਇਹ ਕੀਮਤੀ ਕਿਤਾਬਾਂ ਪੜ੍ਹਨ ਵਾਸਤੇ ਰੱਬ ਨੇ ਭੇਜੀਆਂ ਨੇ।" ਕੈਦੀਆਂ ਨੇ ਕਿਹਾ, "ਇਹ ਈਸਾਈਆਂ ਦੀਆਂ ਕਿਤਾਬਾਂ ਤੂੰ ਕਿਉਂ ਪੜ੍ਹੇਂਗਾ?" ਮੋਸਾਬ ਨੇ ਕਿਹਾ, "ਈਸਾਈਆਂ ਦੀਆਂ ਨਹੀਂ, ਇਹ 'ਨਿਊ ਯਾਰਕ ਟਾਈਮਜ਼' ਅਖਬਾਰ ਦੀਆਂ ਸਭ ਤੋਂ ਵਧੀਕ ਵਿਕਣ ਵਾਲੀਆਂ ਕਿਤਾਬਾਂ ਨੇ।"

ਕੈਦ ਭੁਗਤੀ ਤੇ ਘਰ ਆ ਗਿਆ। ਹੁਣ ਫਲਸਤੀਨੀ ਗੁਰੀਲਿਆਂ ਤੋਂ ਖਤਰਾ ਨਹੀਂ, ਹਮਾਸ ਦਾ ਲੀਡਰ ਕੈਦ ਕੱਟ ਆਇਆ ਹੈ। ਲੁਕ ਛਿਪ ਕੇ ਰਹਿਣ ਦੀ ਲੋੜ ਨਹੀਂ, ਇਜ਼ਰਾਈਲ ਦੀ ਖੁਫੀਆ ਪੁਲਿਸ ਨਾਲ ਮਿਲ ਕੇ ਚੱਲ ਰਿਹੈ। ਪਤਾ ਲੱਗਾ ਕਿ ਮਾਰਚ ਵਿਚ ਅਬਦੁਲਾ ਬੁਗਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਨੇ 66 ਬੰਦੇ ਕਤਲ ਕੀਤੇ ਤੇ 500 ਦੇ ਕਰੀਬ ਜ਼ਖਮੀ। ਇਸ ਤੋਂ ਵੀ ਵਧੀਕ ਮਾਰੇ ਸਨ ਪਰ ਪੁਲਿਸ ਕੋਲ ਬਾਕੀਆਂ ਦੇ ਸਬੂਤ ਨਹੀਂ ਸਨ। ਜੱਜ ਨੇ 67 ਉਮਰ ਕੈਦਾਂ ਦੀ ਸਜ਼ਾ ਦਿੱਤੀ। ਇਕ ਬੰਦੇ ਮਗਰ ਇਕ ਉਮਰ ਕੈਦ, ਇਕ ਉਮਰ ਕੈਦ ਜ਼ਖਮੀਆਂ ਕਾਰਨ। ਬੁਗਤੀ ਜੱਜ ਵਲ ਦੇਖ ਕੇ ਦਹਾੜਿਆ, "ਤੈਨੂੰ ਵੀ ਨਹੀਂ ਛੱਡਾਂਗਾ। ਕੈਦ ਵਿਚ ਬੰਦੀਆਂ ਨੂੰ ਬੰਬ ਬਣਾਉਣ ਦੀ ਜਾਚ ਸਿਖਾਵਾਂਗਾ।" ਸੁਣ ਕੇ ਜੱਜ ਨੇ ਹੁਕਮ ਸੁਣਾਇਆ, "ਇਸ ਨੂੰ ਇਕੱਲਿਆਂ ਸੈਲ ਵਿਚ ਬੰਦ ਰੱਖਣਾ।"

ਸਾਲ 2004 ਵਿਚ ਅਕਤੂਬਰ ਦੇ ਅਖੀਰਲੇ ਹਫਤੇ ਅਰਾਫਾਤ ਬਿਮਾਰ ਹੋ ਗਿਆ, ਸੁਣਿਆ ਕਿ ਫਲੂ ਹੋ ਗਿਐ। ਇਲਾਜ ਲਈ ਪੈਰਿਸ ਲੈ ਗਏ ਜਿਥੇ 75 ਸਾਲ ਦੀ ਉਮਰ ਭੋਗ ਕੇ ਉਹ 11 ਨਵੰਬਰ ਨੂੰ ਮਰ ਗਿਆ। ਕੁਝ ਕਹਿੰਦੇ ਸਨ ਜ਼ਹਿਰ ਦਿੱਤਾ ਗਿਆ, ਕੁਝ ਦਾ ਆਖਣਾ ਸੀ ਏਡਜ਼ ਨਾਲ ਮਰਿਐ। ਹਫਤੇ ਬਾਅਦ ਸ਼ੇਖ ਹਸਨ ਨੂੰ ਰਿਹਾ ਕਰ ਦਿੱਤਾ। ਖੁਫੀਆ ਏਜੰਸੀ ਨੇ ਸ਼ੇਖ ਨੂੰ ਕਿਹਾ, "ਯਾਸਰ ਅਰਾਫਾਤ ਨਹੀਂ ਰਿਹਾ ਸ਼ੇਖ ਹਸਨ, ਉਸ ਦੀ ਥਾਂ ਵੀ ਤੁਸੀਂ ਸੰਭਾਲੋ। ਬਹੁਤ ਖੂਨ ਵਗ ਚੁੱਕਿਐ, ਹੁਣ ਬੰਦ ਕਰੀਏ। ਤੁਸੀਂ ਭਲੇ ਮੁਸਲਮਾਨ ਹੋ, ਮੁਸਲਮਾਨਾਂ ਅਤੇ ਯਹੂਦੀਆਂ ਨੂੰ ਬਚਾਉ।"

"ਵੈਸਟ ਬੈਂਕ ਦਾ ਇਲਾਕਾ ਛੱਡ ਦਿਉ ਤੇ ਫਲਸਤੀਨ ਨੂੰ ਖੁਦਮੁਖਤਾਰ ਸਟੇਟ ਦਾ ਰੁਤਬਾ ਦਿਉ, ਠੀਕ ਹੋ ਜਾਏਗਾ।" ਸ਼ੇਖ ਨੇ ਕਿਹਾ। ਸ਼ੇਖ ਜਾਣਦਾ ਸੀ, ਇਜ਼ਰਾਈਲੀ ਜਾਣਦੇ ਸਨ ਕਿ ਹਮਾਸ ਇੰਨੇ ਕੁ ਨਾਲ ਨਹੀਂ ਮੰਨੇਗੀ।

ਰਿਹਾਈ ਵਕਤ ਮੋਸਾਬ, ਅੱਬੂ ਦੀ ਜੇਲ੍ਹ ਦੇ ਦਰਵਾਜ਼ੇ ਉਪਰ ਘਰ ਲਿਜਾਣ ਵਾਸਤੇ ਆਇਆ ਹੋਇਆ ਸੀ। ਅੱਬੂ ਨੇ ਕਿਹਾ, "ਘਰ ਜਾਣ ਤੋਂ ਪਹਿਲੋਂ ਯਾਸਰ ਅਰਾਫਾਤ ਦੀ ਕਬਰ ਉਪਰ ਜਾ ਕੇ ਫਾਤਿਹਾ ਪੜ੍ਹਾਂਗੇ।"

ਪੀ.ਐਲ.ਓ. ਦੇ ਮੈਂਬਰ ਬੇਚੈਨ ਸਨ ਕਿ ਹੁਣ ਹਮਾਸ ਤਾਕਤਵਰ ਹੋ ਜਾਏਗੀ ਪਰ ਹਮਾਸ ਦੇ ਲੀਡਰ ਕੌਣ ਹਨ? ਸ਼ੇਖ ਹਸਨ ਲੀਡਰ ਨਹੀਂ। ਵੱਡੇ-ਵੱਡੇ ਖਾੜਕੂ ਮਾਰੇ ਜਾ ਚੁਕੇ ਸਨ ਜਾਂ ਜੇਲ੍ਹਾਂ ਵਿਚ ਸਨ ਪਰ ਉਹ ਵੀ ਸਾਰੇ ਵਰਕਰ ਸਨ, ਲੀਡਰ ਕੌਣ ਹੈ? ਨਾ ਖੁਫੀਆ ਮਹਿਕਮੇ ਨੂੰ ਪਤਾ ਹਮਾਸ ਦਾ ਲੀਡਰ ਕੌਣ ਹੈ, ਨਾ ਸ਼ੇਖ ਹਸਨ ਨੂੰ।

ਇਕ ਦਿਨ ਸ਼ੇਖ ਹਸਨ ਨੇ ਬੇਟੇ ਨੂੰ ਕਿਹਾ, "ਮੋਸਾਬ ਮੇਰਾ ਜੀ ਕਰਦੈ ਮੈਂ ਆਪਣਾ ਦਫਤਰ ਬੰਦ ਕਰ ਦਿਆਂ। ਬੇਵਾ ਔਰਤਾਂ, ਯਤੀਮ ਬੱਚੇ, ਖੁਆਰ ਮਾਂਵਾਂ ਮੈਥੋਂ ਮਦਦ ਮੰਗਦੇ ਹਨ, ਮੈਂ ਕੀ ਕਰ ਸਕਦਾਂ?"

"ਪਰ ਅੱਬੂ ਮੀਡੀਆ ਤੁਹਾਨੂੰ ਕਿਥੇ ਮਿਲਿਆ ਕਰੇਗਾ ਫਿਰ?"

"ਮੈਂ ਮੀਡੀਏ ਤੋਂ ਕੀ ਲੈਣੈ?"

"ਪਰ ਤੁਸੀਂ ਹਮਾਸ ਦੇ ਲੀਡਰ ਹੋ।"

"ਮੈਂ ਹਮਾਸ ਦਾ ਲੀਡਰ ਨਹੀਂ ਹਾਂ।"

"ਪਰ ਤੁਸੀਂ ਹਮਾਸ ਦੀ ਨੀਂਹ ਰੱਖੀ ਸੀ, ਤੁਸੀਂ ਬਾਨੀ ਹੋ।"

"ਨੀਂਹ ਰੱਖੀ ਸੀ ਜ਼ਰੂਰ ਪਰ ਮੈਂ ਲੀਡਰ ਨਹੀਂ। ਮੈਨੂੰ ਪਤਾ ਹੀ ਨਹੀਂ ਇਹ ਹੋਈ ਕੀ ਜਾਂਦੈ ਚਾਰੇ ਪਾਸੇ, ਦਿਨ ਰਾਤ।"

ਜੇ ਮੋਸਾਬ ਅਤੇ ਸ਼ੇਖ ਹਸਨ ਨੂੰ ਨਹੀਂ ਪਤਾ ਹਮਾਸ ਦੀ ਲੀਡਰਸ਼ਿਪ ਕਿਥੇ ਹੈ, ਫਿਰ ਹੋਰ ਕਿਸ ਨੂੰ ਪਤਾ ਹੈ? ਸ਼ੇਖ ਹਸਨ ਦਾ ਦਿਲ ਸਵੀਕਾਰ ਕਰ ਚੁਕਾ ਸੀ ਕਿ ਇਜ਼ਰਾਈਲ ਸਟੇਟ ਕਾਇਮ ਰਹੇਗੀ ਪਰ ਫਲਸਤੀਨ ਦੀ ਹੋਂਦ ਵੀ ਰਹਿਣੀ ਚਾਹੀਦੀ ਹੈ। ਅਮਨ ਚਾਹੁੰਦਾ ਸੀ ਪਰ ਇਸ ਦੀ ਚਾਬੀ ਨਹੀਂ ਲੱਭਦੀ ਸੀ। ਯਾਸਰ ਅਰਾਫਾਤ ਦਾ ਕੋਈ ਉਤਰਾਧਿਕਾਰੀ ਨਹੀਂ ਸੀ। ਉਸ ਨੇ ਕਿਸੇ 'ਤੇ ਇਤਬਾਰ ਹੀ ਨਹੀਂ ਸੀ ਕੀਤਾ, ਸਾਰੇ ਬੈਂਕ ਖਾਤੇ ਉਸ ਦੇ ਨਿਜੀ ਸਨ।



ਪੂਰੇ 28 ਮਹੀਨਿਆਂ ਦੀ ਕੈਦ ਪਿਛੋਂ 19 ਜਨਵਰੀ 2014 ਨੂੰ ਰਿਹਾ ਹੋਇਆ ਮੋਸਾਬ ਦਾ ਅੱਬੂ ਤੇ ਹਮਾਸ ਲੀਡਰ ਸ਼ੇਖ ਹਸਨ ਯੂਸਫ।

ਪੱਛਮੀ ਦੇਸਾਂ ਨੇ ਫਲਸਤੀਨ ਵਿਚ ਚੋਣਾਂ ਕਰਵਾਉਣ ਦਾ ਸੁਝਾਅ ਰੱਖਿਆ। ਸ਼ੇਖ ਹਸਨ ਨੂੰ ਪਤਾ ਸੀ ਉਸ ਦੀ ਇੱਜ਼ਤ ਕਾਰਨ ਹਮਾਸ ਚੋਣਾਂ ਜਿੱਤੇਗੀ ਪਰ ਫਿਰ ਕਰੇਗੀ ਕੀ? ਉਸ ਦੇ ਕੰਟਰੋਲ ਵਿਚ ਕੁਝ ਵੀ ਨਹੀਂ, ਇਹ ਹੋਰ ਵੀ ਖਤਰਨਾਕ ਸਾਬਤ ਹੋ ਸਕਦੀ ਹੈ। ਸਰਕਾਰ ਬਣਾ ਕੇ ਹਮਾਸ ਇਜ਼ਰਾਈਲ ਵਿਰੁਧ ਯੁੱਧ ਦਾ ਐਲਾਨ ਕਰ ਸਕਦੀ ਹੈ। ਉਧਰ ਹਮਾਸ ਦੇ ਵੋਟਰਾਂ ਨੂੰ ਸਬਕ ਸਿਖਾਉਣ ਲਈ ਇਜ਼ਰਾਈਲ ਚੜ੍ਹਾਈ ਕਰ ਸਕਦਾ ਹੈ। ਸੋਚਦੇ ਸਨ, ਵੋਟਾਂ ਬਾਅਦ ਅਮਨ ਪਰਤੇ ਪਰ ਉਲਟ ਹੋਣ ਦੀ ਵਧੀਕ ਸੰਭਾਵਨਾ ਹੈ।

ਸ਼ੇਖ ਹਸਨ ਨੂੰ ਪੀ.ਐਲ.ਓ. ਦੇ ਬੰਦਿਆਂ ਦੇ ਭ੍ਰਿਸ਼ਟ ਹੋਣ ਦਾ ਪਤਾ ਸੀ, ਤੇ ਹਮਾਸ ਦੇ ਬੰਦੂਕਧਾਰੀ ਬੰਦੇ ਮੂਰਖ ਅਤੇ ਜ਼ਾਲਮ ਸਨ, ਇਨ੍ਹਾਂ ਦੇ ਹੱਥ ਸਰਕਾਰ ਦੇ ਦਈਏ?

ਇਕ ਦਿਨ ਕਪਤਾਨ ਲੋਈ ਨੂੰ ਮੋਸਾਬ ਨੇ ਕਿਹਾ, "ਮੇਰਾ ਜੀ ਕਰਦੈ ਮੈਂ ਈਸਾਈ ਹੋ ਜਾਵਾਂ।" ਲੋਈ ਨੇ ਕਿਹਾ, "ਤੂੰ ਜੋ ਮਰਜ਼ੀ ਹੋ ਜਾ, ਅਸੀਂ ਇਸ ਵਿਚ ਦਖਲ ਨੀ ਦੇਣਾ ਪਰ ਇਹ ਗੱਲ ਕਿਸੇ ਨੂੰ ਪਤਾ ਲੱਗ ਗਈ ਤਾਂ ਤੂੰ ਮੁਸੀਬਤ ਵਿਚ ਫਸ ਜਾਏਂਗਾ। ਨਾਲੇ ਤੇਰੇ ਅੱਬੂ ਦੀ ਬਦਨਾਮੀ ਹੋ ਜਾਏਗੀ।" ਇਨ੍ਹਾਂ ਅਫਸਰਾਂ ਨੂੰ ਇਹ ਫਿਕਰ ਸੀ ਕਿ ਫਿਰ ਇਨ੍ਹਾਂ ਨੂੰ ਕੋਈ ਸੂਚਨਾ ਨਹੀਂ ਮਿਲ ਸਕੇਗੀ ਜੇ ਮੋਸਾਬ ਹਮਾਸ ਨਾਲੋਂ ਕੱਟਿਆ ਗਿਆ।

ਅਮਰੀਕੀ ਈਸਾਈਆਂ ਦੀ ਇਕ ਟੋਲੀ ਯੋਰੋਸ਼ਲਮ ਦੇ ਗਿਰਜੇ ਵਿਚ ਪ੍ਰਾਰਥਨਾ ਕਰਨ ਆਈ। ਆਪਣੇ ਇਕ ਮਿੱਤਰ ਨਾਲ ਮੋਸਾਬ ਉਥੇ ਗਿਆ ਹੋਇਆ ਸੀ। ਇਕ ਕੁੜੀ ਨਾਲ ਦੋਸਤੀ ਹੋ ਗਈ ਤੇ ਦੱਸਿਆ ਕਿ ਉਹ ਯਸੂ ਦਾ ਮੁਰੀਦ ਹੈ।

"ਤੂੰ ਬਪਤਿਸਮਾਂ ਲੈ ਲਿਐ?"

"ਨਹੀਂ, ਅਜੇ ਨਹੀਂ।"

"ਕਿਉਂ?"

"ਤੂੰ ਬਪਤਿਸਮਾਂ ਦੇ ਸਕਦੀ ਐਂ?"

"ਹਾਂ, ਕਿਉਂ ਨਹੀਂ?"

"ਤੇ ਖਬਰ ਕਿਸੇ ਨੂੰ ਦੱਸੇਂਗੀ ਤਾਂ ਨਹੀਂ?"

"ਜੇ ਨਹੀਂ ਦੱਸਣਾ ਤਾਂ ਨਹੀਂ ਦੱਸਾਂਗੀ। ਚੱਲ ਬੀਚ 'ਤੇ ਚੱਲੀਏ।"

ਦੋਵੇਂ ਬੀਚ 'ਤੇ ਗਏ। ਸੈਨ ਡੀਆਗੋ ਤੋਂ ਆਈ ਕੁੜੀ ਨਾਲ ਤਲਅਵੀਵ ਸਾਗਰ ਕੰਢੇ ਹਮਾਸ ਦੇ ਬਾਨੀ ਸ਼ੇਖ ਯੂਸਫ ਦਾ ਜੇਠਾ ਪੁੱਤਰ ਬਪਤਿਸਮਾਂ ਲੈਣ ਆਇਐ, ਕਿਸੇ ਦੇ ਖਾਬੋ-ਖਿਆਲ ਵਿਚ ਵੀ ਨਹੀਂ। ਮੋਸਾਬ ਈਸਾਈ ਹੋ ਗਿਆ।

23 ਸਤੰਬਰ 2005 ਨੂੰ ਮੋਸਾਬ ਆਪਣੀ ਕਾਰ ਵਿਚ ਅੱਬਾ ਨੂੰ ਲਈ ਕਿਧਰੇ ਜਾ ਰਿਹਾ ਸੀ ਤਾਂ ਫੋਨ ਆਇਆ, "ਇਹ ਕੀ ਹੋ ਰਿਹੈ ਸ਼ੇਖ ਹਸਨ?" ਸ਼ੇਖ ਨੇ ਪੁੱਛਿਆ, "ਕੀ ਹੋ ਰਿਹੈ?" ਆਵਾਜ਼ ਆਈ, "ਜਿਬਾਲੀਆ ਕਸਬੇ ਦੇ ਰਫਿਊਜੀ ਕਾਰਵਾਂ ਉਪਰ ਇਜ਼ਰਾਈਲ ਨੇ ਬੰਬ ਸੁੱਟ ਦਿਤੈ। ਬਹੁਤ ਮੌਤਾਂ ਹੋਈਆਂ, ਮੈਂ ਅੱਖੀਂ ਦੇਖਿਐ। ਜਹਾਜ ਵਿਚੋਂ ਮਿਜ਼ਾਈਲਾਂ ਹੇਠਾਂ ਡਿੱਗੀਆਂ। ਇਜ਼ਰਾਈਲ ਨੇ ਅਮਨ ਸੰਧੀ ਤੋੜ ਦਿੱਤੀ।" ਸ਼ੇਖ ਹਸਨ ਨੂੰ ਟੀ.ਵੀ. ਕੈਮਰਿਆਂ ਨੇ ਘੇਰ ਲਿਆ, ਉਸ ਨੇ ਕਿਹਾ, "ਇਜ਼ਰਾਈਲ ਨੇ ਧੋਖਾ ਦਿਤੈ, ਸੰਧੀ ਤੋੜੀ ਹੈ, ਮੈਂ ਕੌਮਾਂਤਰੀ ਪੜਤਾਲ ਦੀ ਮੰਗ ਕਰਦਾ ਹਾਂ।"

ਮੋਸਾਬ ਨੇ ਇਕ ਪਾਸੇ ਜਾ ਕੇ ਲੋਈ ਨੂੰ ਫੋਨ ਕੀਤਾ। ਲੋਈ ਨੇ ਕਿਹਾ, ਤੂੰ ਟੀ.ਵੀ. ਚੈਨਲ ਦੇਖ। ਮਿਸਾਈਲ ਉਪਰੋਂ ਹੇਠਾਂ ਨਹੀਂ ਡਿਗੀ, ਹੇਠੋਂ ਉਪਰ ਵੱਲ ਜਾ ਰਹੀ ਹੈ। ਇਹ ਹਮਾਸ ਦਾ ਕਾਰਾ ਹੈ। ਮੋਸਾਬ ਨੇ ਅੱਬੂ ਨੂੰ ਵੀਡੀਓ ਦਿਖਾਈ, ਸਾਫ ਦਿਸ ਰਿਹੈ, ਕਾਫਲੇ ਦੇ ਪਿਛੇ ਪਿਛੇ ਇਕ ਵੈਨ ਜਾ ਰਹੀ ਹੈ। ਵੈਨ ਹਮਾਸ ਦੀ ਹੈ, ਵੈਨ ਵਿਚੋਂ ਮਿਸਾਈਲ ਉਪਰ ਜਾ ਰਹੀ ਹੈ। ਪੰਦਰਾਂ ਬੰਦੇ ਮਰੇ। ਇਜ਼ਰਾਈਲ ਨੂੰ ਬਦਨਾਮ ਕਰਨ ਲਈ ਕਾਰਾ ਕੀਤਾ ਗਿਆ। ਸ਼ੇਖ ਹਸਨ ਹੈਰਾਨ ਰਹਿ ਗਿਆ।

ਜੋ ਮੋਸਾਬ ਅਤੇ ਸ਼ੇਖ ਹਸਨ ਨੂੰ ਪਤਾ ਲੱਗ ਗਿਆ, ਉਹ ਖਾੜਕੂਆਂ ਨੂੰ ਪਤਾ ਨਾ ਲੱਗਾ। ਕਿਉਂਕਿ ਇਜ਼ਰਾਈਲ ਨੇ ਮਿਸਾਈਲ ਸੁੱਟੀ ਹੈ, ਗਾਜ਼ਾ ਪੱਟੀ ਵਿਚ ਚਾਲੀ ਥਾਂਵਾਂ 'ਤੇ ਹਮਾਸ ਨੇ ਬੰਬ ਧਮਾਕੇ ਕੀਤੇ। ਇਜ਼ਰਾਈਲ ਦੀ ਕੈਬਨਿਟ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਅਮਨ-ਸੰਧੀ ਵਾਪਸ ਲੈ ਲਈ।

ਲੋਈ ਦਾ ਫੋਨ ਆਇਆ, ਤੁਹਾਡੇ ਅੱਬੂ ਨੂੰ ਗ੍ਰਿਫਤਰ ਕਰਨਾ ਪਏਗਾ।

'ਕਿਉਂ?' ਮੋਸਾਬ ਨੇ ਪੁੱਛਿਆ।

'ਸ਼ੇਖ ਹਸਨ ਨੇ ਇਜ਼ਰਾਈਲ ਖਿਲਾਫ ਗਲਤ ਬਿਆਨ ਦਿੱਤਾ ਜਿਸ ਦੀ ਭੜਕਾਹਟ ਕਾਰਨ ਚਾਲੀ ਬੰਬ ਧਮਾਕੇ ਹੋਏ। ਤੁਹਾਨੂੰ ਦੋਵਾਂ ਨੂੰ ਜੇਲ੍ਹ ਜਾਣਾ ਪਏਗਾ।'



***ਕਿਤਾਬ ਦੇ ਲੇਖਕ ਮੋਸਾਬ ਹਸਨ ਯੂਸਫ ਨੂੰ ਇਜ਼ਰਾਈਲ ਨਾਲ ਜੋੜਨ ਵਾਲਾ ਇਜ਼ਰਾਈਲੀ ਸੁਰੱਖਿਆ ਏਜੰਸੀ 'ਸ਼ਿਨ ਬਿਤ' ਦਾ ਅਫਸਰ ਕਪਤਾਨ ਲੋਈ (ਖੱਬੇ) ਜਿਸ ਦਾ ਅਸਲ ਨਾਂ ਗੋਨਨ ਬਿਨ-ਯਿਤਸ਼ਕ ਹੈ।***

ਦੋਵੇਂ ਗ੍ਰਿਫਤਾਰ ਕਰ ਲਏ। ਮੋਸਾਬ ਇਸ ਗੱਲੋਂ ਖੁਸ਼ ਸੀ ਕਿ ਉਸ ਦੇ ਅੱਬੂ ਨੂੰ ਬੈਠਣ ਵਾਸਤੇ ਕੁਰਸੀ ਦੇ ਦਿੱਤੀ। ਮੋਸਾਬ ਫਰਸ਼ 'ਤੇ ਬੈਠ ਗਿਆ। ਸੈਂਕੜੇ ਗ੍ਰਿਫਤਾਰੀਆਂ ਹੋਈਆਂ। ਕ੍ਰਿਸਮਸ ਡੇ 25 ਦਸੰਬਰ 2005 ਨੂੰ ਮੋਸਾਬ ਤਿੰਨ ਮਹੀਨਿਆਂ ਦੀ ਕੈਦ ਕੱਟ ਕੇ ਰਿਹਾ ਹੋ ਗਿਆ, ਇਹ ਪ੍ਰਸੰਗ ਲਿਖੇ ਜਾਣ ਤੱਕ ਉਸ ਦਾ ਅੱਬਾ ਜੇਲ੍ਹ ਵਿਚ ਸੀ।

ਫਲਸਤੀਨ ਵਿਚ ਲੋਕ ਸਭਾ ਚੋਣਾ ਦਾ ਐਲਾਨ ਹੋ ਗਿਆ। ਅੱਬੂ ਗੈਰਹਾਜ਼ਰ ਸੀ ਤਾਂ ਮੋਸਾਬ ਕੋਲ ਫੋਨ ਖੜਕਣ ਲੱਗੇ। ਹਰੇਕ ਖਾੜਕੂ ਟਿਕਟ ਦਾ ਹੱਕਦਾਰ ਸੀ। ਮੋਸਾਬ ਆਖਦਾ, ਉਸ ਦਾ ਚੋਣਾਂ ਨਾਲ ਕੋਈ ਲੈਣ-ਦੇਣ ਨਹੀਂ, ਨਾ ਉਸ ਦਾ ਅੱਬੂ ਚੋਣ ਲੜੇਗਾ। ਏ.ਪੀ. (ਐਸੋਸਿਏਟਡ ਪ੍ਰੈਸ) ਰਾਹੀਂ ਸ਼ੇਖ ਨੇ ਐਲਾਨ ਕਰ ਦਿੱਤਾ ਕਿ ਉਸ ਦਾ ਚੋਣਾਂ ਨਾਲ ਕੋਈ ਲੈਣ-ਦੇਣ ਨਹੀਂ। ਜੇ ਸ਼ੇਖ ਹਮਾਇਤ ਨਹੀਂ ਕਰੇਗਾ ਤਾਂ ਹਮਾਸ ਚੋਣ ਕਿਵੇਂ ਜਿਤੇਗੀ? ਮੋਸਾਬ ਉਪਰ ਦਬਾਉ ਪਾਇਆ ਐਲਾਨ ਕਰ, ਕਿ ਏ.ਪੀ. ਦੀ ਖਬਰ ਗਲਤ ਹੈ। ਮੋਸਾਬ ਨੇ ਕਿਹਾ, ਕੀ ਇਸਲਾਮ ਝੂਠ ਬੋਲਣ ਦੀ ਆਗਿਆ ਦਿੰਦੈ? ਫਿਰ ਇਹ ਕਹੋ ਕਿ ਸਿਆਸਤ ਦਾ ਕੋਈ ਧਰਮ-ਧੁਰਮ ਨਹੀਂ ਹੁੰਦਾ। ਫਿਰ ਇਕ ਕਾਲ ਆਈ- ਮੋਸਾਬ ਪ੍ਰੈਸ ਕਾਨਫਰੰਸ ਸੱਦ ਕੇ ਚੋਣਾਂ ਵਿਚ ਹਮਾਸ ਦੀ ਹਮਾਇਤ ਦਾ ਐਲਾਨ ਕਰ, ਨਹੀਂ ਤੈਨੂੰ ਗੋਲੀ ਮਾਰ ਦਿਆਂਗੇ। ਮੋਸਾਬ ਨੇ ਕਿਹਾ, ਆ ਜਾਹ, ਗੋਲੀ ਖਾਣ ਲਈ ਤਿਆਰ ਹਾਂ। ਲੋਈ ਨੂੰ ਫੋਨ ਨੰਬਰ ਦੱਸ ਦਿੱਤਾ। ਘੰਟੇ ਅੰਦਰ ਧਮਕੀ ਦੇਣ ਵਾਲਾ ਗ੍ਰਿਫਤਾਰ ਕਰ ਲਿਆ।

ਮਰਜ਼ੀ ਦੇ ਖਿਲਾਫ ਚੋਣ ਪੋਸਟਰਾਂ ਉਪਰ ਸ਼ੇਖ ਹਸਨ ਦੀ ਫੋਟੋ ਛਾਪੀ ਗਈ। ਉਸ ਦੀ ਸ਼ਖਸੀਅਤ ਦਾ ਸਤਿਕਾਰ ਹੀ ਇੰਨਾ ਸੀ ਕਿ ਹਮਾਸ ਜਿੱਤ ਕੇ ਪਾਰਲੀਮੈਂਟ ਵਿਚ ਚਲੀ ਗਈ।

ਆਖਰ ਮੋਸਾਬ ਨੇ ਲੋਈ ਨੂੰ ਫੋਨ 'ਤੇ ਆਪਣਾ ਫੈਸਲਾ ਸੁਣਾ ਦਿੱਤਾ, "ਮੈਂ 27 ਸਾਲ ਦਾ ਹੋ ਗਿਆਂ। ਹੁਣ ਤੁਹਾਡੇ ਨਾਲ ਰਲ ਕੇ ਹੋਰ ਕੰਮ ਨਹੀਂ ਕਰਾਂਗਾ। ਲਗਦੈ ਉਮਰ ਦਾ ਤੀਜਾ ਹਿਸਾ ਜ਼ਾਇਆ ਕਰ ਲਿਆ। ਮੈਂ ਕੀ ਖੱਟਿਆ? ਕੀ ਅਮਨ ਸ਼ਾਂਤੀ ਹੋ ਗਈ? ਗ੍ਰਿਫਤਾਰੀਆਂ ਅਤੇ ਕਤਲਾਂ ਨਾਲ ਸ਼ਾਂਤੀ ਨਹੀਂ ਹੋ ਸਕਦੀ। ਮੈਂ ਤੁਹਾਡਾ ਆਦਰ ਕਰਦਾਂ ਪਰ ਹੁਣ ਹੋਰ ਨਹੀਂ।" ਲੋਈ ਨੇ ਕਿਹਾ, "ਮੈਂ ਆਪਣੇ ਸਟਾਫ ਨਾਲ ਸਲਾਹ ਕਰ ਕੇ ਫੋਨ ਕਰਾਂਗਾ।"

ਲੋਈ ਦਾ ਫੋਨ ਆਇਆ, "ਕਮਿਊਨੀਕੇਸ਼ਨ ਕੰਪਨੀ ਤੈਨੂੰ ਜਿਥੇ ਫਲਸਤੀਨ ਵਿਚ ਚਾਹੇਂ, ਬ੍ਰਾਂਚ ਦੇਣ ਲਈ ਤਿਆਰ ਹੈ। ਖਰਚਾ ਸਾਰਾ ਅਸੀਂ ਕਰਾਂਗੇ। ਮਨਜ਼ੂਰ?"

"ਮੈਂ ਕਿਸੇ ਬਾਹਰਲੇ ਦੇਸ ਜਾ ਕੇ ਵੱਸਾਂਗਾ।"

ਲੋਈ ਨੇ ਕਿਹਾ, "ਠੀਕ ਐ, ਇੰਗਲੈਂਡ ਭੇਜ ਦਿੰਨੇ ਆਂ। ਸਾਰਾ ਖਰਚਾ ਸਾਡਾ, ਇਕ ਸਾਲ ਉਥੇ ਰਹਿ ਕੇ ਪਰਤ ਆ।"

"ਨਹੀਂ, ਮੈਂ ਅਮਰੀਕਾ ਜਾਵਾਂਗਾ ਤੇ ਫਿਰ ਪਰਤਾਂਗਾ ਨਹੀਂ।" ਫੋਨ 'ਤੇ ਇਹ ਸੰਵਾਦ ਟਾਪ ਬਰਾਸ ਇੰਟੈਲੀਜੈਂਸ ਨੇ ਸੁਣਿਆ। ਕੁਝ ਦਿਨਾਂ ਬਾਅਦ ਲੋਈ ਦਾ ਫੋਨ ਫਿਰ ਆਇਆ, "ਠੀਕ ਐ। ਤੈਨੂੰ ਅਮਰੀਕਾ ਪੁਚਾ ਦਿੰਨੇ ਆਂ ਪਰ ਵਾਪਸ ਆ ਜਾਈਂ। ਤੈਨੂੰ ਪਤੈ ਮੋਸਾਬ, ਅਸੀਂ ਹਮਾਸ ਦੇ ਮੈਂਬਰਾਂ ਨੂੰ ਫਲਸਤੀਨ ਦਾ ਬਾਰਡਰ ਨਹੀਂ ਟੱਪਣ ਦਿੰਦੇ। ਤੂੰ ਵਕੀਲ ਕਰ, ਅਰਜ਼ੀ ਪਾ ਕਿ ਇਲਾਜ ਕਰਾਉਣ ਚੱਲਿਐਂ। ਇਉਂ ਤੇਰੇ 'ਤੇ ਕੋਈ ਸ਼ੱਕ ਨਹੀਂ ਕਰੇਗਾ।"

ਅਦਾਲਤ ਵਿਚ ਅਰਜ਼ੀ ਪਾ ਦਿੱਤੀ, ਪੁਲਿਸ ਨੇ ਇਤਰਾਜ਼ ਨਹੀਂ ਕੀਤਾ, ਆਗਿਆ ਮਿਲ ਗਈ। ਮਾਂ ਇਹ ਖਬਰ ਸੁਣ ਕੇ ਖੁਸ਼ ਵੀ ਹੋਈ ਕਿ ਉਸ ਦਾ ਬੇਟਾ ਆਖਰ ਸੁੱਖ ਦਾ ਸਾਹ ਲਏਗਾ; ਦੁਖੀ ਵੀ ਹੋਈ, ਅੱਬੂ ਜੇਲ੍ਹ ਵਿਚ ਹੈ ਤੇ ਜ਼ਿੰਮੇਵਾਰ ਬੇਟਾ ਵਿਛੜ ਰਿਹਾ ਹੈ। ਸਾਰੀ ਰਾਤ ਗੱਲਾਂ ਕਰਦੇ ਰਹੇ। ਸਵੇਰ ਹੋਈ। ਜਿਹੜੀ ਬਾਈਬਲ ਵਰ੍ਹਿਆਂ ਤੋਂ ਪੜ੍ਹ ਰਿਹਾ ਸੀ, ਆਪਣੇ ਦੋਸਤ ਜਮਾਲ ਨੂੰ ਸੌਂਪੀ, "ਇਸ ਤੋਂ ਕੀਮਤੀ ਮੇਰੇ ਕੋਲ ਕੁਝ ਨਹੀਂ। ਇਹਨੂੰ ਕੇਵਲ ਪੜ੍ਹੀ ਨਾ, ਅਮਲ ਵੀ ਕਰੀਂ।"

ਪੈਰਿਸ ਦੇ ਰਸਤੇ ਉਹ ਕੈਲੀਫੋਰਨੀਆ ਪੁੱਜ ਗਿਆ। ਇਜ਼ਰਾਈਲ ਦਾ ਇਕ ਪੱਤਰਕਾਰ ਮਿਲ ਗਿਆ ਜਿਸ ਨੂੰ ਜੁਲਾਈ 2008 ਵਿਚ ਧਰਮ ਬਦਲੀ ਦੀ ਕਹਾਣੀ ਸੁਣਾਈ। ਇਹ ਖਬਰ ਪੱਛਮ ਵਲੋਂ ਨਹੀਂ ਜਾਣੀ ਚਾਹੀਦੀ, ਇਜ਼ਰਾਈਲ ਦੇ ਅਖਬਾਰ ਵਿਚ ਛਪੇ। ਉਸ ਨੇ ਕਹਾਣੀ ਦਾ ਸਿਰਲੇਖ ਰੱਖਿਆ- ਸ਼ਰਾਰਤੀ ਬੱਚਾ। ਕੁਦਰਤੀ ਹੈ, ਮਾਪਿਆਂ, ਭੈਣਾਂ, ਭਰਾਵਾਂ ਦੇ ਦਿਲ ਉਤੇ ਗਹਿਰੀ ਸੱਟ ਵੱਜੀ। ਜਿਗਰੀ ਦੋਸਤ ਜਮਾਲ ਦੇ ਵਿਆਹ ਵਿਚ ਸ਼ਾਮਲ ਹੋਣ ਸਾਰੇ ਜਣੇ ਗਏ। ਅੰਮੀ ਦਾ ਦਿਲ ਉਪਰ ਕਾਬੂ ਨਾ ਰਿਹਾ। ਜਮਾਲ ਸਮੇਤ ਸਾਰੇ ਜ਼ਾਰ-ਜ਼ਾਰ ਰੋਏ। ਜਮਾਲ ਦੇ ਵਿਆਹ ਬਾਅਦ ਖਬਰ ਛਪਦੀ ਠੀਕ ਸੀ। ਖੁਸ਼ੀ ਮੌਕੇ ਮਾਤਮ ਛਾ ਗਿਆ। ਅੱਬੂ ਨੂੰ ਜੇਲ੍ਹ ਵਿਚ ਖਬਰ ਮਿਲੀ, ਬੱਚਿਆਂ ਵਾਂਗ ਉਚੀ-ਉਚੀ ਰੋਇਆ। ਕੈਦੀ ਇਕੱਠੇ ਹੋ ਕੇ ਕਹਿਣ ਲੱਗੇ, "ਅਸੀਂ ਸਾਰੇ ਤੁਹਾਡੇ ਹੀ ਤਾਂ ਬੇਟੇ ਹਾਂ, ਕੀ ਇਹ ਸਹੀ ਨਹੀਂ ਅੱਬੂ ਹਸਨ? ਧੀਰਜ ਰੱਖੋ।" ਗਾਰਦ ਦੇ ਸਿਪਾਹੀ ਵੀ ਰੋਏ।

ਮੋਸਾਬ ਦਾ ਚਾਚਾ ਸ਼ੇਖ ਹਸਨ ਭਰਾ ਨੂੰ ਮਿਲਣ ਆਇਆ, ਕਿਹਾ, "ਇਸ ਕਾਫਰ ਨੂੰ ਬੇਦਖਲ ਕਰ ਦਿਉ।" ਅੱਬੂ ਨੇ ਇਨਕਾਰ ਕਰ ਦਿੱਤਾ। ਉਹ ਜਾਣਦਾ ਸੀ, ਜਿਉਂ ਹੀ ਬੇਦਖਲ ਕੀਤਾ, ਹਮਾਸ ਦੇ ਖਾੜਕੂ ਮਾਰ ਦੇਣਗੇ। ਸ਼ੇਖ ਹਸਨ ਦੇ ਬੇਟੇ ਨੂੰ ਕੁਝ ਨਹੀਂ ਹੋਵੇਗਾ। ਹਰ ਹਫਤੇ ਮਾਂ ਨਾਲ ਗੱਲ ਕਰਦਾ, ਸੋਚਦਾ ਅੱਬੂ ਨਾਲ ਉਦੋਂ ਗੱਲ ਕਰਾਂਗਾ ਜਦੋਂ ਰਿਹਾ ਹੋਏ। ਮਾਂ ਨੇ ਕਿਹਾ, "ਜੇਲ੍ਹ ਵਿਚ ਮੋਬਾਈਲ ਦੀ ਆਗਿਆ ਮਿਲ ਗਈ ਹੈ, ਗੱਲ ਕਰ ਲੈ।" ਨੰਬਰ ਦੇ ਦਿੱਤਾ। ਅੱਬੂ ਨੂੰ ਫੋਨ ਮਿਲਾਇਆ, ਅੱਬੂ ਦੀ ਆਵਾਜ਼ ਪਛਾਣ ਲਈ, "ਮੈਂ ਮੋਸਾਬ ਹਾਂ ਅੱਬੂ, ਤੁਹਾਡਾ ਬੇਟਾ।" ਦੋਵੇਂ ਰੋ ਪਏ। "ਕਿਵੇਂ ਐਂ ਮੋਸਾਬ?" "ਮੈਂ ਜਿਵੇਂ ਹਾਂ ਸੋ ਹਾਂ, ਤੁਸੀਂ ਦੱਸੋ ਕਿਵੇਂ ਹੋ?" "ਜਿਥੇ ਅੱਲ੍ਹਾ ਰੱਖੇ, ਜਿਵੇਂ ਅੱਲ੍ਹਾ ਰੱਖੇ।" ਅੱਬਾ ਨੂੰ ਸਭ ਦੱਸ ਦਿੱਤਾ ਕਿ ਦਸ ਸਾਲ ਤੋਂ ਖੁਫੀਆ ਵਿੰਗ ਨਾਲ ਕੰਮ ਕਰਦਿਆਂ ਤੁਹਾਨੂੰ ਬਚਾ ਕੇ ਰੱਖਿਆ। ਅੱਜ ਵੀ ਅੱਬਾ ਜੇਲ੍ਹ ਵਿਚ ਇਸ ਕਰ ਕੇ ਹੈ ਕਿਉਂਕਿ ਉਸ ਨੂੰ ਬਚਾਉਣ ਵਾਸਤੇ ਮੋਸਾਬ ਨਹੀਂ। ਇਜ਼ਰਾਈਲ ਪੁਲਿਸ ਦੀ ਹਿੱਟ ਲਿਸਟ ਉਤੇ ਨੰਬਰ ਇਕ ਸ਼ੇਖ ਹਸਨ ਯੂਸਫ ਸੀ।

ਉਸ ਨੇ ਇਹ ਸਭ ਪੈਸੇ ਖਾਤਰ ਕੀਤਾ? ਉਹ ਕਮਿਊਨੀਕੇਸ਼ਨ ਦੀ ਕੰਪਨੀ ਰਾਹੀਂ ਅੰਨ੍ਹਾ ਪੈਸਾ ਕਮਾ ਸਕਦਾ ਸੀ! ਸ਼ੁਹਰਤ ਤੇ ਤਾਕਤ ਵਾਸਤੇ? ਹਮਾਸ ਵਿਚ ਨੰਬਰ ਇਕ ਲੀਡਰ ਮੋਸਾਬ ਹੀ ਸੀ, ਉਹਨੇ ਤਾਕਤ ਦਾ ਨਸ਼ਾ ਦੇਖ ਲਿਆ ਸੀ। ਦੋ ਘਰਾਂ ਦਾ ਮਾਲਕ ਅਮਰੀਕਾ ਵਿਚ ਕਿਰਾਏ 'ਤੇ ਰਹਿ ਰਿਹਾ ਹੈ, ਦਿਹਾੜੀਆਂ ਕਰ ਰਿਹਾ ਹੈ। ਆਪ-ਬੀਤੀ ਲਿਖਣ ਸਦਕਾ ਉਸ ਨੂੰ ਗੋਲੀ ਵੱਜ ਸਕਦੀ ਹੈ। ਫਿਦਾਈਨ, ਫਤਿਹ, ਅਲ-ਕਾਇਦਾ, ਹਮਾਸ, ਤਾਲਿਬਾਨ ਦੁਨੀਆਂ ਵਿਚ ਕਿਥੇ ਨਹੀਂ?...

---

ਮੋਸਾਬ ਦੀ ਕਿਤਾਬ ਪੜ੍ਹਨ ਪਿਛੋਂ ਮੈਨੂੰ ਲੱਗਾ, ਇਹ ਕਿਤਾਬ ਭਲੇ ਈਸਾਈ ਦਾ ਇਕਬਾਲੀਆ ਬਿਆਨ ਹੈ। ਗੁਨਾਹਗਾਰ ਈਸਾਈ ਪਾਦਰੀ ਅੱਗੇ ਇਕਬਾਲ ਕਰ ਕੇ ਪਛਤਾਵਾ ਕਰਦੇ ਹਨ; ਉਨ੍ਹਾਂ ਦੇ ਗੁਨਾਹ ਬਖਸ਼ੇ ਜਾਂਦੇ ਹਨ, ਜੇ ਸੱਚ ਬੋਲਿਆ ਹੋਵੇ। ਇਸ ਕਿਤਾਬ ਸਦਕਾ ਉਹਦੀ ਤੇ ਉਹਦੇ ਖਾਨਦਾਨ ਦੀ ਬਦਨਾਮੀ ਹੋਈ, ਤਾਂ ਕੀ; ਹੁੰਦੀ ਹੈ ਤਾਂ ਹੋਵੇ, ਉਹਨੇ ਸੰਸਾਰ ਅੱਗੇ, ਰੱਬ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ, ਪਛਤਾਵਾ ਕਰ ਦਿੱਤਾ ਹੈ, ਇਕਬਾਲੀਆ ਬਿਆਨ ਦੇ ਦਿੱਤਾ ਹੈ।

***(ਸਮਾਪਤ)***

ਕੀਨੀਆਈ ਕਹਾਣੀ

# ਸ਼ਹਾਦਤ

*ਨਗੂਗੀ ਵਾ ਥਿਓਂਗੋ ਦਾ ਜਨਮ 5 ਜਨਵਰੀ 1938 ਨੂੰ ਕੀਨੀਆ ਦੇ ਕਿਸਾਨ ਪਰਿਵਾਰ ਵਿਚ ਹੋਇਆ। ਚੜ੍ਹਦੀ ਉਮਰੇ ਉਹ 'ਮਾਊ ਮਾਊ ਵਾਰ' (ਆਜ਼ਾਦੀ ਲਈ ਲੜਾਈ ਛੇੜੀ-ਛੇੜੀ) ਵਿਚ ਸ਼ਾਮਲ ਹੋ ਗਿਆ, ਇਸ ਦੇ ਨਾਲ ਹੀ ਉਹ ਲਿਖਦਾ ਵੀ ਰਿਹਾ। ਉਹਨੇ ਨਾਟਕ, ਕਹਾਣੀ ਤੇ ਨਾਵਲ ਲਿਖੇ ਅਤੇ ਕੌਮਾਂਤਰੀ ਪੱਧਰ ਉਤੇ ਆਪਣੀ ਥਾਂ ਬਣਾਈ। ਇਨ੍ਹਾਂ ਲਿਖਤਾਂ ਤੋਂ ਇਲਾਵਾ ਉਹਨੇ ਆਪਣੀਆਂ ਯਾਦਾਂ ਦੀਆਂ ਕਿਤਾਬਾਂ ਨਾਲ ਸਮੁੱਚੇ ਅਫਰੀਕੀ ਜਗਤ ਦਾ ਦਰਦ ਦੁਨੀਆਂ ਨੂੰ ਦੱਸਿਆ। ਉਹਦੀ ਕਹਾਣੀ 'ਸ਼ਹਾਦਤ' ਵਿਚ ਵੀ ਇਸ ਦਰਦ ਦੀਆਂ ਤਤੀਰੀਆਂ ਪੈਂਦੀਆਂ ਦਿਸ ਪੈਂਦੀਆਂ ਹਨ, ਪਰ ਨਾਲ ਹੀ ਮਨੁੱਖੀ ਕਦਰਾਂ-ਕੀਮਤਾਂ ਦਾ ਦਰਿਆ ਵੀ ਵਗ ਰਿਹਾ ਹੈ। ਦਰਦ ਦੀਆਂ ਅਜਿਹੀਆਂ ਬਾਤਾਂ ਪਾਉਣ ਵਾਲਾ ਨਗੂਗੀ ਅੱਜ ਕੱਲ੍ਹ ਅਮਰੀਕਾ ਵਿਚ ਰਹਿ ਰਿਹਾ ਹੈ। 'ਸ਼ਹਾਦਤ' ਦਾ ਅਨੁਵਾਦ ਦਿੱਲੀ ਵੱਸਦੇ ਦੁਆਬੀਏ ਬਲਬੀਰ ਮਾਧੋਪੁਰੀ ਨੇ ਕੀਤਾ ਹੈ। ਬਲਬੀਰ ਬੁਨਿਆਦੀ ਰੂਪ ਵਿਚ ਸ਼ਾਇਰ ਹੈ, ਪਰ ਉਸ ਨੇ ਆਪਣੀ ਸਵੈ-ਜੀਵਨੀ 'ਛਾਂਗਿਆ ਰੁੱਖ' ਨਾਲ ਸਾਹਿਤ ਜਗਤ ਵਿਚ ਭਰਪੂਰ ਹਾਜ਼ਰੀ ਲੁਆਈ ਹੈ। ਇਸ ਸਵੈ-ਜੀਵਨੀ ਦੇ ਅੰਸ਼ 'ਪੰਜਾਬ ਟਾਈਮਜ਼' ਦੇ ਪਾਠਕ ਗਾਹੇ-ਬਗਾਹੇ ਪੜ੍ਹ ਚੁੱਕੇ ਹਨ। -ਸੰਪਾਦਕ*

ਕੁਝ ਅਣਪਛਾਤੇ ਬਦਮਾਸ਼ਾਂ ਵਲੋਂ ਮਿਸਟਰ ਤੇ ਮਿਸਜ਼ ਗੈਰਸਟੋਨ ਦੀ ਉਨ੍ਹਾਂ ਦੇ ਘਰ ਵਿਚ ਹੀ ਹੱਤਿਆ ਕੀਤੇ ਜਾਣ ਦੀ ਖ਼ਬਰ ਨੇ ਸਨਸਨੀ ਫੈਲਾ ਦਿੱਤੀ ਸੀ। ਚੁਫੇਰੇ ਇਸ ਹੱਤਿਆ ਦੀ ਚਰਚਾ ਹੋ ਰਹੀ ਸੀ। ਅਖ਼ਬਾਰਾਂ ਨੇ ਇਹ ਖ਼ਬਰ ਪਹਿਲੇ ਸਫ਼ੇ ਉਤੇ ਛਾਪੀ ਸੀ ਤੇ 'ਰੇਡੀਓ ਨਿਊਜ਼ਰੀਲ' ਵਿਚ ਵੀ ਇਸ ਦਾ ਉਚੇਚਾ ਜ਼ਿਕਰ ਸੀ। ਇਸ ਦੀ ਵਜ੍ਹਾ ਸ਼ਾਇਦ ਇਹ ਸੀ ਕਿ ਪੂਰੇ ਦੇਸ਼ ਵਿਚ ਹਿੰਸਾ ਦੀ ਜੋ ਲਹਿਰ ਚੱਲ ਪਈ ਸੀ, ਉਸ ਦੇ ਸ਼ਿਕਾਰ ਹੋਣ ਵਾਲੇ ਇਹ ਪਹਿਲੇ ਯੂਰਪੀ ਬਾਸ਼ਿੰਦੇ ਸਨ। ਇਸ ਹਿੰਸਾ ਪਿਛੇ ਰਾਜਸੀ ਕਾਰਨ ਦੱਸਿਆ ਜਾਂਦਾ ਸੀ। ਤੁਸੀਂ ਭਾਵੇਂ ਕਿਤੇ ਵੀ ਜਾਓ, ਬਾਜ਼ਾਰ ਹੋਵੇ ਜਾਂ ਭਾਰਤੀਆਂ ਦਾ ਇਲਾਕਾ, ਤੇ ਜਾਂ ਫਿਰ ਅਫ਼ਰੀਕੀਆਂ ਦੀ ਦੁਕਾਨ; ਹਰ ਥਾਂ ਕਿਸੇ ਨਾ ਕਿਸੇ ਰੂਪ ਵਿਚ ਇਸੇ ਦੀ ਚਰਚਾ ਹੋ ਰਹੀ ਸੀ। ਜਿੰਨੇ ਮੂੰਹ ਉਨੀਆਂ ਗੱਲਾਂ। ਲੋਕ ਆਪੋ-ਆਪਣੇ ਢੰਗ ਨਾਲ ਘਟਨਾ ਨੂੰ ਪੇਸ਼ ਕਰ ਰਹੇ ਸਨ।

ਇਸ ਘਟਨਾ ਬਾਰੇ ਮਿਸਜ਼ ਹਿਲ ਹੁਰਾਂ ਦੀ ਜਿੰਨੀ ਵੇਰਵੇ ਸਹਿਤ ਗੱਲਬਾਤ ਹੋ ਰਹੀ ਸੀ, ਉਨੀ ਸ਼ਾਇਦ ਹੀ ਕਿਤੇ ਹੋਈ ਹੋਵੇ। ਮਿਸਜ਼ ਹਿਲ ਦਾ ਮਕਾਨ ਸੁੰਨਸਾਨ ਪਹਾੜੀ ਉਤੇ ਸੀ। ਉਹਦਾ ਪਤੀ ਕੀਨੀਆ ਦਾ ਬੜਾ ਪੁਰਾਣਾ ਬਾਸ਼ਿੰਦਾ ਸੀ ਤੇ ਪਿਛਲੇ ਸਾਲ ਜਦੋਂ ਉਹ ਯੁਗਾਂਡਾ ਦਾ ਸਫ਼ਰ ਕਰ ਰਹੇ ਸਨ, ਮਲੇਰੀਏ ਦੀ ਲਪੇਟ ਵਿਚ ਆ ਕੇ ਗੁਜ਼ਰ ਗਏ। ਉਨ੍ਹਾਂ ਦਾ ਇਕ ਪੁੱਤ ਤੇ ਇਕ ਧੀ ਸੀ ਤੇ ਦੋਹਾਂ ਦੀ ਪੜ੍ਹਾਈ ਹੋਮ ਵਿਚ, ਯਾਨਿ ਇੰਗਲੈਂਡ ਵਿਚ ਹੋ ਰਹੀ ਸੀ। ਮਿਸਜ਼ ਹਿਲ ਇਥੇ ਕਾਫ਼ੀ ਦੇਰ ਤੋਂ ਰਹਿ ਰਹੀ ਸੀ। ਉਹਦੇ ਕੋਲ ਬਹੁਤ ਜ਼ਿਆਦਾ ਜ਼ਮੀਨ ਸੀ ਤੇ



ਨਗੂਗੀ ਵਾ ਥਿਓਂਗੋ

ਅਨੁਵਾਦ: ਬਲਬੀਰ ਮਾਧੋਪੁਰੀ
ਫੋਨ: 91-93505-48100

ਪੂਰੇ ਦੇਸ਼ ਵਿਚ ਉਨ੍ਹਾਂ ਕੋਲ ਚਾਹ ਦੇ ਬੇਸ਼ੁਮਾਰ ਬਾਗ ਸਨ। ਆਪਣੀ ਇਸ ਜਾਇਦਾਦ ਦੀ ਬਦੌਲਤ ਲੋਕਾਂ ਵਿਚ ਉਨ੍ਹਾਂ ਦੀ ਕਾਫ਼ੀ ਇੱਜ਼ਤ ਸੀ। ਇਹ ਵੱਖਰੀ ਗੱਲ ਹੈ ਕਿ ਕੁਝ ਲੋਕ ਉਸ ਜੋੜੇ ਨੂੰ ਪਸੰਦ ਨਹੀਂ ਸਨ ਕਰਦੇ।

ਇਸ ਦਾ ਕਾਰਨ ਸੀ, ਮੂਲ ਨਿਵਾਸੀਆਂ, ਯਾਨਿ ਕਾਲਿਆਂ ਪ੍ਰਤੀ ਮਿਸਜ਼ ਹਿਲ ਦਾ ਉਦਾਰਵਾਦੀ ਰਵੱਈਆ। ਹੱਤਿਆ ਵਾਲੀ ਘਟਨਾ ਤੋਂ ਦੋ ਦਿਨ ਬਾਅਦ ਜਦੋਂ ਮਿਸਜ਼ ਇਸਮਾਈਲਸ ਤੇ ਮਿਸਜ਼ ਹਾਰਡੀ ਇਸ ਬਾਰੇ ਚਰਚਾ ਕਰਨ ਲਈ ਮਿਸਜ਼ ਹਿਲ ਦੇ ਘਰ ਪਹੁੰਚੀਆਂ, ਉਨ੍ਹਾਂ ਦੇ ਚਿਹਰਿਆਂ ਉਤੇ ਦੁੱਖ ਦੇ ਨਾਲ-ਨਾਲ ਜਿੱਤ ਦੀ ਝਲਕ ਵੀ ਦਿਸ ਰਹੀ ਸੀ। ਦੁੱਖ ਇਸ ਲਈ ਕਿ ਉਨ੍ਹਾਂ ਦੀ ਨਸਲ ਦੇ ਬੰਦੇ ਦਾ ਕਤਲ ਹੋਇਆ ਸੀ, ਤੇ ਜਿੱਤ ਇਸ ਲਈ ਕਿ ਇਹ ਲਗਾਤਾਰ ਕਹਿੰਦੀਆਂ ਆ ਰਹੀਆਂ ਸਨ ਕਿ ਇਨ੍ਹਾਂ ਕਾਲਿਆਂ ਉਤੇ ਕਦੀ ਭਰੋਸਾ ਨਹੀਂ ਕਰਨਾ ਚਾਹੀਦਾ ਜੋ ਹੁਣ ਇਸ ਘਟਨਾ ਤੋਂ ਸਾਬਤ ਵੀ ਹੋ ਗਿਆ ਸੀ। ਮਿਸਜ਼ ਹਿਲ ਕਹਿੰਦੀ ਹੈ ਕਿ ਜੇ ਕਾਲਿਆਂ ਨਾਲ ਸਹੀ ਸਲੂਕ ਕੀਤਾ ਜਾਵੇ ਤਾਂ ਇਨ੍ਹਾਂ ਨੂੰ ਬੰਦੇ (ਸਭਿਆ) ਬਣਾਇਆ ਜਾ ਸਕਦਾ ਹੈ।

ਮਿਸਜ਼ ਇਸਮਾਈਲਸ ਪਤਲੀ ਅੱਧਖੜ ਉਮਰ ਦੀ ਸੀ ਤੇ ਉਹਦਾ ਤਿੱਖਾ ਨੱਕ ਤੇ ਇਕ-ਦੂਜੇ ਨਾਲ ਜੁੜੇ ਬੁੱਲ੍ਹ ਦੇਖ ਕੇ ਕਿਸੇ ਕੱਟੜ ਧਰਮ ਪ੍ਰਚਾਰਕ ਦੀ ਯਾਦ ਆ ਜਾਂਦੀ ਸੀ। ਉਂਜ ਦੇਖਿਆ ਜਾਵੇ ਤਾਂ ਉਹ ਆਪਣੇ ਵਿਚਾਰਾਂ ਵਿਚ ਸੀ ਵੀ ਕੱਟੜ। ਆਪਣੇ ਬਾਰੇ ਉਹਨੂੰ ਯਕੀਨ ਸੀ ਕਿ ਉਨ੍ਹਾਂ ਵਰਗੇ ਥੋੜ੍ਹੇ ਲੋਕਾਂ ਨੇ ਹੀ ਜੰਗਲੀ ਲੋਕਾਂ ਦੇ ਦੇਸ਼ ਵਿਚ ਸਭਿਅਤਾ ਦੇ ਨਖ਼ਲਿਸਤਾਨ ਬਣਾਏ ਹੋਏ ਹਨ। ਆਪਣੀ ਚਾਲ-ਢਾਲ, ਗੱਲ-ਬਾਤ ਤੇ ਕਾਰ-ਵਿਹਾਰ ਸਦਕਾ ਉਹ ਮੂਲ ਨਿਵਾਸੀਆਂ ਨੂੰ ਇਸ ਧਾਰਨਾ ਦਾ ਅਹਿਸਾਸ ਕਰਾਉਂਦੀ ਰਹਿੰਦੀ ਸੀ।

ਮਿਸਜ਼ ਹਾਰਡੀ ਬੋਅਰ ਨਸਲ ਦੀ ਸੀ, ਤੇ ਕਾਫ਼ੀ ਪਹਿਲਾਂ ਦੱਖਣੀ ਅਫ਼ਰੀਕਾ ਤੋਂ ਆ ਕੇ ਇਥੇ ਵਸ ਗਈ ਸੀ। ਕਿਸੇ ਵੀ ਚੀਜ਼ ਬਾਰੇ ਉਸ ਦੀ ਆਪਣੀ ਕੋਈ ਰਾਇ ਨਹੀਂ ਸੀ ਹੁੰਦੀ; ਬੇਸ਼ੱਕ, ਹਰ ਉਸ ਰਾਇ ਨਾਲ ਉਹ ਸਹਿਮਤੀ ਕਰਦੀ ਸੀ ਜੋ ਉਸ ਦੇ ਪਤੀ ਤੇ ਉਨ੍ਹਾਂ ਦੀ ਨਸਲ ਦੇ ਨਜ਼ਰੀਏ ਤੋਂ ਮੇਲ ਖਾਂਦੀ ਹੋਵੇ। ਅੱਜ ਦੀ ਹੀ ਮਿਸਾਲ ਲਵੋ, ਮਿਸਜ਼ ਇਸਮਾਈਲਸ ਦੀ ਹਰ ਗੱਲ ਨਾਲ ਉਹ ਇਤਫ਼ਾਕ ਕਰ ਰਹੀ ਸੀ। ਮਿਸਜ਼ ਹਿਲ ਉਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਉਹ ਆਪਣੀ ਰਾਇ ਉਤੇ ਪੂਰੀ ਤਰ੍ਹਾਂ ਅੜੀ ਹੋਈ ਸੀ ਕਿ ਕਾਲੇ ਲੋਕ ਬੜੇ ਵਫ਼ਾਦਾਰ ਹੁੰਦੇ ਹਨ, ਲੋੜ ਹੈ ਤਾਂ ਬੱਸ ਇਹ ਕਿ ਉਨ੍ਹਾਂ ਨਾਲ ਸਹੀ ਸਲੂਕ ਕੀਤਾ ਜਾਏ। ਉਹ ਕਹਿੰਦੀ ਹੁੰਦੀ ਸੀ-"ਬੱਸ ਹੋਰ ਉਨ੍ਹਾਂ ਨੂੰ ਕੁਝ ਨਹੀਂ ਚਾਹੀਦਾ, ਉਨ੍ਹਾਂ ਨਾਲ ਪਿਆਰ ਨਾਲ ਰਹੋ ਤਾਂ ਉਹ ਵੀ ਪਿਆਰ ਨਾਲ ਰਹਿਣਗੇ। ਹੁਣ ਮੇਰੇ ਹੀ ਮੁੰਡਿਆਂ ਨੂੰ ਦੇਖੋ, ਉਹ ਮੈਨੂੰ ਕਿੰਨਾ ਪਿਆਰ ਕਰਦੇ ਹਨ। ਮੈਂ ਉਨ੍ਹਾਂ ਨੂੰ ਕੁਝ ਵੀ ਕਹਿ ਦਿਆਂ, ਉਹ ਨਾਂਹ ਨਹੀਂ ਕਰਦੇ।" ਇਹੀ ਉਸ ਦੀ ਫਿਲਾਸਫੀ ਸੀ ਤੇ ਇਸ ਨੂੰ ਮੰਨਣ ਵਾਲੇ ਉਦਾਰ ਤੇ ਪ੍ਰਗਤੀਸ਼ੀਲ ਕਿਸਮ ਦੇ ਕੁਝ ਗੋਰੇ ਵੀ ਸਨ। ਮਿਸਜ਼ ਹਿਲ ਨੇ ਆਪਣੇ ਮੁੰਡਿਆਂ ਲਈ ਉਦਾਰਵਾਦੀ ਕਿਸਮ ਦੇ ਕੁਝ ਕੰਮ ਵੀ ਕੀਤੇ ਸਨ। ਉਸ ਨੇ ਇਨ੍ਹਾਂ ਲਈ ਨਾ ਸਿਰਫ਼ ਇੱਟਾਂ-ਗਾਰੇ (ਹਾਂ, ਇੱਟਾਂ-ਗਾਰੇ) ਦੇ ਕੁਆਰਟਰ ਬਣਾਏ ਸਨ, ਸਗੋਂ ਇਨ੍ਹਾਂ ਦੇ ਬੱਚਿਆਂ ਲਈ ਸਕੂਲ ਵੀ ਖੋਲ੍ਹਿਆ ਹੋਇਆ ਸੀ। ਇਹ ਵੱਖਰੀ ਗੱਲ ਹੈ ਕਿ ਕਿ ਸਕੂਲ ਵਿਚ ਮਾਸਟਰ ਹੀ ਨਹੀਂ ਸਨ, ਜਾਂ ਬੱਚੇ ਅੱਧਾ ਦਿਨ ਸਕੂਲ ਵਿਚ ਤੇ ਅੱਧਾ ਦਿਨ ਚਾਹ ਦੇ ਬਾਗਾਂ ਵਿਚ ਵਗਾਰ ਕਰ ਕੇ ਬਿਤਾ ਰਹੇ ਸਨ, ਪਰ ਇਥੇ ਵਸੇ ਬਾਕੀ ਗੋਰਿਆਂ ਨੇ ਤਾਂ ਇਨਾ ਵੀ ਕਰਨ ਦੀ ਹਿੰਮਤ ਨਹੀਂ ਸੀ ਕੀਤੀ।

"ਜੋ ਵੀ ਹੋਇਆ, ਬੇਹੱਦ ਭਿਆਨਕ ਹੈ। ਬੇਹੱਦ ਭਿਆਨਕ," ਮਿਸਜ਼ ਇਸਮਾਈਲਸ ਨੇ ਆਪਣਾ ਵਿਚਾਰ ਪੇਸ਼ ਕੀਤਾ। ਮਿਸਜ਼ ਹਾਰਡੀ ਨੇ ਹਾਂ ਵਿਚ ਹਾਂ ਮਿਲਾਈ। ਮਿਸਜ਼ ਹਿਲ ਖਾਮੋਸ਼ ਰਹੀ। "ਆਖ਼ਿਰ ਉਹ ਇੰਜ ਕਿਉਂ ਕਰਦੇ ਨੇ? ਅਸੀਂ ਉਨ੍ਹਾਂ ਨੂੰ ਬੰਦੇ (ਸਭਿਆ) ਬਣਾਇਆ, ਉਨ੍ਹਾਂ ਨੂੰ ਗੁਲਾਮੀ ਤੋਂ ਛੁਟਕਾਰਾ ਦਿਵਾਇਆ, ਉਨ੍ਹਾਂ ਦੇ ਕਬੀਲਿਆਂ ਵਿਚ ਨਿੱਤ ਹੁੰਦਾ ਵੱਢ-ਵਢਾਂਗਾ ਖਤਮ ਕਰਵਾਇਆ...ਸਾਡੇ ਆਉਣ ਤੋਂ ਪਹਿਲਾਂ ਉਨ੍ਹਾਂ ਦੀ ਜ਼ਿੰਦਗੀ ਨਰਕ ਸੀ, ਬਿਲਕੁਲ ਜੰਗਲੀ।" ਮਿਸਜ਼ ਇਸਮਾਈਲਸ ਇਕ-ਇਕ ਸ਼ਬਦ ਨੂੰ ਚਿੱਥ-ਚੱਬ ਕੇ ਬੋਲ ਰਹੀ ਸੀ। ਫਿਰ ਉਸ ਨੇ ਗਰਦਨ ਹਿਲਾਉਂਦਿਆਂ ਫੈਸਲਾ ਸੁਣਾਇਆ, "ਮੈਂ ਤਾਂ ਹਮੇਸ਼ਾ ਕਿਹਾ ਹੈ ਕਿ ਇਹ ਕਦੇ ਵੀ ਬੰਦੇ ਨਹੀਂ ਬਣ ਸਕਦੇ, ਕਦੀ ਵੀ ਨਹੀਂ।"

"ਸਾਨੂੰ ਥੋੜ੍ਹਾ ਸਬਰ ਤੋਂ ਕੰਮ ਲੈਣਾ ਚਾਹੀਦਾ ਹੈ।" ਮਿਸਜ਼ ਹਿਲ ਨੇ ਹੌਲੀ ਦੇਣੀ ਕਿਹਾ।

"ਸਬਰ? ਸਬਰ!...ਕਦੋਂ ਤੱਕ ਇਹ ਸਬਰ ਦਿਖਾਉਂਦੇ ਰਹਾਂਗੇ? ਗੈਰਸਟੋਨ ਜੋੜੇ ਤੋਂ ਵੱਧ ਕੌਣ ਸਹਿਣਸ਼ੀਲ ਤੇ ਸਬਰ ਦਿਖਾਉਣ ਵਾਲਾ ਹੋਵੇਗਾ? ਉਨ੍ਹਾਂ ਤੋਂ ਵੱਧ ਦਿਆਲੂ ਕੌਣ ਸੀ? ਜ਼ਰਾ ਸੋਚੋ, ਉਨ੍ਹਾਂ ਲੋਕਾਂ ਨੇ ਆਪਣੇ ਆਲੇ-ਦੁਆਲੇ ਬਹੁਤ ਸਾਰਿਆਂ ਨੂੰ ਵਸਾਇਆ ਹੋਇਆ ਸੀ, ਜ਼ਰੂਰੀ ਨਹੀਂ ਉਨ੍ਹਾਂ ਸਾਰਿਆਂ ਨੇ...।"

"ਨਹੀਂ, ਉਨ੍ਹਾਂ ਨੇ ਇਹ ਕਾਰਾ ਨਹੀਂ ਕੀਤਾ ਹੋਵੇਗਾ।" ਮਿਸਜ਼ ਹਿਲ ਨੇ ਆਖਿਆ।

"ਫਿਰ ਕਿਸ ਨੇ ਕੀਤਾ? ਕਿਸ ਨੇ ਕੀਤਾ?"

"ਉਨ੍ਹਾਂ ਸਾਰਿਆਂ ਨੂੰ ਫਾਂਸੀ ਦੇ ਦੇਣੀ ਚਾਹੀਦੀ ਹੈ।" ਮਿਸਜ਼ ਹਾਰਡੀ ਨੇ ਸੁਝਾਅ ਦਿੱਤਾ। ਉਸ ਦੀ ਆਵਾਜ਼ ਵਿਚ ਸਖ਼ਤੀ ਸੀ।

"ਤੇ ਜ਼ਰਾ ਸੋਚੋ...ਉਨ੍ਹਾਂ ਵਿਚਾਰਿਆਂ ਨੂੰ ਘਰ ਦੇ ਨੌਕਰ ਨੇ ਆਵਾਜ਼ ਦੇ ਕੇ ਜਗਾਇਆ ਸੀ।"

"ਸੱਚ?"

"ਬਿਲਕੁਲ। ਘਰ ਦੇ ਨੌਕਰ ਨੇ ਦਰਵਾਜ਼ਾ ਖੜਕਾਇਆ ਤੇ ਕਿਹਾ ਕਿ ਉਹ ਛੇਤੀ ਨਾਲ ਦਰਵਾਜ਼ਾ ਖੋਲ੍ਹਣ। ਕਿਹਾ ਕਿ ਕੁਝ ਲੋਕ ਉਸ ਦਾ ਪਿੱਛਾ ਕਰ ਰਹੇ ਹਨ..।"

"ਹੋ ਸਕਦਾ ਹੈ ਕਿ ਕੁਝ ਲੋਕ...।"

"ਨਹੀਂ ਜੀ, ਇਹ ਤਾਂ ਬੱਸ ਸਾਜ਼ਿਸ਼ ਸੀ। ਬਹੁਤ ਵੱਡੀ ਚਾਲ ਸੀ। ਜਿਉਂ ਹੀ ਦਰਵਾਜ਼ਾ ਖੁੱਲ੍ਹਿਆ, ਬਦਮਾਸ਼ਾਂ ਦੇ ਗਰੋਹ ਨੇ ਅੰਦਰ ਵੜ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਸਾਰਾ ਕੁਝ ਤਾਂ ਛਪਿਆ ਹੈ ਅਖ਼ਬਾਰਾਂ ਵਿਚ।"

ਮਿਸਜ਼ ਹਿਲ ਖਾਮੋਸ਼ ਤੇ ਖਾਲੀ ਜਿਹੀਆਂ ਨਜ਼ਰਾਂ ਨਾਲ ਖਲਾਅ ਵਿਚ ਤੱਕਦੀ ਰਹੀ। ਉਸ ਨੇ ਅਖ਼ਬਾਰ ਵੀ ਚੰਗੀ ਤਰ੍ਹਾਂ ਨਹੀਂ ਸੀ ਪੜ੍ਹੀ।

ਚਾਹ ਦਾ ਵਕਤ ਹੋ ਗਿਆ ਸੀ। ਮਿਸਜ਼ ਹਿਲ ਉਠੀ ਤੇ ਬੂਹੇ ਤੱਕ ਜਾ ਕੇ ਬੜੀ ਮਿੱਠੀ ਜਿਹੀ ਆਵਾਜ਼ ਵਿਚ ਕਿਹਾ, "ਨਜੋਰੋਗ! ਨਜੋਰੋਗ!"

ਨਜੋਰੋਗ ਉਨ੍ਹਾਂ ਦਾ ਨੌਕਰ ਸੀ। ਲੰਮੇ-ਚੌੜੇ ਕੱਦ-ਕਾਠ ਵਾਲਾ ਜਵਾਨ। ਪਿਛਲੇ ਦਸਾਂ ਸਾਲਾਂ ਤੋਂ ਵੀ ਵਧ ਸਮੇਂ ਤੋਂ ਉਹ ਹਿਲ ਜੋੜੇ ਕੋਲ ਨੌਕਰੀ ਕਰ ਰਿਹਾ ਸੀ। ਉਹ ਅਕਸਰ ਹਰੇ ਰੰਗ ਦੀ ਪੈਂਟ ਪਹਿਨਦਾ ਹੁੰਦਾ ਸੀ ਤੇ ਲਾਲ ਰੰਗ ਦਾ ਕਮਰਕੱਸਾ ਵੀ ਬੰਨ੍ਹਦਾ ਹੁੰਦਾ ਸੀ। ਆਵਾਜ਼ ਸੁਣ ਕੇ ਉਹ ਦੌੜਿਆ-ਦੌੜਿਆ ਬੂਹੇ ਤੱਕ ਆਇਆ, "ਯੈਸ ਮੇਮ ਸਾਹਿਬ।"

"ਚਾਹ।" ਮੇਮ ਸਾਹਿਬ ਨੇ ਹੁਕਮ ਦਿੱਤਾ।

"ਯੈਸ ਮੇਮ ਸਾਹਿਬ," ਤੇ ਉਹ ਫੁਰਤੀ ਨਾਲ ਦੂਜੀਆਂ ਮੇਮਾਂ ਉਤੇ ਨਿਗ੍ਹਾ ਮਾਰਦਾ ਚਾਹ ਲਿਆਉਣ ਚਲਾ ਗਿਆ। ਨਜੋਰੋਗ ਦੇ ਆਉਣ ਨਾਲ ਗੱਲਬਾਤ ਦੀ ਜੋ ਲੜੀ ਟੁੱਟ ਗਈ ਸੀ, ਫਿਰ ਸ਼ੁਰੂ ਹੋ ਗਈ ਸੀ।



"ਦੇਖਣ ਨੂੰ ਕਿੰਨੇ ਭੋਲੇ-ਭਾਲੇ ਲਗਦੇ ਨੇ," ਮਿਸਜ਼ ਹਾਰਡੀ ਨੇ ਟਿੱਪਣੀ ਕੀਤੀ।

"ਬਿਲਕੁਲ ਠੀਕ! ਐਨ ਮਾਸੂਮ ਫੁੱਲ ਵਾਂਗ ਜਿਨ੍ਹਾਂ ਦੇ ਅੰਦਰ ਸੱਪ ਲੁਕਿਆ ਹੁੰਦਾ ਹੈ।" ਮਿਸਜ਼ ਇਸਮਾਈਲਸ ਨੇ ਸ਼ੈਕਸਪੀਅਰ ਦੀ ਸਤਰ ਦੁਹਰਾਉਂਦਿਆਂ ਆਪਣਾ ਸਾਹਿਤ-ਗਿਆਨ ਪੇਸ਼ ਕੀਤਾ।

"ਪਿਛਲੇ ਦਸਾਂ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਇਹ ਸਾਡੇ ਨਾਲ ਹੈ। ਬਹੁਤ ਵਫਾਦਾਰ ਹੈ। ਮੈਨੂੰ ਬਹੁਤ ਪਸੰਦ ਕਰਦਾ ਹੈ।" ਮਿਸਜ਼ ਹਿਲ ਨੇ ਉਸ ਦੀ ਤਰਫ਼ਦਾਰੀ ਕੀਤੀ।

"ਜੋ ਵੀ ਹੋਵੇ, ਮੈਂ ਉਹਨੂੰ ਪਸੰਦ ਨਹੀਂ ਕਰਦੀ। ਮੈਨੂੰ ਉਹਦੀ ਸ਼ਕਲ ਨਾਲ ਵੀ ਨਫ਼ਰਤ ਹੈ।"

"ਮੈਂ ਵੀ ਪਸੰਦ ਨਹੀਂ ਕਰਦੀ।"

ਚਾਹ ਆ ਗਈ ਸੀ। ਚਾਹ ਦੇ ਘੁੱਟ ਭਰਦਿਆਂ ਇਸ ਹੱਤਿਆ ਕਾਂਡ ਬਾਰੇ ਸਰਕਾਰ ਦੀ ਨੀਤੀ ਉਤੇ ਤੇ ਉਨ੍ਹਾਂ ਰਾਜਨੀਤਕ ਢੰਗਿਆਂ ਬਾਰੇ ਗੱਲਬਾਤ ਹੁੰਦੀ ਰਹੀ ਜੋ ਇਸ ਖ਼ੂਬਸੂਰਤ ਦੇਸ਼ ਨੂੰ ਨਰਕ ਬਣਾਉਣ 'ਤੇ ਤੁਲੇ ਹੋਏ ਸਨ; ਪਰ ਮਿਸਜ਼ ਹਿਲ ਆਪਣੇ ਅਸੂਲਾਂ ਉਤੇ ਪਹਿਰਾ ਦਿੰਦੀ ਰਹੀ ਤੇ ਉਨ੍ਹਾਂ ਨੂੰ ਦੱਸਿਆ ਕਿ ਇਹ ਰਾਜਸੀ ਬੰਦੇ ਜੋ ਬ੍ਰਿਟੇਨ ਵਿਚ ਕੁਝ ਦਿਨ ਰਹਿ ਕੇ ਆਪਣੇ ਆਪ ਨੂੰ ਬਹੁਤ ਪੜ੍ਹੇ-ਲਿਖੇ ਸਮਝਣ ਲੱਗ ਪਏ ਹਨ, ਦਰਅਸਲ ਇਥੋਂ ਦੇ ਮੂਲ ਨਿਵਾਸੀਆਂ ਦੀਆਂ ਭਾਵਨਾਵਾਂ ਨੂੰ ਉਕਾ ਨਹੀਂ ਸਮਝਦੇ। ਤੁਸੀਂ ਉਨ੍ਹਾਂ ਨੂੰ ਪਿਆਰ ਦੇਵੋ ਤੇ ਇਹ ਮੁੰਡੇ ਤੁਹਾਨੂੰ ਪਿਆਰ ਦੇਣ ਲੱਗ ਪੈਣਗੇ।

ਬਾਵਜੂਦ ਇਸ ਦੇ, ਮਿਸਜ਼ ਇਸਮਾਈਲਸ ਤੇ ਮਿਸਜ਼ ਹਾਰਡੀ ਦੇ ਜਾਣ ਤੋਂ ਬਾਅਦ ਉਹ ਕਾਫ਼ੀ ਦੇਰ ਤੱਕ ਸਾਰੀ ਗੱਲਬਾਤ ਅਤੇ ਹੱਤਿਆ ਕਾਂਡ ਬਾਰੇ ਸੋਚਦੀ ਰਹੀ। ਉਹਨੂੰ ਬੇਚੈਨੀ ਮਹਿਸੂਸ ਹੋਣ ਲੱਗ ਪਈ ਤੇ ਪਹਿਲੀ ਵਾਰ ਉਸ ਨੇ ਗੌਰ ਕੀਤਾ ਕਿ ਉਹ ਆਬਾਦੀ ਤੋਂ ਕਿੰਨੀ ਦੂਰ ਰਹਿ ਰਹੀ ਹੈ; ਇੰਨੀ ਦੂਰ ਕਿ ਕੋਈ ਹਮਲਾ ਕਰੇ ਤਾਂ ਉਹ ਕਿਸੇ ਦੀ ਮਦਦ ਨਹੀਂ ਲੈ ਸਕਦੀ। ਇਹ ਸੋਚ ਕੇ ਮਨ ਨੂੰ ਤਸੱਲੀ ਹੋਈ ਕਿ ਉਹਦੇ ਕੋਲ ਪਿਸਤੌਲ ਹੈ।

ਰਾਤ ਦੇ ਖਾਣੇ ਤੋਂ ਬਾਅਦ ਨਜੋਰੋਗ ਦੀ ਡਿਊਟੀ ਖਤਮ ਹੋ ਗਈ। ਹੁਣ ਉਹ ਆਪਣੇ ਕੁਆਰਟਰ ਵਿਚ ਜਾ ਕੇ ਆਰਾਮ ਕਰੇਗਾ। ਰੌਸ਼ਨੀ ਵਿਚ ਚਮਕਾਂ ਮਾਰਦੇ ਮਕਾਨ ਤੋਂ ਨਿਕਲ ਕੇ ਹਨ੍ਹੇਰੇ ਦੀ ਚਾਦਰ ਚੀਰਦਿਆਂ ਉਹ ਆਪਣੇ ਕੁਆਰਟਰ ਵੱਲ ਤੁਰ ਪਿਆ। ਉਹਦਾ ਕੁਆਰਟਰ ਪਹਾੜੀ ਤੋਂ ਥੋੜ੍ਹਾ ਹੇਠਾਂ ਵਾਲੀ ਢਲਾਣ ਉਤੇ ਸੀ। ਉਹਨੇ ਮੂੰਹ ਨਾਲ ਸੀਟੀ ਵਜਾ ਕੇ ਰਾਤ ਦੀ ਖਾਮੋਸ਼ੀ ਅਤੇ ਇਕੱਲਤਾ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬੀ ਨਾ ਮਿਲੀ। ਅਚਾਨਕ ਉਹਨੂੰ ਉੱਲੂ ਦੀ ਚੀਕ ਸੁਣੀ।

ਉਹ ਰੁਕ ਗਿਆ ਤੇ ਆਲੇ-ਦੁਆਲੇ ਦੇਖਣ ਲੱਗ ਪਿਆ। ਹੇਠਾਂ ਘੁੱਪ ਹਨ੍ਹੇਰਾ ਸੀ। ਪਿਛੇ ਮੇਮ ਸਾਹਿਬ ਦਾ ਸ਼ਾਨਦਾਰ ਬੰਗਲਾ ਰੌਸ਼ਨੀ ਵਿਚ ਡੁੱਬਿਆ ਦਿਖਾਈ ਦੇ ਰਿਹਾ ਸੀ। ਅਜੀਬ ਕਿਸਮ ਦੇ ਗੁੱਸੇ ਨਾਲ ਦਹਿਕਦੀਆਂ ਉਸ ਦੀਆਂ ਅੱਖਾਂ ਬੰਗਲੇ ਉਤੇ ਟਿਕੀਆਂ ਹੋਈਆਂ ਸਨ। ਅਚਾਨਕ ਉਹਨੂੰ ਲੱਗਿਆ ਜਿਵੇਂ ਉਹ ਬੁੱਢਾ ਹੋ ਗਿਆ ਹੋਵੇ।

'ਓਹ, ਤੂੰ...ਤੂੰ...ਮੈਂ ਇੰਨੇ ਚਿਰਾਂ ਤੋਂ ਤੇਰੇ ਨਾਲ ਹਾਂ, ਤੇ ਤੂੰ ਮੇਰੀ ਇਹ ਹਾਲਤ ਕਰ ਦਿੱਤੀ। ਮੇਰੇ ਆਪਣੇ ਹੀ ਦੇਸ਼ ਵਿਚ। ਬਦਲੇ ਵਿਚ ਮੈਨੂੰ ਤੈਥੋਂ ਕੀ ਮਿਲਿਆ?' ਨਜੋਰੋਗ ਦੀ ਇੱਛਾ ਹੋਈ ਕਿ ਉਹ ਜ਼ੋਰ-ਜ਼ੋਰ ਨਾਲ ਇਸ ਬੰਗਲੇ ਤੋਂ ਇਹ ਸਭ, ਤੇ ਪਤਾ ਨਹੀਂ ਹੋਰ ਕੀ-ਕੀ ਪੁੱਛੇ ਜੋ ਸਾਲਾਂ ਤੋਂ ਉਸ ਨੇ ਆਪਣੇ ਦਿਲ ਵਿਚ ਜਮ੍ਹਾਂ ਕੀਤਾ ਹੋਇਆ ਹੈ, ਪਰ ਇਸ ਬੰਗਲੇ ਤੋਂ ਕੋਈ ਜਵਾਬ ਤਾਂ ਮਿਲੇਗਾ ਨਹੀਂ! ਉਸ ਨੇ ਆਪਣੀ ਬੇਵਕੂਫ਼ੀ ਮਹਿਸੂਸ ਕੀਤੀ ਤੇ ਅੱਗੇ ਵਧ ਗਿਆ।

ਉੱਲੂ ਦੀ ਚੀਕ ਫਿਰ ਸੁਣਾਈ ਦਿੱਤੀ, ਦੂਜੀ ਵਾਰ।

'ਮੇਮ ਸਾਹਿਬ ਲਈ ਚਿਤਾਵਨੀ'। ਨਜੋਰੋਗ ਨੇ ਸੋਚਿਆ। ਇਕ ਵਾਰ ਫਿਰ ਉਸ ਦੀ ਰੂਹ ਗੁੱਸੇ ਨਾਲ ਚੀਕ ਉਠੀ, ਸਾਰੇ ਗੋਰੀ ਚਮੜੀ ਵਾਲਿਆਂ ਵਿਰੁਧ, ਸਾਰੇ ਵਿਦੇਸ਼ੀਆਂ ਖਿਲਾਫ਼ ਜਿਨ੍ਹਾਂ ਨੇ ਈਸ਼ਵਰ ਤੋਂ ਪ੍ਰਾਪਤ ਭੂਮੀ ਤੋਂ ਉਸ ਵਰਗੇ ਧਰਤ ਪੁੱਤਰਾਂ ਨੂੰ ਬੇਦਖ਼ਲ ਕਰ ਦਿੱਤਾ ਹੈ। ਆਖਰ ਰੱਬ ਨੇ ਗੇਕੋਯੋ ਤੋਂ ਇਹੋ ਤਾਂ ਵਚਨ ਲਿਆ ਸੀ ਕਿ ਸਾਰੀ ਜ਼ਮੀਨ ਕਬੀਲੇ ਦੇ ਪਿਤਾਮਾ ਨੂੰ ਮਿਲੇਗੀ। ਫਿਰ ਹੋਇਆ ਕੀ? ਕਿਉਂ ਸਾਡੀ ਜ਼ਮੀਨ ਖੋਹ ਲਈ ਗਈ?

ਉਹਨੇ ਆਪਣੇ ਪਿਤਾ ਨੂੰ ਯਾਦ ਕੀਤਾ, ਅਕਸਰ ਗੁੱਸੇ ਤੇ ਨਫ਼ਰਤ ਦੇ ਪਲਾਂ ਵਿਚ ਉਹ ਪਿਤਾ ਨੂੰ ਯਾਦ ਕਰਦਾ ਹੈ। ਉਨ੍ਹਾਂ ਦੀ ਮੌਤ ਇਕ ਸੰਘਰਸ਼ ਦੇ ਦੌਰਾਨ ਹੋਈ ਸੀ। ਇਹ ਸੰਘਰਸ਼ ਸੀ ਟੁੱਟੇ-ਭੱਜੇ ਸਥਾਨਾਂ ਨੂੰ ਫਿਰ ਬਣਾਉਣ ਦਾ। ਇਹ ਸੀ ਚਰਚਿਤ ਨੈਰੋਬੀ ਹੱਤਿਆ ਕਾਂਡ ਜਦੋਂ ਪੁਲਿਸ ਨੇ ਉਨ੍ਹਾਂ ਲੋਕਾਂ 'ਤੇ ਗੋਲੀ ਚਲਾਈ ਸੀ ਜੋ ਆਪਣੇ ਹੱਕਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਨ। ਪੁਲਿਸ ਦੀ ਗੋਲੀ ਨੇ ਪਿਤਾ ਦੀ ਜਾਨ ਲੈ ਲਈ। ਉਦੋਂ ਤੋਂ ਨਜੋਰੋਗ ਨੂੰ ਆਪਣੀ ਰੋਟੀ ਰੋਜ਼ੀ ਲਈ ਪਤਾ ਨਹੀਂ ਕਿੰਨਾ ਭਟਕਣਾ ਪਿਆ। ਕਦੀ ਗੋਰਿਆਂ ਦੇ ਫਾਰਮ ਉਤੇ, ਕਦੀ ਕਿਤੇ ਨੌਕਰੀ ਤੇ ਕਦੀ ਕਿਤੇ। ਇਸ ਸਿਲਸਿਲੇ ਵਿਚ ਵੱਖ-ਵੱਖ ਲੋਕਾਂ ਨਾਲ ਵਾਸਤਾ ਪਿਆ। ਕੋਈ ਬਹੁਤ ਦੁਸ਼ਟ ਸੀ ਤੇ ਕੋਈ ਬੇਹੱਦ ਸ਼ਰੀਫ਼, ਪਰ ਰੋਹਬ ਮਾਰਨ ਲਈ ਸਾਰੇ ਬਹੁਤ ਤੇਜ਼ ਸਨ। ਜਿਨ੍ਹਾਂ ਨੂੰ ਜਿੰਨਾ ਵਾਜਬ ਮਹਿਸੂਸ ਹੁੰਦਾ, ਤਨਖਾਹ ਦੇ ਦਿੰਦੇ ਸਨ। ਫਿਰ ਇਕ ਦਿਨ ਹਿਲਜ਼ ਪਰਿਵਾਰ ਕੋਲ ਨੌਕਰੀ ਕਰਨ ਲੱਗਾ। ਇਥੇ ਆਉਣ ਦਾ ਵੀ ਅਜੀਬ ਸਬੱਬ ਸੀ। ਹਿਲਜ਼ ਪਰਿਵਾਰ ਕੋਲ ਜੋ ਜ਼ਮੀਨ ਸੀ, ਉਸ ਦਾ ਬਹੁਤ ਵੱਡਾ ਹਿੱਸਾ ਉਥੇ ਸੀ ਜਿਸ ਨੂੰ ਦਿਖਾ ਕੇ ਉਸ ਦੇ ਪਿਤਾ ਦੱਸਦੇ ਹੁੰਦੇ ਸਨ ਕਿ ਇਹ ਜ਼ਮੀਨ ਉਸ ਦੇ ਪਰਿਵਾਰ ਦੀ ਹੀ ਹੈ। ਫਿਰ ਕਾਲ ਪੈ ਗਿਆ ਸੀ ਤੇ ਨਜੋਰੋਗ ਨੂੰ ਆਪਣੇ ਘਰ ਵਾਲਿਆਂ ਨਾਲ ਕੁਝ ਦਿਨਾਂ ਲਈ ਮੁਰਾਂਗਾ ਜਾ ਕੇ ਰਹਿਣਾ ਪਿਆ ਸੀ। ਕਾਲ ਖਤਮ ਹੋਣ 'ਤੇ ਹੀ ਉਹ ਪਰਤੇ ਸਨ, ਤੇ ਇਸ ਦੌਰਾਨ ਉਸ ਦੀ ਸਾਰੀ ਜ਼ਮੀਨ ਉਤੇ ਹਿਲਜ਼ ਪਰਿਵਾਰ ਦਾ ਕਬਜ਼ਾ ਹੋ ਚੁੱਕਾ ਸੀ।

"ਉਸ ਅੰਜੀਰ ਦੇ ਰੁੱਖ ਨੂੰ ਦੇਖ ਰਹੇ ਹੋ ਨਾ...ਉਹ ਸਾਰੀ ਜ਼ਮੀਨ ਤੁਹਾਡੀ ਹੈ। ਘਬਰਾਉਣਾ ਨਹੀਂ ਪੁੱਤ, ਗੋਰਿਆਂ ਦੇ ਜਾਣ ਤੋਂ ਬਾਅਦ ਇਹ ਆਪਣੀ ਜ਼ਮੀਨ ਲੈ ਲਵਾਂਗੇ।" ਉਹਦੇ ਪਿਤਾ ਅਕਸਰ ਤਸੱਲੀ ਦਿੰਦੇ।

ਉਨ੍ਹੀਂ ਦਿਨੀਂ ਉਹ ਛੋਟਾ ਸੀ। ਪਿਤਾ ਦੀ ਮੌਤ ਤੋਂ ਬਾਅਦ ਇਹ ਗੱਲਾਂ ਦਿਮਾਗ ਵਿਚੋਂ ਵਿਸਰ ਗਈਆਂ ਸਨ। ਅੱਜ ਇਸ ਰੁੱਖ ਕੋਲ ਖੜ੍ਹੇ ਹੋਣ 'ਤੇ ਸਹਿਵਨ ਹੀ ਸਭ ਕੁਝ ਯਾਦ ਆ ਗਿਆ।

ਨਜੋਰੋਗ ਨੇ ਮਿਸਜ਼ ਹਿਲ ਨੂੰ ਕਦੇ ਪਸੰਦ ਨਾ ਕੀਤਾ। ਦਰਅਸਲ, ਉਹ ਮਨ ਹੀ ਮਨ ਇਹ ਸੋਚ ਕੇ ਖ਼ੁਸ਼ ਹੁੰਦੀ ਰਹਿੰਦੀ ਸੀ ਕਿ ਉਸ ਨੇ ਮਜ਼ਦੂਰਾਂ ਲਈ ਬਹੁਤ ਕੁਝ ਕੀਤਾ ਹੈ ਅਤੇ ਇਸ ਗੱਲ ਤੋਂ ਨਜੋਰੋਗ ਖਿਝਦਾ ਰਹਿੰਦਾ ਸੀ, ਪਰ ਉਸ ਨੂੰ ਹਮੇਸ਼ਾ ਆਪਣੇ ਹਾਲਾਤ ਦਾ ਅਹਿਸਾਸ ਰਹਿੰਦਾ। ਮਿਸਜ਼ ਹਿਲ ਦੀ ਉਦਾਰਤਾ ਤਾਂ ਸੱਚਮੁਚ ਦਮ-ਘੋਟੂ ਕਿਸਮ ਦੀ ਸੀ। ਨਜੋਰੋਗ ਨੂੰ ਸਾਰੇ ਗੋਰੇ ਬਾਸ਼ਿੰਦਿਆਂ ਨਾਲ ਨਫ਼ਰਤ ਸੀ। ਇਨ੍ਹਾਂ ਦੇ ਦੰਭ-ਪਾਖੰਡ ਤੇ ਸਵੈ-ਸੰਤੋਖ ਨਾਲ ਤਾਂ ਉਸ ਨੂੰ ਹੋਰ ਵੀ ਚਿੜ ਸੀ। ਮਿਸਜ਼ ਹਿਲ ਵੀ ਹੋਰਾਂ ਵਾਂਗ ਹੀ ਸੀ ਪਰ ਆਪਣੀ ਮਾਂ-ਮਮਤਾ ਕਾਰਨ ਉਹ ਖ਼ੁਦ ਨੂੰ ਦੂਜਿਆਂ ਨਾਲੋਂ ਚੰਗਾ ਸਮਝਦੀ ਸੀ। ਅਸਲ ਵਿਚ, ਉਹ ਦੂਜਿਆਂ ਨਾਲੋਂ ਬਦਤਰ ਸੀ ਕਿਉਂਕਿ

(ਬਾਕੀ ਅਗਲੇ ਸਫੇ 'ਤੇ)

ਉਸ ਦੇ ਕੋਲ ਹੋਣ 'ਤੇ ਤੁਸੀਂ ਸਮਝ ਹੀ ਨਹੀਂ ਸਕਦੇ ਸੀ ਕਿ ਆਪਣੀ ਅਸਲੀ ਹੈਸੀਅਤ ਹੈ ਕੀ!

ਅਚਾਨਕ ਨਜ਼ੋਰੋਗ ਉਚੀ ਦੇਣੀ ਬੋਲਿਆ, "ਮੈਂ ਤੁਹਾਨੂੰ ਸਾਰਿਆਂ ਨੂੰ ਨਫ਼ਰਤ ਕਰਦਾ ਹਾਂ।" ਫਿਰ ਉਹਨੂੰ ਹਲਕੀ ਜਿਹੀ ਤਸੱਲੀ ਹੋਈ। ਅੱਜ ਦੀ ਰਾਤ ਮਿਸਜ਼ ਹਿਲ ਨੂੰ ਮਾਰਨਾ ਹੀ ਪਵੇਗਾ। ਉਹਨੂੰ ਆਪਣੇ ਉਦਾਰ ਅਕਸ ਅਤੇ ਆਪਣੀ ਨਸਲ ਵਾਲਿਆਂ ਦੇ ਪਾਪ ਦਾ ਖਮਿਆਜ਼ਾ ਭੁਗਤਣਾ ਹੀ ਪਵੇਗਾ। ਇਸ ਨਾਲ ਘੱਟੋ-ਘੱਟ ਇਸ ਦੇਸ਼ ਵਿਚੋਂ ਇਕ ਗੋਰਾ ਤਾਂ ਘਟੇਗਾ।

ਉਹ ਆਪਣੇ ਕਮਰੇ ਵਿਚ ਪਹੁੰਚ ਗਿਆ। ਗੁਆਂਢੀਆਂ ਦੇ ਕਮਰੇ ਬੰਦ ਹੋ ਚੁੱਕੇ ਸਨ। ਕਈਆਂ ਦੇ ਕਮਰੇ ਵਿਚ ਤਾਂ ਬੱਤੀ ਵੀ ਬੁਝ ਚੁੱਕੀ ਸੀ। ਜਾਂ ਤਾਂ ਸਾਰੇ ਸੌਂ ਗਏ ਸਨ, ਜਾਂ ਦਾਰੂ ਪੀਣ ਲਈ ਠੇਕੇ 'ਤੇ ਪਹੁੰਚੇ ਹੋਏ ਸਨ। ਉਹਨੇ ਲਾਲਟੈਣ ਜਗਾਈ ਤੇ ਬਿਸਤਰੇ 'ਤੇ ਬੈਠ ਗਿਆ। ਉਹਦਾ ਕਮਰਾ ਇਨਾ ਛੋਟਾ ਸੀ ਕਿ ਬਿਸਤਰੇ ਉਤੇ ਬਹਿ ਕੇ ਕੋਈ ਬਾਂਹ ਫੈਲਾਏ ਤਾਂ ਹਰ ਕੋਨੇ ਨੂੰ ਛੂਹ ਲਵੇ, ਫਿਰ ਵੀ ਉਹਨੂੰ ਆਪਣੀਆਂ ਦੋ ਤੀਵੀਆਂ ਨਾਲ ਇਸ ਕੋਠੜੀ ਵਿਚ, ਹਾਂ ਜੀ, ਇਸ ਕੋਠੜੀ ਵਿਚ ਰਹਿਣਾ ਪੈਂਦਾ ਹੈ। ਅਸਲੀਅਤ ਇਹ ਹੈ ਕਿ ਇਸ ਹਾਲਤ ਵਿਚ ਉਸ ਨੇ ਪੰਜ ਸਾਲ ਤੋਂ ਵੱਧ ਵਕਤ ਗੁਜ਼ਾਰ ਲਿਆ ਹੈ ਰੀਂਗਦਿਆਂ ਹੋਇਆਂ, ਪਰ ਮਿਸਜ਼ ਹਿਲ ਸਮਝਦੀ ਹੈ ਕਿ ਇੱਟਾਂ-ਗਾਰੇ ਦੀਆਂ ਇਹ ਕੋਠੜੀਆਂ ਬਣਾ ਕੇ ਉਨ੍ਹਾਂ ਨੇ ਬਹੁਤ ਵੱਡਾ ਅਹਿਸਾਨ ਕਰ ਦਿੱਤਾ ਹੈ।

ਮਿਸਜ਼ ਹਿਲ ਪੁੱਛਦੀ ਰਹਿੰਦੀ ਹੈ-'ਮਸੁਨ ਸਾਕਾ?' (ਮਜ਼ੇ ਵਿਚ ਹੈਂ ਨਾ?)

ਦਰਅਸਲ ਇਹ ਉਸ ਦਾ ਤਕੀਆ ਕਲਾਮ ਹੈ। ਜਦ ਵੀ ਉਨ੍ਹਾਂ ਕੋਲ ਕੋਈ ਮਹਿਮਾਨ ਆਉਂਦਾ ਹੈ, ਉਹ ਉਨ੍ਹਾਂ ਨੂੰ ਖਿੱਚ ਕੇ ਪਹਾੜੀ ਦੇ ਸਿਰੇ ਤੱਕ ਲੈ ਜਾਂਦੀ ਹੈ। ਉਨ੍ਹਾਂ ਨੂੰ ਇਸ਼ਾਰੇ ਨਾਲ ਉਹ ਕੋਠੜੀਆਂ ਦਿਖਾਉਂਦੀ ਹੈ ਜਿਹੜੀਆਂ ਉਨ੍ਹਾਂ ਨੇ ਮਜ਼ਦੂਰਾਂ ਲਈ ਬਣਾਈਆਂ ਹਨ।

ਇਕ ਵਾਰ ਫਿਰ ਨਜ਼ੋਰੋਗ ਦੇ ਚਿਹਰੇ ਉਤੇ ਉਦਾਸ ਮੁਸਕਾਨ ਫੈਲ ਗਈ। ਉਸ ਨੇ ਸੋਚਿਆ ਸੀ ਕਿ ਹੁਣ ਇਸ ਵਿਚਾਰੀ ਨੂੰ ਆਪਣੀ ਬਣਾਉਟੀ ਦਿਆਲਤਾ ਤੇ ਝੂਠੇ ਅਹਿਸਾਨਾਂ ਦੀ ਕੀਮਤ ਚੁਕਾਉਣੀ ਪਵੇਗੀ। ਉਸ ਨੇ ਖੁਦ ਵੀ ਪੂਰਾ ਹਿਸਾਬ ਕਰਨਾ ਸੀ। ਪਿਤਾ ਦੀ ਮੌਤ ਦਾ ਹਿਸਾਬ, ਤੇ ਆਪਣੀ ਜੱਦੀ ਜ਼ਮੀਨ ਖੋਹੇ ਜਾਣ ਦਾ ਹਿਸਾਬ। ਚੰਗਾ ਹੀ ਹੋਇਆ ਸੀ ਕਿ ਉਸ ਨੇ ਪਿਛਲੇ ਦਿਨੀਂ ਦੋਹਾਂ ਤੀਵੀਆਂ ਤੇ ਨਿਆਣਿਆਂ ਨੂੰ ਕੈਂਪ ਭੇਜ ਦਿੱਤਾ ਹੋਇਆ ਸੀ। ਉਨ੍ਹਾਂ ਦੇ ਰਹਿਣ ਲਈ ਥੋੜ੍ਹੀ ਦਿੱਕਤ ਹੋ ਸਕਦੀ ਸੀ। ਕੰਮ ਪੂਰਾ ਹੋਣ ਤੋਂ ਬਾਅਦ ਜੇ ਉਹਨੂੰ ਫ਼ਰਾਰ ਹੋਣਾ ਪਿਆ ਤਾਂ ਹੁਣ ਕੋਈ ਚਿੰਤਾ ਨਹੀਂ ਰਹੇਗੀ।

ਹੁਣ ਕਿਸੇ ਵੀ ਵਕਤ ਸਾਰੇ ਭੀਈ (ਮਾਉ-ਮਾਉ ਵਿਦਰੋਹ ਸਮੇਂ ਗੁਰੀਲੇ ਦਸਤਿਆਂ ਵਿਚ ਸਰਗਰਮ ਲੜਕੇ) ਆ ਸਕਦੇ ਹਨ। ਉਹ ਉਨ੍ਹਾਂ ਨੂੰ ਮਿਸਜ਼ ਹਿਲ ਦੇ ਘਰ ਤੱਕ ਪਹੁੰਚਾ ਆਵੇਗਾ। ਵਿਸ਼ਵਾਸਘਾਤ, ਹਾਂ ਵਿਸ਼ਵਾਸਘਾਤ ਹੀ ਸਹੀ ਪਰ ਕਿੰਨਾ ਜ਼ਰੂਰੀ ਹੋ ਗਿਆ ਹੈ।

ਉੱਲੂ ਦੀ ਚੀਕ ਕੰਨਾਂ ਵਿਚ ਪਈ ਜੋ ਇਸ ਵਾਰ ਪਹਿਲਾਂ ਨਾਲੋਂ ਵੀ ਤੇਜ਼ ਸੀ। ਇਹ ਤਾਂ ਬਦਸ਼ਗਨੀ ਹੈ। ਮੌਤ ਦੀ ਸੂਚਕ ਹੈ। ਮਿਸਜ਼ ਹਿਲ ਦੀ ਮੌਤ ਦੀ ਸੂਚਕ। ਉਸ ਦੀਆਂ ਅੱਖਾਂ ਦੇ ਸਾਹਮਣੇ ਮਿਸਜ਼ ਹਿਲ ਦਾ ਚਿਹਰਾ ਘੁੰਮ ਗਿਆ। ਦਸਾਂ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਮੇਮ ਸਾਹਿਬ ਤੇ ਬਵਾਨਾ ਨਾਲ ਗੁਜ਼ਾਰ ਚੁੱਕਾ ਹੈ। ਮੇਮ ਸਾਹਿਬ ਆਪਣੇ ਪਤੀ ਨੂੰ ਬਹੁਤ ਪਿਆਰ ਕਰਦੀ ਸੀ, ਇਸ ਵਿਚ ਕੋਈ ਸ਼ੱਕ ਨਹੀਂ। ਉਸ ਨੂੰ ਯਾਦ ਹੈ, ਜਦ ਯੁਗਾਂਡਾ ਵਿਚ ਸਾਹਿਬ ਦੇ ਮਰਨ ਦੀ ਖ਼ਬਰ ਆਈ ਸੀ, ਤਾਂ ਮੇਮ ਸਾਹਿਬ ਪਾਗਲ ਹੀ ਹੋ ਗਈ ਸੀ। ਦੁੱਖ ਦੀ ਉਸ ਘੜੀ ਵਿਚ ਮੇਮ ਸਾਹਿਬ ਦਾ ਸਾਹਿਬਪੁਣਾ ਇਕਦਮ ਖਤਮ ਹੋ ਗਿਆ ਸੀ, ਤੇ ਨਜ਼ੋਰੋਗ ਨੇ ਹੀ ਉਹਨੂੰ ਢਾਰਸ ਬੰਨ੍ਹਾਇਆ ਸੀ। ਮੇਮ ਸਾਹਿਬ ਦੇ ਬੱਚਿਆਂ ਨੂੰ ਉਹਨੇ ਆਪਣੀਆਂ ਅੱਖਾਂ ਸਾਹਮਣੇ ਵੱਡੇ ਹੁੰਦੇ ਦੇਖਿਆ ਹੈ, ਖੁਦ ਉਹਦੇ ਬੱਚਿਆਂ ਵਾਂਗ। ਉਹ ਆਪਣੇ ਮਾਂ-ਬਾਪ ਨੂੰ ਬਹੁਤ ਪਿਆਰ ਕਰਦੇ ਸਨ, ਤੇ ਮਿਸਜ਼ ਹਿਲ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੀ ਸੀ। ਹੁਣ ਉਹ ਇੰਗਲੈਂਡ ਵਿਚ ਹਨ ਜਿਥੇ ਉਨ੍ਹਾਂ ਦਾ ਮਾਂ-ਬਾਪ ਕੋਈ ਨਹੀਂ ਹੈ, ਵਿਚਾਰੇ!

ਤੇ ਉਹਨੂੰ ਲੱਗਿਆ, ਉਸ ਤੋਂ ਇਹ ਕੰਮ ਨਹੀਂ ਹੋਵੇਗਾ। ਅਜਿਹਾ ਕਿਉਂ ਮਹਿਸੂਸ ਹੋਇਆ, ਪਤਾ ਨਹੀਂ; ਪਰ ਅਚਾਨਕ ਮਿਸਜ਼ ਹਿਲ ਉਹਦੇ ਮਨ-ਮਸਤਕ ਉਤੇ ਔਰਤ ਦੇ ਰੂਪ ਵਿਚ, ਪਤਨੀ ਦੇ ਰੂਪ ਵਿਚ, ਮਾਂ ਦੇ ਰੂਪ ਵਿਚ ਛਾ ਗਈ। ਨਹੀਂ, ਨਹੀਂ...ਉਹ ਕਿਸੇ ਔਰਤ ਦੀ ਹੱਤਿਆ ਨਹੀਂ ਕਰ ਸਕਦਾ। ਉਹ ਕਿਸੇ ਮਾਂ ਨੂੰ ਨਹੀਂ ਮਾਰ ਸਕਦਾ। ਆਪਣੇ ਅੰਦਰ ਆਈ ਇਸ ਤਬਦੀਲੀ 'ਤੇ ਉਹ ਹੈਰਾਨ ਰਹਿ ਗਿਆ। ਵਾਰ-ਵਾਰ ਕੋਸ਼ਿਸ਼ ਕਰਦਾ ਕਿ ਮਿਸਜ਼ ਹਿਲ ਨੂੰ ਵਿਦੇਸ਼ੀ ਬਾਸ਼ਿੰਦੇ ਵਜੋਂ ਦੇਖੇ, ਖਾਲਸ ਗੋਰੀ ਔਰਤ ਵਜੋਂ। ਜੇ ਅਜਿਹਾ ਹੋ ਸਕਦਾ ਤਾਂ ਉਹਦਾ ਕੰਮ ਆਸਾਨ ਹੋ ਜਾਂਦਾ, ਕਿਉਂਕਿ ਉਹ ਗੋਰੇ ਲੋਕਾਂ ਨਾਲ ਸੱਚਮੁਚ ਨਫ਼ਰਤ ਕਰਦਾ ਸੀ। ਲੱਖ ਕੋਸ਼ਿਸ਼ ਦੇ ਬਾਵਜੂਦ, ਦਸ ਵਰ੍ਹਿਆਂ ਦਾ ਸਬੰਧ ਉਸ ਤੋਂ ਭੁਲਾ ਨਹੀਂ ਸੀ ਹੋ ਰਿਹਾ। ਉਹ ਚਾਹੁੰਦਾ ਸੀ ਕਿ ਮਿਸਜ਼ ਹਿਲ ਜੇ ਬਚ ਗਈ, ਤਾਂ ਵੀ ਕਾਲਿਆਂ ਪ੍ਰਤਿ ਉਹਦੀ ਹਮਦਰਦੀ ਵਾਲਾ ਢੰਗ-ਪਖੰਡ ਬਰਕਰਾਰ ਰਹੇਗਾ। ਉਹ ਮਿਸਜ਼ ਹਿਲ ਨੂੰ ਸਿਰਫ਼ ਵਿਦੇਸ਼ੀ ਵਜੋਂ ਕਿਉਂ ਨਹੀਂ ਦੇਖ ਰਿਹਾ! ਉਹ ਅਰਦਾਸ ਕਰਨ ਲੱਗਾ, 'ਹੇ ਰੱਬਾ! ਦੁਨੀਆਂ 'ਚੋਂ ਜ਼ੁਲਮ ਖਤਮ ਕਰ ਦੇ। ਜੇ ਅਨਿਆਂ ਤੇ ਜ਼ੁਲਮ ਖਤਮ ਹੋ ਜਾਵੇ ਤਾਂ ਕਾਲੇ-ਗੋਰੇ ਦਾ ਝਗੜਾ ਹੀ ਨਾ ਰਹੇ, ਤੇ ਉਨ੍ਹਾਂ ਦੇ ਸਾਹਮਣੇ ਕਦੀ ਅਜਿਹੀ ਦਰਦਨਾਕ ਹਾਲਤ ਹੀ ਪੈਦਾ ਨਾ ਹੋਵੇ।'

**ਨਜ਼ੋਰੋਗ ਨੇ ਮਿਸਜ਼ ਹਿਲ ਨੂੰ ਕਦੇ ਪਸੰਦ ਨਾ ਕੀਤਾ। ਦਰਅਸਲ, ਉਹ ਮਨ ਹੀ ਮਨ ਇਹ ਸੋਚ ਕੇ ਖੁਸ਼ ਹੁੰਦੀ ਰਹਿੰਦੀ ਸੀ ਕਿ ਉਸ ਨੇ ਮਜ਼ਦੂਰਾਂ ਲਈ ਬਹੁਤ ਕੁਝ ਕੀਤਾ ਹੈ ਅਤੇ ਇਸ ਗੱਲ ਤੋਂ ਨਜ਼ੋਰੋਗ ਖਿਝਦਾ ਰਹਿੰਦਾ ਸੀ, ਪਰ ਉਸ ਨੂੰ ਹਮੇਸ਼ਾ ਆਪਣੇ ਹਾਲਾਤ ਦਾ ਅਹਿਸਾਸ ਰਹਿੰਦਾ। ਮਿਸਜ਼ ਹਿਲ ਦੀ ਉਦਾਰਤਾ ਤਾਂ ਸੱਚਮੁਚ ਦਮ-ਘੋਟੂ ਕਿਸਮ ਦੀ ਸੀ। ਨਜ਼ੋਰੋਗ ਨੂੰ ਸਾਰੇ ਗੋਰੇ ਬਾਸ਼ਿੰਦਿਆਂ ਨਾਲ ਨਫਰਤ ਸੀ।**

ਹੁਣ ਉਹ ਕੀ ਕਰੇ? ਉਸ ਨੇ ਉਨ੍ਹਾਂ ਮੁੰਡਿਆਂ (ਗੁਰੀਲਿਆਂ) ਨੂੰ ਖ਼ਬਰ ਕਰ ਦਿੱਤੀ ਸੀ, ਉਹ ਹੁਣ ਆਉਂਦੇ ਹੀ ਹੋਣਗੇ। ਕੁਝ ਸਮਝ ਵਿਚ ਨਹੀਂ ਆ ਰਿਹਾ ਸੀ। ਜਿਥੋਂ ਤੱਕ ਗੋਰੇ ਬਾਸ਼ਿੰਦਿਆਂ ਦੀ ਗੱਲ ਹੈ, ਉਸ ਦੇ ਮਨ ਵਿਚ ਕੋਈ ਦੁਬਿਧਾ ਨਹੀਂ ਸੀ, ਪਰ ਦੋ ਬੱਚਿਆਂ ਦੀ ਮਾਂ ਦਾ ਸਫ਼ਾਇਆ ਉਹ ਕਿਵੇਂ ਕਰਾਵੇ?

ਬੇਚੈਨ ਮਨ ਨਾਲ ਉਹ ਬਾਹਰ ਨਿਕਲ ਆਇਆ।

ਬਾਹਰ ਘੁੱਪ ਹਨ੍ਹੇਰਾ ਸੀ। ਅਸਮਾਨ ਵਿਚ ਤਾਰੇ ਇਕ ਟੱਕ ਉਸ ਨੂੰ ਦੇਖ ਰਹੇ ਸਨ। ਇਉਂ ਲਗਦਾ ਸੀ ਕਿ ਉਨ੍ਹਾਂ ਨੂੰ ਵੀ ਨਜ਼ੋਰੋਗ ਦੇ ਫੈਸਲੇ ਦਾ ਇੰਤਜ਼ਾਰ ਹੋਵੇ। ਉਹ ਤਾਰਿਆਂ ਨਾਲ ਅੱਖਾਂ ਨਾ ਮਿਲਾ ਸਕਿਆ ਤੇ ਹੌਲੀ-ਹੌਲੀ ਮਿਸਜ਼ ਹਿਲ ਦੇ ਬੰਗਲੇ ਵਲ ਤੁਰ ਪਿਆ। ਮੇਮ ਸਾਹਿਬ ਨੂੰ ਬਚਾਉਣਾ ਹੀ ਹੋਵੇਗਾ, ਉਸ ਨੇ ਤੈਅ ਕਰ ਲਿਆ ਸੀ।

ਵਕਤ ਬਰਬਾਦ ਕਰਨ ਦਾ ਕੋਈ ਫ਼ਾਇਦਾ ਨਹੀਂ, ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ। ਉਹ ਮੁੰਡੇ ਆਉਂਦੇ ਹੀ ਹੋਣਗੇ। ਹੁਣ ਉਹ ਦੌੜ ਰਿਹਾ ਸੀ। ਔਰਤ ਦੀ ਜਾਨ ਬਚਾਉਣ ਲਈ ਦੌੜ ਰਿਹਾ ਸੀ। ਸੜਕ ਉਤੇ ਉਸ ਨੂੰ ਪੈਰਾਂ ਦੀ ਆਵਾਜ਼ ਸੁਣਾਈ ਦਿੱਤੀ ਤੇ ਉਹ ਝਾੜੀ ਵਿਚ ਲੁਕ ਗਿਆ। ਉਸ ਨੇ ਦੇਖਿਆ, ਉਹ ਮੁੰਡੇ ਆਪਣੀ ਮੁਹਿੰਮ ਉਤੇ ਨਿਕਲੇ ਹੋਏ ਸਨ। ਉਨ੍ਹਾਂ ਨੂੰ ਧੋਖਾ ਦਿੰਦਿਆਂ ਉਹਨੂੰ ਅਜੀਬ ਜਿਹਾ ਲੱਗਿਆ। ਉਨ੍ਹਾਂ ਦੇ ਜਾਣ ਤੋਂ ਬਾਅਦ ਉਹ ਹੋਰ ਤੇਜ਼ ਦੌੜਨ ਲੱਗਾ। ਜੇ ਮੁੰਡਿਆਂ ਨੂੰ ਪਤਾ ਲੱਗ ਗਿਆ ਕਿ ਉਸ ਨੇ ਧੋਖਾ ਦਿੱਤਾ ਹੈ ਤਾਂ ਉਹ ਉਹਨੂੰ ਜਿਉਂਦਾ ਨਹੀਂ ਛੱਡਣਗੇ, ਪਰ ਕੋਈ ਗੱਲ ਨਹੀਂ। ਇਕ ਔਰਤ ਨੂੰ ਬਚਾਉਣ ਲਈ ਉਹਦੀ ਜਾਨ ਵੀ ਚਲੀ ਜਾਵੇ, ਤਾਂ ਕੋਈ ਪਰਵਾਹ ਨਹੀਂ।

ਅਖੀਰ, ਹਫ਼ਦਾ-ਖੰਘਦਾ ਤੇ ਪਸੀਨੇ ਨਾਲ ਭਿੱਜਿਆ ਉਹ ਮਿਸਜ਼ ਹਿਲ ਦੇ ਬੰਗਲੇ ਤੱਕ ਪਹੁੰਚ ਗਿਆ ਤੇ ਲਗਾਤਾਰ ਉਚੀ-ਉਚੀ ਬੋਲਦਿਆਂ ਕੁੰਡਾ ਖੜਕਾਇਆ, "ਮੇਮ ਸਾਹਿਬ! ਮੇਮ ਸਾਹਿਬ!"

ਮਿਸਜ਼ ਹਿਲ ਅਜੇ ਸੁੱਤੀ ਨਹੀਂ ਸੀ। ਦੁਪਹਿਰ ਦੀ ਗੱਲਬਾਤ ਤੋਂ ਬਾਅਦ ਹੀ ਉਸ ਨੂੰ ਅਜੀਬ ਜਿਹੀ ਦਹਿਸ਼ਤ ਮਹਿਸੂਸ ਹੋ ਰਹੀ ਸੀ। ਨਜ਼ੋਰੋਗ ਦੇ ਜਾਣ ਤੋਂ ਬਾਅਦ ਖਾਮੋਸ਼ੀ ਛਾ ਗਈ ਸੀ, ਤੇ ਉਸ ਨੇ ਅਲਮਾਰੀ ਵਿਚੋਂ ਪਿਸਤੌਲ ਕੱਢ ਕੇ ਆਪਣੇ ਕੋਲ ਰੱਖ ਲਿਆ ਸੀ। ਆਪਣੇ ਵਲੋਂ ਤਿਆਰ ਰਹਿਣ ਵਿਚ ਕੀ ਹਰਜ ਹੈ? ਉਹ ਸੋਚ ਰਹੀ ਸੀ-ਕਾਸ਼! ਜੇ ਉਹਦਾ ਪਤੀ ਅੱਜ ਜਿਉਂਦਾ ਹੁੰਦਾ ਤਾਂ ਉਹ ਇਕੱਲੀ-ਇਕੱਲੀ ਮਹਿਸੂਸ ਨਾ ਕਰਦੀ!

ਗੈਰਸਟੋਨ ਜੋੜੇ ਦੀ ਹੱਤਿਆ ਕਾਰਨ ਉਹਨੂੰ ਵੀ ਦੁੱਖ ਹੋਇਆ ਸੀ ਤੇ ਵਾਰ-ਵਾਰ ਇਕੱਲੀ ਹੋਣ ਦਾ ਅਹਿਸਾਸ ਦਹਿਸ਼ਤ ਪੈਦਾ ਕਰ ਰਿਹਾ ਸੀ। ਉਹਨੂੰ ਨਜ਼ੋਰੋਗ ਦਾ ਮਾਸੂਮ ਚਿਹਰਾ ਯਾਦ ਆ ਰਿਹਾ ਸੀ। ਕੀ ਉਹਦੇ ਬੀਵੀ ਬੱਚੇ ਵੀ ਹਨ? ਕਿੰਨੇ ਬੱਚੇ ਨੇ, ਕਦੀ ਇਹ ਕਿਉਂ ਨਹੀਂ ਸੋਚਿਆ। ਇਹ ਪਹਿਲਾ ਮੌਕਾ ਸੀ ਜਦੋਂ ਉਹਦੇ ਜ਼ਹਿਨ ਵਿਚ ਨਜ਼ੋਰੋਗ ਦੀ ਤਸਵੀਰ ਬਾਲ-ਬੱਚੇ ਵਾਲੇ ਆਦਮੀ ਵਜੋਂ ਉਭਰੀ ਸੀ; ਨਹੀਂ ਤਾਂ ਉਹਨੂੰ ਨੌਕਰ ਤੋਂ ਇਲਾਵਾ ਹੋਰ ਸੋਚ ਆਉਂਦੀ ਹੀ ਨਹੀਂ ਸੀ। ਉਸ ਨੂੰ ਆਪਣੀ ਇਸ ਲਾਪਰਵਾਹੀ ਤੇ ਅਮਨੁੱਖਤਾ ਉਤੇ ਮਨ ਹੀ ਮਨ ਅਫ਼ਸੋਸ ਹੋਇਆ। ਇਨ੍ਹਾਂ ਖਿਆਲਾਂ ਵਿਚ ਉਹ ਡੁੱਬੀ ਹੋਈ ਸੀ ਕਿ ਉਸ ਨੂੰ ਆਵਾਜ਼ ਸੁਣਾਈ ਦਿੱਤੀ, "ਮੇਮ ਸਾਹਿਬ! ਮੇਮ ਸਾਹਿਬ!"

ਓਹ! ਇਹ ਤਾਂ ਨਜ਼ੋਰੋਗ ਦੀ ਆਵਾਜ਼ ਹੈ, ਆਪਣੇ ਨੌਕਰ ਦੀ। ਉਹਦਾ ਪਿੰਡਾ ਪਸੀਨਾ-ਪਸੀਨਾ ਹੋ ਗਿਆ। ਅਚਾਨਕ ਉਹਨੂੰ ਗੈਰਸਟੋਨ ਜੋੜੇ ਨਾਲ ਹੋਇਆ ਹਾਦਸਾ ਪੂਰੇ ਵੇਰਵੇ ਸਹਿਤ ਦਿਖਾਈ ਦੇਣ ਲੱਗਾ। ਹੁਣ ਉਸ ਦਾ ਵੀ ਅੰਤ ਆ ਗਿਆ ਹੈ। ਜ਼ਿੰਦਗੀ ਦੇ ਸਫ਼ਰ ਦਾ ਆਖਰੀ ਪੜਾਅ। ਆਖਿਰ ਨਜ਼ੋਰੋਗ ਹਤਿਆਰਿਆਂ ਨੂੰ ਇਥੇ ਤੱਕ ਪਹੁੰਚਾ ਹੀ ਗਿਆ। ਉਹ ਡਰ ਨਾਲ ਕੰਬਣ ਲੱਗ ਪਈ।

ਅਚਾਨਕ ਉਹਨੇ ਆਪਣੇ ਆਪ ਨੂੰ ਸੰਭਾਲਿਆ ਤੇ ਲੱਗਿਆ ਕਿ ਸਾਰੀ ਤਾਕਤ ਇਕ ਥਾਂ ਇਕੱਠੀ ਹੋ ਗਈ ਹੈ। ਬੇਸ਼ਕ, ਉਹ ਇਕੱਲੀ ਹੈ ਤੇ ਹੁਣੇ ਉਹ ਦਰਵਾਜ਼ੇ ਵੀ ਤੋੜ ਦੇਣਗੇ; ਪਰ ਨਹੀਂ, ਉਹ ਬੁਜ਼ਦਿਲਾਂ ਵਾਂਗ ਨਹੀਂ ਮਰੇਗੀ। ਉਹਨੇ ਪਿਸਤੌਲ ਘੁੱਟ ਕੇ ਫੜ ਲਿਆ, ਦਰਵਾਜ਼ਾ ਖੋਲ੍ਹਿਆ ਤੇ ਗੋਲੀ ਚਲਾ ਦਿੱਤੀ। ਗੋਲੀ ਚਲਾਉਣ ਸਾਰ ਹੀ ਉਹ ਉਚੀ ਦੇਣੀ ਬੋਲੀ, 'ਆਓ, ਮੈਨੂੰ ਮਾਰ ਸੁੱਟੋ', ਤੇ ਬੇਹੋਸ਼ ਹੋ ਕੇ ਡਿੱਗ ਪਈ। ਉਹਨੂੰ ਪਤਾ ਹੀ ਨਾ ਲੱਗਾ ਕਿ ਉਹਨੇ ਉਸ ਬੰਦੇ ਨੂੰ ਮਾਰ ਸੁੱਟਿਆ ਹੈ ਜੋ ਉਹਦੀ ਜਾਨ ਬਚਾਉਣ ਆਇਆ ਸੀ। ਕੋਲ ਹੀ ਨਜ਼ੋਰੋਗ ਦੀ ਲਾਸ਼ ਪਈ ਸੀ।

ਅਗਲੇ ਦਿਨ ਅਖਬਾਰਾਂ ਵਿਚ ਪੂਰਾ ਵੇਰਵਾ ਛਪਿਆ। ਇਕੱਲੀ ਔਰਤ ਨੇ ਪੰਜਾਹ ਬਦਮਾਸ਼ਾਂ ਦਾ ਮੁਕਾਬਲਾ ਕੀਤਾ ਤੇ ਕਮਾਲ ਇਹ ਹੈ ਕਿ ਇਕ ਨੂੰ ਮਾਰ ਵੀ ਦਿੱਤਾ।

ਮਿਸਜ਼ ਇਸਮਾਇਲਸ ਤੇ ਮਿਸਜ਼ ਹਾਰਡੀ ਮੁਬਾਰਕ ਦਿੰਦੀਆਂ ਫੁੱਲੀਆਂ ਨਹੀਂ ਸਨ ਸਮਾ ਰਹੀਆਂ।

"ਅਸੀਂ ਤਾਂ ਕਹਿੰਦੇ ਹੀ ਸੀ ਕਿ ਉਹ ਸਾਰੇ ਇਕੋ ਜਿਹੇ ਹਨ।"

"ਸਭ ਬਦਮਾਸ਼ ਨੇ।" ਮਿਸਜ਼ ਹਾਰਡੀ ਨੇ ਕਿਹਾ। ਮਿਸਜ਼ ਹਿਲ ਖਾਮੋਸ਼ ਰਹੀ। ਉਹਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਇਹ ਸਭ ਕਿਵੇਂ ਹੋਇਆ। ਜਿੰਨਾ ਵੀ ਉਹ ਇਸ ਬਾਰੇ ਸੋਚਦੀ, ਉਲਝਣ ਵਧਦੀ ਜਾਂਦੀ। ਉਹ ਅਜੇ ਵੀ ਖਲਾਅ ਵਿਚ ਦੇਖ ਰਹੀ ਸੀ। ਫਿਰ ਉਹਨੇ ਠੰਢਾ ਹਉਕਾ ਭਰਿਆ ਤੇ ਕਿਹਾ, "ਮੈਨੂੰ ਸਮਝ ਨਹੀਂ ਆ ਰਹੀ...ਸ਼ਾਇਦ ਮੈਂ ਨਜ਼ੋਰੋਗ ਨੂੰ ਸਮਝ ਨਹੀਂ ਸਕੀ।"

"ਕੀ? ਸਮਝ ਨਹੀਂ ਸਕੀ?"

"ਅਜੀਬ ਗੱਲ ਐ," ਮਿਸਜ਼ ਇਸਮਾਇਲਸ ਨੇ ਕਿਹਾ, "ਇਨ੍ਹਾਂ ਸਾਰਿਆਂ ਦੇ ਛਿੱਤਰ ਮਾਰਨੇ ਚਾਹੀਦੇ ਨੇ।"

ਲੋਕ ਸ਼ਾਇਦ ਇਹ ਕਦੀ ਨਹੀਂ ਸਮਝ ਸਕਣਗੇ ਕਿ ਨਜ਼ੋਰੋਗ ਨੇ ਸ਼ਹਾਦਤ ਦਿੱਤੀ ਹੈ। ਮਿਸਜ਼ ਹਿਲ ਦੇ ਪਛਤਾਵੇ ਨੂੰ ਵੀ ਲੋਕ ਸ਼ਾਇਦ ਹੀ ਸਮਝ ਸਕਣ।

## ਕਮਰ ਦਰਦ ਦੇ ਘਰੇਲੂ ਉਪਾਅ

ਅੱਜ ਕੱਲ੍ਹ ਕੰਮਕਾਜੀ ਔਰਤਾਂ ਵਿਚ ਲੱਕ ਦਰਦ ਦੀਆਂ ਸ਼ਿਕਾਇਤਾਂ ਆਮ ਹੀ ਹਨ। ਇਸ ਦੇ ਕਈ ਕਾਰਨ ਹਨ ਜਿਵੇਂ ਦਫਤਰ ਵਿਚ ਬੈਠੇ ਰਹਿਣਾ, ਦੇਰ ਰਾਤ ਤਕ ਟੀ.ਵੀ. ਵੇਖਣਾ, ਗਲਤ ਖਾਣਾ-ਪੀਣਾ, ਕਸਰਤ ਨਾ ਕਰਨੀ, ਘਰੇਲੂ ਕੰਮ ਕਾਜ ਸਮੇਂ ਟੈਨਸ਼ਨ ਵਿਚ ਰਹਿਣਾ, ਸਹੀ ਤਰ੍ਹਾਂ ਨਾ ਬੈਠਣਾ ਜਾ ਨਾ ਤੁਰਨਾ ਆਦਿ। ਜੇ ਤੁਸੀਂ ਵੀ ਕਮਰ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਹ ਉਪਾਅ ਅਜ਼ਮਾਓ।

-ਸਵੇਰੇ ਰੋਜ਼ਾਨਾ ਸੈਰ ਕਰੋ ਤੇ ਹਲਕੀ-ਫੁਲਕੀ ਕਸਰਤ ਵੀ। ਕੁਦਰਤ ਦੀ ਖੁਸ਼ਬੂ ਭਰੇ ਫੁੱਲਾਂ ਵਿਚ ਜ਼ਿਆਦਾ ਦੇਰ ਤਕ ਤੁਰੋ-ਫਿਰੋ ਤੇ ਬੈਠੋ।

-ਜਾਇਫਲ ਨੂੰ ਪਾਣੀ ਵਿਚ ਘਿਸਾ ਕੇ ਤਿਲਾਂ ਦੇ ਤੇਲ ਵਿਚ ਮਿਲਾ ਕੇ ਗਰਮ ਕਰੋ। ਠੰਢਾ ਹੋਣ 'ਤੇ ਮਾਲਿਸ਼ ਕਰੋ। ਕਮਰ ਦਰਦ ਤੋਂ ਆਰਾਮ ਮਿਲੇਗਾ।

-ਅੱਧਾ ਚਮਚਾ ਅਦਰਕ ਦੇ ਰਸ ਵਿਚ ਅੱਧਾ ਚਮਚਾ ਸ਼ਹਿਦ ਮਿਲਾ ਕੇ ਇਕ ਹਫਤਾ ਰੋਜ਼ਾਨਾ ਪੀਓ, ਆਰਾਮ ਮਿਲੇਗਾ।

-ਕਣਕ ਨੂੰ ਪਾਣੀ ਵਿਚ ਭਿਉਂ ਦਿਓ। ਸ਼ਾਮ ਨੂੰ ਇਸ ਪਾਣੀ ਨੂੰ ਛਾਨਣੀ ਨਾਲ ਛਾਣ ਕੇ ਪੀਓ, ਦਰਦ ਦੂਰ ਹੋਣ ਲੱਗੇਗਾ।

-ਉਚੀ ਅੱਡੀ ਵਾਲੀ ਜੁੱਤੀ ਨਾ ਪਹਿਨੋ ਕਿਉਂਕਿ ਕਮਰ ਦਰਦ ਦੀ ਇਹ ਬੁਨਿਆਦ ਹੈ।

-ਵਾਲਾਂ ਨੂੰ ਰੁੱਖੇ ਨਾ ਰੱਖੋ, ਸਗੋਂ ਉਨ੍ਹਾਂ ਵਿਚ ਤੇਲ ਲਗਾਓ। ਰੁੱਖੇ ਤੇ ਖੁਸ਼ਕ ਵਾਲਾਂ ਕਾਰਨ ਵੀ ਲੱਕ ਦਰਦ ਹੁੰਦਾ ਹੈ।

-ਕਮਰ ਦਰਦ ਹੋਣ 'ਤੇ ਹੱਡੀਆਂ ਦੇ ਮਾਹਿਰ ਡਾਕਟਰ ਦੀ ਸਲਾਹ ਲਓ। ਯੋਗ ਆਸਨਾਂ ਰਾਹੀਂ ਵੀ ਲੱਕ ਦਰਦ ਦਾ ਇਲਾਜ ਸੌਖਾ, ਸਸਤਾ ਤੇ ਵਧੀਆ ਹੋ ਸਕਦਾ ਹੈ।

*-ਗੁਰਵੀਰ ਕੌਰ ਗਿੱਲ*

## ਸੰਪਾਦਕ ਦੀ ਡਾਕ

# ਜਹਾ ਲੋਭੁ ਤਹ ਕਾਲ ਹੈ ਜਹਾ ਖਿਮਾ ਤਹ ਆਪਿ

**ਮਾਣਯੋਗ ਸੰਪਾਦਕ ਜੀਓ,**

'ਪੰਜਾਬ ਟਾਈਮਜ਼' ਦੇ 17 ਜਨਵਰੀ ਵਾਲੇ ਅੰਕ 'ਚ ਸ੍ਰੀ ਟੀ. ਆਰ. ਸ਼ਰਮਾ ਦਾ ਲੇਖ 'ਜਹਾਂ ਕਰੋਧ ਤਹਾਂ ਕਾਲ ਹੈ' ਪੜ੍ਹਿਆ। ਇਸ ਲੇਖ ਦੇ ਪਹਿਲੇ ਪੈਰੇ ਵਿਚ ਸ੍ਰੀ ਸ਼ਰਮਾ ਦੇ ਸੁਝਾਏ ਦੋਵਾਂ ਤਰੀਕਿਆਂ ਨਾਲ ਅੰਦਰਲੀ ਜਾਂ ਬਾਹਰਲੀ ਬਲਦੀ ਅੱਗ ਸ਼ਾਂਤ ਕਰਨ ਨੂੰ, ਮੈਂ ਗੁਰਮਤਿ ਦੀ ਕਸਵੱਟੀ ਨਾਲ ਪਰਖਦਿਆਂ ਸ੍ਰੀ ਸ਼ਰਮਾ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ। ਗੁਰਬਾਣੀ ਨੇ ਮਨੁੱਖ ਦੇ ਹਿਰਦੇ 'ਚ ਰਹਿੰਦੀਆਂ ਪੰਜ ਪ੍ਰਵਿਰਤੀਆਂ, ਪੰਜ ਚੋਰ- ਕਾਮ, ਕਰੋਧ, ਲੋਭ, ਮੋਹ ਅਤੇ ਅੰਹਕਾਰ ਦੱਸੇ ਹਨ, ਜਿਨ੍ਹਾਂ ਨਾਲ ਮਨੁੱਖ ਨੂੰ ਹਰ ਘੜੀ ਹਰ ਪਲ ਜੂਝਣਾ ਪੈਂਦਾ ਹੈ। ਇਨ੍ਹਾਂ ਦਾ ਹੱਲ ਗੁਰਮਤਿ ਅਨੁਸਾਰ ਗੁਰੂ ਦੀ ਦੇਖ-ਰੇਖ ਵਿਚ ਜੀਵਨ ਦੀ ਗੱਡੀ ਚਲਾਉਂਦਿਆਂ ਗੁਰਬਾਣੀ ਦਾ ਓਟ ਆਸਰਾ ਲੈ ਕੇ ਇਨ੍ਹਾਂ ਪੰਜਾਂ ਨੂੰ ਕਾਬੂ 'ਚ ਰਖਣਾ ਸਿੱਖਣਾ ਹੈ। ਇਨ੍ਹਾਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਅ ਰੱਖਣਾ ਹੈ, ਸੇਵਾ, ਸਿਮਰਨ ਨਾਲ। ਸਿੱਖ ਧਰਮ ਵਿਚ ਕਥਾ-ਕੀਰਤਨ ਕਰਦਿਆਂ-ਸੁਣਦਿਆਂ, ਸਰਬਤ ਦਾ ਭਲਾ ਲੋਚਦੇ ਹੋਏ ਹਰ ਪਲ ਹਰ ਘੜੀ ਸੇਵਾ ਸਿਮਰਨ ਵਾਲੀ ਜ਼ਿੰਦਗੀ ਬਣਾਉਣਾ ਇਕ ਚੰਗੇ ਸਿੱਖ ਦਾ ਲਕਸ਼ ਹੋਣਾ ਚਾਹੀਦਾ ਹੈ। (ਇਥੇ ਮੈਂ ਦਾੜੀ ਵਾਰਾਂ ਅਤੇ ਸਿਪਾਹੀ ਵਾਲੇ ਵਿਸ਼ੇ 'ਤੇ ਚਰਚਾ ਨਹੀਂ ਕਰ ਰਿਹਾ)।

ਇਕ ਕਹਾਵਤ ਹੈ ਕਿ 'ਸਮੁੰਦਰੀ ਜਹਾਜ਼ ਬੰਦਰਗਾਹ ਵਿਚ ਹੀ ਸੁਰਖਿਅਤ ਹੁੰਦੇ ਹਨ', ਪਰ ਇਹ ਇਸ ਉਦੇਸ਼ ਨਾਲ ਨਹੀਂ ਬਣਾਏ ਗਏ ਹੁੰਦੇ ਕਿ ਇਨ੍ਹਾਂ ਨੂੰ ਬੰਦਰਗਾਹਾਂ 'ਚ ਕੈਦ ਕਰੀ ਰੱਖੋ। ਅੱਜ ਭਲਕ, ਇਨ੍ਹਾਂ ਨੂੰ ਸਮੁੰਦਰ ਦੀਆਂ ਲਹਿਰਾਂ 'ਚ ਠੇਲ੍ਹਣਾ ਹੀ ਪੈਂਦਾ ਹੈ। ਇਹ ਮਿਸਾਲ ਇਸ ਲਈ ਦਿੱਤੀ ਹੈ ਕਿ ਸਿੱਖ ਮਤ ਜੀਵਨ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਖਿੜ੍ਹੇ ਮੱਥੇ ਕਰਨਾ ਸਿਖਾਉਂਦਾ ਹੈ, ਨਾ ਕਿ ਭਾਰਤ ਦੇ ਪੁਰਾਤਨ ਜੋਗੀਆਂ ਵਾਂਗ ਜੀਵਨ ਤੋਂ ਕਿਨਾਰਾਕਸ਼ੀ ਕਰਕੇ ਪਹਾੜਾਂ ਦੀਆਂ ਕੰਦਰਾਂ 'ਚ ਜਾ ਲੁਕਣ ਨੂੰ।

ਕ੍ਰੋਧੀ ਇਨਸਾਨ ਨੂੰ ਕ੍ਰੋਧ ਤੋਂ ਉਪਜੇ ਨੁਕਸਾਨ ਅਤੇ ਕ੍ਰੋਧ ਤੋਂ ਬਚਣ ਲਈ ਪੱਥ-ਪ੍ਰਹੇਜ਼ ਦਸਦੀਆਂ ਗੁਰਬਾਣੀ ਦੀਆਂ ਕੁਝ ਪੰਕਤੀਆਂ,

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥
(ਅੰਗ 932)

ਓਨਾ ਪਾਸਿ ਦੁਆਸਿ ਨ ਭਿਟੀਐ
ਜਿਨ ਅੰਤਰਿ ਕ੍ਰੋਧੁ ਚੰਡਾਲ॥ (ਅੰਗ 40)

ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ॥
ਦੁਬਿਧਾ ਛੋਡਿ ਨਾਮਿ ਨਿਸਤਰੈ॥2॥
(ਅੰਗ 352)

ਰੋਸੁ ਨ ਕਾਹੂ ਸੰਗ ਕਰਹੁ
ਆਪਨ ਆਪੁ ਬੀਚਾਰਿ॥
ਹੋਇ ਨਿਮਾਨਾ ਜਗਿ ਰਹਹੁ
ਨਾਨਕ ਨਦਰੀ ਪਾਰਿ॥1॥ (ਅੰਗ 259)

ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ
ਪਲੈ ਸਭੁ ਕਿਛੁ ਪਾਇ॥78॥
(ਅੰਗ 1381-1382)

ਮੰਦਾ ਕਿਸੈ ਨ ਆਖੀਐ
ਪੜਿ ਅਖਰ ਏਹੋ ਬੁਝੀਐ॥
ਮੂਰਖੈ ਨਾਲਿ ਨ ਲੁਝੀਐ॥19॥
(ਅੰਗ 473)

ਲੇਖ ਵਿਚ ਭ੍ਰਿਗੂ ਰਿਸ਼ੀ ਅਤੇ ਵਿਸ਼ਨੂੰ ਨਾਲ ਸਬੰਧਤ ਇਕ ਸਾਖੀ ਦਾ ਜ਼ਿਕਰ ਆਇਆ ਹੈ। ਕ੍ਰੋਧ ਆਉਣ ਵੇਲੇ ਵਿਸ਼ਨੂੰ ਨੇ ਇਸ ਦਾ ਮੁਕਾਬਲਾ ਖਿਮਾ ਅਤੇ ਸਹਿਨਸ਼ੀਲਤਾ ਰੂਪੀ ਖੰਡੇ-ਖੜਗ ਨਾਲ ਕਰਨ ਦਾ ਉਪਦੇਸ਼ ਦਿੱਤਾ ਹੈ। ਇਸੇ ਤਰ੍ਹਾਂ ਦੀ ਇਕ ਸਾਖੀ ਸਿੱਖ ਇਤਿਹਾਸ ਵਿਚ ਉਸ ਸਮੇਂ ਦੀ ਹੈ ਜਦੋਂ ਗੁਰ-ਗੱਦੀ ਬਾਬਾ ਦਾਤੂ ਜੀ (ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ) ਨੂੰ ਨਾ ਮਿਲ ਸਕੀ ਅਤੇ ਉਸ ਨੇ 'ਚੰਡਾਲ ਕ੍ਰੋਧ' ਦੇ ਅਸਰ ਅਧੀਨ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਭਰੇ ਦਰਬਾਰ ਵਿਚ (ਸ੍ਰੀ ਗੋਇੰਦਵਾਲ ਸਾਹਿਬ), ਠੁੱਡਾ ਮਾਰਿਆ। 'ਸਿੱਖ ਇਤਿਹਾਸ (1469-1765, ਲੇਖਕ ਪ੍ਰਿੰ. ਤੇਜਾ ਸਿੰਘ, ਡਾ. ਗੰਡਾ ਸਿੰਘ ਅਨੁਵਾਦਕ ਡਾ. ਭਗਤ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਇਸ ਘਟਨਾ ਦਾ ਉਲੇਖ ਇਸ ਤਰ੍ਹਾਂ ਕਰਦੇ ਹਨ, "ਆਪਣੇ ਵਿਰੋਧੀਆਂ ਨਾਲ ਨਿਪਟਣ ਲਈ ਗੁਰੂ ਜੀ ਨੇ ਬੜੇ ਸਬਰ ਤੋਂ ਕੰਮ ਲਿਆ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਨੇ ਜਦੋਂ ਗੋਇੰਦਵਾਲ ਵਿਚ ਗੁਰੂ ਅਮਰ ਦਾਸ ਜੀ 'ਤੇ ਹਮਲਾ ਕੀਤਾ ਅਤੇ ਠੁੱਡਾ ਮਾਰ ਕੇ ਉਨ੍ਹਾਂ ਨੂੰ ਆਪਣੇ ਆਸਣ ਤੋਂ ਥੱਲੇ ਸੁੱਟ ਦਿੱਤਾ ਤਾਂ ਗੁਰੂ ਜੀ ਨੇ ਉਤਰ ਵਿਚ ਕੇਵਲ ਇਹੀ ਕਿਹਾ, "ਸ੍ਰੀ ਮਾਨ ਜੀ, ਮੈਨੂੰ ਮੁਆਫ ਕਰੋ, ਮੇਰੀਆਂ ਪੁਰਾਣੀਆਂ ਹੱਡੀਆਂ ਤੋਂ ਤੁਹਾਡੇ ਨਾਜ਼ਕ ਚਰਨ ਕਮਲਾਂ ਨੂੰ ਸੱਟ ਵੱਜੀ ਹੋਵੇਗੀ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਰਾਜਾ ਬਹਾਦਰ ਸ਼ਾਹ ਦੀ, ਉਸ ਦੇ ਵਡੇਰਿਆਂ ਵਲੋਂ ਗੁਰੂ ਘਰ 'ਤੇ ਕੀਤੇ ਜ਼ੁਲਮ ਭੁਲ ਭੁਲਾ ਕਿ ਦਿੱਲੀ ਦਾ ਤਖਤ ਹਾਸਿਲ ਕਰਨ ਲਈ ਮਦਦ ਕਰਨੀ ਵੀ ਖਿਮਾ ਦੀ ਮਹਾਨ ਮਿਸਾਲ ਹੈ।

ਲੇਖ ਦੇ ਦਸਵੇਂ ਪੈਰੇ ਦੇ ਅਖੀਰ ਵਿਚ ਇਕ ਹਿੰਦੀ ਦੇ (ਅਗਿਆਤ) ਦੋਹਰੇ ਦੇ ਹਵਾਲੇ ਨਾਲ 'ਖਿਮਾ' ਦੀ ਤੁਲਨਾ ਪ੍ਰਭੂ ਪ੍ਰਾਪਤੀ ਨਾਲ ਕੀਤੀ ਗਈ ਹੈ। ਦੋਹਰਾ ਹੈ,

ਜਹਾਂ ਦਇਆ ਤਹਾਂ ਧਰਮ ਹੈ,
ਜਹਾਂ ਲੋਭ ਤਹਾਂ ਪਾਪ,
ਜਹਾਂ ਕਰੋਧ, ਤਹਾਂ ਕਾਲ ਹੈ,
ਜਹਾਂ ਕਸ਼ਮਾਂ ਤਹਾਂ ਆਪ।

ਗੁਰਮਤਿ ਦੀ ਰੌਸ਼ਨੀ ਵਿਚ, ਉਪਰੋਕਤ ਦੋਹਰੇ ਵਾਲੀ ਬਾਣੀ ਨੂੰ ਮੈਂ ਕੱਚੀ ਬਾਣੀ ਕਹਾਂਗਾ। ਕਿਸੇ ਵੀ ਬੋਲ, ਬਚਨ ਦੀ ਆਪਣੀ ਸ਼ਕਤੀ ਉਸ ਦੇ ਕਹਿਣ ਵਾਲੇ ਦੀ ਕਿਰਤ ਕਮਾਈ ਅਤੇ ਸਾਧਕ ਜੀਵਨ 'ਤੇ ਨਿਰਭਰ ਕਰਦੀ ਹੈ। ਆਪਾਂ ਹਰ ਰੋਜ਼ ਝੂਠਿਆਂ ਦੇ ਮੂੰਹੋਂ ਸੁਣਦੇ ਹਾਂ ਕਿ 'ਸਦਾ ਸੱਚ ਬੋਲੋ!' ਕੀ ਉਨ੍ਹਾਂ ਝੂਠਿਆਂ ਦੇ ਇਸ ਤਰ੍ਹਾਂ ਦੇ ਬਚਨ ਸਾਡੇ ਜੀਵਨ ਵਿਚ ਕੋਈ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੇ ਸਮਰਥ ਹਨ? ਨਹੀਂ। ਹੁਣ ਇਹੀ 'ਸਦਾ ਸੱਚ ਬੋਲੋ' ਜੇਕਰ ਕੋਈ ਯੁਗ-ਪੁਰਸ਼ ਕਹੇ ਤਾਂ ਸੁਣਨ ਵਾਲਿਆਂ ਦਾ ਤਾਂਤਾ ਲੱਗ ਜਾਂਦਾ ਹੈ। ਮਹਾਂ-ਪੁਰਖਾਂ ਦੇ ਬਚਨ, ਉਨ੍ਹਾਂ ਦੀ ਘਾਲ ਕਮਾਈ, ਸਾਧਨਾ, ਉਚੇ-ਸੁੱਚੇ ਜੀਵਨ ਹੀ ਸਾਡੇ 'ਤੇ ਅਸਰਦਾਇਕ ਹੋ ਨਿਬੜਦੇ ਹਨ।

ਟੀ. ਆਰ. ਸ਼ਰਮਾ ਨੂੰ ਆਪਣੀ ਗੱਲ ਦੀ ਪੁਸ਼ਟੀ ਲਈ ਹਵਾਲੇ ਨਹੀਂ ਦਿੱਤੇ। ਭਾਵੇਂ ਇਹ ਉਨ੍ਹਾਂ ਦੀ ਅਨਭੋਲ ਭੁਲ ਹੋਵੇ ਪਰ ਕਿਸੇ ਵੀ ਸੂਝਵਾਨ ਪਾਠਕ ਨੂੰ ਇਹ ਖ਼ਦਸ਼ਾ ਦੇ ਜਾਂਦੀ ਹੈ ਕਿ ਗੁਰਬਾਣੀ ਦੀਆਂ ਤੁਕਾਂ ਨੂੰ ਜਾਣ-ਬੁੱਝ ਕੇ ਬਦਲਿਆ ਜਾ ਰਿਹਾ ਹੈ। ਹੁਣ ਸਹੀ ਸਲੋਕ ਜੋ ਕਿ ਭਗਤ ਕਬੀਰ ਜੀ ਦਾ ਹੈ, ਹਾਜ਼ਿਰ ਹੈ,

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ
ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ
ਜਹਾ ਖਿਮਾ ਤਹ ਆਪਿ॥155॥
(ਅੰਗ 1372)

ਲੇਖ 'ਚ ਆਏ ਅਗਿਆਤ ਸਲੋਕ ਨੂੰ ਖਰੇ ਸਿੱਕੇ ਵਾਂਗ ਬੋਝੇ 'ਚ ਪਾਉਣਾ ਜਾਂ ਖੋਟੇ ਸਿੱਕੇ ਵਾਂਗ ਜਿਸ ਕੋਲੋਂ ਆਇਆ ਉਸ ਨੂੰ ਮੋੜ ਦੇਣਾ ਸਹੀ ਹੈ, ਇਸ ਦਾ ਨਿਤਾਰਾ ਪਾਠਕਾਂ 'ਤੇ ਛੱਡਦਾ ਹਾਂ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

# ਸੰਤਾਂ ਦਾ ਜਲ ਪ੍ਰਵਾਹ ਕਿਉਂ?

*ਮ੍ਰਿਤਕ ਸਰੀਰ ਜਲ ਪ੍ਰਵਾਹ ਕਰਨ ਦੇ ਪ੍ਰਭਾਵਾਂ ਅਤੇ ਸਿੱਟਿਆਂ ਬਾਰੇ ਸ. ਮਝੈਲ ਸਿੰਘ ਸਰਾਂ ਨੇ ਇਹ ਭਾਵਪੂਰਤ ਲੇਖ 'ਪੰਜਾਬ ਟਾਈਮਜ਼' ਲਈ ਲਿਖ ਭੇਜਿਆ ਹੈ। ਉਨ੍ਹਾਂ ਦਲੀਲਾਂ ਸਹਿਤ ਦੱਸਣ ਦਾ ਯਤਨ ਕੀਤਾ ਹੈ ਕਿ ਮ੍ਰਿਤਕ ਸਰੀਰ, ਜਲ ਪ੍ਰਵਾਹ ਕਰਨ ਦੀ ਕਾਰਵਾਈ ਕਿੰਨੀ ਖਤਰਨਾਕ ਹੈ ਅਤੇ ਇਸ ਨਾਲ ਹੋਇਆ ਜਲ ਪ੍ਰਦੂਸ਼ਣ ਹੋਰ ਕਿਹੜੀਆਂ-ਕਿਹੜੀਆਂ ਮੁਸੀਬਤਾਂ ਦਾ ਕਾਰਨ ਬਣ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਗਰਮਤਿ ਦੇ ਪੱਖ ਤੋਂ ਵੀ ਇਹ ਮਸਲਾ ਵਿਚਾਰ ਅਧੀਨ ਲਿਆਂਦਾ ਹੈ। ਇਹ ਵਿਚਾਰ-ਉਤੇਜਿਤ ਲੇਖ ਅਸੀਂ ਆਪਣੇ ਪਾਠਕਾਂ ਦੀ ਕਚਹਿਰੀ ਵਿਚ ਰੱਖ ਰਹੇ ਹਾਂ। -ਸੰਪਾਦਕ*

ਪਹਿਲੀ ਜਨਵਰੀ ਨੂੰ ਜਿਥੇ ਸਮੁੱਚਾ ਸੰਸਾਰ ਨਵੇਂ ਸਾਲ ਦੇ ਜਸ਼ਨ ਮਨਾ ਰਿਹਾ ਸੀ, ਉਥੇ ਸਿੱਖ ਜਗਤ ਵਿਚ ਸੋਗੀ ਖ਼ਬਰ ਆ ਗਈ ਕਿ ਹੰਸਾਲੀ ਵਾਲੇ ਸੰਤ ਅਜੀਤ ਸਿੰਘ ਪ੍ਰਲੋਕ ਸਿਧਾਰ ਗਏ ਹਨ। ਇਹ ਖ਼ਬਰ ਪੰਜਾਬੀ ਚੈਨਲਾਂ 'ਤੇ ਸੰਤਾਂ ਦੇ ਮ੍ਰਿਤਕ ਸਰੀਰ ਨੂੰ ਦਿਖਾ ਕੇ ਨਸ਼ਰ ਕੀਤੀ ਜਾਂਦੀ ਰਹੀ, ਜਦ ਤੱਕ ਸਤਲੁਜ ਦਰਿਆ ਵਿਚ ਜਲ ਪ੍ਰਵਾਹ ਨਾ ਕੀਤਾ ਗਿਆ। ਸਿੱਖਾਂ ਦੇ ਸਿਰਮੌਰ ਧਾਰਮਿਕ ਲੀਡਰਾਂ ਨੇ ਸੰਤਾਂ ਦੇ ਅਕਾਲ ਚਲਾਣੇ 'ਤੇ ਸਿੱਖ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਸੰਤਾਂ ਦੇ ਜਲ ਪ੍ਰਵਾਹ ਵਕਤ ਹੋਏ ਅਥਾਹ ਇਕੱਠ ਤੋਂ ਜ਼ਾਹਿਰ ਸੀ ਕਿ ਉਨ੍ਹਾਂ ਦੇ ਸੇਵਕ ਬਹੁਤ ਹਨ। ਇਥੇ ਆਪਾਂ ਇਹ ਵਿਚਾਰ ਕਰਨੀ ਹੈ ਕਿ ਸੰਤਾਂ ਦੇ ਮ੍ਰਿਤਕ ਸਰੀਰ ਨੂੰ ਜਲ ਪ੍ਰਵਾਹ ਹੀ ਕਿਉਂ ਕੀਤਾ ਜਾਂਦਾ ਹੈ? ਕੀ ਜਲ ਪ੍ਰਵਾਹ ਗੁਰਮਤਿ ਤੇ ਕੁਦਰਤੀ ਵਾਤਾਵਰਨ ਮੁਤਾਬਕ ਸਹੀ ਹੈ?

ਹਰ ਧਰਮ ਦੇ ਸਮਾਜ ਨੇ ਜਨਮ ਤੋਂ ਮਰਨ ਤੱਕ ਕੁਝ ਸਿਧਾਂਤ ਬਣਾਏ ਹੋਏ ਹਨ ਜਿਸ ਮੁਤਾਬਕ

ਮਝੈਲ ਸਿੰਘ ਸਰਾਂ

ਸਾਰੀਆਂ ਰਸਮਾਂ ਨਿਭਾਈਆਂ ਜਾਂਦੀਆਂ। ਬਾਕੀ ਧਰਮਾਂ ਬਾਰੇ ਤਾਂ ਮੇਰਾ ਕੋਈ ਦਾਅਵਾ ਨਹੀਂ ਪਰ ਸਿੱਖਾਂ ਨੇ ਆਪਣੇ ਲਈ ਗੁਰਬਾਣੀ ਦੀ ਲੋਅ, ਗੁਰੂ ਸਾਹਿਬਾਨ ਦੇ ਖੁਦ ਦੇ ਜੀਵਨ ਦੇ ਨਾਲ-ਨਾਲ ਕੁਦਰਤ ਦੇ ਨਿਯਮਾਂ ਨੂੰ ਵੀ ਧਿਆਨ ਗੋਚਰੇ ਰੱਖਦਿਆਂ ਲਿਖਤੀ ਰੂਪ ਵਿਚ ਇਹ ਸਿਧਾਂਤ ਬਣਾ ਲਏ ਜਿਸ ਨੂੰ 'ਸਿੱਖ ਰਹਿਤ ਮਰਿਆਦਾ' ਦਾ ਨਾਮ ਦਿੱਤਾ ਗਿਆ ਹੈ। ਇਹ ਮਰਿਆਦਾ ਬਣਾਉਂਦੇ ਵਕਤ ਸਿੱਖਾਂ ਨਾਲ ਸਬੰਧਤ ਹਰ ਧਿਰ ਤੋਂ ਸਲਾਹ ਹੀ ਨਹੀਂ, ਬਲਕਿ ਪ੍ਰਵਾਨਗੀ ਵੀ ਲਈ ਗਈ, ਤੇ ਇਹ ਮਰਿਆਦਾ ਹਰ ਸਿੱਖ ਲਈ ਲਾਜ਼ਮੀ ਵੀ ਹੋ ਗਈ, ਕਿਉਂ ਜੋ ਇਹਨੂੰ ਅੰਤਿਮ ਪ੍ਰਵਾਨਗੀ ਸ੍ਰੀ ਅਕਾਲ ਤਖਤ ਤੋਂ ਮਿਲੀ ਹੋਈ ਹੈ। ਇਸ ਰਹਿਤ ਮਰਿਆਦਾ ਨੇ ਬਹੁ-ਗਿਣਤੀ ਭਾਰਤੀ ਹਿੰਦੂ ਸਮਾਜ ਦੇ ਸੂਤਕ-ਪਾਤਕ ਵਰਗੇ ਪਿਛਾਖੜ ਕਿਸਮ ਦੇ ਸਿਧਾਂਤ ਦਰ-ਕਿਨਾਰ ਕਰ ਦਿੱਤੇ। ਹਿੰਦੂ ਧਰਮ ਦਾ ਪ੍ਰੋਹਿਤ ਵਰਗ ਸਮਾਜ ਨੂੰ ਮਰਗ ਦੀਆਂ ਰਸਮਾਂ ਵਿਚ ਬੁਰੀ ਤਰ੍ਹਾਂ ਉਲਝਾ ਕੇ ਰੱਜ ਕੇ ਲੁੱਟਦਾ ਹੈ। ਇਸ ਲੁੱਟ ਨੂੰ ਸਭ ਤੋਂ ਪਹਿਲਾਂ ਬਰੇਕ ਲਾਈ ਗੁਰੂ ਨਾਨਕ ਦੇਵ ਜੀ ਨੇ, ਫਿਰ ਤੀਜੇ ਗੁਰੂ ਅਮਰ ਦਾਸ ਜੀ ਨੇ ਤਾਂ 'ਸਦੁ' ਤੇ ਅਲਾਹੁਣੀਆਂ ਉਚਾਰ ਕੇ ਸਿੱਖਾਂ ਨੂੰ ਹਿੰਦੂ ਬੰਧੇਜ ਤੋਂ ਮੁਕਤ ਕਰਾ ਦਿਤਾ। ਇਨ੍ਹਾਂ ਬਾਣੀਆਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਕੇ ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਸਿੱਖ ਕੌਮ ਅਤੇ ਨਾਨਕ ਨਾਮ ਲੇਵਾ ਨੂੰ ਸਦੀਵੀ ਤੌਰ 'ਤੇ ਐਲਾਨੀਆ ਵੱਖਰੀ ਸਿੱਖ ਕੌਮ ਬਣਾ ਦਿੱਤਾ।

ਸਿੱਖ ਰਹਿਤ ਮਰਿਆਦਾ ਵਿਚ ਮ੍ਰਿਤਕ ਸਰੀਰ ਨੂੰ ਕਿਵੇਂ ਸਮੇਟਣਾ ਹੈ, ਬਾਰੇ ਬੜੇ ਸਿੱਧੇ ਤੇ ਸਪਸ਼ਟ ਤਰੀਕੇ ਨਾਲ ਲਿਖਿਆ ਹੋਇਆ ਕਿ ਹਰ ਸਿੱਖ ਭਾਵੇਂ ਮਰਦ ਹੋਵੇ ਭਾਵੇਂ ਇਸਤਰੀ, ਉਮਰ ਮੁਤਾਬਕ ਭਾਵੇਂ ਬੱਚਾ ਹੀ ਕਿਉਂ ਨਾ ਹੋਵੇ, ਪੰਜ ਭੂਤਕ ਸਰੀਰ ਨੂੰ ਅਗਨ ਭੇਟ ਕਰ ਕੇ ਸਸਕਾਰ ਕਰਨਾ ਲਾਜ਼ਮੀ ਹੈ, ਤੇ ਫਿਰ ਅੰਗੀਠਾ ਸਮੇਟ ਦੇਣਾ ਹੁੰਦਾ। ਰਹਿਤ ਮਰਿਆਦਾ ਬਣਾਉਣ ਵਕਤ ਸਿੱਖਾਂ ਨੇ ਅਗਨੀ ਸਸਕਾਰ ਨੂੰ ਐਵੇਂ ਨਹੀਂ ਚੁਣਿਆ। ਪੂਰੀ ਸਿੱਖ ਇਤਿਹਾਸ ਦੀ, ਗੁਰੂ ਸਾਹਿਬਾਨ ਦੇ ਜੀਵਨ ਦੀ ਖੋਜ ਕੀਤੀ ਗਈ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵਿਚਾਰਿਆ ਤੇ ਉਸ ਵਿਚ ਦਿੱਤੀ ਸਿੱਖਿਆ ਨੂੰ ਕੁਦਰਤੀ ਵਾਤਾਵਰਨ ਨੂੰ ਪੂਰਾ ਧਿਆਨ ਵਿਚ ਰੱਖ ਕੇ ਫੈਸਲਾ ਕੀਤਾ।

ਸਿੱਖ ਇਤਿਹਾਸ ਤੇ ਗੁਰੂ ਇਤਿਹਾਸ ਮ੍ਰਿਤਕ ਸਰੀਰ ਦੇ ਅਗਨ ਭੇਟ ਕਰਨ ਬਾਰੇ ਕੁਝ ਮਿਸਾਲਾਂ ਲੈਂਦੇ ਹਾਂ ਜਿਹੜੀਆਂ ਰਹਿਤ ਮਰਿਆਦਾ ਤਿਆਰ ਕਰਦੇ ਸਮੇਂ ਸਿੱਖਾਂ ਦੇ ਹਿਰਦੇ ਵਿਚ ਵਸੀਆਂ ਹੋਈਆਂ ਸਨ। ਪਹਿਲੇ ਗੁਰੂ ਜੀ ਵਲੋਂ ਅਗਲੇ ਗੁਰੂ ਨੂੰ ਗੁਰਿਆਈ ਬਖਸ਼ਣ ਉਪਰੰਤ ਜਦੋਂ ਸਰੀਰਕ ਚੋਲਾ ਤਿਆਗਿਆ ਜਾਂਦਾ ਤਾਂ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਮੌਜੂਦਾ ਗੁਰੂ ਅਗਨ ਭੇਟ ਕਰ ਦਿੰਦੇ ਸਨ। ਦੂਜੀ ਮਿਸਾਲ ਲੈਂਦੇ ਹਾਂ ਬਾਬਾ ਬੁੱਢਾ ਜੀ ਦੀ। ਸਿੱਖ ਇਤਿਹਾਸ ਵਿਚ ਉਨ੍ਹਾਂ ਵਰਗਾ ਬ੍ਰਹਮਗਿਆਨੀ ਮਹਾਂਪੁਰਖ ਸ਼ਾਇਦ ਕੋਈ ਵਿਰਲਾ ਹੀ ਹੋਇਆ ਹੈ। ਉਹ ਇਕੱਲੇ ਅਜਿਹੇ ਮਹਾਂਪੁਰਖ ਹੋਏ ਜਿਨ੍ਹਾਂ ਤੋਂ ਖੁਦ ਗੁਰੂ ਪਰਿਵਾਰ ਬਖਸ਼ਿਸ਼ਾਂ ਪ੍ਰਾਪਤ ਕਰਨ ਗਏ, ਜਿਨ੍ਹਾਂ ਨੂੰ ਪੰਜ ਗੁਰੂ ਸਾਹਿਬਾਨ ਨੂੰ ਗੁਰਿਆਈ ਰਸਮਾਂ ਨਿਭਾਉਣ ਦਾ ਸੁਭਾਗ ਮਿਲਿਆ। ਜਦੋਂ ਉਨ੍ਹਾਂ ਆਪਣਾ ਸਰੀਰ ਛੱਡਿਆ ਤਾਂ ਗੁਰੂ ਹਰਗੋਬਿੰਦ ਸਾਹਿਬ ਨੇ ਖੁਦ ਆਪਣੇ ਹੱਥੀਂ ਉਸ ਬ੍ਰਹਮ ਗਿਆਨੀ ਦਾ ਅਗਨ ਸਸਕਾਰ ਕੀਤਾ।

ਅਗਲੀ ਜਿਹੜੀ ਮਿਸਾਲ ਆਪਾਂ ਸਾਂਝੀ ਕਰਾਂਗੇ, ਇਹ ਸ਼ਾਇਦ ਸਾਡੇ ਮਨਾਂ ਨੂੰ ਇਹ ਸੋਚਣ ਲਈ ਜ਼ਰੂਰ ਮਜਬੂਰ ਕਰੇਗੀ ਕਿ ਅਗਨੀ ਸਸਕਾਰ ਹੀ ਸਿੱਖਾਂ ਨੇ ਆਪਣੀ ਰਹਿਤ ਮਰਿਆਦਾ ਵਿਚ ਕਿਉਂ ਪਾਇਆ। ਗੁਰੂ ਤੇਗ ਬਹਾਦਰ ਸਾਹਿਬ ਦੀ ਦਿੱਲੀ ਵਿਚ ਸ਼ਹੀਦੀ ਤੋਂ ਬਾਅਦ ਕਿਵੇਂ ਭਾਈ ਲੱਖੀ ਸ਼ਾਹ ਵਣਜਾਰੇ ਨੇ ਗੁਰੂ ਜੀ ਦੇ ਧੜ ਨੂੰ ਆਪਣੀ ਜਾਨ ਤਲੀ 'ਤੇ ਰੱਖ ਕੇ ਚੁੱਕਿਆ, ਤੇ ਉਨ੍ਹਾਂ ਦੇ ਪਵਿੱਤਰ ਧੜ ਦਾ ਸਸਕਾਰ ਆਪਣੇ ਘਰ ਦੇ ਅੰਦਰ ਹੀ, ਘਰ ਨੂੰ ਅੱਗ ਲਾ ਕੇ ਕੀਤਾ। ਉਹ ਜਾਣਦਾ ਸੀ ਕਿ ਸਿੱਖੀ ਸਿਧਾਂਤ ਵਿਚ ਸਰੀਰ ਨੂੰ ਅਗਨ ਭੇਟ ਕਰਨਾ ਹੀ ਜ਼ਰੂਰੀ ਹੈ। ਜੇ ਉਹ ਚਾਹੁੰਦਾ ਤਾਂ ਗੁਰੂ ਜੀ ਦੇ ਧੜ ਨੂੰ ਯਮਨਾ ਦਰਿਆ ਵਿਚ ਵੀ ਜਲ ਪ੍ਰਵਾਹ ਕਰ ਦਿੰਦਾ, ਯਮਨਾ ਦਿੱਲੀ ਦੇ ਵਿਚੀਂ ਹੀ ਤਾਂ ਵਗਦੀ ਸੀ, ਨਾਲੇ ਕਿਲ੍ਹੇ ਵਰਗਾ ਬਣਿਆ ਆਪਣਾ ਘਰ ਬਚਾ ਲੈਂਦਾ। ਭਾਈ ਜੈਤਾ ਗੁਰੂ ਜੀ ਦੇ ਸੀਸ (ਸਿਰ) ਨੂੰ ਲੈ ਕੇ ਸੈਂਕੜੇ ਮੀਲ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਉਹ ਵੀ ਰਸਤੇ ਵਿਚ ਕਿਸੇ ਦਰਿਆ ਵਿਚ ਜਲ ਪ੍ਰਵਾਹ ਕਰ ਸਕਦਾ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਤਾਂ ਬਿਲਕੁਲ ਨਾਲ ਖਹਿ ਕੇ ਸਤਲੁਜ ਵਹਿੰਦਾ। ਗੁਰੂ ਗੋਬਿੰਦ ਸਿੰਘ ਨੇ ਕਿਉਂ ਨਾ ਕੀਤਾ ਜਲ ਪ੍ਰਵਾਹ? ਸਿਰਫ ਅਗਨੀ ਸਸਕਾਰ ਕੀਤਾ, ਕਿਉਂ? ਕਿਉਂਕਿ ਇਹੋ ਹੀ ਸਿੱਖ ਸਿਧਾਂਤ ਸੀ। ਭਾਈ ਟੋਡਰ ਮੱਲ ਨੂੰ ਕਿਉਂ ਵੱਡੀ ਕੀਮਤ ਚੁਕਾਉਣੀ ਪਈ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਮ੍ਰਿਤਕ ਸਰੀਰ ਦਾ ਸਸਕਾਰ ਕਰਨ ਹਿੱਤ ਸੂਬਾ ਸਰਹਿੰਦ ਤੋਂ ਜ਼ਮੀਨ ਲੈਣ ਲਈ? ਉਹ ਵੀ ਤਾਂ ਰਾਤ-ਬਰਾਤੇ ਤਿੰਨੇ ਸਰੀਰ ਚੁੱਕ ਕੇ ਦਰਿਆ ਵਿਚ ਜਲ ਪ੍ਰਵਾਹ ਕਰ ਸਕਦਾ ਸੀ। ਨਹੀਂ ਕੀਤਾ ਉਸ ਨੇ ਇਸ ਤਰ੍ਹਾਂ, ਕਿਉਂਕਿ ਸਿੱਖੀ ਸੋਚ 'ਤੇ ਖੜ੍ਹਾ ਇਨਸਾਨ ਜਾਣਦਾ ਹੈ ਕਿ ਗੁਰਮਤਿ ਮੁਤਾਬਕ ਹਰ ਸਿੱਖ ਦੇ ਪੰਜ ਭੂਤਕ ਸਰੀਰ ਦਾ ਕੇਵਲ ਅਗਨੀ ਸਸਕਾਰ ਹੀ ਹੋਣਾ।

ਇਸ ਇਤਿਹਾਸ ਨੂੰ ਸਿੱਖ ਰਹਿਤ ਮਰਿਆਦਾ ਲਿਖਣ ਵਾਲੇ ਕਿਸੇ ਵੀ ਹਾਲਾਤ ਵਿਚ ਅੱਖੋਂ ਪਰੋਖੇ ਨਹੀਂ ਸੀ ਕਰ ਸਕਦੇ, ਤਾਂ ਹੀ ਅਗਨੀ ਸਸਕਾਰ ਮਰਿਆਦਾ ਦਾ ਹਿੱਸਾ ਬਣਿਆ ਪਰ ਹੁਣ ਖੁਦ ਹੀ ਗੁਰੂ ਦੇ ਵੱਡੇ ਸਿੱਖ ਕਹਾਉਂਦੇ, ਆਪਣੇ ਸੰਤ ਜੀ ਦੀ ਮ੍ਰਿਤਕ ਦੇਹ ਨੂੰ ਸਿੱਖ ਰਹਿਤ ਮਰਿਆਦਾ ਦੇ ਉਲਟ ਜਾ ਕੇ ਦਰਿਆ ਵਿਚ ਜਲ ਪ੍ਰਵਾਹ ਕਰਦੇ ਹਨ, ਤਾਂ ਇਹ ਗੁਰੂ ਦੇ ਸਿੱਖ ਕਿਵੇਂ ਕਹਾ ਸਕਦੇ ਹਨ? ਇਹ ਕਿਉਂ ਗੁਰੂ ਜੀ ਦੇ ਦਰਸਾਏ ਰਸਤੇ ਤੋਂ ਉਲਟ ਚੱਲ ਰਹੇ ਆ? ਜਲ ਪ੍ਰਵਾਹ ਕਿਹੜੀ ਰਹਿਤ ਮਰਿਆਦਾ ਵਿਚ ਆਉਂਦਾ ਹੈ? ਅਗਨੀ ਸਸਕਾਰ ਕਰਨ ਵਿਚ ਕੀ ਹਰਜ ਆ ਭਲਾ? ਕੀ ਸੰਤ ਸਿੱਖ ਨਹੀਂ ਹੁੰਦਾ?

ਇਹ ਤਾਂ ਸਨ ਕੁਝ ਵਿਚਾਰਾਂ ਜਿਹੜੀਆਂ ਰਹਿਤ ਬਾਰੇ ਸਨ; ਹੁਣ ਅਗਲਾ ਪੱਖ ਜਿਹੜਾ ਮ੍ਰਿਤਕ ਸਰੀਰ ਨੂੰ ਜਲ ਪ੍ਰਵਾਹ ਕਰਨ ਵਿਚ ਖਤਰਨਾਕ ਲੱਗਿਆ ਹੈ, ਉਹ ਹੈ ਵਾਤਾਵਰਨ ਦਾ ਪ੍ਰਦੂਸ਼ਣ। ਹਿੰਦੋਸਤਾਨ ਵਿਚ ਗੰਗਾ ਦਰਿਆ ਨੂੰ ਬੜਾ ਪਵਿੱਤਰ ਮੰਨਿਆ ਜਾਂਦਾ ਹੈ ਪਰ ਅੱਜ ਇਹੋ ਗੰਗਾ ਸਭ ਤੋਂ ਵੱਧ ਪ੍ਰਦੂਸ਼ਿਤ ਦਰਿਆਵਾਂ ਵਿਚੋਂ ਇਕ ਹੈ। ਕਿਉਂ ਹੈ ਭਲਾ? ਵੱਡਾ ਕਾਰਨ ਇਹੀ ਹੈ ਕਿ ਮੁਕਤੀ ਖਾਤਰ ਹਿੰਦੂਆਂ ਦਾ ਆਪਣੇ ਜੀਆਂ ਦੀ ਮੌਤ ਤੋਂ ਬਾਅਦ ਸਰੀਰ ਨੂੰ ਗੰਗਾ ਭੇਟ ਕਰ ਦੇਣਾ। ਸਰੀਰ ਗਲ-ਸੜ ਕੇ ਪਾਣੀ ਨੂੰ ਇੰਨਾ ਗੰਧਲਾ ਕਰ ਦਿੰਦਾ ਹੈ ਕਿ ਪੀਣਯੋਗ ਨਹੀਂ ਰਹਿੰਦਾ। ਸਭ ਜਾਣਦੇ ਹਨ ਕਿ ਪਾਣੀ ਦਾ ਆਪਣਾ ਸੁਭਾਅ ਹੈ, ਇਹ ਆਪਣੇ ਵਿਚ ਡਿੱਗੇ ਮ੍ਰਿਤਕ ਸਰੀਰ ਨੂੰ ਛੇਤੀ ਤੋਂ ਛੇਤੀ ਬਾਹਰ ਕੱਢ ਦਿੰਦਾ ਹੈ। ਤਾਂ ਹੀ ਤਾਂ ਡੁੱਬਿਆ ਸਰੀਰ ਤੀਜੇ ਦਿਨ ਫੁੱਲ ਕੇ ਤੈਰਨ ਲੱਗ ਜਾਂਦਾ। ਡੁੱਬਣ ਤੋਂ ਲੈ ਕੇ ਤੈਰਨ ਤੱਕ ਸਰੀਰ ਵਿਚ ਕਈ ਰਸਾਇਣਕ ਤਬਦੀਲੀਆਂ ਆਉਂਦੀਆਂ, ਕਈ ਖਤਰਨਾਕ ਬੈਕਟੀਰੀਆ ਪੈਦਾ ਹੁੰਦੇ। ਆਮ ਤੌਰ 'ਤੇ ਤੈਰਦੀਆਂ ਲਾਸ਼ਾਂ ਕੱਢ ਕੇ ਦਬਾ ਦਿੱਤੀਆਂ ਜਾਂਦੀਆਂ ਜਾਂ ਸਸਕਾਰ ਕਰ ਦਿੱਤਾ ਜਾਂਦਾ। ਜਿਸ ਤਰੀਕੇ ਨਾਲ ਸਾਡੇ ਸਿੱਖ, ਸੰਤਾਂ ਦੇ ਸਰੀਰਾਂ ਨੂੰ ਜਲ ਪ੍ਰਵਾਹ ਕਰਦੇ ਆ, ਇਹ ਬਹੁਤ ਖਤਰਨਾਕ ਹੁੰਦਾ। ਸਰੀਰ ਨੂੰ ਬਕਸੇ ਵਿਚ ਪਾ ਕੇ ਵਿਚ ਭਾਰ ਰੱਖ ਦਿੱਤਾ ਜਾਂਦਾ ਹੈ ਤੇ ਬਕਸੇ ਵਿਚ ਕੁਝ ਛੇਕ ਕਰ ਦਿੱਤੇ ਜਾਂਦੇ, ਤਾਂ ਕਿ ਇਹ ਕਦੇ ਵੀ ਤੈਰ ਨਾ ਸਕੇ। ਸਰੀਰ ਭਾਵੇਂ ਆਮ ਆਦਮੀ ਦਾ ਹੋਵੇ ਭਾਵੇਂ ਸੰਤ ਦਾ, ਇਹਨੇ ਗਲਣਾ-ਸੜਨਾ ਤਾਂ ਹੈ ਈ; ਇਹ ਕੁਦਰਤ ਦਾ ਨਿਯਮ ਹੈ। ਇਸ ਤਰ੍ਹਾਂ ਜਲ ਪ੍ਰਵਾਹ ਕੀਤਾ ਸੰਤ ਦਾ ਸਰੀਰ ਬਕਸੇ ਵਿਚ ਹੀ ਸੜਦਾ ਰਹਿੰਦਾ ਹੈ ਤੇ ਛੇਕਾਂ ਰਾਹੀਂ ਬੋਟੀ-ਬੋਟੀ ਮਾਸ ਦੀ ਬਾਹਰ ਨਿਕਲ ਕੇ ਪਾਣੀ ਨੂੰ ਕਈ ਮਹੀਨੇ ਗੰਧਲਾ ਕਰਦਾ ਰਹਿੰਦਾ ਹੈ। ਹੱਡੀਆਂ ਤਾਂ ਕਦੇ ਵੀ ਨਹੀਂ ਨਿਕਲਦੀਆਂ। ਬੜਾ ਲੰਮਾ ਚਿਰ ਇਹ ਪਾਣੀ ਨੂੰ ਪ੍ਰਦੂਸ਼ਿਤ ਕਰਦੀਆਂ ਰਹਿੰਦੀਆਂ ਹਨ। ਜੱਗ ਜਾਣਦਾ ਹੈ ਕਿ ਸਤਲੁਜ ਦਰਿਆ ਵਿਚੋਂ ਨਿਕਲਦੀਆਂ ਨਹਿਰਾਂ, ਸਿਰਫ ਸਿੰਜਾਈ ਲਈ ਹੀ ਪਾਣੀ ਨਹੀਂ ਮੁਹੱਈਆ ਕਰਾਉਂਦੀਆਂ, ਸਗੋਂ ਇਨਸਾਨਾਂ ਦੇ ਪੀਣ ਲਈ ਪਾਣੀ ਦਾ ਵੀ ਇਹੋ ਸਾਧਨ ਹਨ। ਤੇ ਇਹਨੂੰ ਪਲੀਤ ਕਰਨਾ ਕਿਥੋਂ ਦੀ ਸਮਝਦਾਰੀ ਮੰਨੀ ਜਾਵੇ? ਨਾਲੇ ਲੰਮੀ ਉਮਰ ਤੱਕ ਤਾਂ ਸਰੀਰ ਨੂੰ ਕਈ ਬਿਮਾਰੀਆਂ ਨੇ ਵੀ ਜਕੜਿਆ ਹੁੰਦਾ, ਬਿਮਾਰੀ ਖਾਧਾ ਮ੍ਰਿਤਕ ਸਰੀਰ ਤਾਂ ਪਾਣੀ ਰਾਹੀਂ ਉਹੋ ਬਿਮਾਰੀਆਂ ਅੱਗੇ ਫੈਲਾਉਂਦਾ। ਉਦਾਂ ਕਿਹਾ ਜਾਂਦਾ ਕਿ ਸੰਤਾਂ ਮਹਾਂਪੁਰਖਾਂ ਨੇ ਤਾਂ ਆਪਣੇ ਸੇਵਕਾਂ ਦੀਆਂ ਕਈ ਬਿਮਾਰੀਆਂ ਆਪਣੇ ਸਰੀਰ 'ਤੇ ਲੈ ਕੇ ਉਨ੍ਹਾਂ ਨੂੰ ਰਾਜ਼ੀ ਕੀਤਾ ਹੁੰਦਾ; ਮੇਰੇ ਮੰਨਣ ਜਾਂ ਨਾ ਮੰਨਣ ਨਾਲ ਕੀ ਫਰਕ ਪੈਂਦਾ, ਪਰ ਸੰਤ ਹੰਸਾਲੀ ਵਾਲਿਆਂ ਬਾਰੇ ਮੇਰੇ ਬਹੁਤ ਪਿਆਰੇ ਗੁਰਮੁਖ ਸੁਹਿਰਦ ਮਿੱਤਰ ਨੇ ਮੈਨੂੰ ਦੱਸਿਆ ਕਿ ਉਸ ਨੇ ਇਨ੍ਹਾਂ ਸੰਤਾਂ ਦੀ ਇਕ ਵੀਡੀਓ ਇੰਟਰਨੈਟ 'ਤੇ ਦੇਖੀ ਜਿਸ ਵਿਚ ਇਹ ਸੰਤ ਗੁਰਮਤਿ ਦਾ ਪ੍ਰਚਾਰ ਕਰਦੇ ਇਹ ਸੁਣਾ ਰਹੇ ਸਨ ਕਿ ਇਕ ਵਾਰ ਕੋਈ ਮੁਟਿਆਰ ਉਨ੍ਹਾਂ ਨੂੰ ਕਹਿੰਦੀ ਕਿ ਬਾਬਾ ਜੀ ਮੇਰਾ ਵਿਆਹ ਨਹੀਂ ਹੁੰਦਾ। ਕਾਰਨ ਪੁੱਛਣ 'ਤੇ ਕਹਿੰਦੀ ਕਿ ਮੇਰੇ ਮੂੰਹ 'ਤੇ ਮੋਹਕੇ ਬਹੁਤ ਨਿਕਲੇ ਹੋਏ ਹਨ, ਕੋਈ ਲੜਕਾ ਪਸੰਦ ਨਹੀਂ ਕਰਦਾ, ਤਾਂ ਸੰਤ ਕਹਿੰਦੇ ਕਿ ਆਹ ਕਿਹੜੀ ਵੱਡੀ ਗੱਲ ਆ ਧੀਏ! ਤੇਰੇ ਮੋਹਕੇ ਮੈਂ ਲੈ ਲੈਨਾਂ, ਤੇ ਉਸ ਤੋਂ ਬਾਅਦ ਉਸ ਮੁਟਿਆਰ ਦੇ ਮੋਹਕੇ ਠੀਕ ਹੋ ਗਏ ਤੇ ਉਹੋ ਮੋਹਕੇ ਸੰਤ ਜੀ ਦੇ ਮੂੰਹ 'ਤੇ ਨਿਕਲ ਆਏ ਜਿਹੜੇ ਆਪਾਂ ਸਾਰਿਆਂ ਨੇ ਟੀ.ਵੀ. 'ਤੇ ਉਨ੍ਹਾਂ ਦੇ ਅਕਾਲ ਚਲਾਉਣੇ ਤੋਂ ਬਾਅਦ ਦਿਖਾਈਆਂ ਵੀਡੀਓ ਵਿਚ ਦੇਖੇ। ਇਸ ਤਰ੍ਹਾਂ ਇਨ੍ਹਾਂ ਸੰਤਾਂ ਨੇ ਆਪਣੇ ਹੋਰ ਸੇਵਕਾਂ ਦੀਆਂ ਕਈ ਬਿਮਾਰੀਆਂ ਆਪਣੇ ਸਰੀਰ 'ਤੇ ਲਈਆਂ ਹੋਣੀਆਂ, ਤੇ ਇੰਨੇ ਵੱਡੇ ਦਿਆਲੂ ਸੰਤਾਂ ਦੀ ਮ੍ਰਿਤਕ ਦੇਹ ਨੂੰ ਉਹਦੇ ਸੇਵਕਾਂ ਵਲੋਂ ਸਤਲੁਜ ਵਿਚ ਜਲ ਪ੍ਰਵਾਹ ਕਰ ਕੇ ਮੁੜ ਉਹੋ ਬਿਮਾਰੀਆਂ ਹੋਰ ਲੋਕਾਂ ਵਿਚ ਵੰਡਣ ਦਾ ਸਬੱਬ ਬਣਾ ਦਿੱਤਾ। ਉਦਾਂ ਤਾਂ ਇਨ੍ਹਾਂ ਸੰਤ ਮਹਾਂਪੁਰਖਾਂ ਵਲੋਂ ਸੁਨਾਮੀ ਰੋਕਣ ਬਾਰੇ ਵੀ ਮੈਂ ਕਿਤੇ ਪੜ੍ਹਿਆ-ਸੁਣਿਆ ਹੋਇਆ!



*ਸੰਤ ਅਜੀਤ ਸਿੰਘ ਹੰਸਾਲੀ ਵਾਲਿਆਂ ਦੀ ਮ੍ਰਿਤਕ ਦੇਹ ਨੂੰ ਜਲ ਪ੍ਰਵਾਹ ਕਰਨ ਲਈ ਲਿਜਾ ਰਹੇ ਉਨ੍ਹਾਂ ਦੇ ਸ਼ਰਧਾਲੂ*

ਸੰਤਾਂ ਦੇ ਕਿਸੇ ਸ਼ਰਧਾਲੂ ਨੇ ਮੈਨੂੰ ਜਲ ਪ੍ਰਵਾਹ ਕਰਨ ਬਾਰੇ ਜਿਹੜੀ ਦਲੀਲ ਦਿੱਤੀ, ਉਹ ਇਸ ਤਰ੍ਹਾਂ ਹੈ ਕਿ ਸੰਤ ਚਾਹੁੰਦੇ ਹਨ ਕਿ ਮਰਨ ਉਪਰੰਤ ਵੀ ਉਨ੍ਹਾਂ ਦਾ ਸਰੀਰ ਦਰਿਆ ਦੀਆਂ ਮੱਛੀਆਂ ਦੇ ਖਾਣ ਦੇ ਕੰਮ ਆਵੇ, ਸਾੜਨ ਦਾ ਕੋਈ ਫਾਇਦਾ ਨਹੀਂ। ਜੇ ਇਹ ਗੱਲ ਹੈ ਤਾਂ ਇਹ ਹੋਰ ਵੀ ਖਤਰਨਾਕ ਹੈ, ਕਿਉਂਕਿ ਗਲਿਆ-ਸੜਿਆ ਸੜ੍ਹਿਆਂਦ ਮਾਰਦਾ ਮਾਸ ਮੱਛੀਆਂ ਲਈ ਵੀ ਬਹੁਤ ਮਾਰੂ ਹੁੰਦਾ ਹੈ। ਫਿਰ ਕਿਉਂ ਜੀਵ ਹੱਤਿਆ ਕਰਦੇ ਆ ਜਲ ਪ੍ਰਵਾਹ ਕਰ ਕੇ? ਨਾਲੇ ਮੱਛੀਆਂ ਵੀ ਮਨੁੱਖਾਂ ਦੇ ਖਾਣ ਲਈ ਫੜੀਆਂ ਜਾਂਦੀਆਂ ਤੇ ਬਿਮਾਰੀ ਵਾਲਾ ਮਾਸ ਖਾ ਕੇ ਪਲੀਆਂ ਮੱਛੀਆਂ ਅੱਗੇ ਤੰਦਰੁਸਤ ਇਨਸਾਨਾਂ ਨੂੰ ਬਿਮਾਰ ਕਰ ਕੇ ਮਾਰਨਗੀਆਂ। ਦਰਿਆਵਾਂ ਦੇ ਪਾਣੀ ਨੂੰ ਪਲੀਤ ਕਰਨਾ ਜਿਥੇ ਕਾਨੂੰਨੀ ਜੁਰਮ ਹੈ, ਉਥੇ ਇਹ ਗੁਰਮਤਿ ਦੇ ਵੀ ਉਲਟ ਹੈ।

ਗੁਰਬਾਣੀ ਵਿਚ ਦਰਿਆਵਾਂ ਦਾ ਬੜੀ ਵਾਰੀ ਜ਼ਿਕਰ ਆਉਂਦਾ। ਕੋਈ ਵੀ ਮਿਸਾਲ ਦੇ ਕੇ ਜਦੋਂ ਗੁਰੂ ਜੀ ਗੁਰਮਤਿ ਦੀ ਸੋਝੀ ਕਰਾਉਂਦੇ ਹਨ ਤਾਂ ਕਾਦਰ ਦੀ ਕੁਦਰਤ ਦੇ ਸੋਮਿਆਂ ਦਾ ਜ਼ਿਕਰ ਕਰਦੇ ਹਨ। ਦੂਜੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਾਝ ਦੀ ਵਾਰ ਵਿਚ ਜੋ ਸ਼ਬਦ ਰਚਿਆ, ਦਰਿਆਵਾਂ ਨੂੰ ਦੋਸਤ ਕਿਹਾ- 'ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥' ਤੇ ਪਾਣੀ ਨੂੰ ਪਿਤਾ ਵਰਗਾ ਦਰਜਾ ਦਿੱਤਾ ਹੋਇਆ। ਭਲਾ ਕੋਈ ਬੰਦਾ ਆਪਣੇ ਪਿਤਾ ਤੇ ਦੋਸਤ ਨੂੰ ਵੀ ਗੰਦਾ ਕਰਦਾ? ਨਹੀਂ ਨਾ ਕਰਦਾ, ਜੇ ਅਕ੍ਰਿਤਘਣ ਨਾ ਹੋਏ ਤਾਂ; ਫਿਰ ਜਿਹੜੇ ਦਾਅਵਾ ਕਰਦੇ ਆ ਕਿ ਵਾਹਦ ਸੰਤ ਹੀ ਸਾਰੀ ਜ਼ਿੰਦਗੀ ਗੁਰਮਤਿ ਦਾ ਸਹੀ ਪ੍ਰਚਾਰ ਕਰ ਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਦੇ ਰਹੇ, ਫਿਰ ਉਨ੍ਹਾਂ ਦੇ ਸ਼ਰਧਾਲੂ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਕਿਉਂ ਜਲ ਪ੍ਰਵਾਹ ਕਰ ਕੇ ਗੁਰਮਤਿ ਤੋਂ ਤੋੜਦੇ? ਸਮਝ ਨਹੀਂ ਲੱਗਦੀ ਕਿ ਪੰਜਾਬ ਦਾ ਪ੍ਰਦੂਸ਼ਣ ਕੰਟਰੋਲ ਬੋਰਡ ਵੀ ਇਹਦੇ ਵੱਲ ਕੋਈ ਤਵੱਜੋ ਕਿਉਂ ਨਹੀਂ ਦਿੰਦਾ। ਸੰਤ ਬਲਬੀਰ ਸਿੰਘ ਸੀਚੇਵਾਲ ਜਿਹੜਾ ਦਰਿਆਵਾਂ ਤੇ ਬੇਈਆਂ ਸਾਫ ਕਰਾਉਣ ਲਈ ਪੂਰਾ ਜ਼ੋਰ ਲਾਉਂਦਾ, ਉਹ ਆਪਣੇ ਹੀ ਸੰਤ-ਭਾਈ ਦੀ ਮ੍ਰਿਤਕ ਦੇਹ ਨੂੰ ਦਰਿਆ ਵਿਚ ਜਲ ਪ੍ਰਵਾਹ ਕਰਨ ਦੀ ਆਗਿਆ ਕਿਉਂ ਦਿੰਦਾ? ਗੁਰੂਆਂ ਦੀ ਵਿਰਾਸਤ ਸੰਭਾਲੀ ਬੈਠੇ ਜਥੇਦਾਰ ਖੁਦ ਜਾ ਕੇ ਗੁਰਮਤਿ ਤੋਂ ਉਲਟ ਜਲ ਪ੍ਰਵਾਹ ਕਰਾਉਂਦੇ ਹਨ, ਕੀ ਹੱਕ ਬਣਦਾ ਇਨ੍ਹਾਂ ਦਾ ਗੁਰੂ ਸਾਹਿਬਾਨ ਦੇ ਸਜਾਏ ਤਖ਼ਤਾਂ 'ਤੇ ਬੈਠਣ ਦਾ?

ਮੇਰਾ ਆਹ ਲਿਖਣ ਦਾ ਮਕਸਦ ਸੰਤ ਮਹਾਂਪੁਰਸ਼ ਦੀ ਦੇਹ ਦਾ ਨਿਰਾਦਰ ਕਰਨਾ ਨਾ ਸਮਝਿਆ ਜਾਵੇ, ਬਲਕਿ ਮੈਂ ਤਾਂ ਉਸ ਨਿਰਾਦਰ ਵੱਲ ਉਂਗਲੀ ਕੀਤੀ ਹੈ ਜਿਹੜਾ ਸੰਤਾਂ ਦੀ ਦੇਹ ਨੂੰ ਜਲ ਪ੍ਰਵਾਹ ਕਰ ਕੇ ਕੀਤਾ।

---

## ਕਾਵਿ-ਕਿਆਰੀ

### ਗ਼ਜ਼ਲ

ਜ਼ਿੰਦਗੀ ਵਿਚ ਹੋਣਗੇ ਧੋਖੇ ਬੜੇ।
ਮਿਲਣਗੇ ਸੰਭਲਣ ਦੇ ਵੀ ਮੌਕੇ ਬੜੇ।
ਕਰ ਨਾ ਤੂੰ ਮੇਰੇ ਦਿਲਾ ਜ਼ਿਦ ਇਸ਼ਕ ਦੀ,
ਭੋਲਿਆ ਇਸ ਦੇ ਸਿਲੇ ਔਖੇ ਬੜੇ।
ਬੇਮੁਹਾਰੇ ਬਹਿ ਤੁਰੇ ਵਿਛੜਨ ਸਮੇਂ,
ਅੱਖੀਆਂ ਨੇ ਅੱਥਰੂ ਰੋਕੇ ਬੜੇ।
ਕੀ ਪਤਾ ਸੀ ਉਹ ਨਜ਼ਰ ਫੇਰੇਗਾ ਇਓਂ,
ਪਿਆਰ ਵਿਚ ਹੁੰਦੇ ਨੇ ਉਂਜ ਰੋਸੇ ਬੜੇ।
ਸਿਦਕ ਸੀ ਮੇਰਾ ਕਿ ਮੰਜ਼ਿਲ ਪਾ ਲਈ,
ਮੁਸ਼ਕਿਲਾਂ ਮੇਰੇ ਕਦਮ ਰੋਕੇ ਬੜੇ।
ਕਰਨਗੇ ਵਾਅਦੇ ਤੇ ਵਾਅਦਾ ਦਿਲ ਮੇਰੇ,
ਉਹ ਦਿਲਾਸੇ ਦੇਣਗੇ ਫੋਕੇ ਬੜੇ।
ਹਾਕ ਨਾ ਆਈ ਕਿਸੇ ਦੀ 'ਕੰਗ' ਜੀ
ਇਸ਼ਕ ਨੇ ਦਿੱਤੇ ਮਗਰ ਹੋਕੇ ਬੜੇ।
*(ਪਹਿਲੀ ਪੁਸਤਕ ਸਵਾਂਤੀ ਬੂੰਦ ਵਿਚੋਂ)*

***-ਹਰਜਿੰਦਰ ਕੰਗ***

---

### ਸੱਚ

ਸੱਚੀ ਡਗਰ 'ਤੇ ਸਦਾ ਹੈ ਤੁਰਨਾ
ਝੂਠੀ ਡਗਰ ਨਾ ਫੜਨਾ।
ਸੋਚ ਲੈ ਬੰਦਿਆ ਜ਼ਿੰਦਗੀ ਵਿਚ
ਤੂੰ ਕੀ ਆਖਰ ਕਰਨਾ।

ਸਰਬੰਸ ਵਾਰ ਕੇ ਪਿਤਾ ਗੋਬਿੰਦ ਨੇ
ਧਰਮ ਨੂੰ ਸੀ ਬਚਾਇਆ।
ਆਰਿਆਂ ਉਤੇ ਤਨ ਚਿਰਵਾ ਕੇ
ਸਿੰਘਾਂ ਨੇ ਸਿੱਖੀ ਨੂੰ ਕਮਾਇਆ।
ਧਰਮ ਦੀ ਖਾਤਰ ਆਵੇ ਜਿਨ੍ਹਾਂ ਨੂੰ
ਜਾਨ ਨਿਛਾਵਰ ਕਰਨਾ।...

ਦੇਸ਼ ਦੀ ਆਨ-ਸ਼ਾਨ ਖਾਤਰ
ਜੋ ਬੰਦੇ ਸੂਲੀ ਚੜ੍ਹਦੇ।
ਦਿਲ ਵਿਚ ਜਿਨ੍ਹਾਂ ਦੇ ਖੌਫ ਨਹੀਂ ਹੈ
ਜ਼ੁਲਮ ਅੱਗੇ ਜੋ ਲੜਦੇ।
ਸਿੱਖਿਆ ਜਿਨ੍ਹਾਂ ਨੇ ਦੁਸ਼ਮਨ ਅੱਗੇ
ਕਦੀ ਵੀ ਨਹੀਂਓਂ ਡਰਨਾ।...

ਸੱਚ ਦੇ ਉਤੇ ਹੀ ਟਿਕੀ ਹੈ
ਇਹ ਸਭ ਉਸ ਦੀ ਕੁਦਰਤ।
ਸੱਚਾ ਉਸ ਦਾ ਨਾਮ ਹੈ ਬੰਦਿਆ
ਸੱਚੀ ਉਸ ਦੀ ਮੂਰਤ।
ਉਸ ਸੱਚੇ ਦੀ ਓਟ ਲੈ ਕੇ
ਸਿੱਖ ਲੈ ਭਵਜਲ ਤਰਨਾ।...

ਜੋ ਬੀਜੇਂਗਾ ਉਹ ਪਾਏਂਗਾ
ਚੰਗੇ ਕਰਮ ਕਰ ਲੈ।
ਦਰ ਦਰ ਭਟਕਣ ਨਾਲੋਂ ਚੰਗਾ
ਰੱਬ ਦਾ ਤੂੰ ਦਰ ਫੜ੍ਹ ਲੈ।
ਸੱਚ ਨੂੰ ਆਪਣੇ ਦਿਲ ਵਿਚ 'ਮਾਨ'
ਪਵੇਗਾ ਤੈਨੂੰ ਧਰਨਾ।
ਸੋਚ ਲੈ ਬੰਦਿਆ ਜ਼ਿੰਦਗੀ ਵਿਚ
ਤੂੰ ਕੀ ਆਖਰ ਕਰਨਾ।

***-ਦਿਲਪ੍ਰੀਤ ਮਾਨ, ਕਲੋਵਿਸ***
***ਫੋਨ: 559-291-7116***

### ਗ਼ਜ਼ਲ

ਮਹਿਫਿਲ 'ਚ ਉਸ ਦੇ ਗੀਤ ਮਗਰੋਂ ਤਾੜੀਆਂ ਦਾ ਸ਼ੋਰ ਸੀ।
ਬੈਠਾ ਰਿਹਾ ਜੋ ਸਿਰ ਝੁਕਾਈ ਦਿਲ 'ਚ ਕਿਹੜਾ ਚੋਰ ਸੀ।
ਝੁਕ ਝੁਕ ਕੇ ਦਿੰਦੇ ਦਾਦ ਸੀ ਸਭ ਲੋਕ ਹੀ ਫਨਕਾਰ ਨੂੰ,
ਜੋ ਸ਼ਖ਼ਸ ਹੰਝੂ ਸੁਟ ਰਿਹਾ ਸੀ ਦਿਲ ਕਿਤੋਂ ਕਮਜ਼ੋਰ ਸੀ।
ਵਗਦੀ ਪਈ ਸੀ ਪੌਣ ਠੰਢੀ ਸਭ ਪ੍ਰਾਣੀ ਮਸਤ ਸਨ,
ਆਲਾ-ਦੁਆਲਾ ਮਹਿਕਦਾ ਛਾਈ ਘਟਾ ਘਨਘੋਰ ਸੀ।
ਨਿੱਕੀ ਕਣੀ ਦੀ ਭੂਰ ਡਿਗਦੀ ਝੂੰਮਦੇ ਸਨ ਪੱਤ ਸਭ,
ਪੰਛੀ ਸੀ ਫਿਰਦੇ ਚਹਿਕਦੇ ਤੇ ਪੈਲ ਪਾਉਂਦੇ ਮੋਰ ਸੀ।
ਬਿਜਲੀ ਸੀ ਹਸ ਹਸ ਅੰਬਰੀਂ ਕੌਤਕ ਦਿਖਾਉਂਦੀ ਧਰਤ ਨੂੰ,
ਪਲ ਪਲ ਦੇ ਮਗਰੋਂ ਸੁੱਟਦੀ ਹਰ ਸ਼ਖ਼ਸ 'ਤੇ ਲਿਸ਼ਕੋਰ ਸੀ।
ਆਕਾਸ਼ ਸੀ ਮਨ ਦਾ ਕਿ ਜਿਸ ਵਿਚ ਚੜ੍ਹਦੀਆਂ ਸਨ ਗੁੱਡੀਆਂ,
ਕੌਣ ਚੁਣ ਚੁਣ ਕੱਟਦਾ ਇਹ ਹੱਥ ਕਿਸ ਦੇ ਡੋਰ ਸੀ।
ਮੁਨਸਿਫ਼ ਸੀ ਆਪਣਾ ਫੈਸਲਾ ਦਿੰਦਾ ਬੜਾ ਹੀ ਸੋਚ ਕੇ,
ਦੋਸ਼ੀ ਹਮੇਸ਼ਾ ਹੀ ਬਰੀ ਤੇ ਕੈਦ ਹੁੰਦਾ ਹੋਰ ਸੀ।

***-ਗੁਰਦਿਆਲ ਦਲਾਲ***

# ਮੁਨਾਰੇ ਦਾ ਚਾਨਣ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਮਧ ਏਸ਼ਿਆਈ ਦੇਸਾਂ ਨਾਲ ਭਾਰਤ ਦੇ ਆਦਾਨ-ਪ੍ਰਦਾਨ ਵਾਲੇ ਸਬੰਧ ਚਿਰਕਾਲ ਤੋਂ ਚਲੇ ਆਉਂਦੇ ਹਨ ਪਰ ਗਿਆਰਵੀਂ-ਬਾਰ੍ਹਵੀਂ ਸਦੀ ਤੋਂ ਮੁਸਲਮਾਨਾਂ ਦੇ ਸਿਧੇ ਸ਼ਾਸਨ ਨਾਲ ਉਨ੍ਹਾਂ ਦੀ ਸਭਿਅਤਾ ਦਾ ਇਥੇ ਦੀ ਜ਼ਿੰਦਗੀ ਦੇ ਵਿਭਿੰਨ ਪੱਖਾਂ ‘ਤੇ ਡੂੰਘਾ ਅਸਰ ਪਿਆ। ਤੇਰ੍ਹਵੀਂ ਸਦੀ ਦੇ ਸ਼ੁਰੂ ਵਿਚ ਕੁਤਬ ਦੀਨ ਐਬਕ ਨੇ ਭਾਰਤ ‘ਤੇ ਆਪਣੀ ਹਕੂਮਤ ਜਮਾ ਲਈ। ਦਿੱਲੀ ਦੇ ਤਖਤ ‘ਤੇ ਸੁਲਤਾਨ ਕਹਾਉਂਦੇ ਪੰਜ ਮਮੂਲਕ ਵੰਸ਼ ਦੇ ਬਾਦਸ਼ਾਹਾਂ ਨੇ ਰਾਜ ਕੀਤਾ। ਇਹ ਸ਼ਾਸਕ ਭਾਵੇਂ ਤੁਰਕ ਤੇ ਅਫਗਾਨੀ ਮੂਲ ਦੇ ਸਨ ਪਰ ਸਭਿਆਚਾਰਕ ਤੌਰ ‘ਤੇ ਇਨ੍ਹਾਂ ਉਤੇ ਇਰਾਨ ਦਾ ਦਬਦਬਾ ਸੀ। ਇਨ੍ਹਾਂ ਇਸਲਾਮਿਕ ਦੇਸ਼ਾਂ ਦੀਆਂ ਇਮਾਰਤਾਂ ਦੀ ਖਾਸੀਅਤ ਇਹ ਸੀ ਕਿ ਉਨ੍ਹਾਂ ਵਿਚ ਆਮ ਤੌਰ ‘ਤੇ ਮਹਿਰਾਬ, ਮੀਨਾਰ ਅਤੇ ਗੁੰਬਦ ਹੁੰਦੇ ਸਨ ਜੋ ਕਿ ਭਾਰਤੀ ਇਮਾਰਤਾਂ ਵਿਚ ਗਾਇਬ ਸਨ।

ਇਸਲਾਮੀ ਪ੍ਰਵੇਸ਼ ਨਾਲ ਭਾਰਤੀ ਇਮਾਰਤਸਾਜ਼ੀ ਵਿਚ ਵੀ ਇਹ ਨਕਸ਼ ਉਭਰਨ ਲੱਗੇ। ਭਾਰਤ ਦੇ ਆਖਰੀ ਰਾਜੇ ਨੂੰ ਹਰਾਉਣ ਪਿਛੋਂ ਕੁਤਬ ਦੀਨ ਐਬਕ ਨੇ 1193 ਵਿਚ ਆਪਣੀ ਜਿੱਤ ਦੇ ਜਸ਼ਨ ਵਿਚ ਕੁਤਬ ਮੀਨਾਰ ਬਣਵਾਉਣਾ ਸ਼ੁਰੂ ਕੀਤਾ। ਬਾਅਦ ਦੇ ਸੁਲਤਾਨਾਂ ਇਲਤਮੁਸ਼ ਅਤੇ ਫਿਰੋਜ਼ ਸ਼ਾਹ ਤੁਗਲਕ ਨੇ ਇਸ ਦੀਆਂ ਪੰਜ ਮੰਜ਼ਿਲਾਂ ਨੂੰ ਪੂਰਿਆਂ ਕੀਤਾ। 74 ਮੀਟਰ ਉਚਾਈ ਵਾਲੀ ਇਹ ਮੀਨਾਰ ਦੁਨੀਆਂ ਵਿਚ ਸਭ ਤੋਂ ਵੱਡੀ ਹੈ। ਇਸ ਵਿਚ ਲਾਲ ਪੱਥਰ, ਸੰਗਮਰਮਰ ਅਤੇ ਆਮ ਪੱਥਰ ਦੀ ਵਰਤੋਂ ਕੀਤੀ ਗਈ ਹੈ। ਇਹ ਮੀਨਾਰ ਪੱਛਮੀ ਅਫਗਾਨਿਸਤਾਨ ਦੀ ਮੀਨਾਰ-ਏ-ਜਾਮ ਤੋਂ ਪ੍ਰੇਰਿਤ ਹੋ ਕੇ ਬਣਾਈ ਗਈ। ਦੋਵਾਂ ਮੀਨਾਰਾਂ ਨਾਲ ਮਸਜਿਦਾਂ ਵੀ ਜੁੜੀਆਂ ਹੋਈਆਂ ਹਨ। ਹੈਦਰਾਬਾਦ ਦਾ ਚਾਰ ਮੀਨਾਰਾਂ ਵਾਲਾ ਸਮਾਰਕ ਚਾਰ-ਮੀਨਾਰ 1591 ਵਿਚ ਮੁਹੰਮਦ ਕੁਲੀ ਕੁਤਬ ਸ਼ਾਹ ਨੇ ਬਣਵਾਇਆ ਸੀ।

1916 ਵਿਚ ਵਜ਼ੀਰ ਸੁਲਤਾਨ ਵਲੋਂ ਚਲਾਈ ਹੈਦਰਾਬਾਦ ਵਿਚ ਹੀ ਸਥਿਤ ‘ਵਜ਼ੀਰ ਸੁਲਤਾਨ ਤਮਾਖੂ ਕੰਪਨੀ’ ਵਲੋਂ ਚਾਰ ਮੀਨਾਰ ਨਾਂ ਦੀ ਸਿਗਰਟ ਵੀ ਬਣਾਈ ਜਾ ਰਹੀ ਹੈ। ਕਹਿੰਦੇ ਹਨ ਕਿ ਨਿਜ਼ਾਮ ਹੈਦਰਾਬਾਦ ਏਨਾ ਕੰਜੂਸ ਸੀ ਕਿ ਉਹ ਚਾਰ ਮੀਨਾਰ ਦੀ ਸਸਤੀ ਜਿਹੀ ਸਿਗਰਟ ਹੀ ਪੀਂਦਾ ਸੀ। ਮੁਸਲਮਾਨ ਹੁਕਮਰਾਨਾਂ ਨੇ ਦੁਨੀਆ ਭਰ ਦੇ ਅਨੇਕ ਦੇਸ਼ਾਂ ਜਿਵੇਂ ਤੁਰਕੀ, ਟੁਨੀਸ਼ੀਆ, ਮਿਸਰ, ਇਰਾਕ, ਇਰਾਨ, ਮਰਾਕੋ, ਅਜ਼ਰਬਾਈਜਾਨ, ਅਫਗਾਨਿਸਤਾਨ, ਭਾਰਤ ਆਦਿ ਵਿਚ ਅਨੇਕਾਂ ਮਸ਼ਹੂਰ ਮੀਨਾਰਾਂ ਦਾ ਨਿਰਮਾਣ ਕਰਾਇਆ। ਇਨ੍ਹਾਂ ਵਿਚ ਇਮਾਰਤਸਾਜ਼ੀ ਦੀਆਂ ਸਥਾਨਕ ਸ਼ੈਲੀਆਂ ਦੀ ਰਸਮਿਸ ਵੀ ਹੈ।

ਇਸਲਾਮੀ ਪ੍ਰਭਾਵ ਅਧੀਨ ਬਣੀਆਂ ਇਮਾਰਤਾਂ ਵਿਚ ਮੀਨਾਰ ਜ਼ਰੂਰ ਹੁੰਦਾ ਹੈ। ਮੀਨਾਰ ਮਸਜਿਦ ਦਾ ਜ਼ਰੂਰੀ ਭਾਗ ਹੁੰਦੀ ਹੈ। ਮੀਨਾਰ ਦੀ ਬਾਲਕੋਨੀ ਵਿਚ ਬੈਠ ਕੇ ਹੀ ਮੁੱਲਾਂ ਨਿਮਾਜ਼ ਅਦਾ ਕਰਨ ਲਈ ਅਜ਼ਾਨ ਦੀ ਪੁਕਾਰ ਕਰਦਾ ਹੈ ਜਿਸ ਨੂੰ ਅਸੀਂ ਬਾਂਗ ਦੇਣਾ ਵੀ ਕਹਿੰਦੇ ਹਾਂ। ਮੁਹੰਮਦ ਦੇ ਸਮੇਂ ਮਸਜਿਦ ਦੀ ਸਭ ਤੋਂ ਉਪਰਲੀ ਛੱਤ ਤੋਂ ਬਾਂਗ ਦਿੱਤੀ ਜਾਂਦੀ ਸੀ। ਮੀਨਾਰ ਨੂੰ ਜ਼ਮੀਨ ਤੋਂ ਅਸਮਾਨ ਦਾ ਗੇਟ ਕਿਹਾ ਜਾਂਦਾ ਹੈ। ਇਸ ਨੂੰ ਅਰਬੀ ਦਾ ਅੱਖਰ ਅਲਫ (ਜੋ ਕਿ ਸਿੱਧਾ ਖੜਵਾਂ ਹੁੰਦਾ ਹੈ) ਵੀ ਕਿਹਾ ਜਾਂਦਾ ਹੈ। ਮੀਨਾਰ ਮੁਢਲੇ ਤੌਰ ‘ਤੇ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਵਿਚ ਇਸ ਦਾ ਰੂਪ ਹੈ ਮਨਾਰ। ਪਹਿਲਾਂ ਪਹਿਲ ਕਿਸੇ ਵੀ ਵੱਡੇ ਬੁਰਜ ਨੂੰ ਮਨਾਰਾ ਕਿਹਾ ਜਾਂਦਾ ਸੀ। ਖਾਸ ਤੌਰ ‘ਤੇ ਸਮੁੰਦਰ ਦੇ ਕਿਨਾਰਿਆਂ ‘ਤੇ ਰੌਸ਼ਨ ਬੁਰਜਾਂ ਨੂੰ ਮੁਨਾਰਾ ਕਿਹਾ ਜਾਂਦਾ ਸੀ। ਇਹ ਮੁਨਾਰੇ ਆਉਂਦੇ ਜਹਾਜਾਂ ਲਈ ਸਮੁੰਦਰ ਵਿਚ ਖਤਰਨਾਕ ਚੱਟਾਨਾਂ ਦੀ ਸੂਚਨਾ ਦਿੰਦੇ ਹਨ। ਇਨ੍ਹਾਂ ਵਿਚ ਅੱਗ ਬਾਲ ਕੇ ਜਾਂ ਹੋਰ ਢੰਗਾਂ ਨਾਲ ਰੌਸ਼ਨੀ ਦਾ ਪ੍ਰਬੰਧ ਕੀਤਾ ਹੁੰਦਾ ਹੈ। ਮੁਨਾਰਾ ਸ਼ਬਦ ਬਹੁਤ ਸਾਰੀਆਂ ਯੂਰਪੀ ਭਾਸ਼ਾਵਾਂ ਵਿਚ ਥੋੜ੍ਹੇ-ਬਹੁਤੇ ਫਰਕ ਨਾਲ ਦਾਖਿਲ ਹੋ ਗਿਆ। ਅੰਗਰੇਜ਼ੀ ਵਿਚ ਜਾ ਕੇ ਇਸ ਦਾ ਰੂਪ ਹੋਇਆ minerat ਅਰਬੀ ਤੋਂ ਫਾਰਸੀ ਹੁੰਦਾ ਹੋਇਆ ਇਹ ਸ਼ਬਦ ਪੰਜਾਬੀ ਸਮੇਤ ਸਭ ਭਾਰਤੀ ਭਾਸ਼ਾਵਾਂ ਵਿਚ ਦਾਖਿਲ ਹੋ ਗਿਆ। “ਬਡੇ ਮੁਨਾਰ ਉਸਾਰੇ” -ਚਰਿਤਰ 175। “ਕਬੀਰ ਮੁੱਲਾਂ ਮੁਨਾਰੇ ਕਿਆ ਚਢਹਿ ਸਾਈਂ ਨ ਬਹਰਾ ਹੋਇ॥” (ਭਗਤ ਕਬੀਰ)



ਕੁਤਬ ਮੀਨਾਰ

ਪੰਜਾਬੀ ਵਿਚ ਇਸ ਦੇ ਦੋਵੇਂ ਰੂਪ ਮੀਨਾਰ ਅਤੇ ਮੁਨਾਰਾ ਮਿਲਦੇ ਹਨ। ਦੋਵਾਂ ਵਿਚ ਥੋੜ੍ਹਾ ਜਿਹਾ ਅਰਥਾਂ ਦਾ ਫਰਕ ਵੀ ਪੈ ਗਿਆ ਹੈ। ਜਿਵੇਂ ਅਸੀਂ ਮਹਿਲ ਮੁਨਾਰੇ ਕਹਿ ਸਕਦੇ ਹਾਂ, ਮਹਿਲ ਮੀਨਾਰੇ ਨਹੀਂ। ਹਾਲਾਂ ਕਿ ਲਾਈਟ ਹਾਊਸ ਦੇ ਅਰਥਾਂ ਵਾਲੇ ਅਰਬੀ ਸ਼ਬਦ ‘ਮੁਨਾਰਾ’ ਵਿਚ ਰੌਸ਼ਨੀ ਦਾ ਭਾਵ ਨਿਹਿਤ ਹੈ ਪਰ ਅਸੀਂ ਇਸ ਨਾਲ ਚਾਨਣ ਲਾ ਕੇ ਇਸ ਨੂੰ ਚਾਨਣ ਮੁਨਾਰਾ ਬਣਾ ਦਿੱਤਾ। ਇਸ ਤਰ੍ਹਾਂ ਅਸੀਂ ਇਸ ਵਿਚ ਦੂਹਰੀ ਲੋਅ ਭਰ ਦਿੱਤੀ। ਰਾਹ ਦਰਸਾਊ ਦੇ ਅਰਥਾਂ ਵਿਚ ਚਾਨਣ ਮੁਨਾਰਾ ਸ਼ਬਦ ਦੀ ਲਾਖਣਿਕ ਵਰਤੋਂ ਹੁੰਦੀ ਹੈ ਜਿਵੇਂ “ਸ਼ਹੀਦ ਕਿਸੇ ਵੀ ਕੌਮ ਦਾ ਚਾਨਣ ਮੁਨਾਰਾ ਹੁੰਦੇ ਹਨ, ਉਨ੍ਹਾਂ ਦੇ ਨਕਸ਼ੇ ਕਦਮ ’ਤੇ ਚੱਲ ਕੇ ਹੀ ਕੌਮਾਂ ਤਰੱਕੀ ਕਰ ਸਕਦੀਆਂ ਹਨ।”

ਇਹ ਸ਼ਬਦ ਮੁਢਲੇ ਤੌਰ ‘ਤੇ ਸਾਮੀ ਅਸਲੇ ਦਾ ਹੈ ਇਸ ਲਈ ਇਸ ਦੇ ਸੁਜਾਤੀ ਸ਼ਬਦ ਬਹੁਤ ਸਾਰੀਆਂ ਸਾਮੀ ਭਾਸ਼ਾਵਾਂ ਜਿਵੇਂ ਹਿਬਰੂ, ਅਕਾਦੀਅਨ, ਸੀਰਿਅਕ ਆਦਿ ਵਿਚ ਮਿਲਦੇ ਹਨ। ਇਸ ਦਾ ਸਾਮੀ ਧਾਤੂ ਹੈ ਨ-ਵ-ਰ ਜਿਸ ਵਿਚ ਚਮਕਣ ਦੇ ਭਾਵ ਹਨ। ਇਸ ਧਾਤੂ ਤੋਂ ਅਰਬੀ ਸ਼ਬਦ ‘ਨਾਰ’ ਸ਼ਬਦ ਬਣਿਆ ਜਿਸ ਦਾ ਅਰਥ ਅੱਗ ਹੁੰਦਾ ਹੈ। ਨਾਰ ਦੇ ਅੱਗੇ ‘ਮ’ ਅਗੇਤਰ ਲੱਗ ਕੇ ਮੀਨਾਰ ਜਾਂ ਮੁਨਾਰਾ ਸ਼ਬਦ ਬਣੇ ਹਨ। ਮਨਾਰ ਦੇ ਮੁਢਲੇ ਅਰਥ ਹਨ- ਅੱਗ ਜਲਾਉਣ ਵਾਲੀ ਥਾਂ, ਸ਼ਮਾਂਅਦਾਨ, ਮੋਮਬੱਤੀ, ਦੀਵਾ ਆਦਿ।

ਯਹੂਦੀਆਂ ਦਾ ਇਕ ਰੌਸ਼ਨੀਆਂ ਦਾ ਉਤਸਵ ਹੈ “ਹਾਨੁਕਾ” ਜੋ ਅੱਠ ਦਿਨ ਚਲਦਾ ਹੈ। ਇਸ ਦੌਰਾਨ ਯਹੂਦੀ ਹਰ ਸ਼ਾਮ ਨੂੰ ਮੋਮਬੱਤੀਆਂ ਜਗਾਉਂਦੇ ਹਨ। ਇਹ ਮੋਮਬੱਤੀਆਂ ਨੌਂ ਸ਼ਾਖਾਵਾਂ ਵਾਲੇ ਮੋਮਬੱਤੀਦਾਨ ਵਿਚ ਜਗਾਈਆਂ ਜਾਂਦੀਆਂ ਹਨ ਜਿਸ ਨੂੰ ਮੈਨੋਰਾਹ ਕਿਹਾ ਜਾਂਦਾ ਹੈ। ਇਹ ਸ਼ਬਦ ਵੀ ਮੁਨਾਰਾ ਸ਼ਬਦ ਦਾ ਹੀ ਸਕਾ ਹੈ। ਇਸ ਧਾਤੂ ਤੋਂ ਹੀ ਰੌਸ਼ਨੀ ਦੇ ਅਰਥਾਂ ਵਾਲਾ ਆਮ ਜਾਣਿਆ ਜਾਂਦਾ ਸ਼ਬਦ ਨੂਰ ਬਣਿਆ। ਪੰਜਾਬੀ ਵਿਚ ਇਹ ਸ਼ਬਦ ਬਹੁਤਾ ਅਧਿਆਤਮਕ ਅਰਥਾਂ ਵਿਚ ਵਰਤਿਆ ਜਾਂਦਾ ਹੈ, “ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਦੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥” (ਭਗਤ ਕਬੀਰ)।

ਚਿਹਰੇ ਦੇ ਜਲਾਲ ਨੂੰ ਵੀ ਨੂਰ ਕਹਿ ਦਈਦਾ ਹੈ। ਭਾਈ ਵੀਰ ਸਿੰਘ ਨੂੰ ਅਜਿਹੇ ਨੂਰ ਦਾ ਖਾਸਾ ਅਨੁਭਵ ਸੀ, “ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।” ਖਾਸ ਨਾਂਵਾਂ ਵਿਚ ਨੂਰ ਸ਼ਬਦ ਆਉਂਦਾ ਹੈ ਜਿਵੇਂ ਨੂਰ ਜਹਾਂ, ਹਰਨੂਰ, ਗੁਰਨੂਰ, ਸਤਿੰਦਰ ਨੂਰ ਆਦਿ। ਬਹੁਤ ਪਿਆਰੇ ਜਾਂ ਲਾਡਲੇ ਨੂੰ ‘ਅੱਖੀਆਂ ਦਾ ਨੂਰ’ ਕਿਹਾ ਜਾਂਦਾ ਹੈ। ਨੂਰਾਂ ਪੰਜਾਬੀ ਦੀ ਇਕ ਵਧੀਆ ਗਾਇਕ ਸੀ। ਨੂਰ ਤੋਂ ਨੂਰੀ ਸ਼ਬਦ ਬਣਿਆ ਜੋ ਮੁਖ ਤੌਰ ‘ਤੇ ਫਰਿਸ਼ਤਿਆਂ ਲਈ ਵਰਤਿਆ ਜਾਂਦਾ ਹੈ ਜੋ ਸ਼ੈਤਾਨ ਦੇ ਉਲਟਭਾਵੀ ਹੈ। ਨੂਰਾਨੀ ਦਾ ਅਰਥ ਰੌਸ਼ਨ, ਆਬਦਾਰ ਛੱਬ ਵਾਲਾ ਹੁੰਦਾ ਹੈ।

ਨ-ਵ-ਰ ਧਾਤੂ ਤੋਂ ਚਮਕੀਲਾ ਦੇ ਅਰਥਾਂ ਵਾਲਾ ਅਨਵਰ ਅਤੇ ਮੁਨੀਰ ਸ਼ਬਦ ਬਣੇ ਹਨ। ਰੌਸ਼ਨ, ਉਜਲ, ਉਜਾਗਰ, ਸਪਸ਼ਟ ਦੇ ਅਰਥਾਂ ਵਾਲਾ ਮੁਨੱਵਰ ਸ਼ਬਦ ਵੀ ਇਸੇ ਤੋਂ ਬਣਿਆ। ਤਿੰਨੇ ਸ਼ਬਦ ਵਿਅਕਤੀ ਨਾਂ ਵਜੋਂ ਵੀ ਵਰਤੇ ਜਾਂਦੇ ਹਨ। ਤਾਰਿਕ ਅਨਵਰ ਕਾਂਗਰਸ ਦਾ ਵੱਡਾ ਨੇਤਾ ਹੈ। ਮੁਨੀਰ ਅਹਿਮਦ ਅਤੇ ਮੁਨੀਰ ਨਿਆਜ਼ੀ ਪਾਕਿਸਤਾਨ ਤੋਂ ਪੰਜਾਬੀ ਦੇ ਸ਼ਾਇਰ ਹਨ। ਮੁਕਬਲ ਨੇ ਆਪਣੀ ਹੀਰ ਵਿਚ ਮੁਨੀਰ ਸ਼ਬਦ ਵਰਤਿਆ ਹੈ,

ਜਾ ਆਖਿਓ ਆਜ਼ਜ਼ੀ ਮਹਿਰ ਤਾਈਂ
ਤੁਸਾਂ ਕੀਤਾ ਹੈ ਕਰਮ ਫਕੀਰ ਉਤੇ।
ਜਾ ਪਹੁਤੀ ਹੈ ਸਿਰੇ ਦੀ ਪੱਗ ਮੇਰੀ
ਏਸ ਕੰਮ ਥੀਂ ਅਰਸ਼ ਮੁਨੀਰ ਉਤੇ।
ਨਾ ਹੁੰਦਾ ਹੈ ਮੂਲ ਬਿਆਨ ਓਹਦਾ
ਜੇਕਰ ਆਵੇ ਜ਼ਬਾਨ ਤਕਰੀਰ ਉਤੇ।
ਮੁਕਬਲ ਤੁਸਾਂ ਨੇ ਪਾਰ ਉਤਾਰਨਾ ਹੈ
ਮੇਰਾ ਆਸਰਾ ਅੰਤ ਹੈ ਪੀਰ ਉਤੇ।

ਬਾਬਾ ਬੁਲ੍ਹੇ ਸ਼ਾਹ ਨੇ ਮੁਨੱਵਰ ਸ਼ਬਦ ਵਰਤਿਆ ਹੈ,

ਮੇਰਾ ਰਾਂਝਾ ਹੁਣ ਕੋਈ ਹੋਰ
ਤਖਤ ਮੁਨੱਵਰ ਬਾਂਗਾਂ ਮਿਲੀਆਂ
ਤਾਂ ਸੁਣੀਆਂ ਤਖਤ ਲਾਹੌਰ
ਇਸ਼ਕ ਮਾਰੇ ਐਵੇਂ ਫਿਰਦੇ
ਜਿਵੇਂ ਜੰਗਲ ਵਿਚ ਢੋਰ।

ਇਸਲਾਮੀ ਦੇਸਾਂ ਦੇ ਪਕਵਾਨਾਂ ਅਤੇ ਇਨ੍ਹਾਂ ਨੂੰ ਬਣਾਉਣ ਦੀਆਂ ਵਿਧੀਆਂ ਦਾ ਪੰਜਾਬੀ ਰਸੋਈ ਕਲਾ ‘ਤੇ ਵੀ ਬਹੁਤ ਅਸਰ ਪਿਆ। ਸਾਡੇ ਲਈ ਨ-ਵ-ਰ ਧਾਤੂ ਤੋਂ ਬਣਿਆ ਸਭ ਤੋਂ ਅਹਿਮ ਸ਼ਬਦ ਹੈ ਤੰਦੂਰ। ਪੰਜਾਬੀਪੀਡੀਆ ਅਨੁਸਾਰ ਇਸ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ, “ਅੰਦਰੋਂ ਅੱਗ ਨਾਲ ਗਰਮ ਕਰਨ ਉਪਰੰਤ ਆਸੇ-ਪਾਸੇ ਰੋਟੀ ਚਿਪਕਾ ਕੇ ਪਕਾਉਣ ਲਈ ਮਿੱਟੀ ਅਤੇ ਠੀਕਰਾਂ ਨਾਲ ਬਣਾਈ ਉਤੋਂ ਖੁਲ੍ਹੇ ਮੂੰਹ ਵਾਲੀ ਨਿੱਕੀ ਭੜੋਲੀ ਜਿਹੀ ਭੱਠੀ।” ਇਸ ਸ਼ਬਦ ਦਾ ਅਰਬੀ ਰੂਪ ਹੈ-ਤਨੂਰ। ਇਹ ਸ਼ਬਦ ਨੂਰ ਅੱਗੇ ਅਰਬੀ ਅਗੇਤਰ ‘ਤ’ ਲੱਗ ਕੇ ਬਣਿਆ ਹੈ ਪਰ ਇਹ ਸ਼ਬਦ ਫਾਰਸੀ ਵਿਚ ਆ ਕੇ ਤੰਦੂਰ ਬਣਿਆ ਤੇ ਫਿਰ ਇਸ ਰੂਪ ਵਿਚ ਸਾਡੇ ਕੋਲ ਆਇਆ। ਉਂਜ ਸ਼ੇਖ ਫਰੀਦ ਅਤੇ ਗੁਰੂ ਨਾਨਕ ਸਾਹਿਬ ਨੇ ਤਨੂਰ ਸ਼ਬਦ ਹੀ ਵਰਤਿਆ ਹੈ, “ਤਨ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥” (ਸ਼ੇਖ ਫਰੀਦ)।

ਦਿਲਚਸਪ ਗੱਲ ਹੈ ਕਿ ਗੁਰੂ ਨਾਨਕ ਦੇਵ ਨੇ ਵੀ ਅਜਿਹੇ ਹੀ ਭਾਵ ਇਕ ਸ਼ਬਦ ਦੇ ਫਰਕ ਨਾਲ ਐਨ ਉਸੇ ਤਰ੍ਹਾਂ ਪ੍ਰਗਟ ਕੀਤੇ ਹਨ, “ਤਨ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮਾਲਿ॥” ਭਾਵੇਂ ਭਾਰਤ ਵਿਚ ਭੱਠੀ ਚਿਰਕਾਲ ਤੋਂ ਮੌਜੂਦ ਸੀ ਪਰ ਅਸੀਂ ਇਸ ਦੁਆਰਾ ਤੰਦੂਰ ਵਿਚ ਬਣਦੇ ਤੰਦੂਰੀ ਖਾਣੇ ਸ਼ਾਇਦ ਕਦੇ ਨਹੀਂ ਸੀ ਬਣਾਏ। ਉਂਜ ਸ਼ਾਇਦ ਦੁਨੀਆਂ ਦਾ ਸਭ ਤੋਂ ਪੁਰਾਣਾ ਤੰਦੂਰ ਮੋਹੰਜੋਦੜੋ ਸਭਿਅਤਾ ਵਿਚ ਪ੍ਰਚਲਿਤ ਸੀ।

# ਕਾਮਾਗਾਟਾ ਮਾਰੂ ਵਾਰਦਾਤ ਦਾ ਨਾਟਕੀ ਪ੍ਰਦਰਸ਼ਨ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

2014 ਦਾ ਵਰ੍ਹਾ ਸਾਕਾ ਕਾਮਾਗਾਟਾ ਮਾਰੂ ਦਾ ਸ਼ਤਾਬਦੀ ਵਰ੍ਹਾ ਸੀ। ਇਹ ਵਾਰਦਾਤ ਹਰੀਆਂ ਚਰਾਦਾਂ ਦੀ ਭਾਲ ਵਿਚ ਨਿਕਲੇ ਭਾਰਤੀਆਂ ਦੇ ਪ੍ਰਸ਼ਾਂਤ ਮਹਾਂਸਾਗਰ ਵਿਚ ਕੈਨੇਡਾ ਦੇ ਕੰਡੇ ਵਾਪਰੇ ਦੁਖਾਂਤ ਨਾਲ ਸਬੰਧ ਰਖਦੀ ਹੈ। ਮਾਝੇ ਦੇ ਜੰਮਪਲ ਬਾਬਾ ਗੁਰਦਿੱਤ ਸਿੰਘ ਨੇ 376 ਭਾਰਤੀਆਂ ਨੂੰ ਕੈਨੇਡਾ ਪਹੁੰਚਾਉਣ ਲਈ ਇਕ ਜਪਾਨੀ ਕੰਪਨੀ ਤੋਂ ਕਾਮਾਗਾਟਾ ਮਾਰੂ ਨਾਂ ਦਾ ਜਹਾਜ ਕਿਰਾਏ ਉਤੇ ਲਿਆ ਸੀ। ਉਸ ਨੇ ਮੁਸਾਫਰਾਂ ਦੀ ਸੁਰੱਖਿਅਤ ਪਹੁੰਚ ਦੇ ਸਾਰੇ ਕਾਨੂੰਨੀ ਪੱਖ ਜਾਂਚ ਲੈਣ ਤੋਂ ਬਾਅਦ ਇਹ ਜਹਾਜ ਠੇਲ੍ਹਿਆ ਸੀ ਪਰ ਗੋਰੀ ਸਰਕਾਰ ਦੇ ਆਦੇਸ਼ ਅਨੁਸਾਰ ਇੱਕ ਹਾਪਕਿਨਸਨ ਨਾਂ ਦੇ ਇਮੀਗ੍ਰੇਸ਼ਨ ਬਾਬੂ ਨੇ ਅਜਿਹੀਆਂ ਗੁੰਝਲਾਂ ਪਾਈਆਂ ਕਿ ਜਹਾਜ ਨੂੰ ਕੈਨੇਡਾ ਦੇ ਸਾਹਿਲ ਤੋਂ ਦੂਰ ਸਾਗਰ ਦੇ ਪਾਣੀਆਂ ’ਚ ਹੀ ਰੋਕ ਲਿਆ ਗਿਆ। ਜਦੋਂ ਮੁਸਾਫਰਾਂ ਦਾ ਰਾਸ਼ਨ-ਪਾਣੀ ਮੁੱਕਣ ਲੱਗਾ ਤੇ ਬੱਚੇ-ਬੁੱਢੇ ਭੁੱਖ ਨਾਲ ਮਰਨ ਕੰਢੇ ਹੋਣ ਲੱਗੇ ਤਾਂ ਉਨ੍ਹਾਂ ਦੇ ਸਬਰ ਦਾ ਪਿਆਲਾ ਉਛਲ ਗਿਆ। ਉਨ੍ਹਾਂ ਨੂੰ ਆਪਣੀ ਹਰੀ ਭਰੀ ਮੰਜ਼ਿਲ ਤਾਂ ਦਿਖਾਈ ਦੇ ਰਹੀ ਸੀ ਪਰ ਉਥੇ ਪਹੁੰਚਣ ਦੀ ਕੋਈ ਵਿਧੀ ਨਜ਼ਰ ਨਹੀਂ ਸੀ ਆ ਰਹੀ। ਉਨ੍ਹਾਂ ਨੇ ਮੱਲੋਮੱਲੀ ਘੁਸਣ ਦਾ ਯਤਨ ਕੀਤਾ ਤਾਂ ਗੋਰੀ ਸਰਕਾਰ ਨੇ ਹਥਿਆਰਬੰਦ ਧਾਵਾ ਬੋਲ ਦਿੱਤਾ ਤੇ ਉਨ੍ਹਾਂ ਨੂੰ ਵਾਪਸ ਆਪਣੇ ਦੇਸ਼ ਪਰਤਣ ਲਈ ਮਜਬੂਰ ਹੋਣਾ ਪਿਆ। ਇਤਿਹਾਸ ਗਵਾਹ ਹੈ ਕੇ ਜਦੋਂ ਇਹ ਜਹਾਜ ਕਲਕੱਤਾ ਨੇੜੇ ਬਜਬਜ ਘਾਟ ਉਤੇ ਲੱਗਾ ਤਾਂ ਗੋਰੀ ਸਰਕਾਰ ਨੇ ਇਸ ਵਿਚੋਂ ਉਤਰਨ ਵਾਲੇ ਭਾਰਤੀਆਂ ਨੂੰ ਗੋਲੀਆਂ ਨਾਲ ਭੁੰਨਣ ਦੀ ਕੋਈ ਕਸਰ ਨਾ ਛੱਡੀ।

ਇਸ ਵਾਰਦਾਤ ਨੂੰ ਪੰਜਾਬੀ ਯੂਨੀਵਰਸਟੀ ਦੇ ਥੀਏਟਰ ਅਤੇ ਟੈਲੀਵੀਜ਼ਨ ਵਿਭਾਗ ਨੇ ਇਕ ਬਹੁਤ ਹੀ ਵਧੀਆ ਨਾਟਕ ਦਾ ਰੂਪ ਦਿੱਤਾ ਹੈ। ਇਸ ਦੀ ਕਹਾਣੀ ਡਾ. ਜਸਪਾਲ ਕੌਰ ਦਿਓਲ ਨੇ ਲਿਖੀ ਹੈ ਅਤੇ ਥੀਏਟਰ ਵਿਭਾਗ ਦੇ ਅਮਲੇ ਨੇ ਨਾਟਕੀ ਘਟਨਾਵਾਂ ਨੂੰ ਜਿੰਨੀ ਕਲਾਮਈ ਸਿਆਣਪ ਨਾਲ ਗੁੰਦਿਆ ਹੈ, ਉਸ ਦਾ ਕੋਈ ਜਵਾਬ ਨਹੀਂ। ਯੂਨੀਵਰਸਿਟੀ ਦੇ ਭਾਸ਼ਾ ਵਿਕਾਸ ਵਿਭਾਗ ਵਲੋਂ ਆਪਣੀ 31ਵੀਂ ਵਿਕਾਸ ਕਾਨਫਰੰਸ ਵਿਚ ਦੇਸ-ਪਰਦੇਸ ਤੋਂ ਆਏ ਲੇਖਕਾਂ ਤੇ ਵਿਦਵਾਨਾਂ ਨੂੰ ਦਿਖਾਇਆ ਤਾਂ ਉਨ੍ਹਾਂ ਉਤੇ ਪਏ ਜਾਦੂਮਈ ਪ੍ਰਭਾਵ ਦਾ ਮੈਂ ਚਸ਼ਮਦੀਦ ਗਵਾਹ ਹਾਂ। ਜਹਾਜ ਦੇ ਮੁਸਾਫਰਾਂ ਵਿਚ ਸੁੰਦਰ ਸਿੰਘ, ਉਸ ਦੀ ਪਤਨੀ ਕਿਸ਼ਨ ਕੌਰ ਤੇ ਦੋ ਬੱਚੇ ਹੀ ਨਹੀਂ ਠਾਕਰ ਸਿੰਘ ਉਧੋਨੰਗਲ, ਮੀਰ ਮੁਹੰਮਦ, ਦਰਬਾਰਾ ਸਿੰਘ, ਰਘੁਨਾਥ ਸਿੰਘ ਆਦਿ ਹਰ ਜਾਤੀ ਤੇ ਪੇਸ਼ੇ ਦੇ ਲੋਕ ਸ਼ਾਮਲ ਸਨ। ਵਿਭਾਗ ਦੇ ਵਿਦਿਆਰਥੀਆਂ ਨੇ ਅਜਿਹੇ ਪਾਤਰਾਂ ਦਾ ਸਿਰੜੀ ਤੇ ਉਦਮੀ ਵਤੀਰਾ ਬੜੇ ਹੀ ਕਲਾਮਈ ਢੰਗ ਨਾਲ ਖੇਡਿਆ ਹੈ। ਮੀਆਂਵਾਲੀ ਦੇ ਅਮਰ ਸਿੰਘ ਨਿਹੰਗ ਨੇ ਗੋਰਿਆਂ ਦੇ ਪਿਸਤੌਲਾਂ ਤੇ ਬੰਦੂਕਾਂ ਦੀਆਂ ਗੋਲੀਆਂ ਦੇ ਸਾਹਮਣੇ ਜਹਾਜ ਵਿਚਲੇ ਕੋਲਿਆਂ ਦੀ ਅਜਿਹੀ ਵਰਖਾ ਕੀਤੀ ਤੇ ਕਰਵਾਈ ਕਿ ਗੋਰਿਆਂ ਦੀ ਕੋਈ ਪੇਸ਼ ਨਹੀਂ ਜਾਣ ਦਿੱਤੀ।

ਉਧਰ ਬਾਬਾ ਗੁਰਦਿੱਤ ਸਿੰਘ ਤੇ ਉਸ ਦੇ ਮੁਸਾਫਰਾਂ ਨੂੰ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਨੇ ਸ਼ੋਰ (ਸਾਹਿਲ) ਕਮੇਟੀ ਬਣਾ ਕੇ ਕਾਨੂੰਨੀ ਤੇ ਰਸਦ-ਪਾਣੀ ਦੀ ਚਾਰਾਜੋਈ ਕਰਨ ਵਿਚ ਵੀ ਕੋਈ ਢਿੱਲ੍ਹ ਨਹੀਂ ਦਿਖਾਈ। ਨਾਟਕ ਵਿਚ ਉਸ ਦੀ ਪੇਸ਼ਕਾਰੀ ਵੀ ਵੇਖਣ ਤੇ ਮਾਣਨ ਵਾਲੀ ਹੈ। ਕਲਾਕਾਰਾਂ ਨੇ ਭਾਗ ਸਿੰਘ, ਸੋਹਣ ਲਾਲ ਪਾਠਕ, ਹੁਸੈਨ ਰਹੀਮ ਤੇ ਬੰਤਾ ਸਿੰਘ ਦਾ ਰੋਲ ਵੀ ਖੂਬ ਨਿਭਾਇਆ। ਇਸੇ ਤਰ੍ਹਾਂ ਗਦਰ ਪਾਰਟੀ ਦੇ ਬਾਬਾ ਸੋਹਣ ਸਿੰਘ ਭਕਨਾ, ਬਰਕਤ ਉਲਾ ਤੇ ਭਗਵਾਨ ਸਿੰਘ ਵਲੋਂ ਦਿੱਤੀ ਹੱਲਾਸ਼ੇਰੀ ਨੂੰ ਵੀ ਪੂਰੀ ਨਿਪੁੰਨਤਾ ਨਾਲ ਨਿਭਾਇਆ। ਇਨ੍ਹਾਂ ਖਿਡਾਰੀਆਂ ਦੀ ਕਲਾ ਨੂੰ ਸੰਗੀਤ ਮੰਡਲੀ ਨੇ ਵੀ ਆਪਣੇ ਬਹੁਤ ਹੀ ਢੁਕਵੇਂ ਸਾਜ਼ਾਂ ਦੀ ਧਮਕ ਨਾਲ ਪੇਸ਼ ਕੀਤਾ।




ਦਰਸ਼ਕਾਂ ਨੂੰ ਏਦਾਂ ਜਾਪ ਰਿਹਾ ਸੀ ਜਿਵੇਂ ਇਹ ਵਾਰਦਾਤ ਸੌ ਸਾਲ ਪਹਿਲਾਂ ਨਹੀਂ ਸੀ ਵਾਪਰੀ ਸਗੋਂ ਉਨ੍ਹਾਂ ਦੇ ਸਾਹਮਣੇ ਵਾਪਰ ਰਹੀ ਹੈ। ਖਾਸ ਕਰਕੇ ਬੇਲਾ ਸਿੰਘ ਗੱਦਾਰ ਦੀ ਮਿਲੀਭੁਗਤ ਨਾਲ ਹਾਪਕਿਨਸਨ ਵਲੋਂ ਕਰਵਾਈ ਭਾਗ ਸਿੰਘ ਤੇ ਬੰਤਾ ਸਿੰਘ ਦੀ ਹੱਤਿਆ ਦਾ ਬਦਲਾ ਲੈਣ ਲਈ ਮੇਵਾ ਸਿੰਘ ਹੱਥੋਂ ਹਾਪਕਿਨਸਨ ਤੇ ਬੇਲਾ ਸਿੰਘ ਦੇ ਭਰੀ ਸਭਾ ਵਿਚ ਕੀਤੇ ਕਤਲ ਦਾ ਦ੍ਰਿਸ਼।

ਢਾਈ ਤਿੰਨ ਦਰਜਨ ਪਾਤਰਾਂ ਰਾਹੀਂ ਪੇਸ਼ ਹੋਇਆ ਇਹ ਨਾਟਕ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਨੂੰ ਢੁਕਵੀਂ ਸ਼ਰਧਾਂਜਲੀ ਹੀ ਨਹੀਂ ਸਗੋਂ ਭਾਰਤ ਦੇ ਸੁਤੰਤਰਤਾ ਸੰਗਰਾਮ ਲਈ ਦਿੱਤੀਆਂ ਕੁਰਬਾਨੀਆਂ ਦੇ ਪੱਖ ਤੋਂ ਸਾਕਾ ਜਲ੍ਹਿਆਂ ਵਾਲਾ ਬਾਗ ਦਾ ਹਾਣੀ ਹੋ ਨਿਬੜਦਾ ਹੈ। ਇਸ ਨੂੰ ਸਫਲ ਬਣਾਉਣ ਵਾਲੇ ਸਭ ਪਾਤਰਾਂ ਦਾ ਨਾਂ ਨਹੀਂ ਪਰ ਮੈਂ ਚਾਹਾਂਗਾ ਕਿ ਇਸ ਦੀ ਪੇਸ਼ਕਾਰੀ ਭਾਰਤ ਦੇ ਕੋਨੇ ਕੋਲੇ ਤੋਂ ਬਿਨਾਂ ਬਾਹਰਲੇ ਦੇਸਾਂ ਵਿਚ ਵੀ ਹੋਵੇ। ਮੈਂ ਜਾਣਦਾ ਹਾਂ ਕਿ ਏਨੇ ਵੱਡੇ ਪਾਤਰ ਸਮੂਹ ਨੂੰ ਦੂਰ-ਦੁਰੇਡੀਆਂ ਥਾਂਵਾਂ ‘ਤੇ ਲੈ ਕੇ ਜਾਣਾ ਕਠਿਨ ਹੈ, ਇਸ ਲਈ ਥੋੜਾ ਯਤਨ ਕਰਕੇ ਕੁਝ ਪਾਤਰਾਂ-ਖਿਡਾਰੀਆਂ ਦਾ ਰੋਲ ਸਥਾਨਕ ਨਾਟ-ਮੰਡਲੀਆਂ ਤੋਂ ਵੀ ਕਰਵਾਇਆ ਜਾ ਸਕਦਾ ਹੈ। ਅਤਿਅੰਤ ਢੁਕਵੀਂ ਪੇਸ਼ਕਾਰੀ ਲਈ ਇਹ ਨਾਟਕ ਤੇ ਇਸ ਦੇ ਪਾਤਰ ਵਧਾਈ ਦੇ ਹੱਕਦਾਰ ਹਨ।

**ਹਰਿਆਣਾ ਦੀ ਵਿਦਿਆ ਨੀਤੀ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸਕੂਲੀ ਵਿਦਿਆ ਦੇ ਪਾਠਕ੍ਰਮ ਵਿਚ ਸ਼੍ਰੀਮਦ ਭਗਵਦ ਗੀਤਾ ਪੜ੍ਹਾਏ ਜਾਣ ਦੀ ਆਪਣੀ ਨੀਤੀ ਨੂੰ ਭਗਵੇਂਕਰਨ ਦਾ ਕੇਵਲ ਅਰੰਭ ਦੱਸਿਆ ਹੈ। ਅੱਗੇ ਖੇਡੇ ਜਾਣ ਵਾਲੇ ਪੱਤੇ ਉਸ ਨੇ ਛੁਪਾ ਰੱਖੇ ਹਨ। ਉਹ ਰਾਸ਼ਟਰੀ ਸਭਿਅਤਾ ਅਤੇ ਸਭਿਆਚਾਰ ਨੂੰ ਸੈਂਕੜੇ ਸਾਲ ਪੁਰਾਣੀਆਂ ਲੀਹਾਂ ’ਤੇ ਲਿਆਉਣਾ ਚਾਹੁੰਦਾ ਹੈ। ਗੀਤਾ ਪੜ੍ਹਾਏ ਜਾਣ ਨੂੰ ਕੇਵਲ ਅਰੰਭ ਕਹੇ ਜਾਣ ਦਾ ਕਾਰਨ ਇਹੀਓ ਹੋ ਸਕਦਾ ਹੈ ਕਿ ਇਹ ਮਿਥਿਹਾਸ ਸੀ ਜਿਸ ਵਿਚ ਸੱਚ ਦੀ ਭਾਵਨਾ ਤਾਂ ਹੁੰਦੀ ਹੈ ਪਰ ਇਹ ਪੂਰਨ ਸੱਚ ਨਹੀਂ ਹੁੰਦਾ।

ਉਹ ਨਿਸਚੇ ਹੀ ਪ੍ਰਾਚੀਨ ਰਾਸ਼ਟਰ ਦੀਆਂ ਉਨ੍ਹਾਂ ਗਤੀਵਿਧੀਆਂ ਤੋਂ ਜਾਣੂ ਹਨ ਜਿਹੜੀਆਂ ਚੰਡੇਲਾ ਖਾਨਦਾਨ ਦੇ ਰਾਜ ਕਾਲ ਸਮੇਂ ਮੱਧ ਪ੍ਰਦੇਸ਼ ਦੇ ਖਾਜੂਰਾਹੋ ਵਾਲੇ ਮੰਦਰਾਂ ਵਿਚ ਸੁਰੱਖਿਅਤ ਹਨ। ਨੌਵੀਂ ਤੇ ਦਸਵੀਂ ਸਦੀ ਵਿਚ ਉਸਾਰੇ ਗਏ ਇਹ ਮੰਦਰ ਮਾਲਵੀ ਕਾਮ ਭਾਵਨਾਵਾਂ ਦੀ ਸੁੱਚਤਾ ਨੂੰ ਪ੍ਰਨਾਏ ਹੋਏ ਹਨ। ਚੰਡੇਲ ਖਾਨਦਾਨ ਦੇ ਰਾਜ ਸਮੇਂ ਜਿਨ੍ਹਾਂ ਬੁੱਤਘਾੜਿਆਂ ਦੀ ਸਰਪ੍ਰਸਤੀ ਕੀਤੀ ਗਈ ਉਹ ਕਾਮਤ੍ਰਿਪਤੀ ਦੇ ਹਰ ਅਮਲ ਨੂੰ ਵਧੀਆ ਜੀਵਨ ਜੀਉਣ ਨਾਲ ਜੋੜ ਕੇ ਦੇਖਦੇ ਸਨ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਖਾਜੂਰਾਹੋ ਵਿਖੇ ਅਜਿਹੇ ਜਸ਼ਨਾਂ ਦੀ ਵਿਆਖਿਆ ਲਈ ਸ਼ਿਵ ਤੇ ਪਾਰਬਤੀ ਦੇ ਵਿਵਾਹਿਤ ਕਲੋਲਾਂ ਦੀਆਂ ਮਨਮੋਹਣੀਆਂ ਮੂਰਤੀਆਂ ਉਚੇਚੀ ਲਗਨ ਤੇ ਕਲਾ ਨਾਲ ਘੜੀਆਂ ਹਨ। ਪੁਰਾਤਨ ਸਭਿਆਚਾਰ ਤੋਂ ਜਾਣੂ ਕਰਾਉਣ ਲਈ ਅੱਜ ਦੇ ਦਿਨ ਇਹ ਜਾਣਕਾਰੀ ਵੀ ਪਾਠਕ੍ਰਮ ਦਾ ਹਿੱਸਾ ਬਣ ਸਕਦੀ ਹੈ।

**ਅੰਤਿਕਾ:** (ਸਾਹਿਰ ਲੁਧਿਆਣਵੀ)

ਤੁਝ ਕੋ ਤੋ ਖਬਰ ਨਹੀਂ
ਮਗਰ ਇਸ ਸਾਦਾ ਲੌਹ ਕੋ,
ਬਰਬਾਦ ਕਰ ਦੀਆ
ਤੇਰੇ ਦੋ ਦਿਨ ਕੇ ਪਿਆਰ ਨੇ।

# ਮਾਰਟਿਨ ਲੂਥਰ ਕਿੰਗ

***ਮਨੁੱਖੀ ਹੱਕਾਂ ਲਈ ਜੂਝਣ ਵਾਲੇ ਮਾਰਟਿਨ ਲੂਥਰ ਕਿੰਗ ਬਾਰੇ ਸ. ਚਰਨਜੀਤ ਸਿੰਘ ਪੰਨੂ ਦਾ ਇਹ ਲੇਖ ਬੜਾ ਦਿਲਚਸਪ ਹੈ। ਵ੍ਹਾਈਟ ਹਾਊਸ ਵੱਲ ਜਾ ਰਿਹਾ ਲੇਖਕ ਆਪਣੇ ਆਲੇ-ਦੁਆਲੇ ਨੂੰ ਗਹੁ ਨਾਲ ਵਾਚ ਰਿਹਾ ਹੈ ਅਤੇ ਕਿਸੇ ਕਾਰੀਗਰ ਵਾਂਗ ਕਾਗਜ਼ ਤੇ ਮਨ ਦੀ ਤਖਤੀ ਉਤੇ ਨਾਲੋ-ਨਾਲ ਸ਼ਬਦਾਂ ਦੀ ਚਿਣਾਈ ਕਰੀ ਜਾਂਦਾ ਹੈ। ਸ਼ਬਦਾਂ ਦੀ ਇਹ ਉਹੀ ਚਿਣਾਈ ਹੈ ਜਿਹੜੀ 'ਮੇਰੀ ਵ੍ਹਾਈਟ ਹਾਊਸ ਫੇਰੀ' ਕਿਤਾਬ ਦੇ ਰੂਪ ਵਿਚ ਪਾਠਕਾਂ ਦੇ ਸਾਹਮਣੇ ਆ ਚੁੱਕੀ ਹੈ। ਇਸ ਲੇਖ ਵਿਚ ਲੇਖਕ ਡਰਾਈਵਰ ਦੇ ਬਹਾਨੇ ਮਾਰਟਿਨ ਲੂਥਰ ਕਿੰਗ ਬਾਰੇ ਭਰਪੂਰ ਜਾਣਕਾਰੀ ਦੇ ਗਿਆ ਹੈ। -ਸੰਪਾਦਕ***

'ਅਸਲ ਵਿਚ ਮਾਰਟਿਨ ਲੂਥਰ ਮੇਰਾ ਵਡੇਰਾ ਬਾਬਾ ਪੜਦਾਦਾ ਬੜਾ ਵੱਡਾ ਕ੍ਰਾਂਤੀਕਾਰੀ, ਮੇਰਾ ਆਦਰਸ਼ ਪਾਤਰ ਹੈ ਜਿਸ ਨੇ ਜਰਮਨੀ ਤੋਂ ਆਪਣੀ ਪ੍ਰੋਟੈਸਟੈਂਟ ਸਮਾਜ ਸੁਧਾਰਕ ਲਹਿਰ ਚਲਾਈ ਸੀ। ਉਸ ਨੇ ਚਰਚ ਦੀਆਂ ਫੋਕਟ ਥੋਥੀਆਂ ਮਰਿਆਦਾਵਾਂ ਦਾ ਮਜ਼ਾਕ ਉਡਾਇਆ ਤੇ ਪੋਪ ਪਾਲ ਨੂੰ ਚੈਲੇਂਜ ਕੀਤਾ। ਪੋਪ ਕਹਿੰਦਾ ਸੀ ਕਿ ਤੁਸੀਂ ਮੈਨੂੰ ਧਨ ਦਿਓ, ਮੈਂ ਤੁਹਾਨੂੰ ਬਹਿਸ਼ਤ ਵਿਚ ਪਹੁੰਚਾ ਦਿਆਂਗਾ। ਇਹ ਸ਼ਰਤ ਮਾਰਟਿਨ ਲੂਥਰ ਦੇ ਮੁਆਫ਼ਕ ਨਹੀਂ ਬੈਠੀ ਤੇ ਦੋਹਾਂ ਵਿਚਾਰਧਾਰਾਵਾਂ ਦਾ ਭੇੜ ਸ਼ੁਰੂ ਹੋ ਗਿਆ। ਮਾਰਟਿਨ ਲੂਥਰ ਨੇ ਕਿਹਾ ਕਿ ਮਨੁੱਖ ਚੰਗੇ ਕਰਮ ਕਮਾ ਕੇ ਸਵਰਗ ਵਿਚ ਜਾ ਸਕਦਾ ਹੈ, ਨਾ ਕਿ ਵੱਢੀ ਦੇ ਕੇ। ਉਸ ਨੇ ਕੈਥੋਲਿਕ ਚਰਚ ਦੀਆਂ ਸਰਗਰਮੀਆਂ ਦਾ 95 ਧਾਰਾਵਾਂ ਵਾਲਾ ਚਾਰਟਰ ਬਣਾਇਆ ਜਿਸ ਵਿਚ ਚਰਚ ਨੂੰ ਪਬਲਿਕ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। ਉਸ ਨੇ ਸ਼ਰੇਆਮ ਕਿਹਾ ਕਿ ਇਹ ਧਾਰਮਿਕ



**ਚਰਨਜੀਤ ਸਿੰਘ ਪੰਨੂ**
**ਫੋਨ: 408-608-4961**

ਸੰਸਥਾ ਰਿਸ਼ਵਤਖੋਰ ਹੈ ਜੋ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ। ਉਸ ਨੇ ਬਰਾਬਰ ਦਾ ਨਵਾਂ ਧਰਮ ਖੜ੍ਹਾ ਕਰ ਦਿੱਤਾ ਜਿਸ ਦਾ ਨਾਂ ਲੂਥਰਿਜ਼ਮ ਪੈ ਗਿਆ। ਚਰਚ ਨੇ ਉਸ ਦੇ ਸੁਧਾਰਵਾਦੀ ਨੁਕਤਿਆਂ ਦਾ ਮੁਕਾਬਲਾ ਕੀਤਾ ਪਰ ਕਾਮਯਾਬ ਨਾ ਹੋਏ। ਉਸ ਨੂੰ ਕੱਟੜ ਕੈਥੋਲਿਕ ਪਾਦਰੀਆਂ ਨੇ ਗੁੰਮਰਾਹੀਆ ਕਹਿ ਕੇ ਗਿਰਜਾਘਰ ਅੰਦਰ ਹੀ 18 ਫਰਵਰੀ 1546 ਨੂੰ ਮਰਵਾ ਦਿੱਤਾ ਸੀ ਕਿਉਂਕਿ ਉਹ ਉਨ੍ਹਾਂ ਦੇ ਫੋਕੇ ਅਡੰਬਰਾਂ ਦੀ ਡਟ ਕੇ ਨੁਕਤਾਚੀਨੀ ਕਰਦਾ ਸੀ। ਕਿੰਨੀਆਂ ਸਦੀਆਂ ਅਣਮਨੁੱਖੀ ਅੱਤਿਆਚਾਰ, ਸਾਡੇ ਪੁਰਖਿਆਂ ਦੀਆਂ ਕੁਰਬਾਨੀਆਂ ਨਾਲ ਖੇਡਦਾ ਰਿਹਾ।'

---

'ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਵੀ ਅਮਰੀਕੀ ਸ਼ਹਿਰੀਆਂ ਅੰਦਰ ਸਮਾਜਕ ਨਾ-ਬਰਾਬਰੀ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਆਰਥਿਕ ਪਾੜਾ ਮਿਟਾਉਣ ਖ਼ਾਤਰ ਆਪਣੀ ਸਾਰੀ ਜ਼ਿੰਦਗੀ ਝੋਕ ਦਿੱਤੀ। ਉਸ ਦਾ ਸੁਪਨਾ ਸੀ ਕਿ ਹਰ ਜਾਤ, ਧਰਮ, ਨਸਲ ਦੇ ਲੋਕਾਂ ਨੂੰ ਬਿਨਾਂ ਕਿਸੇ ਵਿਤਕਰੇ, ਅਮਰੀਕਾ ਦੀ ਖੁਸ਼ਹਾਲੀ ਵਿਚ ਹਿੱਸੇਦਾਰ ਬਣਨ ਦਾ ਮੌਕਾ ਮਿਲੇ। ਪਛੜੇ ਤੇ ਲਿਤਾੜੇ ਲੋਕਾਂ ਉਤੇ ਤਸ਼ੱਦਦ ਤੇ ਬੇਇਨਸਾਫੀਆਂ ਦਾ ਦਰਦ ਉਸ ਦੇ ਸੀਨੇ ਵਿਚ ਚੋਭ ਲਾਉਂਦਾ ਤੇ ਉਹ ਇਸ ਦੇ ਹੱਲ ਲਈ ਢੰਗ-ਤਰੀਕੇ ਖੋਜਦਾ। ਉਹ ਬੜਾ ਸੁਲਝਿਆ ਨਿਡਰ ਨਿਧੜਕ ਸਮਾਜਕ ਆਗੂ ਸੀ। ਉਸ ਨੇ ਸਮਾਜਕ ਲੋਟੂਆਂ ਤੋਂ ਨਿਰਭੈ ਹੋ ਕੇ ਬਹਾਦਰੀ ਨਾਲ ਇਕਸਾਰ ਬਰਾਬਰ ਸਿਵਲ ਰਾਈਟ ਦੀ ਵਕਾਲਤ ਕੀਤੀ...।'

ਹੁਣ ਉਸ ਦੀ ਸੂਈ ਅਬਰਾਹਮ ਲਿੰਕਨ ਤੋਂ ਹਟ ਕੇ ਮਾਰਟਿਨ ਲੂਥਰ ਕਿੰਗ 'ਤੇ ਜਾ ਟਿਕੀ...

ਉਹ 1950 ਤੋਂ 1960 ਦਰਮਿਆਨ ਮਨੁੱਖੀ ਹੱਕਾਂ ਬਾਰੇ ਸੱਤਿਆਗ੍ਰਹਿਆਂ ਦਾ ਸਰਬਰਾਹ ਸੀ। ਇਸੇ ਕਰ ਕੇ ਉਹ ਗ਼ਰੀਬਾਂ ਤੇ ਦੱਬੇ ਕੁਚਲੇ ਲੋਕਾਂ ਦਾ ਮਸੀਹਾ ਕਰ ਕੇ ਜਾਣਿਆ ਜਾਂਦਾ ਹੈ। 1963 ਵਿਚ ਦੋ ਲੱਖ ਕਾਲੇ ਲੋਕ ਆਪਣੇ ਨਾਲ ਹੁੰਦੇ ਮਾੜੇ ਸਲੂਕ ਖਿਲਾਫ਼ ਆਪਣੇ ਵਾਜਬ ਨਿਆਇਕ ਹੱਕਾਂ ਲਈ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਅਗਵਾਈ ਵਿਚ ਨੈਸ਼ਨਲ ਮਾਲ 'ਤੇ ਮੁਜ਼ਾਹਰੇ ਵਿਚ ਇਕੱਠੇ ਹੋਏ।...ਡਾਕਟਰ ਮਾਰਟਿਨ ਲੂਥਰ ਕਿੰਗ ਦੀ ਜੋਸ਼ੀਲੀ ਤਕਰੀਰ 'ਮੇਰਾ ਇੱਕ ਸੁਪਨਾ ਹੈ' ਨੇ ਸਰਕਾਰ ਦੇ ਕੰਨ ਖੋਲ੍ਹ ਦਿੱਤੇ।

ਰਾਤੀਂ ਸੁੱਤੇ ਪਏ ਮੈਨੂੰ ਸੁਹਣਾ ਖ਼ਾਬ ਆ ਗਿਆ, ਵੈਰੀ ਭੱਜ ਗਏ ਸਾਰੇ, ਇਨਕਲਾਬ ਆ ਗਿਆ...।

---

'ਗ਼ੁਲਾਮੀ ਦਾ ਧੱਬਾ ਸਦੀਆਂ ਤੱਕ ਇਕੱਲੇ ਅਮਰੀਕਾ ਹੀ ਨਹੀਂ, ਸਾਰੀ ਦੁਨੀਆਂ ਦਾ ਮੱਥਾ ਡੰਗਦਾ ਰਿਹਾ।' ਫਿਰ ਉਸ ਦੇ ਟੈਲੀਫ਼ੋਨ ਦੀ ਘੰਟੀ ਨੇ ਉਸ ਦੀ ਕਹਾਣੀ ਬਰੇਕ ਕਰ ਦਿੱਤੀ, ਤੇ ਉਹ ਸੁਣਨ ਲਈ ਪਾਸੇ ਹੋ ਗਿਆ।

---

ਨੇੜੇ ਪਾਰਕ ਕੰਢੇ ਦਸ ਵੀਹ ਲੋਕਾਂ ਦੇ ਇਕੱਠ ਵੱਲ ਮੇਰੇ ਪੈਰ ਵਧ ਗਏ। ਪਤਲਾ ਮਾੜਕੂ ਜਿਹਾ ਕਲਾਕਾਰ ਜਾਪਦਾ ਕਾਲਾ, ਮਜਮਾ ਲਾਈ ਲੋਕਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।...

'ਜੁਲਾਈ 1704 ਵਿਚ ਆਜ਼ਾਦੀ ਦੇ ਐਲਾਨ ਨਾਲ ਆਜ਼ਾਦ ਅਮਰੀਕਾ ਹੋਂਦ ਵਿਚ ਆਇਆ। ਅਮਰੀਕੀ ਲੋਕ ਆਜ਼ਾਦ ਹੋ ਗਏ ਪਰ ਆਜ਼ਾਦੀ ਦਾ ਇਹ ਅੰਮ੍ਰਿਤ ਕਾਲੇ ਲੋਕਾਂ ਦੀ ਪਹੁੰਚ ਤੋਂ ਇਨਕਾਰੀ ਹੋ ਗਿਆ। ਨੀਗਰੋ ਗੁਲਾਮਾਂ ਦਾ ਅਮਰੀਕਾ ਦੀ ਆਜ਼ਾਦੀ ਵਿਚ ਅਣਤੋਲਿਆ ਯੋਗਦਾਨ ਹੋਣ ਦੇ ਬਾਵਜੂਦ, ਇਹ ਗੁਲਾਮ ਦੇ ਗੁਲਾਮ ਹੀ ਰਹੇ। ਆਜ਼ਾਦ ਅਮਰੀਕਾ ਦੇ ਸਾਮੰਤੀ ਸਮਾਜ ਵਿਚ ਅਜੇ ਵੀ ਉਹ ਨੀਚ ਜਾਤੀ ਸਮਝ ਕੇ ਦੁਰਕਾਰੇ ਜਾਂਦੇ ਸਨ। ਉਹ ਆਪਣੇ ਜ਼ਿਮੀਂਦਾਰ ਮਾਲਕਾਂ ਹੱਥੋਂ ਅਤਿਆਚਾਰ ਅਤੇ ਦਰਿੰਦਗੀ ਦਾ ਸ਼ਿਕਾਰ ਹੁੰਦੇ ਰਹੇ। ਜਦ ਵੀ ਕਦੇ ਉਨ੍ਹਾਂ ਆਪਣਾ ਸਿਰ ਜਾਂ ਜ਼ਬਾਨ ਕੱਢਣ ਦੀ ਕੋਸ਼ਿਸ਼ ਕੀਤੀ, ਸਾਮਰਾਜੀ ਤਾਕਤਾਂ ਨੇ ਉਨ੍ਹਾਂ ਦੇ ਵਿਦਰੋਹ ਬੜੀ ਕਰੂਰਤਾ ਨਾਲ ਕੁਚਲਣ ਦੇ ਹੁਕਮ ਚਾੜ੍ਹ ਦਿੱਤੇ। ਪਿਤਾ ਪੁਰਖੀ ਖਾਨਦਾਨਾਂ ਤੋਂ ਲੈ ਕੇ ਹੁਣ ਤੱਕ ਉਹ ਆਪਣੇ ਮਾਲਕਾਂ ਦੀ ਬੰਧੂਆ ਮਜ਼ਦੂਰੀ ਕਰਦੇ ਰਹੇ। ਉਸ ਤੋਂ ਬਾਅਦ ਵੀ ਕਈ ਵੇਰਾਂ ਸੱਤਿਆਗ੍ਰਹਿ ਹੁੰਦੇ ਰਹੇ, ਤੇ ਅਖੀਰ ਸਭ ਜਾਤਾਂ ਧਰਮਾਂ ਦੇ ਅਮਰੀਕੀ ਲੋਕਾਂ ਨੂੰ ਬਰਾਬਰ ਦੇ ਹੱਕ ਮਿਲ ਗਏ। ਅਮਰੀਕੀ ਇਨਕਲਾਬ ਪਿੱਛੋਂ ਯਹੂਦੀਆਂ ਨੂੰ ਬਰਾਬਰ ਸ਼ਹਿਰੀ ਹੱਕ ਮਿਲ ਗਏ, ਪਰ ਬੰਦੀ ਵਪਾਰ ਜਾਰੀ ਰਿਹਾ। ਇਸ ਵਪਾਰ ਵਿਚ ਕੁੱਝ ਅਮੀਰ ਯਹੂਦੀ ਵੀ ਸ਼ਾਮਲ ਸਨ।...

ਉਸ ਭਿਅੰਕਰ ਮਹਾਂਕਾਲ ਵਿਚ ਅਫਰੀਕਾ ਤੋਂ ਇੱਕ ਨੀਗਰੋ ਗੁਲਾਮ 100 ਗੈਲਨ ਰੰਮ, 100 ਪੌਂਡ ਬਾਰੂਦ ਜਾਂ 20 ਡਾਲਰ ਬਦਲੇ ਖਰੀਦਿਆ ਜਾਂਦਾ ਸੀ, ਤੇ ਅਮਰੀਕਾ ਪਹੁੰਚ ਕੇ ਉਸ ਦਾ ਮੁੱਲ ਸੌ ਗੁਣਾ ਵਧ ਜਾਂਦਾ ਸੀ। ਡੰਗਰਾਂ ਵਾਂਗ ਉਨ੍ਹਾਂ ਦੇ ਸਰੀਰ 'ਤੇ ਗਰਮ ਲੋਹੇ ਨਾਲ ਪਛਾਣ ਨੰਬਰ (ਚਿੱਪ) ਦੇ ਠੱਪੇ ਲਗਾਏ ਜਾਂਦੇ ਸਨ। ਸਿਰਫ 1756 ਦੇ ਇੱਕ ਸਾਲ ਵਿਚ ਨਿਊ-ਪੋਰਟ ਸ਼ਹਿਰ ਵਿਚ 4697 ਅਫਰੀਕੀ ਵੇਚੇ ਤੇ ਖਰੀਦੇ ਗਏ। 1661 ਤੋਂ 1774 ਦੇ 113 ਸਾਲਾ ਬੰਦੀ-ਵਪਾਰ ਵਿਚ ਗਿਆਰਾਂ ਕਰੋੜ ਅਫਰੀਕੀ ਕਾਲੇ ਲੋਕ ਜਹਾਜ਼ਾਂ 'ਤੇ ਲੱਦ ਕੇ ਯੂਰਪੀ ਬਸਤੀਆਂ ਨੂੰ ਸਮੱਗਲ ਕੀਤੇ ਗਏ ਜਿਨ੍ਹਾਂ ਵਿਚੋਂ ਕੇਵਲ ਇੱਕ ਕਰੋੜ ਦਸ ਲੱਖ ਮੁਕਾਮ 'ਤੇ ਪਹੁੰਚੇ; ਬਾਕੀ ਰਸਤੇ ਵਿਚ ਹੀ ਮਰ-ਖਪ ਗਏ। ਬਾਅਦ ਵਿਚ 113 ਸਾਲਾਂ ਦੇ ਯਹੂਦੀ ਜ਼ੁਲਮਾਂ ਦੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਅਸੀਂ ਉਨ੍ਹਾਂ ਕਈ ਸੰਸਥਾਵਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਨ੍ਹਾਂ ਜ਼ੁਲਮਾਂ ਦੀ ਦਾਸਤਾਨ ਕੁਰੇਦ ਕੇ, ਖੋਜ ਕਰ ਕੇ ਆਉਂਦੀਆਂ ਪੁਸ਼ਤਾਂ ਲਈ ਸੰਭਾਲਣ ਦਾ ਪਰਉਪਕਾਰ ਕਰ ਛੱਡਿਆ ਹੈ।'

ਸਾਫ ਜ਼ਾਹਿਰ ਸੀ, ਇਹ ਪਛੜੇ ਲੋਕ (ਸਰਕਾਰ ਦੇ ਨਿਯਮਾਂ ਅਨੁਸਾਰ ਭਾਈਵਾਲ) ਅਜੇ ਵੀ ਆਪਣੇ ਹੱਕ ਪ੍ਰਾਪਤ ਕਰਨ ਲਈ ਜੂਝ ਰਹੇ ਹਨ।

'ਵੇਖਿਆ! ਸੁਣ ਲਿਆ ਤੁਸੀਂ? ਕਿੰਗ ਜੂਨੀਅਰ ਦੀਆਂ ਤੋਪੇ-ਤੋੜ ਤਕਰੀਰਾਂ ਨੇ ਇਨ੍ਹਾਂ ਸਾਮਰਾਜੀਆਂ ਦੇ ਸੀਨੇ ਛਲਣੀ ਕਰ ਦਿੱਤੇ।'

---

'ਅਮਰੀਕਾ ਵਿਚ ਰਹਿਣ ਵਾਲੇ ਕਾਲਿਆਂ ਨਾਲ ਬਹੁਤ ਮਾੜੀ ਹੋਈ। ਸ਼ੁਰੂ ਤੋਂ ਉਨ੍ਹਾਂ ਨੂੰ ਗੁਲਾਮ ਬਣਾ ਕੇ ਇੱਥੇ ਲਿਆਂਦਾ ਜਾਂਦਾ ਰਿਹਾ। ਔਰਤਾਂ, ਮਰਦਾਂ, ਬੱਚਿਆਂ ਦੀ ਮੰਡੀ ਵਿਚ ਇਹ ਉਚੇ-ਲੰਮੇ ਕੱਦ ਕਾਠ ਵਾਲੇ ਕਾਲੇ ਵਿਕਦੇ ਰਹੇ, ਇਨ੍ਹਾਂ ਦੀ ਬੋਲੀ ਲੱਗਦੀ ਰਹੀ। ਜਿਹੜਾ ਮਰਜ਼ੀ ਵੱਧ ਬੋਲੀ ਦੇ ਕੇ ਲੈ ਜਾਏ ਤੇ ਆਪਣਾ ਮਨਭਾਉਂਦਾ ਕੰਮ ਕਰਵਾਏ। ਪਸ਼ੂਆਂ ਵਾਂਗ ਇਹ ਕਿੱਲਿਆਂ ਨਾਲ ਬੱਧੇ ਜਾਂਦੇ ਰਹੇ। ਪਸ਼ੂਆਂ ਵਾਂਗ ਵੇਚੇ ਖਰੀਦੇ ਜਾਂਦੇ। ਇਨ੍ਹਾਂ ਦੀ ਆਪਣੀ ਕੋਈ ਆਵਾਜ਼ ਹੀ ਨਹੀਂ ਸੀ। ਸਦੀਆਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਇਨ੍ਹਾਂ ਨੇ ਵੀ ਅੰਗਰੇਜ਼ਾਂ ਦਾ ਬੋਰੀਆ-ਬਿਸਤਰਾ ਗੋਲ ਕਰਾਉਣ ਵਿਚ ਅਮਰੀਕੀ ਲੋਕਾਂ ਨਾਲ ਡਟ ਕੇ ਹੱਥ ਵਟਾਇਆ ਤੇ ਅਨੇਕਾਂ ਕਸ਼ਟ ਸਹਾਰੇ।

ਸਦੀਆਂ ਤੋਂ ਦੱਬੇ ਕੁਚਲੇ ਲਿਤਾੜੇ ਲੋਕਾਂ ਦੀ ਬਾਂਹ ਫੜਨ ਦੀ ਕਿਸੇ ਨੇ ਜੁਰਅਤ ਨਹੀਂ ਕੀਤੀ। ਜੇ ਕੀਤੀ ਹੈ ਤਾਂ ਉਸ ਨੂੰ ਸਰਮਾਏਦਾਰੀ ਦੀ ਗੋਲੀ ਨੇ ਫੁੰਡ ਦਿੱਤਾ। ਉਹ ਸ਼ੇਰ ਬਹਾਦਰ ਅਖੀਰ ਇਨ੍ਹਾਂ ਮੁਤਅੱਸਬ ਲੋਕਾਂ ਦੇ ਜਾਤੀ ਵਿਤਕਰੇ ਤੇ ਨਫਰਤ ਦਾ ਸ਼ਿਕਾਰ ਹੋ ਗਿਆ। ਉਸ ਨੂੰ ਕੱਟੜ ਦਵੈਸ਼ੀ ਗੋਰੇ ਨੇ ਚਾਰ ਅਪਰੈਲ 1968 ਨੂੰ ਘਾਤ ਲਗਾ ਕੇ ਗੋਲੀਆਂ ਮਾਰੀਆਂ ਅਤੇ ਉਸ ਦੀ ਜ਼ਬਾਨ ਹਮੇਸ਼ਾ ਲਈ ਬੰਦ ਕਰ ਦਿੱਤੀ। ਉਹ ਸਾਰੀ ਹਯਾਤੀ ਮਨੁੱਖ ਦੇ ਸਰਵੋਤਮ ਅਧਿਕਾਰਾਂ ਦੀ ਵਕਾਲਤ ਕਰਦਾ ਰਿਹਾ। ਉਹ ਸਿਸਟਮ ਵਿਚਲੀ ਅਰਾਜਕਤਾ, ਧੀਂਗੋਜ਼ੋਰੀ ਤੇ ਬਦ-ਇੰਤਜ਼ਾਮੀ ਦਾ ਸ਼ਿਕਾਰ ਹੋ ਗਿਆ ਜਿਸ ਦੇ ਖਿਲਾਫ ਉਹ ਸਾਰੀ ਉਮਰ ਲੜਦਾ ਰਿਹਾ। ਸੱਚ ਕਦੇ ਮਰਦਾ ਨਹੀਂ... ਸੱਚ ਦੀ ਆਵਾਜ਼ ਕਦੇ ਦਮ ਨਹੀਂ ਤੋੜ ਸਕਦੀ...ਮਸੀਹੇ ਦੇ ਮਰਨ ਤੋਂ ਬਾਅਦ ਵੀ ਇਹ ਲਹਿਰ ਪ੍ਰਚੰਡ ਰੂਪ ਧਾਰ ਕੇ ਕਾਤਲਾਂ ਦਾ ਪਿੱਛਾ ਕਰ ਰਹੀ ਹੈ ਤੇ ਕਰਦੀ ਰਹੇਗੀ। ਵੇਖੋ! ਵੇਖੋ! ਉਹ ਜਿਉਂਦਾ ਹੈ...ਉਸ ਦੀ ਨਰੋਈ ਸੋਚ ਜਿੰਦਾ ਹੈ...ਉਹ ਅਜੇ ਵੀ ਜਿਉਂਦਾ ਹੈ। ਮਿਲੀਅਨ ਲੋਕਾਂ ਦੇ ਦਿਲਾਂ 'ਤੇ ਰਾਜ ਕਰਦਾ ਹੈ।... ਪ੍ਰਤੀ ਉਹ ਪੂਰਾ ਜਾਗਰੂਕ ਹੈ।


---

**ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਮੈਮੋਰੀਅਲ:** ਸਿਵਲ ਰਾਈਟਸ ਲੀਡਰ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਹਰ ਅਮਰੀਕੀ ਵਾਸਤੇ ਇਕਸਾਰ ਆਜ਼ਾਦੀ, ਅਵਸਰ ਅਤੇ ਇਨਸਾਫ ਦੀ ਵਕਾਲਤ ਕੀਤੀ। ਉਨ੍ਹਾਂ ਸਮਾਜ 'ਚ ਕਾਣੀ ਵੰਡ ਤੇ ਨਾ-ਬਰਾਬਰੀ ਖਿਲਾਫ ਸੰਘਰਸ਼ ਅਰੰਭਿਆ ਤੇ ਅਖੀਰ ਆਪਣੇ ਹੱਕ ਲੈਣ ਤੱਕ ਇਹ ਘੋਲ ਜਾਰੀ ਰੱਖਿਆ। ਭੂਮੀਪਤੀਆਂ ਦੀ ਅੱਯਾਸ਼ੀ ਭਰਪੂਰ ਜੀਵਨ-ਸ਼ੈਲੀ ਦੇ ਪੋਤੜੇ ਫੋਲਣ ਵਾਲੇ ਰੋਹਲੇ ਲੈਕਚਰ ਦੇਣ ਵਿਚ ਸਮਰੱਥ ਉਹ ਸਿਰੇ ਦਾ ਬੁਲਾਰਾ ਮੰਨਿਆ ਜਾਂਦਾ ਸੀ। ਉਸ ਦੀਆਂ ਤਕਰੀਰਾਂ ਨੇ ਸਾਮਰਾਜੀਆਂ ਦੇ ਸੀਨੇ ਛਲਣੀ ਕਰ ਦਿੱਤੇ।

ਸਮਾਜ ਦੇ ਬੁੱਧੀਜੀਵੀ ਵਰਗ ਦਾ ਵੱਡਾ ਭਾਗ ਉਸ ਨੂੰ ਗਹੁ ਨਾਲ ਸੁਣਦਾ, ਉਸ ਦਾ ਅਨੁਯਾਈ ਬਣ ਗਿਆ। ਉਹ ਇੰਨਾ ਹਰਮਨ ਪਿਆਰਾ ਹੋ ਗਿਆ ਕਿ ਲੋਕ ਇਸ਼ਟ ਵਾਂਗ ਉਸ ਦੇ ਮੂੰਹੋਂ ਨਿਕਲਣ ਵਾਲੇ ਪ੍ਰਵਚਨ ਸੁਣਨ ਦੇ ਅਮਲੀ ਹੋ ਗਏ। ਉਸ ਦੀ ਅਗਵਾਈ ਵਿਚ 28 ਅਗਸਤ 1963 ਨੂੰ ਢਾਈ ਲੱਖ ਲੋਕ ਆਪਣੀਆਂ ਨੌਕਰੀਆਂ ਅਤੇ ਆਜ਼ਾਦੀ ਦੀ ਬਰਾਬਰੀ ਦੇ ਹੱਕ ਵਾਸਤੇ ਮੁਜ਼ਾਹਰਾ ਕਰਦੇ ਇਕੱਠੇ ਹੋਏ। ਅਬਰਾਹਮ ਲਿੰਕਨ ਦੀ ਸਮਾਧ 'ਤੇ ਦਿੱਤਾ ਉਸ ਦਾ ਭਾਸ਼ਣ 'ਮੇਰਾ ਇੱਕ ਸੁਪਨਾ ਹੈ' ਅਮਰੀਕੀ ਇਤਿਹਾਸ ਦਾ ਯਾਦਗਾਰੀ ਦਸਤਾਵੇਜ਼ ਬਣ ਗਿਆ। ਕਵਿਤਾ ਵਰਗੇ ਇਸ ਭਾਸ਼ਣ ਵਿਚ ਉਸ ਨੇ ਕਿਹਾ, "ਮੇਰਾ ਇੱਕ ਸੁਪਨਾ ਹੈ ਕਿ ਮੇਰਾ ਇਹ ਰਾਸ਼ਟਰ ਤਰੱਕੀਆਂ ਦੀਆਂ ਪੁਲਾਂਘਾਂ ਪੁੱਟੇ ਤੇ 'ਸਭ ਲੋਕ ਰੱਬ ਵਲੋਂ ਬਰਾਬਰ ਪੈਦਾ ਕੀਤੇ ਗਏ ਹਨ' ਦੇ ਸਿਧਾਂਤ ਨੂੰ ਸਮਝੇ ਤੇ ਅਪਨਾਏ। ਮੇਰਾ ਇਹ ਸੁਪਨਾ ਹੈ ਕਿ ਮੇਰੇ ਚਾਰੇ ਬੱਚੇ ਆਉਣ ਵਾਲੇ ਦਿਨਾਂ ਵਿਚ ਚਮੜੀ ਦੇ ਰੰਗ, ਭੇਦ ਦੇ ਵਿਤਕਰੇ ਤੋਂ ਨਹੀਂ, ਬਲਕਿ ਉਨ੍ਹਾਂ ਦੀ ਸਮਰੱਥਾ ਤੇ ਲਿਆਕਤ ਤੋਂ ਜਾਣੇ ਪਛਾਣੇ ਜਾਣ।"

ਕਰੂਰ ਕਾਰਸਤਾਨੀਆਂ ਦੇ ਰਸਤੇ 'ਚੋਂ ਹਟਾਉਣ ਵਾਸਤੇ ਉਸ ਨੂੰ ਕਤਲ ਕਰ ਦਿੱਤਾ ਗਿਆ। ਨਿਰਸੰਦੇਹ ਇਹ ਨਸਲੀ ਕਤਲ ਸੀ ਜਿਸ ਦਾ ਅਮਰੀਕਾ ਦੀ ਪਬਲਿਕ ਨੂੰ ਬੜਾ ਭਾਰਾ ਮੁੱਲ ਤਾਰਨਾ ਪਿਆ। ਇਸ ਘਿਨਾਉਣੀ ਵਾਰਦਾਤ ਤੋਂ ਬਾਅਦ ਅਮਰੀਕਾ ਭਰ ਦੇ ਅਫ਼ਰੀਕੀ-ਅਮਰੀਕੀ ਭੜਕ ਉਠੇ ਤੇ ਮਸ਼ਾਲਾਂ ਲੈ ਕੇ ਸੜਕਾਂ 'ਤੇ ਉਤਰ ਆਏ। ਰੋਹ ਵਿਚ ਆਏ ਲੋਕਾਂ ਨੇ ਜ਼ੋਰਦਾਰ ਮੁਜ਼ਾਹਰੇ ਤੇ ਹੁੱਲੜਬਾਜ਼ੀ ਮਚਾਈ ਰੱਖੀ। ਤਿੰਨ ਦਿਨਾਂ ਤੱਕ ਮੱਚੇ ਅੱਗ ਦੇ ਭਾਂਬੜਾਂ ਨਾਲ ਤਬਾਹੀ ਹੁੰਦੀ ਰਹੀ।

ਵਾਸ਼ਿੰਗਟਨ ਡੀ.ਸੀ. ਵਿਖੇ ਵੀਹ ਹਜ਼ਾਰ ਲੋਕਾਂ ਦੇ ਹਜੂਮ ਨੇ ਘਰਾਂ, ਬਾਜ਼ਾਰਾਂ, ਦਫ਼ਤਰਾਂ ਦੀ ਰੱਜ ਕੇ ਤੋੜ-ਭੰਨ ਕੀਤੀ ਤੇ ਖ਼ੂਬ ਲੁੱਟ-ਮਾਰ ਕੀਤੀ। ਸਰਕਾਰੀ ਤੇ ਗੈਰ-ਸਰਕਾਰੀ ਜਾਇਦਾਦ, ਇਮਾਰਤਾਂ ਦੇ ਦਰਵਾਜ਼ੇ, ਸ਼ੀਸ਼ੇ, ਖਿੜਕੀਆਂ ਭੰਨ ਕੇ ਅੱਗ ਦੇ ਹਵਾਲੇ ਕਰ ਦਿੱਤੇ। ਸਟੋਰ ਮਾਲ ਲੁੱਟ ਲਏ। ਬਾਰਾਂ ਮਨੁੱਖੀ ਜਾਨਾਂ ਦਾ ਨੁਕਸਾਨ ਹੋਇਆ ਤੇ ਸੈਂਕੜੇ ਜ਼ਖਮੀ ਹੋਏ। ਮੱਧ ਵਰਗ ਦੇ ਸ਼ਰੀਫ਼ ਲੋਕ ਹੁੱਲੜਬਾਜ਼ਾਂ ਤੋਂ ਡਰਦੇ ਉਥੋਂ ਪਲਾਇਨ ਕਰ ਗਏ। ਸਿਵਲ ਲੋਕਾਂ ਨੂੰ ਕੰਟਰੋਲ ਕਰਨ ਵਾਸਤੇ ਪ੍ਰੈਜ਼ੀਡੈਂਟ ਲਿੰਡਨ ਜੌਹਨਸਨ ਨੇ ਫ਼ੌਜ ਬੁਲਾਈ, ਪਰ ਉਹ ਵੀ ਉਨ੍ਹਾਂ ਨੂੰ ਸ਼ਾਂਤ ਕਰਨ ਜਾਂ ਦਬਾਉਣ ਵਿਚ ਕਾਮਯਾਬ ਨਾ ਹੋ ਸਕੀ। ਅਖੀਰ ਉਹ ਆਪਣੀ ਮਨਮਰਜ਼ੀ ਨਾਲ ਪੂਰੀ ਵਾਹ ਲਾ ਕੇ ਠੱਲ੍ਹ ਗਏ। ਸਾਲ 1814 ਦੇ ਬਰਤਾਨਵੀ ਹਮਲੇ ਵਾਂਗ ਵਾਸ਼ਿੰਗਟਨ ਡੀ.ਸੀ. ਇਕ ਵਾਰ ਫਿਰ ਅੱਗ ਦੇ ਛੂਹਲ਼ਿਆਂ ਨਾਲ ਢਹਿ ਢੇਰੀ ਹੋ ਗਿਆ। ਇਸ ਉਪੱਦਰ ਵਿਚ ਪੰਦਰਾਂ ਮਿਲੀਅਨ ਡਾਲਰਾਂ ਦਾ ਨਾਪੂਰਨਯੋਗ ਨੁਕਸਾਨ ਹੋਇਆ। ਪਹਿਲਾਂ ਹੀ ਆਰਥਿਕ ਮਜਬੂਰੀਆਂ ਥੱਲੇ ਪਿਸਿਆ ਅਮਰੀਕੀ ਸਿਸਟਮ ਇਸ ਭਿਅੰਕਰ ਤਬਾਹੀ ਨੇ ਖੋਖਲਾ ਤੇ ਖੋਲ਼ਾ ਕਰ ਦਿੱਤਾ। 6300 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਰਕਾਰੀ ਮਸ਼ੀਨਰੀ ਨੂੰ ਮੁੜ ਲੀਹਾਂ 'ਤੇ ਲਿਆਉਣ ਵਾਸਤੇ ਕਈ ਸਾਲ ਲੱਗ ਗਏ।



***ਡਾ. ਮਾਰਟਿਨ ਲੂਥਰ ਕਿੰਗ ਦੀਆਂ ਕੌਮੀ ਤੇ ਕੌਮਾਂਤਰੀ ਪ੍ਰਾਪਤੀਆਂ ਕਰ ਕੇ ਉਸ ਦੇ ਸਨਮਾਨ ਵਜੋਂ ਇਹ ਯਾਦਗਾਰ ਸਥਾਪਤ ਕੀਤੀ ਗਈ ਹੈ। ਇਸ 30 ਫੁੱਟ ਉਚੇ ਦੇਅ ਕੱਦ ਬੁੱਤ 'ਸਟੋਨ ਆਫ਼ ਹੋਪ' ਉਤੇ ਉਸ ਦੀਆਂ ਚੋਣਵੀਆਂ ਤਕਰੀਰਾਂ ਉਕਰੀਆਂ ਹੋਈਆਂ ਹਨ। ਇਹ ਯਾਦਗਾਰ ਫਰੈਂਕਲਿਨ ਰੂਜ਼ਵੈਲਟ ਦੇ ਨੇੜੇ, ਅਬਰਾਹਮ ਲਿੰਕਨ ਤੇ ਜੈਫਰਸਨ ਦੀਆਂ ਸਮਾਧੀਆਂ ਦੇ ਵਿਚਕਾਰ ਨੈਸ਼ਨਲ ਮਾਲ ਦੀ ਕੇਂਦਰੀ ਜਗ੍ਹਾ 'ਤੇ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਕਾਂਗਰਸ ਨੇ ਉਨ੍ਹਾਂ ਦੀ ਢੁਕਵੀਂ ਯਾਦਗਾਰ ਬਣਾਉਣ ਦੇ ਪ੍ਰਸਤਾਵ ਨੂੰ 1996 ਵਿਚ ਮਨਜ਼ੂਰੀ ਦੇ ਦਿੱਤੀ। 'ਬਿਲਡ ਦੀ ਡਰੀਮ' ਯਾਨਿ 'ਸੁਪਨੇ ਸਿਰਜੋ' ਜੈਕਾਰੇ ਵਾਲੇ ਇਸ ਪ੍ਰਾਜੈਕਟ ਵਾਸਤੇ ਇੱਕ ਸੌ ਵੀਹ ਮਿਲੀਅਨ ਡਾਲਰਾਂ ਦਾ ਬਜਟ ਪਾਸ ਕੀਤਾ ਗਿਆ ਸੀ।***

ਲੋਕ ਉਸ ਦੀ ਸੋਚ ਨੂੰ ਅੱਗੇ ਵਧਾਉਂਦੇ, ਆਪਣੇ ਸੰਵਿਧਾਨਕ ਹੱਕਾਂ ਬਾਰੇ ਜਾਗੇ ਹਨ। ਸਰਕਾਰ ਦੇ ਕੰਨ ਖੜ੍ਹੇ ਹੋਏ ਹਨ...ਇਸ ਪਛੜੇ ਵਰਗ ਵਾਸਤੇ ਰਾਖਵੇਂਕਰਨ ਦੀ ਮੰਗ ਉਠੀ ਹੈ ਤੇ ਸਰਕਾਰ ਪੱਧਰ 'ਤੇ ਇਸ ਬਾਰੇ ਵਿਚਾਰ ਚੱਲ ਰਹੀ ਹੈ। ਤਾਜ਼ਾ ਸਰਵੇਖਣ ਅਨੁਸਾਰ ਇਸ ਬਹਾਦਰ ਪਛੜੀ ਹੋਈ ਨੀਗਰੋ ਸ਼੍ਰੇਣੀ ਦੇ 27.2 ਫੀਸਦੀ ਲੋਕ ਗਰੀਬੀ ਰੇਖਾ ਤੋਂ ਥੱਲੇ ਜੀਵਨ ਬਤੀਤ ਕਰ ਰਹੇ ਹਨ। ਅਜੇ ਵੀ ਇਨ੍ਹਾਂ ਦੀ ਔਸਤਨ ਹਾਲਤ ਬਹੁਤੀ ਚੰਗੀ ਨਹੀਂ। ਇਨ੍ਹਾਂ ਨੂੰ ਆਪਣੇ ਨਾਲ ਮਿਲਾਉਣ ਵਾਸਤੇ ਸਰਕਾਰੇ ਦਰਬਾਰੇ ਕੁੱਝ ਰਿਆਇਤਾਂ ਦੇਣ ਬਾਰੇ ਵਿਚਾਰ-ਵਟਾਂਦਰਾ ਸਿਖਰ ਵੱਲ ਵਧ ਰਿਹਾ ਹੈ। ਓਬਾਮਾ ਦੇ ਆਉਣ ਕਰ ਕੇ ਇਨ੍ਹਾਂ ਦੇ ਡੰਗ ਕੁਝ ਤਿੱਖੇ ਹੋ ਗਏ ਹਨ। ਹੁਣ ਇਹ ਲੋਕ ਗਿਣ ਗਿਣ ਕੇ ਬਦਲੇ ਲੈ ਰਹੇ ਹਨ।'

ਉਹ ਟੇਪ-ਰਿਕਾਰਡ ਵਾਂਗ ਰਟਿਆ-ਰਟਾਇਆ ਆਪਣਾ ਭਾਸ਼ਣ ਦਿੰਦਾ ਰਿਹਾ, ਮੈਂ ਮੰਤਰ-ਮੁਗਧ ਹੋ ਕੇ ਇਕਾਗਰਤਾ ਨਾਲ ਆਪਣੇ ਨੋਟ ਬਣਾਉਂਦਾ ਰਿਹਾ। ਡਰਾਈਵਰ ਦੇ ਫਿਲਾਸਫਰਾਂ ਵਰਗੇ ਵਿਖਿਆਨ ਨੇ ਮੈਨੂੰ ਚਕਾਚੌਂਧ ਕਰ ਦਿੱਤਾ ਕਿ ਉਹ ਜਿੰਨਾ ਕੁ ਭੋਲਾ ਜਾਪਦਾ ਹੈ, ਅੰਦਰੋਂ ਉਨਾ ਹੀ ਗੋਲਾ ਹੈ। ਉਸ ਨੂੰ ਆਪਣੇ ਇਤਿਹਾਸਕ ਵਿਰਸੇ ਦੀ ਪੂਰੀ ਸੋਝੀ ਹੈ ਅਤੇ ਆਪਣੇ ਅਧਿਕਾਰਾਂ

ਉਸ ਦੀ ਭਵਿੱਖਵਾਣੀ ਸੱਚ ਹੋ ਰਹੀ ਹੈ। ਹੁਣ ਛੂਤ-ਛਾਤ ਤੇ ਜਾਤੀ ਵਿਤਕਰੇ ਦੀ ਬੰਦਿਸ਼ ਇੰਨੀ ਸਖ਼ਤੀ ਨਾਲ ਲਾਗੂ ਕੀਤੀ ਜਾਂਦੀ ਹੈ ਕਿ ਕੋਈ ਵੀ ਹੰਕਾਰੀ ਪੁਰਖ ਕਿਸੇ ਬਾਰੇ ਮੰਦਭਾਵਨਾ ਭਰਪੂਰ ਮੰਦਾ ਨਫ਼ਰਤ ਵਾਲਾ ਸ਼ਬਦ ਨਹੀਂ ਬੋਲ ਸਕਦਾ। ਬਾਸਕਟਬਾਲ ਕਲਿੱਪਰ ਲੀਗ ਲਾਸ-ਏਂਜਲਸ ਦਾ ਮਾਲਕ ਤੇ ਸੀ.ਈ.ਓ. ਡੋਨਾਲਡ ਸਟਰਲਿੰਗ ਜਿਸ ਨੇ ਅਫਰੀਕੀ-ਅਮਰੀਕੀ ਖਿਡਾਰੀਆਂ ਵਾਸਤੇ ਜਾਤੀ ਟਿੱਪਣੀ ਕੀਤੀ ਸੀ, ਨੂੰ ਸਜ਼ਾ ਵਜੋਂ ਇਸ ਅਹੁਦੇ ਤੋਂ ਜ਼ਿੰਦਗੀ ਭਰ ਲਈ ਮੁਕਤ ਕਰ ਦਿੱਤਾ ਗਿਆ ਤੇ ਦੁਬਾਰਾ ਕਿਤੇ ਵੀ ਅਜਿਹੇ ਅਹੁਦੇ ਵਾਸਤੇ ਨਾਅਹਿਲ ਕਰਾਰ ਦਿੱਤਾ ਗਿਆ ਹੈ।

ਸਿਵਲ ਰਾਈਟਸ ਬਾਰੇ ਕੀਤੇ ਉਸ ਦੇ ਕੰਮ ਨੇ ਅਧਿਕਾਰੀਆਂ ਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਉਹ ਕਦਰਦਾਨਾਂ ਦੀਆਂ ਨਜ਼ਰਾਂ ਵਿਚ ਚੜ੍ਹ ਗਿਆ। ਪੈਂਤੀ ਸਾਲ ਦੀ ਛੋਟੀ ਜਿਹੀ ਉਮਰ ਵਿਚ ਉਸ ਦੀਆਂ ਸੇਵਾਵਾਂ ਦੀ ਸਲਾਮੀ ਵਜੋਂ 1963 ਵਿਚ ਉਸ ਨੂੰ ਨੋਬੇਲ ਪ੍ਰਾਈਜ਼ ਨਾਲ ਨਿਵਾਜਿਆ ਗਿਆ। ਇਹ ਮਾਨਤਾ ਸਰਮਾਏਦਾਰਾਂ ਨੂੰ ਹਜ਼ਮ ਨਾ ਹੋਈ। ਚਾਰ ਅਪਰੈਲ 1968 ਨੂੰ ਇਨਸਾਫ਼ ਤੇ ਸਮਾਜਕ ਬਰਾਬਰੀ ਦੇ ਦੋਖੀ ਹਤਿਆਰਿਆਂ ਵਲੋਂ ਆਪਣੀਆਂ

---

ਡਾ. ਮਾਰਟਿਨ ਲੂਥਰ ਕਿੰਗ ਦੀਆਂ ਕੌਮੀ ਤੇ ਕੌਮਾਂਤਰੀ ਪ੍ਰਾਪਤੀਆਂ ਕਰ ਕੇ ਉਸ ਦੇ ਸਨਮਾਨ ਵਜੋਂ ਇਹ ਯਾਦਗਾਰ ਸਥਾਪਤ ਕੀਤੀ ਗਈ ਹੈ। ਇਸ 30 ਫੁੱਟ ਉਚੇ ਦੇਅ ਕੱਦ ਬੁੱਤ 'ਸਟੋਨ ਆਫ਼ ਹੋਪ' ਉਤੇ ਉਸ ਦੀਆਂ ਚੋਣਵੀਆਂ ਤਕਰੀਰਾਂ ਉਕਰੀਆਂ ਹੋਈਆਂ ਹਨ। ਇਹ ਯਾਦਗਾਰ ਫਰੈਂਕਲਿਨ ਰੂਜ਼ਵੈਲਟ ਦੇ ਨੇੜੇ, ਅਬਰਾਹਮ ਲਿੰਕਨ ਤੇ ਜੈਫਰਸਨ ਦੀਆਂ ਸਮਾਧੀਆਂ ਦੇ ਵਿਚਕਾਰ ਨੈਸ਼ਨਲ ਮਾਲ ਦੀ ਕੇਂਦਰੀ ਜਗ੍ਹਾ 'ਤੇ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਕਾਂਗਰਸ ਨੇ ਉਨ੍ਹਾਂ ਦੀ ਢੁਕਵੀਂ ਯਾਦਗਾਰ ਬਣਾਉਣ ਦੇ ਪ੍ਰਸਤਾਵ ਨੂੰ 1996 ਵਿਚ ਮਨਜ਼ੂਰੀ ਦੇ ਦਿੱਤੀ। 'ਬਿਲਡ ਦੀ ਡਰੀਮ' ਯਾਨਿ 'ਸੁਪਨੇ ਸਿਰਜੋ' ਜੈਕਾਰੇ ਵਾਲੇ ਇਸ ਪ੍ਰਾਜੈਕਟ ਵਾਸਤੇ ਇੱਕ ਸੌ ਵੀਹ ਮਿਲੀਅਨ ਡਾਲਰਾਂ ਦਾ ਬਜਟ ਪਾਸ ਕੀਤਾ ਗਿਆ ਸੀ।

ਇਸ ਮਾਲ ਖੇਤਰ ਵਿਚ ਇਹ ਇਕੱਲੀ ਹੀ ਨਾਨ-ਪ੍ਰੈਜ਼ੀਡੈਂਟ ਸ਼ਖ਼ਸੀਅਤ ਹੈ ਜਿਸ ਨੂੰ ਸਾਰੇ ਪ੍ਰਧਾਨਾਂ ਦੇ ਵਿਚਕਾਰ ਬਿਠਾ ਕੇ ਸਨਮਾਨ ਦਿੱਤਾ ਗਿਆ ਹੈ। ਇਹ 22 ਅਗਸਤ 2011 ਨੂੰ ਲੋਕ-ਅਰਪਣ ਕੀਤਾ ਗਿਆ ਸੀ।

# ਫਿਰ ਚੱਲੇਗਾ ਬੰਗਾਲ ਦਾ ਜਾਦੂ


## 'ਡਿਟੈਕਟਿਵ ਬਿਓਮਕੇਸ਼ ਬਖਸ਼ੀ' ਦੀ ਪੈੜਚਾਲ

ਆਮਿਰ ਖਾਨ ਦੀ ਹਾਲ ਹੀ ਵਿਚ ਆਈ ਫਿਲਮ 'ਪੀ.ਕੇ.' ਵਿਚ ਛੋਟਾ, ਪਰ ਪ੍ਰਭਾਵਸ਼ਾਲੀ ਕਿਰਦਾਰ ਨਿਭਾ ਕੇ ਸਭ ਦਾ ਧਿਆਨ ਖਿੱਚਣ ਵਾਲਾ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਆਪਣੀ ਨਵੀਂ ਫਿਲਮ 'ਡਿਟੈਕਟਿਵ ਬਿਓਮਕੇਸ਼ ਬਖਸ਼ੀ' ਦੀ ਸ਼ੂਟਿੰਗ ਵਿਚ ਰੁੱਝਾ ਹੋਇਆ ਹੈ। ਇਹ ਫਿਲਮ ਇਸੇ ਸਾਲ ਅਪਰੈਲ ਵਿਚ ਰਿਲੀਜ਼ ਹੋਣੀ ਹੈ ਅਤੇ ਇਸ ਫਿਲਮ ਤੋਂ ਸੁਸ਼ਾਤ ਨੂੰ

ਕ੍ਰਿਸ਼ਨਪਾਲ ਸਿੰਘ ਪਾਹਵਾ


ਬੜੀਆਂ ਆਸਾਂ ਹਨ। ਇਹ ਫਿਲਮ ਉਹਦੇ ਫਿਲਮੀ ਕਰੀਅਰ ਲਈ ਵੱਡੀ ਬ੍ਰੇਕ ਹੈ ਅਤੇ ਉਹ ਇਸ ਫਿਲਮ ਦੀ ਕਾਮਯਾਬੀ ਲਈ ਹਰ ਹੀਲਾ-ਵਸੀਲਾ ਕਰ ਰਿਹਾ ਹੈ। ਇਹ ਫਿਲਮ ਫਿਲਮਸਾਜ਼ ਦਿਬਾਕਰ ਬੈਨਰਜੀ ਡਾਇਰੈਕਟ ਕਰ ਰਿਹਾ ਹੈ ਅਤੇ ਇਹ ਯਸ਼ਰਾਜ ਫਿਲਮਜ਼ ਦੇ ਬੈਨਰ ਹੇਠ ਰਿਲੀਜ਼ ਕੀਤੀ ਜਾਵੇਗੀ। ਫਿਲਮ ਵਿਚ ਸੁਸ਼ਾਂਤ ਨਾਲ ਸਵਾਸਤਿਕਾ ਮੁਖਰਜੀ, ਦਿਵਿਆ ਮੈਨਨ ਅਤੇ ਆਨੰਦ ਤਿਵਾੜੀ ਵਰਗੇ ਕਲਾਕਾਰ ਕਿਰਦਾਰ ਨਿਭਾ ਰਹੇ ਹਨ। ਇਹ ਫਿਲਮ ਬੰਗਾਲੀ ਲੇਖਕ ਸ਼ਰਦਿੰਦੂ ਬੰਧੋਪਾਧਿਆਇ ਦੀ ਜਸੂਸੀ ਲਿਖਤ 'ਡਿਟੈਕਟਿਵ ਬਿਓਮਕੇਸ਼ ਬਖਸ਼ੀ' ਉਤੇ ਆਧਾਰਤ ਹੈ। ਇਸ ਲਿਖਤ ਨੂੰ ਆਧਾਰ ਬਣਾ ਕੇ ਪਹਿਲਾਂ ਟੀ.ਵੀ. ਲੜੀਵਾਰ ਵੀ ਬਣ ਚੁੱਕਾ ਹੈ ਜਿਸ ਵਿਚ ਮੁੱਖ ਕਿਰਦਾਰ ਰਜਤ ਕਪੂਰ ਨੇ ਨਿਭਾਇਆ ਸੀ।

ਸੁਸ਼ਾਂਤ ਕੁਮਾਰ ਰਾਜਪੂਤ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਟੇਜ ਅਤੇ ਟੀ.ਵੀ. ਸੀਰੀਅਲਾਂ ਤੋਂ ਕੀਤੀ ਸੀ। ਸਾਲ 2013 ਵਿਚ ਉਸ ਨੂੰ ਫਿਲਮ 'ਕਾਈ ਪੋ ਚੇ' ਦੇ ਤਿੰਨ ਮੁੱਖ ਕਿਰਦਾਰਾਂ ਵਿਚੋਂ ਇਕ ਕਿਰਦਾਰ ਨਿਭਾਉਣ ਦਾ ਮੌਕਾ ਮਿਲ ਗਿਆ। ਇਹ ਫਿਲਮ ਅਭਿਸ਼ੇਕ ਕਪੂਰ ਨੇ ਬਣਾਈ ਸੀ। ਫਿਲਮ ਖੂਬ ਚੱਲੀ ਅਤੇ ਇਸ ਦੀ ਚਰਚਾ ਵੀ ਬਥੇਰੀ ਹੋਈ। ਇਸ ਤੋਂ ਬਾਅਦ ਸੁਸ਼ਾਂਤ ਦੀ ਇਕ ਹੋਰ ਫਿਲਮ 'ਸ਼ੁੱਧ ਦੇਸੀ ਰੁਮਾਂਸ' ਰਿਲੀਜ਼ ਹੋਈ ਜਿਸ ਵਿਚ ਉਸ ਦੀ ਹੀਰੋਇਨ ਪ੍ਰਨੀਤੀ ਚੋਪੜਾ ਸੀ। ਹੁਣ 'ਡਿਟੈਕਟਿਵ ਬਿਓਮਕੇਸ਼ ਬਖ਼ਸ਼ੀ' ਤੋਂ ਇਲਾਵਾ ਉਸ ਦੀ ਇਕ ਹੋਰ ਫਿਲਮ 'ਐਮ.ਐਸ. ਧੋਨੀ: ਦਿ ਅਨਟੋਲਡ ਸਟੋਰੀ' ਦੀ ਸ਼ੂਟਿੰਗ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਇਹ ਫਿਲਮ ਵੀ ਇਸੇ ਸਾਲ ਅਕਤੂਬਰ ਵਿਚ ਰਿਲੀਜ਼ ਹੋਣੀ ਹੈ।











ਫਿਲਮ 'ਡਿਟੈਕਟਿਵ ਬਿਓਮਕੇਸ਼ ਬਖਸ਼ੀ' ਵਿਚ ਬੰਗਾਲੀ ਬਾਬੂ ਬਣਿਆ ਸੁਸ਼ਾਂਤ ਸਿੰਘ ਰਾਜਪੂਤ (ਐਨ ਖੱਬੇ), ਫਿਲਮ ਦਾ ਪੋਸਟਰ, ਫਿਲਮ ਦੀ ਨਾਇਕਾ ਸਵਾਸਤਿਕਾ ਮੁਖਰਜੀ ਤੇ ਅਦਾਕਾਰ ਰਾਜਪੂਤ।

*ਫਿਲਮ 'ਡਿਟੈਕਟਿਵ ਬਿਓਮਕੇਸ਼ ਬਖਸ਼ੀ' ਵਿਚ ਦਿਬਾਕਰ ਬੈਨਰਜੀ ਨੇ ਪੂਰਾ ਬੰਗਾਲੀ ਮਾਹੌਲ ਸਿਰਜਿਆ ਹੈ। ਫਿਲਮ ਦਾ ਮੁੱਖ ਕਿਰਦਾਰ ਬਿਓਮਕੇਸ਼ ਬਖ਼ਸ਼ੀ ਰਵਾਇਤੀ ਧੋਤੀ ਪਹਿਨਦਾ ਹੈ। ਇਸ ਤੋਂ ਪਹਿਲਾਂ ਦਿਬਾਕਰ ਨੇ ਇਕ ਤੋਂ ਇਕ ਚੜ੍ਹਦੀ ਫਿਲਮ ਬਣਾਈ ਹੈ ਇਨ੍ਹਾਂ ਵਿਚ 'ਖੋਸਲਾ ਕਾ ਘੋਸਲਾ', 'ਓਏ ਲੱਕੀ! ਲੱਕੀ ਓਏ!', 'ਲਵ ਸੈਕਸ ਔਰ ਧੋਖਾ' 'ਸ਼ੰਘਾਈ' ਅਤੇ 'ਬੰਬੇ ਟਾਕੀਜ਼' ਸ਼ਾਮਲ ਹਨ। ਇਨ੍ਹਾਂ ਫਿਲਮਾਂ ਨੂੰ ਇਨਾਮ ਵੀ ਮਿਲੇ ਅਤੇ ਇਨ੍ਹਾਂ ਨੇ ਕਮਾਈ ਵੀ ਖੂਬ ਕੀਤੀ। ਫਿਲਮ ਆਲੋਚਕਾਂ ਨੇ ਵੀ ਉਸ ਦੀ ਚੰਗੀ ਬੱਲੇ-ਬੱਲੇ ਕੀਤੀ ਸੀ।*

ਫਿਲਮ 'ਡਿਟੈਕਟਿਵ ਬਿਓਮਕੇਸ਼ ਬਖਸ਼ੀ' ਵਿਚ ਦਿਬਾਕਰ ਬੈਨਰਜੀ ਨੇ ਪੂਰਾ ਬੰਗਾਲੀ ਮਾਹੌਲ ਸਿਰਜਿਆ ਹੈ। ਫਿਲਮ ਦਾ ਮੁੱਖ ਕਿਰਦਾਰ ਬਿਓਮਕੇਸ਼ ਬਖ਼ਸ਼ੀ ਰਵਾਇਤੀ ਧੋਤੀ ਪਹਿਨਦਾ ਹੈ। ਫਿਲਮਾਂ ਵਿਚ ਇਸ ਤੋਂ ਪਹਿਲਾਂ ਵੀ ਬੰਗਾਲ ਦਾ ਅਜਿਹਾ ਜਾਦੂ ਧੂੜਿਆ ਜਾਂਦਾ ਰਿਹਾ ਹੈ। ਬੰਗਾਲੀ ਮਾਹੌਲ ਵਾਲੀਆਂ ਅਹਿਮ ਫਿਲਮਾਂ ਵਿਚ ਐਸ਼ਵਰਿਆ ਰਾਏ ਬਚਨ ਦੀ ਫਿਲਮ 'ਚੋਖਰ ਬਾਲੀ', ਮੀਨਾ ਕੁਮਾਰੀ ਤੇ ਵਿਦਿਆ ਬਾਲਨ ਦੀਆਂ ਫਿਲਮਾਂ 'ਪ੍ਰਨੀਤਾ', ਦਲੀਪ ਕੁਮਾਰ ਤੇ ਸ਼ਾਹਰੁਖ਼ ਖਾਨ ਦੀਆਂ ਫਿਲਮਾਂ 'ਦੇਵ ਦਾਸ', ਰਾਜੇਸ਼ ਖੰਨਾ ਦੀ 'ਆਨੰਦ' ਤੇ 'ਅਮਰ ਪ੍ਰੇਮ', ਤੱਬੂ ਤੇ ਇਰਫਾਨ ਖ਼ਾਨ ਦੀ ਫਿਲਮ 'ਦਿ ਨੇਮਸੇਕ', ਅਜੇ ਦੇਵਗਨ ਦੀ 'ਯੁਵਾ', ਦੀਪਿਕਾ ਪਾਦੂਕੋਨ ਦੀ 'ਖੇਲੇਂ ਹਮ ਜੀ ਜਾਨ ਸੇ', ਸੋਨਾਕਸ਼ੀ ਸਿਨ੍ਹਾ ਦੀ 'ਲੁਟੇਰਾ', ਪ੍ਰਿੰਯਕਾ ਚੋਪੜਾ ਤੇ ਰਣਬੀਰ ਕਪੂਰ ਦੀ ਫਿਲਮ 'ਬਰਫੀ', ਆਦਿ ਸ਼ਾਮਲ ਹਨ।

ਫਿਲਮ ਦੇ ਡਾਇਰੈਕਟਰ ਦਿਬਾਕਰ ਬੈਨਰਜੀ ਤਜਰਬਾ ਮੁਖੀ ਫਿਲਮਾਂ ਬਣਾਉਣ ਲਈ ਬੜਾ ਪ੍ਰਸਿੱਧ ਹੈ। 2006 ਵਿਚ ਉਸ ਨੇ 'ਖੋਸਲਾ ਕਾ ਘੋਸਲਾ' ਨਾਲ ਚੰਗਾ ਰੰਗ ਬੰਨ੍ਹਿਆ ਸੀ। ਇਸ ਫਿਲਮ ਨੇ ਸਰਵੋਤਮ ਫਿਲਮ ਐਵਾਰਡ ਵੀ ਜਿੱਤਿਆ ਅਤੇ 2008 ਵਿਚ ਇਹ ਫਿਲਮ ਤਾਮਿਲ ਵਿਚ ਵੀ ਬਣਾਈ ਗਈ ਸੀ। ਇਸ ਤੋਂ ਬਾਅਦ 2008 ਵਿਚ ਉਸ ਨੇ ਇਕ ਹੋਰ ਮਿਸਾਲੀ ਫਿਲਮ 'ਓਏ ਲੱਕੀ! ਲੱਕੀ ਓਏ!' ਬਣਾਈ ਸੀ। ਇਸ ਫਿਲਮ ਨੂੰ ਵੀ ਕੌਮੀ ਐਵਾਰਡ ਮਿਲਿਆ। ਇਸ ਤੋਂ ਬਾਅਦ ਉਸ ਨੇ 'ਲਵ ਸੈਕਸ ਔਰ ਧੋਖਾ' (2010), 'ਸ਼ੰਘਾਈ' (2012) ਅਤੇ 'ਬੰਬੇ ਟਾਕੀਜ਼' (2013) ਫਿਲਮਾਂ ਬਣਾਈਆਂ ਅਤੇ ਫਿਲਮੀ ਦੁਨੀਆਂ ਵਿਚ ਆਪਣੀ ਬੱਲੇ-ਬੱਲੇ ਕਰਵਾਈ। ਉਹ ਆਪਣੀ ਹਰ ਫਿਲਮ ਵਿਚ ਤਜਰਬਾ ਕਰਦਾ ਹੈ ਅਤੇ ਇਸ ਫਿਲਮ ਵਿਚ ਵੀ ਉਸ ਦਾ ਇਹੀ ਦਾਈਆ ਹੈ।

# ਰਵੀਨਾ ਟੰਡਨ ਦੀ ਰਵਾਨੀ




ਅਦਾਕਾਰਾ ਰਵੀਨਾ ਟੰਡਨ ਨੇ ਫਿਲਮਸਾਜ਼ ਅਨੁਰਾਗ ਕਸ਼ਯਪ ਦੀ ਫਿਲਮ 'ਬੰਬੇ ਵੈਲਵਟ' ਛੱਡ ਦਿੱਤੀ ਹੈ। ਇਸ ਫਿਲਮ ਵਿਚ ਰਵੀਨਾ, ਜੈਜ਼ ਗਾਇਕਾ ਦਾ ਕਿਰਦਾਰ ਕਰ ਰਹੀ ਸੀ। ਫਿਲਮ ਵਿਚ ਰਣਬੀਰ ਕਪੂਰ, ਅਨੁਕਸ਼ਾ ਸ਼ਰਮਾ ਤੋਂ ਇਲਾਵਾ ਫਿਲਮਸਾਜ਼ ਕਰਨ ਜੌਹਰ ਪਹਿਲੀ ਵਾਰ ਬਤੌਰ ਅਦਾਕਾਰ ਆ ਰਿਹਾ ਹੈ। ਰਵੀਨਾ ਮੁਤਾਬਕ 'ਬੰਬੇ ਵੈਲਵਟ' ਦੀ ਪਟਕਥਾ ਵਿਚ ਬਹੁਤ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਲਈ ਸਹੀ ਇਹੀ ਸੀ ਕਿ ਹੁਣ ਇਸ ਫਿਲਮ ਨਾਲੋਂ ਨਾਤਾ ਤੋੜ ਲਿਆ ਜਾਵੇ।

ਰਵੀਨਾ ਟੰਡਨ ਅੱਜ ਕੱਲ੍ਹ ਫਿਲਮਸਾਜ਼ ਓਨੀਰ ਦੀ ਫਿਲਮ 'ਸ਼ਬ' ਮੁਕੰਮਲ ਕਰਨ ਵਿਚ ਰੁਝੀ ਹੋਈ ਹੈ। ਇਸ ਫਿਲਮ ਵਿਚ ਅਦਾਕਾਰ ਪ੍ਰਸੰਨਜੀਤ ਚੈਟਰਜੀ ਦੀ ਪਤਨੀ ਅਰਪਿਤਾ ਅਤੇ ਅਸ਼ੀਸ਼ ਬਿਸ਼ਟ ਦੀਆਂ ਮੁੱਖ ਭੂਮਿਕਾਵਾਂ ਹਨ। ਇਸ ਫਿਲਮ ਦੀ ਕਹਾਣੀ ਓਨੀਰ ਨੇ ਤਕਰੀਬਨ 14 ਸਾਲ ਪਹਿਲਾਂ ਲਿਖੀ ਸੀ ਅਤੇ ਉਦੋਂ ਤੋਂ ਹੀ ਇਹ ਕਹਾਣੀ ਉਹਦੇ ਦਿਲੋ-ਦਿਮਾਗ ਉਤੇ ਛਾਈ ਹੋਈ ਹੈ। ਰਵੀਨਾ ਦੀ ਇਕ ਹੋਰ ਅਹਿਮ ਫਿਲਮ 'ਸ਼ੋਭਨਾ 7 ਨਾਈਟਸ' ਰਿਲੀਜ਼ ਹੋਣ ਲਈ ਰਹਿੰਦੀ ਹੈ। ਇਹ ਫਿਲਮ 2012 ਵਿਚ ਤਿਆਰ ਹੋ ਗਈ ਸੀ। ਰਵੀਨਾ ਕਹਿੰਦੀ ਹੈ ਕਿ ਇਹ ਫਿਲਮ ਅਸਲ ਵਿਚ ਫੈਸਟੀਵਲ ਫਿਲਮ ਹੈ। ਯਾਦ ਰਹੇ, ਸ਼ਿਕਾਗੋ ਫਿਲਮ ਫੈਸਟੀਵਲ ਵਿਚ ਇਸ ਫਿਲਮ ਲਈ ਰਵੀਨਾ ਟੰਡਨ ਨੂੰ ਸਰਵੋਤਮ ਅਦਾਕਾਰਾ ਦਾ ਇਨਾਮ ਮਿਲਿਆ ਸੀ। ਉਹ ਖੁਸ਼ ਹੈ ਕਿ ਉਸ ਨੇ 'ਸ਼ੋਭਨਾ 7 ਨਾਈਟਸ' ਵਰਗੀ ਫਿਲਮ ਵਿਚ ਕੰਮ ਕੀਤਾ ਹੈ।

# ਹੁਣ ਆਈ ਅਕਸ਼ਰਾ ਹਸਨ ਦੀ ਵਾਰੀ

ਪ੍ਰਸਿੱਧ ਅਦਾਕਾਰ ਕਮਲ ਹਸਨ ਅਤੇ ਸਾਰਿਕਾ ਦੀ ਛੋਟੀ ਬੇਟੀ ਅਕਸ਼ਰਾ ਹਸਨ ਵੀ ਹੁਣ ਫਿਲਮੀ ਦੁਨੀਆਂ ਵਿਚ ਪ੍ਰਵੇਸ਼ ਕਰ ਰਹੀ ਹੈ। ਉਹ ਪ੍ਰਸਿੱਧ ਫਿਲਮਸਾਜ਼ ਆਰ. ਬਾਲਕੀ ਦੀ ਨਵੀਂ ਫਿਲਮ 'ਸ਼ਮਿਤਾਬ' ਵਿਚ ਧਨੁਸ਼ ਨਾਲ ਬਤੌਰ ਹੀਰੋਇਨ ਕਿਰਦਾਰ ਨਿਭਾ ਰਹੀ ਹੈ। ਇਸ ਫਿਲਮ ਵਿਚ ਅਮਿਤਾਭ ਬੱਚਨ ਦਾ ਵੀ ਬੜਾ ਅਹਿਮ ਰੋਲ ਹੈ ਅਤੇ ਇਹ ਫਿਲਮ 6 ਫਰਵਰੀ ਨੂੰ ਸੰਸਾਰ ਭਰ ਵਿਚ ਰਿਲੀਜ਼ ਕੀਤੀ ਜਾ ਰਹੀ ਹੈ। 12 ਅਕਤੂਬਰ 1991 ਨੂੰ ਜਨਮੀ ਅਕਸ਼ਰਾ ਨੂੰ ਮਸ਼ਹੂਰ ਫਿਲਮਸਾਜ਼ ਮਣੀ ਰਤਨਮ ਨੇ ਆਪਣੀ ਰੁਮਾਂਟਿਕ ਫਿਲਮ 'ਕਦਾਲ' ਵਿਚ ਰੋਲ ਦੀ ਪੇਸ਼ਕਸ਼ ਕੀਤੀ ਸੀ ਪਰ ਉਦੋਂ ਅਕਸ਼ਰਾ ਨੇ ਨਾਂਹ ਕਰ ਦਿੱਤੀ ਸੀ।

ਅਸਲ ਵਿਚ ਉਸ ਵਕਤ (ਸਾਲ 2010 ਵਿਚ) ਅਕਸ਼ਰਾ ਹਸਨ, ਰਾਹੁਲ ਡੋਲਕੀਆ ਵਲੋਂ ਬਣਾਈ ਜਾ ਰਹੀ ਫਿਲਮ 'ਸੁਸਾਇਟੀ' ਵਿਚ ਅਸਿਸਟੈਂਟ ਡਾਇਰੈਕਟਰ ਵਜੋਂ ਕੰਮ ਕਰ ਰਹੀ ਸੀ। ਉਂਜ ਵੀ, ਉਦੋਂ ਉਸ ਦੀ ਵਧੇਰੇ ਦਿਲਚਸਪੀ ਡਾਇਰੈਕਸ਼ਨ ਵੱਲ ਹੀ ਸੀ। ਉਹ ਦਰਅਸਲ ਫਿਲਮਸਾਜ਼ੀ ਨੂੰ ਆਪਣਾ ਕਰੀਅਰ ਬਣਾਉਣਾ ਚਾਹੁੰਦੀ ਸੀ। ਬਾਅਦ ਵਿਚ ਉਸ ਨੇ ਆਪਣਾ ਮਨ ਬਦਲ ਲਿਆ। ਫਿਲਮ 'ਸੁਸਾਇਟੀ' ਵਿਚ ਉਸ ਦੀ ਮਾਂ ਸਾਰਿਕਾ ਦੀ ਮੁੱਖ ਭੂਮਿਕਾ ਸੀ ਅਤੇ ਉਸ ਨੇ ਵੀ ਅਕਸ਼ਰਾ ਨੂੰ ਅਦਾਕਾਰੀ ਵੱਲ ਜਾਣ ਦੀ ਸਲਾਹ ਦਿੱਤੀ। ਇਸ ਲਈ ਜਦੋਂ ਚਰਚਿਤ ਫਿਲਮਸਾਜ਼ ਆਰ. ਬਾਲਕੀ ਨੇ ਉਸ



ਨੂੰ ਅਦਾਕਾਰੀ ਦੀ ਪੇਸ਼ਕਸ਼ ਕੀਤੀ ਤਾਂ ਅਕਸ਼ਰਾ ਹਸਨ ਨੇ ਮਾਂ-ਪਿਉ ਨਾਲ ਸਲਾਹ ਕਰ ਕੇ ਫਿਲਮ 'ਸ਼ਮਿਤਾਬ' ਨੂੰ ਹਰੀ ਝੰਡੀ ਦੇ ਦਿੱਤੀ। ਉਸ ਨੂੰ ਇਸ ਫਿਲਮ ਤੋਂ ਬਹੁਤ ਆਸਾਂ ਹਨ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**




6560 Rochelle Ave., Newark, CA 94560
3 Bedroom, 2 Bath
Attached Car Garage
Area: 1100 Sq. Ft.
Lot: 6300 Sq. Ft.
**Asking: $539,000**

**Coming Soon**

2508 Dry Creek Way, Stockton, CA 95206
4 Bedroom
2 & Half Bath
2 Car Garage
Area: 1600 Sq. Ft.
Fully updated




1187 N. Park Victoria, Miltpitas, CA 95035
4 Bedrooms, 2 Bathrooms,
2 Car Garage
Area: 1795 Sq. Ft - Lot: 8712 Sq. Ft.
**Asking: $849,000**




3308 Landess Ave., San Jose, CA 95132
3 Bedrooms,
1.5 Bathrooms,
1 Car Garage
Living Area: 1130 Sq. Ft
**Asking: $439,000**




34755 Sandburg Court Union City CA 94587
5 Bedrooms,
3.5 Bathrooms,
2 Car Garage
Living Area: 2320 Sq. Ft
**Asking: $779,000**

### JUST SOLD

1. 129 Orchard Park Pl., Hayward, CA 94544
2. 31305 Meadowbrook Ave., Hayward, CA 94544
3. 6560 Rochelle Ave., Newark, CA 94560
4. 6092 Sunstone Dr., San Jose, CA 95123
5. 1087 N. Park Victoria, Milpitas, CA 95035
6. 839 Padova Dr., Gilroy, CA 95020
7. 4274 Solar Cir., Union City, CA 94587
8. 4138 Asimuth Cir., Union City, CA 94587
9. 1627 Vanice Cir., Stockton, CA 95206

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA BRE Lic.#01180969
NMLS# 352095